$40 $20 Tanya's BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832
We Specialize for Bridal & Henna

Ad Space Available
Call: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Sixteenth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 33, August 15, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


# ਜਬਰ ਵਾਲੀਆਂ ਘਟਨਾਵਾਂ ਨੇ ਪੰਜਾਬ ਦਾ ਸਿਰ ਝੁਕਾਇਆ

## ਛੇੜ-ਛਾੜ ਤੋਂ ਅੱਕੀ ਕੁੜੀ ਨੇ ਖੁਦ ਨੂੰ ਅੱਗ ਲਾਈ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਔਰਤਾਂ ਨਾਲ ਛੇੜ-ਛਾੜ ਅਤੇ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਕਾਲ ਬੰਜਾਰਾ ਦੀ 16 ਸਾਲਾ ਕੁੜੀ ਬੇਅੰਤ ਕੌਰ ਵੱਲੋਂ ਛੇੜ-ਛਾੜ ਤੋਂ ਤੰਗ ਆ ਕੇ ਖ਼ੁਦ ਨੂੰ ਅੱਗ ਲਾਉਣ ਦੀ ਘਟਨਾ ਨੇ ਪੰਜਾਬ ਵਿਚ ਅਮਨ-ਕਾਨੂੰਨ ਦੀ ਨਿਘਰਦੀ ਹਾਲਤ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਕੁੜੀ ਨਾਲ ਤਕਰੀਬਨ ਇਕ ਮਹੀਨੇ ਤੋਂ ਪਿੰਡ ਦੇ ਹੀ ਕੁਝ ਮੁੰਡੇ ਛੇੜ-ਛਾੜ ਕਰ ਰਹੇ ਸਨ।

ਚਾਰ ਅਗਸਤ ਨੂੰ ਇਨ੍ਹਾਂ ਮੁੰਡਿਆਂ ਨੇ ਬੇਅੰਤ ਕੌਰ ਨਾਲ ਬੱਸ ਵਿਚ ਛੇੜ-ਛਾੜ ਕੀਤੀ। ਬੇਅੰਤ ਨੇ ਘਰ ਆ ਕੇ ਕਿਸੇ ਨਾਲ ਗੱਲ ਕਰਨ ਦੀ ਥਾਂ ਤੇਲ ਛਿੜਕ ਕੇ ਖੁਦ ਨੂੰ ਅੱਗ ਲਾ ਲਈ। 80 ਫੀਸਦੀ ਝੁਲਸੀ ਬੇਅੰਤ ਨੂੰ ਪੀ.ਜੀ.ਆਈ. ਦਾਖਲ ਕਰਵਾਇਆ ਗਿਆ ਸੀ ਜਿਥੇ ਸੱਤ ਦਿਨਾਂ ਬਾਅਦ ਉਸ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਪੁਲਿਸ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਉਠੇ ਹਨ। ਪੰਜ ਦਿਨ ਤੱਕ ਪੁਲਿਸ ਬਿਆਨ ਦਰਜ ਕਰਨ ਤੋਂ ਟਲਦੀ ਰਹੀ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਪੁਲਿਸ ਦੇ ਉਚ ਅਧਿਕਾਰੀ ਦੋਸ਼ੀਆਂ ਨੂੰ ਬਚਾਉਣ ਵਿਚ ਜੁਟੇ ਹੋਏ ਹਨ।

ਪੰਜਾਬ ਵਿਚ ਇਹ ਮਾਮਲਾ ਕੋਈ ਨਵਾਂ ਨਹੀਂ ਹੈ। ਮੋਗਾ ਵਿਚ 29 ਅਪਰੈਲ ਨੂੰ ਬਾਦਲਾਂ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਬੱਸ ਦੇ ਅਮਲੇ ਨੇ ਛੇੜ-ਛਾੜ ਤੋਂ ਬਾਅਦ 13 ਸਾਲਾ ਲੜਕੀ ਅਰਸ਼ਦੀਪ ਨੂੰ ਥੱਲੇ ਸੁੱਟ ਦਿੱਤਾ ਸੀ। ਅਜੇ ਪਿਛਲੇ ਹਫਤੇ ਹੀ ਜਲੰਧਰ ਵਿਚ ਸਕੂਲੀ ਵਿਦਿਆਰਥਣ ਨਾਲ ਜਬਰ ਜਨਾਹ ਦੀ ਘਟਨਾ ਵਾਪਰੀ ਸੀ। ਅਜਿਹੀਆਂ ਘਟਨਾਵਾਂ ਨਿੱਤ ਦਿਨ ਵਾਪਰਦੀਆਂ ਹਨ ਪਰ ਇਨ੍ਹਾਂ ਵਿਚੋਂ ਕੁਝ ਮਾਮਲੇ ਹੀ ਪੁਲਿਸ ਤੱਕ ਪਹੁੰਚਦੇ ਹਨ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਹਰ ਤਿੰਨ ਦਿਨਾਂ ਦੌਰਾਨ ਅੱਠ ਲੜਕੀਆਂ ਤੇ ਮਹਿਲਾਵਾਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਲੰਘੇ ਚਾਰ ਵਰ੍ਹਿਆਂ (ਜਨਵਰੀ 2011 ਤੋਂ ਦਸੰਬਰ 2014 ਤੱਕ) ਦੌਰਾਨ ਜਬਰ ਜਨਾਹ ਤੇ ਛੇੜ-ਛਾੜ ਦੇ 4548 ਕੇਸ ਦਰਜ ਹੋਏ ਹਨ। ਇਉਂ ਔਸਤਨ ਹਰ ਮਹੀਨੇ 94 ਔਰਤਾਂ ਨਾਲ ਜਬਰ ਜਨਾਹ ਤੇ ਛੇੜ-ਛਾੜ ਹੁੰਦੀ ਹੈ। ਪੰਜਾਬ ਵਿਚ 2013 ਵਿਚ ਜਬਰ ਜਨਾਹ ਤੇ ਛੇੜ-ਛਾੜ ਦੇ ਦੋ ਹਜ਼ਾਰ ਕੇਸ ਦਰਜ ਹੋਏ। ਸਾਲ 2012 ਵਿਚ 1051, 2011 ਵਿਚ 792 ਅਤੇ 2014 ਵਿਚ 705 ਕੇਸ ਦਰਜ ਹੋਏ ਹਨ।

ਇਸ ਤੋਂ ਇਲਾਵਾ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਵੀ ਪੁਲਿਸ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਆਮ ਲੋਕਾਂ ਲਈ ਪਰੇਸ਼ਾਨੀ ਦਾ ਸਬੱਬ ਬਣੀ ਹੋਈ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਵਿਚ ਐਸ.ਸੀ./ਐਸ.ਟੀ. ਵਰਗ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਰਿਪੋਰਟ ਰਾਸ਼ਟਰਪਤੀ ਨੂੰ ਵੀ ਭੇਜ ਚੁੱਕਿਆ ਪਰ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਪੁਲਿਸ ਦੀ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਬਾਅਦ ਇਸ ਵਰ੍ਹੇ 20 ਲੜਕੀਆਂ/ਔਰਤਾਂ ਨੇ ਪੰਜਾਬ ਰਾਜ ਮਹਿਲਾ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ। ਇਹੀ ਨਹੀਂ, ਜਬਰ ਜਨਾਹ ਤੇ ਔਰਤਾਂ ਨਾਲ ਸਬੰਧਤ ਹੋਰ ਮਾਮਲਿਆਂ ਵਿਚ ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਖਿਲਾਫ਼ ਵੀ 24 ਸ਼ਿਕਾਇਤਾਂ ਪੰਜਾਬ ਮਹਿਲਾ ਅਧਿਕਾਰ ਕਮਿਸ਼ਨ ਕੋਲ ਪੁੱਜੀਆਂ ਹਨ। ਨਵੰਬਰ 2014 ਤੱਕ ਪੰਜਾਬ ਵਿਚ ਆਈ.ਪੀ.ਸੀ. ਦੀ ਧਾਰਾ 354 ਤਹਿਤ ਛੇੜ-ਛਾੜ ਦੇ 1041 ਮਾਮਲੇ ਦਰਜ ਹੋਏ। ਲੜਕੀਆਂ ਨੂੰ ਅਗਵਾ ਕਰਨ ਨਾਲ ਸਬੰਧਤ ਦਰਜ ਮਾਮਲਿਆਂ ਦੀ ਗਿਣਤੀ ਨਵੰਬਰ ਮਹੀਨੇ ਤੱਕ 990 ਰਹੀ।



### ਪੰਜਾਬ ਸਰਕਾਰ ਦੀ ਨਾਅਹਿਲੀਅਤ

ਦਿੱਲੀ ਦੇ 'ਨਿਰਭੈ ਜਬਰ ਜਨਾਹ ਕਾਂਡ' ਤੋਂ ਬਾਅਦ ਪੰਜਾਬ ਵਿਚ ਵਿਸ਼ੇਸ਼ ਮਹਿਲਾ ਸੁਰੱਖਿਆ ਕਮਾਂਡੋ ਦਸਤੇ ਤਾਇਨਾਤ ਕੀਤੇ ਗਏ ਸਨ। 1091 ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਸੀ। 3-4 ਮਹੀਨੇ ਤਾਂ ਇਨ੍ਹਾਂ ਮਹਿਲਾ ਕਮਾਂਡੋਆਂ ਨੂੰ ਕੁਝ ਸ਼ਹਿਰਾਂ ਵਿਚ ਗਸ਼ਤ ਕਰਦੇ ਵੇਖਿਆ, ਪਰ ਮਗਰੋਂ ਦਰਸ਼ਨ ਦੁਰਲੱਭ ਹੋ ਗਏ। ਉਂਝ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ 181 ਨੰਬਰ ਦੀ ਹੈਲਪਲਾਈਨ ਰਾਹੀਂ 40 ਹਜ਼ਾਰ ਮਹਿਲਾ ਸ਼ਿਕਾਇਤਾਂ ਦਾ ਨਿਬੇੜਾ ਕੀਤਾ ਜਾ ਚੁੱਕਾ ਹੈ ਪਰ ਜਬਰ ਜਨਾਹ ਦਾ ਵਧ ਰਿਹਾ ਗਰਾਫ਼ ਇਨ੍ਹਾਂ ਦਾਅਵਿਆਂ ਨੂੰ ਝੁਠਲਾ ਰਿਹਾ ਹੈ।

# ਹਵਾਰਾ ਤੇ ਭਿਓਰਾ ਨੂੰ ਜੇਲ੍ਹ ਤੋੜੂ ਕੇਸ ਵਿਚ ਸਜ਼ਾ




**ਚੰਡੀਗੜ੍ਹ:** ਅਦਾਲਤ ਨੇ ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਸਿੰਘ ਭਿਓਰਾ ਨੂੰ ਬੁੜੈਲ ਜੇਲ੍ਹ ਬਰੇਕ ਕਾਂਡ ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਹੈ ਜਦ ਕਿ ਬਾਕੀ ਦੇ 17 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਹਵਾਰਾ ਤੇ ਭਿਓਰਾ ਇਸ ਕੇਸ ਵਿਚ ਪਹਿਲਾਂ ਹੀ ਸਜ਼ਾ ਪੂਰੀ ਕਰ ਚੁੱਕੇ ਹਨ। ਇਹ ਦੋਵੇਂ ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿਚ ਉਮਰ ਕੈਦ ਕੱਟ ਰਹੇ ਹਨ। ਇਸ ਕਾਰਨ ਉਹ ਜੇਲ੍ਹ ਵਿਚੋਂ ਬਾਹਰ ਨਹੀਂ ਆ ਸਕਣਗੇ। ਅਦਾਲਤ ਨੇ ਜਿਨ੍ਹਾਂ ਨੂੰ ਬਰੀ ਕੀਤਾ ਹੈ, ਉਨ੍ਹਾਂ ਵਿਚ ਨਰੈਣ ਸਿੰਘ ਚੌਰਾ ਤੇ ਮਾਡਲ ਜੇਲ੍ਹ ਬੁੜੈਲ ਦਾ ਸਾਬਕਾ ਸੁਪਰਡੈਂਟ ਸ਼ਾਮਲ ਹਨ।


ਬਰੀ ਕੀਤੇ ਹੋਰ ਵਿਅਕਤੀਆਂ ਵਿਚ ਡੀ.ਐਸ. ਰਾਣਾ, ਡੀ.ਐਸ. ਸੰਧੂ, ਵੇਦ ਮਿੱਤਲ, ਨਿਸ਼ਾਨ ਸਿੰਘ, ਸ਼ੇਰ ਸਿੰਘ, ਗੁਰਦੀਪ ਸਿੰਘ, ਨੰਦ ਸਿੰਘ, ਲਖਵਿੰਦਰ ਸਿੰਘ, ਸੁਬੇਗ, ਐਚ.ਪੀ. ਸਿੰਘ ਤੇ ਗੁਰਨਾਮ ਸਿੰਘ ਸ਼ਾਮਲ ਹਨ। ਇਨ੍ਹਾਂ ਸਾਰਿਆਂ ਖ਼ਿਲਾਫ਼ ਜੇਲ੍ਹ ਬਰੇਕ ਕੇਸ ਵਿਚ ਪਰਚਾ ਦਰਜ ਕੀਤਾ ਗਿਆ ਸੀ। ਮੁਲਜ਼ਮਾਂ ਵਿਚ ਛੇ ਜੇਲ੍ਹ ਅਧਿਕਾਰੀ ਤੇ ਦੋ ਸੀ.ਆਰ.ਪੀ.ਐਫ. ਦੇ ਜਵਾਨ ਹਨ। ਨਰੈਣ ਸਿੰਘ ਚੌਰਾ ਉਤੇ ਦੋਸ਼ ਹੈ ਕਿ ਉਸ ਨੇ ਮੁਲਜ਼ਮਾਂ ਦੇ ਫ਼ਰਾਰ ਹੋਣ ਵਾਲੀ ਰਾਤ ਨੂੰ ਬਿਜਲੀ ਦੀਆਂ ਤਾਰਾਂ ਉਤੇ ਸੰਗਲ ਸੁੱਟ ਕੇ ਬੱਤੀ ਗੁੱਲ ਕਰ ਦਿੱਤੀ ਸੀ। ਬਲਜੀਤ ਕੌਰ ਉਤੇ ਭੱਜਣ ਵਾਲਿਆਂ ਨੂੰ ਪਨਾਹ ਦੇਣ ਦਾ ਦੋਸ਼ ਸੀ।

ਕੇਸ ਦੀ ਸੁਣਵਾਈ ਦੌਰਾਨ ਹਵਾਰਾ ਅਤੇ ਭਿਓਰਾ ਤਿਹਾੜ ਜੇਲ੍ਹ ਵਿਚੋਂ ਜ਼ਿਲ੍ਹਾ ਅਦਾਲਤਾਂ ਵਿਚ ਤਰੀਕ ਭੁਗਤਣ ਆਉਂਦੇ ਰਹੇ ਹਨ। ਹਵਾਰਾ ਉਤੇ ਸ਼ਿਵ ਸੈਨਾ ਦੇ ਇਕ ਕਾਰਕੁਨ ਨੇ ਹਮਲਾ ਕਰ ਦਿੱਤਾ ਸੀ ਜਿਸ ਤੋਂ ਬਾਅਦ ਸੁਣਵਾਈ ਵੀਡੀਓ ਕਾਨਫਰਸਿੰਗ ਰਾਹੀਂ ਸ਼ੁਰੂ ਹੋ ਗਈ ਸੀ। ਅਦਾਲਤ ਨੇ ਫੈਸਲੇ ਵਿਚ ਕਿਹਾ ਹੈ ਕਿ ਸਰਕਾਰੀ ਧਿਰ ਵੱਲੋਂ ਮੁਲਜ਼ਮਾਂ ਉਤੇ ਜਿਹੜੇ ਦੋਸ਼ ਲਾਏ ਗਏ ਸਨ, ਉਹ ਸਾਬਤ ਨਹੀਂ ਕੀਤੇ ਜਾ ਸਕੇ। ਹਵਾਰਾ ਅਤੇ ਭਿਓਰਾ ਨੂੰ ਹਿਰਾਸਤ ਵਿਚੋਂ ਭੱਜਣ ਕਾਰਨ ਦੋ ਸਾਲ ਦੀ ਸਜ਼ਾ ਕੀਤੀ ਜਾਂਦੀ ਹੈ, ਜਦੋਂ ਕਿ ਉਹ ਸਜ਼ਾ ਨਾਲੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਤਿੰਨ ਮੁਲਜ਼ਮ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਤੇ ਜਗਤਾਰ ਸਿੰਘ ਤਾਰਾ ਇਕ ਹੋਰ

*(ਬਾਕੀ ਸਫਾ 6 'ਤੇ)*

## ਜਗਤਾਰ ਸਿੰਘ ਤਾਰਾ ਵਿਰੁਧ ਚੱਲੇਗਾ ਵੱਖਰਾ ਕੇਸ

ਫੈਸਲੇ ਵਿਚੋਂ ਬੇਅੰਤ ਕਤਲ ਕੇਸ ਦੇ ਇਕ ਹੋਰ ਮੁਲਜ਼ਮ ਜਗਤਾਰ ਸਿੰਘ ਤਾਰਾ ਨੂੰ ਬਾਹਰ ਰੱਖਿਆ ਗਿਆ ਹੈ। ਉਸ ਵਿਰੁਧ ਵੱਖਰਾ ਕੇਸ ਚੱਲੇਗਾ। ਤਾਰਾ ਮਾਡਲ ਜੇਲ੍ਹ ਬੁੜੈਲ ਵਿਚ ਬੰਦ ਹੈ। ਉਸ ਵਿਰੁੱਧ ਬੇਅੰਤ ਕਤਲ ਕੇਸ ਤੇ ਬੁੜੈਲ ਜੇਲ੍ਹ ਕਾਂਡ ਦੀ ਸੁਣਵਾਈ ਵੱਖਰੀ ਸ਼ੁਰੂ ਹੋਵੇਗੀ। ਦੋ ਮੁਲਜ਼ਮਾਂ ਦੇਬੀ ਸਿੰਘ ਅਤੇ ਗੁਰਵਿੰਦਰ ਸਿੰਘ ਗੋਲਡੀ ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ। ਇਕ ਮੁਲਜ਼ਮ ਬਲਜੀਤ ਕੌਰ ਦੀ ਮੌਤ ਹੋ ਚੁੱਕੀ ਹੈ। ਮਹਿਮੂਦ ਨਾਂ ਦੇ ਇਕ ਹੋਰ ਦੋਸ਼ੀ ਨੂੰ ਪਹਿਲਾਂ ਹੀ ਸਜ਼ਾ ਹੋ ਗਈ ਸੀ। ਉਸ ਨੇ ਅਦਾਲਤ ਵਿਚ ਆਪਣਾ ਜੁਰਮ ਕਬੂਲ ਕਰ ਲਿਆ ਸੀ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਕੈਪਟਨ ਦੇ ਹਮਾਇਤੀ ਨੇ ਸੰਭਾਲੀ ਯੂਥ ਕਾਂਗਰਸ ਦੀ ਕਮਾਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਪ੍ਰਾਪਤ ਹੁਸ਼ਿਆਰਪੁਰ ਦਾ ਅਮਰਪ੍ਰੀਤ ਸਿੰਘ ਲਾਲੀ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਬਣ ਗਿਆ ਹੈ। ਉਸ ਨੇ ਕਿਸਾਨ ਮਜ਼ਦੂਰ ਸੈੱਲ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਦੇ ਲੜਕੇ ਕੁਲਦੀਪ ਸਿੰਘ ਜ਼ੀਰਾ ਨਾਲੋਂ 1622 ਵੋਟਾਂ ਵੱਧ ਲੈ ਕੇ ਪ੍ਰਧਾਨਗੀ ਹਾਸਲ ਕੀਤੀ ਹੈ। ਇਸ ਜਿੱਤ ਨਾਲ ਯੂਥ ਕਾਂਗਰਸ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਪੈਂਠ ਬਣ ਗਈ ਹੈ। ਲਾਲੀ ਨੂੰ 4447 ਅਤੇ ਕੁਲਦੀਪ ਸਿੰਘ ਜ਼ੀਰਾ ਨੂੰ 2825 ਵੋਟਾਂ ਮਿਲੀਆਂ। ਪ੍ਰਧਾਨਗੀ ਲਈ ਖੜ੍ਹੇ ਹੋਰ ਉਮੀਦਵਾਰਾਂ ਖੁਸ਼ਬਾਜ਼ ਸਿੰਘ ਜਟਾਣਾ ਨੂੰ 1222, ਦੀਪਿੰਦਰ ਸਿੰਘ ਰੰਧਾਵਾ ਨੂੰ 527, ਦਮਨ ਕੌਰ ਬਾਜਵਾ ਨੂੰ 377 ਅਤੇ ਪੂਨਮ ਕਾਂਗੜ ਨੂੰ 220 ਵੋਟਾਂ ਮਿਲੀਆਂ। ਜ਼ੀਰਾ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਹਮਾਇਤ ਹਾਸਲ ਸੀ। ਉਂਝ, ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਧੜੇ ਲਈ ਖੁਸ਼ੀ ਵਾਲੀ ਗੱਲ ਇਹ ਹੈ ਕਿ ਸ. ਬਾਜਵਾ ਦੇ ਭਰਾ ਫਤਹਿਜੰਗ ਸਿੰਘ ਬਾਜਵਾ ਦਾ ਲੜਕਾ ਕੰਵਰ ਪ੍ਰਤਾਪ ਸਿੰਘ ਬਾਜਵਾ ਜਨਰਲ ਸਕੱਤਰ ਚੁਣਿਆ ਗਿਆ ਹੈ।



ਅਮਰਪ੍ਰੀਤ ਸਿੰਘ ਲਾਲੀ

ਯਾਦ ਰਹੇ ਕਿ ਯੂਥ ਕਾਂਗਰਸ ਦੀਆਂ ਚੋਣਾਂ ਕਾਂਗਰਸ ਪਾਰਟੀ ਦੇ ਆਗੂਆਂ ਦੇ ਪ੍ਰਭਾਵ ਹੇਠ ਲੜੀਆਂ ਜਾਂਦੀਆਂ ਰਹੀਆਂ ਹਨ। ਪਿਛਲੀਆਂ ਤਿੰਨ ਚੋਣਾਂ ਵਿਚ ਜਿਹੜੇ ਨੌਜਵਾਨ ਪ੍ਰਧਾਨ ਬਣੇ, ਉਹ ਰਾਜਨੀਤਕ ਪਰਿਵਾਰਾਂ ਨਾਲ ਸਬੰਧਤ ਸਨ। ਇਨ੍ਹਾਂ ਵਿਚ ਵਿਜੇਇੰਦਰ ਸਿੰਗਲਾ ਮਰਹੂਮ ਕਾਂਗਰਸ ਆਗੂ ਸੰਤਰਾਮ ਸਿੰਗਲਾ ਦਾ ਪੁੱਤਰ, ਰਵਨੀਤ ਬਿੱਟੂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਾ ਅਤੇ ਵਿਕਰਮ ਚੌਧਰੀ ਕਾਂਗਰਸ ਆਗੂ ਸੰਤੋਖ ਸਿੰਘ ਲੜਕਾ ਹੈ। ਹੁਣ ਪ੍ਰਧਾਨ ਬਣੇ ਲਾਲੀ ਦਾ ਕੋਈ ਰਾਜਨੀਤਕ ਪਿਛੋਕੜ ਨਹੀਂ ਹੈ। ਖਬਰ ਹੈ ਕਿ ਲਾਲੀ ਨੂੰ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਕਾਂਗਰਸ ਦੀ ਜਨਰਲ ਸਕੱਤਰ ਅੰਬਿਕਾ ਸੋਨੀ ਦੀ ਹਮਾਇਤ ਵੀ ਹਾਸਲ ਸੀ ਤੇ ਉਨ੍ਹਾਂ ਨੇ ਹੀ ਇਸ ਨੌਜਵਾਨ ਦਾ ਨਾਂ ਤਜਵੀਜ਼ ਕਰਵਾਇਆ ਸੀ। ਇਸੇ ਦੌਰਾਨ ਨਵੇਂ ਬਣੇ ਪ੍ਰਧਾਨ ਲਾਲੀ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਤਾਰੀਫ਼ ਕਰਦਿਆਂ ਇਸ ਜਿੱਤ ਨੂੰ ਸ੍ਰੀ ਗਾਂਧੀ ਦੀ ਜਿੱਤ ਦੱਸਿਆ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਸੂਬੇ ਦੇ ਨੌਜਵਾਨ ਅਮਰਿੰਦਰ ਸਿੰਘ ਦੇ ਹੱਕ ਵਿਚ ਹਨ ਤੇ ਚਾਹੁੰਦੇ ਹਨ ਕਿ ਉਹ ਅੱਗੇ ਆਉਣ।

ਮੀਤ ਪ੍ਰਧਾਨ ਬਣਨ ਵਾਲਿਆਂ ਵਿਚ ਕੁਲਬੀਰ ਸਿੰਘ ਜ਼ੀਰਾ, ਖੁਸ਼ਬਾਜ਼ ਸਿੰਘ ਜਟਾਣਾ ਅਤੇ ਦਮਨ ਕੌਰ ਬਾਜਵਾ ਸ਼ਾਮਲ ਹਨ। ਜਨਰਲ ਸਕੱਤਰ ਵਜੋਂ ਕੰਵਰ ਪ੍ਰਤਾਪ ਸਿੰਘ ਬਾਜਵਾ, ਦਲਬੀਰ ਸਿੰਘ ਗੋਲਡੀ, ਫਾਰੂਕ ਅਹਿਮਦ ਅਨਸਾਰੀ, ਗਗਨਦੀਪ ਕੌਰ, ਗੁਰਬਾਜ਼ ਸਿੰਘ ਟਿੱਬੀ, ਗੁਰਜੋਤ ਸਿੰਘ ਢੀਂਡਸਾ, ਗੁਰਕੀਮਤ ਸਿੰਘ ਸਿੱਧੂ, ਜਗਦੀਪ ਕੰਬੋਜ ਗੋਲਡੀ ਤੇ ਸੰਦੀਪ ਭਾਟੀਆ ਚੁਣੇ ਗਏ। ਇਸ ਤੋਂ ਇਲਾਵਾ ਬਰਿੰਦਰ ਸਿੰਘ ਧਾਲੀਵਾਲ, ਦੀਪਿੰਦਰ ਸਿੰਘ, ਗੁਰਪਿੰਦਰ ਸਿੰਘ ਮਾਹਲ, ਗੁਰਮੁਖ ਸਿੰਘ, ਕਮਲਜੀਤ ਸਿੰਘ ਬਰਾੜ, ਨਿਤਿਨ ਸ਼ਰਮਾ, ਪਰਵਿੰਦਰ ਸਿੰਘ ਗਿੱਲ, ਸੁਖਜਿੰਦਰ ਸਿੰਘ, ਸਖਵਿੰਦਰ ਸਿੰਘ ਰਾਜਾ, ਵਿਜੇ ਕੁਮਾਰ ਅਗਨੀਹੋਤਰੀ ਅਤੇ ਵਿਕਰਮਜੀਤ ਸਿੰਘ ਸਕੱਤਰ ਚੁਣੇ ਗਏ।



ਨਿਊ ਯਾਰਕ: ਕਪੂਰਥਲਾ ਸਪੋਰਟਸ ਐਂਡ ਕਲਚਰਲ ਕਲੱਬ, ਯੂ ਐਸ ਏ ਵਲੋਂ ਕਰਵਾਏ ਸਾਲਾਨਾ ਚੌਥੇ ਖੇਡ ਮੇਲੇ ਦੌਰਾਨ (ਉਪਰ) ਤਿੰਨ ਟੰਗੀ ਦੌੜ ਵਿਚ ਅਤੇ (ਹੇਠਾਂ) ਚਾਟੀ ਦੌੜ ਵਿਚ ਹਿੱਸਾ ਲੈਂਦੀਆਂ ਹੋਈਆਂ ਬੀਬੀਆਂ। (ਰਿਪੋਰਟ ਅਗਲੇ ਅੰਕ 'ਚ)

## ਭਾਰਤ ਆਉਣਾ ਚਾਹੁੰਦਾ ਸੀ ਦਾਊਦ

**ਨਵੀਂ ਦਿੱਲੀ:** ਦਾਊਦ ਇਬਰਾਹੀਮ ਭਾਰਤ ਆਉਣਾ ਚਾਹੁੰਦਾ ਸੀ। ਯੂ.ਪੀ.ਏ. ਸਰਕਾਰ ਸਮੇਂ 2013 'ਚ ਦਿੱਲੀ ਦੇ ਵਕੀਲ ਤੇ ਕਾਂਗਰਸ ਪਾਰਟੀ ਦੇ ਇਕ ਨੇਤਾ ਨੇ ਪਾਰਟੀ ਹਾਈਕਮਾਂਡ ਤੇ ਸਰਕਾਰ ਨੂੰ ਇਸ ਬਾਰੇ ਦੱਸਿਆ ਸੀ। ਇਸ ਖ਼ਬਰ ਦੀ ਪੁਸ਼ਟੀ ਤਤਕਾਲੀ ਸਰਕਾਰ ਵੇਲੇ ਦੇ ਉਚ ਅਫਸਰਾਂ ਨੇ ਵੀ ਕੀਤੀ ਹੈ ਕਿ ਦਾਊਦ ਦੇ ਭਾਰਤ ਵਾਪਸ ਆਉਣ ਦੇ ਪ੍ਰਸਤਾਵ ਬਾਰੇ ਪਾਰਟੀ ਤੇ ਸਰਕਾਰੀ ਪੱਧਰ 'ਤੇ ਗੱਲਬਾਤ ਹੋਈ ਸੀ।

ਦਾਊਦ 1993 'ਚ ਹੋਏ ਮੁੰਬਈ ਧਮਾਕਿਆਂ ਦੇ ਮੁਕੱਦਮੇ ਦੀ ਸੁਣਵਾਈ ਲਈ ਤਿਆਰ ਸੀ ਪਰ ਮਨਮੋਹਨ ਸਿੰਘ ਸਰਕਾਰ ਕੋਈ ਖ਼ਤਰਾ ਉਠਾਉਣ ਲਈ ਤਿਆਰ ਨਾ ਹੋ ਸਕੀ। ਇਸ ਬਾਰੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ ਵਿਚਾਲੇ ਗੱਲਬਾਤ ਵੀ ਹੋਈ ਸੀ।

## ਸੂਰਤ ਸਿੰਘ ਖਾਲਸਾ ਵੱਲੋਂ ਸਰਕਾਰ ਨੂੰ ਅਲਟੀਮੇਟਮ

**ਮੁੱਲਾਂਪੁਰ ਦਾਖਾ:** ਬੰਦੀ ਸਿੰਘਾਂ ਦੀ ਰਿਹਾਈ ਲਈ ਜੂਝ ਰਹੇ ਪਿੰਡ ਹਸਨਪੁਰ ਦੇ ਸੂਰਤ ਸਿੰਘ ਖਾਲਸਾ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ 3 ਦਿਨ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ 15 ਅਗਸਤ ਤੱਕ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਪੁਲਿਸ ਨੇ ਉਨ੍ਹਾਂ ਨੂੰ ਗੁਰਦੁਆਰੇ ਜਾਣ ਤੋਂ ਰੋਕ ਦਿੱਤਾ ਸੀ। ਇਸ ਮਗਰੋਂ ਸੰਘਰਸ਼ ਕਮੇਟੀ ਦੇ ਮੈਂਬਰ ਧਿਆਨ ਸਿੰਘ ਮੰਡ ਤੇ ਜਸਪਾਲ ਸਿੰਘ ਹੇਰਾਂ ਆਪਣੀ ਜ਼ਿੰਮੇਵਾਰੀ 'ਤੇ ਉਨ੍ਹਾਂ ਨੂੰ ਗੁਰਦੁਆਰੇ ਲੈ ਗਏ।

ਇਸ ਮੌਕੇ ਬਲਵੰਤ ਸਿੰਘ ਨੰਦਗੜ੍ਹ, ਸਤਿਕਾਰ ਕਮੇਟੀ ਦੇ ਆਗੂ ਸੁਖਦੀਪ ਸਿੰਘ ਖੋਸਾਂ, ਜਸਪਾਲ ਸਿੰਘ ਹੇਰਾਂ, ਧਿਆਨ ਸਿੰਘ ਮੰਡ, ਦਰਸ਼ਨ ਸਿੰਘ ਰਕਬਾ, ਲਖਵੀਰ ਸਿੰਘ ਮਹਾਲਮ, ਅਮਰਜੀਤ ਸਿੰਘ ਕਾਹਨ ਸਿੰਘ ਵਾਲਾ ਤੇ ਤਰਲੋਕ ਸਿੰਘ ਡੱਲਾ ਨੇ ਸੰਗਤ ਨੂੰ ਸੰਬੋਧਨ ਕੀਤਾ।



# ਕੈਨੇਡਾ ਦੀਆਂ ਸੰਸਦੀ ਚੋਣਾਂ ਲਈ ਅਖਾੜਾ ਭਖਿਆ

**ਵੈਨਕੂਵਰ:** ਕੈਨੇਡੀਅਨ ਸੰਸਦੀ ਚੋਣਾਂ ਦਾ ਐਲਾਨ ਹੁੰਦਿਆਂ ਹੀ ਚੋਣ ਅਖਾੜਾ ਭਖਣਾ ਸ਼ੁਰੂ ਹੋ ਗਿਆ ਹੈ। ਚੌਰਾਹਿਆਂ 'ਚ ਉਮੀਦਵਾਰਾਂ ਦੇ ਬੋਰਡ ਦਿਸਣ ਲੱਗੇ ਹਨ ਅਤੇ ਵਾਅਦਿਆਂ ਦਾ ਦੌਰ ਸ਼ੁਰੂ ਹੋ ਗਿਆ ਹੈ। 338 ਮੈਂਬਰੀ ਸੰਸਦ ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਹਿੱਸੇ ਆਉਂਦੀਆਂ 38 ਸੀਟਾਂ ਤੋਂ 12 ਪੰਜਾਬੀ ਵੀ ਮੈਦਾਨ ਵਿਚ ਹਨ। ਮੁੱਖ ਤਿੰਨਾਂ ਪਾਰਟੀਆਂ ਐਨ.ਡੀ.ਪੀ., ਕਨਜ਼ਰਵੇਟਿਵ ਅਤੇ ਲਿਬਰਲਾਂ ਨੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।

ਇਕ ਮੀਡੀਆ ਸਮੂਹ ਵੱਲੋਂ ਸਾਰੀਆਂ ਪਾਰਟੀਆਂ ਦੇ ਆਗੂਆਂ ਦੀ ਆਨਲਾਈਨ ਬਹਿਸ ਕਰਵਾਈ ਗਈ ਜਿਸ 'ਚ ਤਿੰਨਾਂ ਪਾਰਟੀਆਂ ਦੇ ਆਗੂਆਂ ਵੱਲੋਂ ਇੱਕ ਦੂਜੇ ਉਤੇ ਤਿੱਖੇ ਸਵਾਲਾਂ ਦੀ ਵਾਛੜ ਕੀਤੀ ਗਈ। ਇਸ ਬਹਿਸ ਨੂੰ ਭਾਵੇਂ ਵੋਟਰ ਪ੍ਰਭਾਵੀ ਤਾਂ ਨਹੀਂ ਮੰਨਿਆ ਗਿਆ ਪਰ ਇਹ ਸਮਝਿਆ ਜਾ ਰਿਹਾ ਹੈ ਕਿ ਇਸ ਬਹਿਸ ਨੇ ਤਿੰਨਾਂ ਪਾਰਟੀਆਂ ਦੀਆਂ ਨੀਤੀਆਂ ਦੀ ਬਿੱਲੀ ਥੈਲਿਓਂ ਬਾਹਰ ਕੱਢ ਦਿੱਤੀ ਹੈ। ਸਰੀ ਦੇ ਨਿਊਟਨ ਹਲਕੇ ਤੋਂ ਤਿੰਨ ਪੰਜਾਬੀ ਆਹਮੋ-ਸਾਹਮਣੇ ਹਨ। ਮੌਜੂਦਾ ਸੰਸਦ ਮੈਂਬਰ ਜਿੰਨੀ ਸਿਮਜ਼ (ਜੁਗਿੰਦਰ ਕੌਰ), ਸੁੱਖ ਧਾਲੀਵਾਲ ਅਤੇ ਪੱਤਰਕਾਰ ਹਰਪ੍ਰੀਤ ਸਿੰਘ ਤਿੰਨਾਂ ਮੁੱਖ ਪਾਰਟੀਆਂ ਦੇ ਉਮੀਦਵਾਰ ਹਨ। ਸਰੀ ਸੈਂਟਰਲ ਤੋਂ ਐਨ.ਡੀ.ਪੀ. ਦੇ ਮੌਜੂਦਾ ਸੰਸਦ ਮੈਂਬਰ ਜਸਬੀਰ ਸੰਧੂ ਦੇ ਮੁਕਾਬਲੇ ਟੋਰੀ ਪਾਰਟੀ ਵੱਲੋਂ ਸੁੱਚਾ ਥਿੰਦ ਮੈਦਾਨ 'ਚ ਹਨ। ਲਿਬਰਲਾਂ ਨੂੰ ਅਜੇ ਇਥੋਂ ਮਜ਼ਬੂਤ ਉਮੀਦਵਾਰ ਨਹੀਂ ਲੱਭਾ ਹੈ।

ਸਰੀ ਫਲੀਟਵੱਡ ਹਲਕੇ ਤੋਂ ਇਸ ਵਾਰ ਗੋਰੇ ਪੁਲਿਸ ਅਫ਼ਸਰ ਗੈਰੀ ਬੈਗ ਦੇ ਐਨ.ਡੀ.ਪੀ. ਵੱਲੋਂ ਚੋਣ ਮੈਦਾਨ 'ਚ ਕੁੱਦਣ ਕਾਰਨ ਨੀਨਾ ਗਰੇਵਾਲ ਲਈ ਰਾਹ ਔਖਾ ਹੋ ਗਿਆ ਹੈ। ਵੈਨਕੂਵਰ ਦੱਖਣੀ ਤੋਂ ਲਿਬਰਲ ਪਾਰਟੀ ਦੇ ਹਰਜੀਤ ਸਿੰਘ ਸੱਜਣ ਦੇ ਮੁਕਾਬਲੇ ਐਨ.ਡੀ.ਪੀ. ਨੇ ਅਮਨਦੀਪ ਨਿੱਝਰ ਨੂੰ ਮੈਦਾਨ ਵਿਚ ਉਤਾਰਿਆ ਹੈ।

## ਝਾਰਖੰਡ ਦੇ ਮੰਦਰ ਵਿਚ ਭਗਦੜ ਕਾਰਨ 11 ਮੌਤਾਂ

**ਦਿਓਗੜ੍ਹ:** ਇਸ ਜ਼ਿਲ੍ਹੇ ਦੇ ਇਕ ਮੰਦਰ ਦੇ ਬਾਹਰ ਪ੍ਰਾਰਥਨਾ ਲਈ ਜੁੜੇ ਹਜ਼ਾਰਾਂ ਸ਼ਰਧਾਲੂਆਂ ਵਿਚ ਅਚਾਨਕ ਮਚੀ ਭਗਦੜ ਕਾਰਨ ਘੱਟੋ-ਘੱਟ 11 ਵਿਅਕਤੀ ਮਾਰੇ ਗਏ ਤੇ 40 ਤੋਂ ਵੱਧ ਜ਼ਖ਼ਮੀ ਹੋ ਗਏ। ਘਟਨਾ ਰਾਜਧਾਨੀ ਰਾਂਚੀ ਤੋਂ ਤਕਰੀਬਨ 350 ਕਿਲੋਮੀਟਰ ਦੂਰ ਦਿਓਗੜ੍ਹ ਜ਼ਿਲ੍ਹੇ ਵਿਚ ਵੈਦਿਆਨਾਥ ਮੰਦਰ ਨੇੜੇ ਵਾਪਰੀ।

# ਸਰਕਾਰ ਕੋਲੋਂ 10 ਕਰੋੜ ਕਢਵਾਉਣ 'ਚ ਕਾਮਯਾਬ ਹੋਈ ਨਵਜੋਤ ਸਿੱਧੂ

**ਅੰਮ੍ਰਿਤਸਰ:** ਭਾਜਪਾ ਆਗੂ ਅਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਦੀ ਮੰਗ 'ਤੇ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਹਲਕੇ ਦੇ ਵਿਕਾਸ ਲਈ 10 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕਰ ਦਿੱਤੀ ਹੈ। ਡਾ. ਸਿੱਧੂ ਨੇ ਆਖਿਆ ਕਿ ਜੇ ਵਿਕਾਸ ਕਾਰਜਾਂ ਸਬੰਧੀ ਟੈਂਡਰ 15 ਅਗਸਤ ਤੱਕ ਜਾਰੀ ਨਾ ਹੋਏ ਤਾਂ ਉਹ ਆਪਣੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਮਰਨ ਵਰਤ 'ਤੇ ਬੈਠਣਗੇ।

ਡਾ. ਸਿੱਧੂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਮੁੱਖ ਸਕੱਤਰ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀ ਵੀ ਸ਼ਾਮਲ ਸਨ। ਡਾ. ਸਿੱਧੂ ਨੇ ਆਖਿਆ ਕਿ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਵਿਚ ਸੜਕਾਂ ਦੀ ਉਸਾਰੀ ਕਰਾਉਣ ਅਤੇ ਲਟਕ ਰਹੇ ਹੋਰ ਪ੍ਰੋਜੈਕਟ ਪੂਰੇ ਕਰਨ ਲਈ ਵਿਚਾਰ ਚਰਚਾ ਹੋਈ ਹੈ। ਇਸ ਮੌਕੇ ਉਨ੍ਹਾਂ ਵੇਰਕਾ, ਵੱਲਾ, ਜੋੜਾ ਫਾਟਕ ਦੀਆਂ ਸੜਕਾਂ ਦੀ ਉਸਾਰੀ ਤੋਂ ਇਲਾਵਾ ਵੱਲਾ ਰੇਲਵੇ ਪੁਲ ਆਦਿ ਵਿਕਾਸ ਕਾਰਜਾਂ ਦਾ ਵੀ ਜ਼ਿਕਰ ਕੀਤਾ। ਯਾਦ ਰਹੇ ਕਿ ਡਾ. ਸਿੱਧੂ ਨੇ ਇਹ ਮਾਮਲਾ ਉਸ ਵੇਲੇ ਉਭਾਰਿਆ ਗਿਆ ਸੀ ਜਦੋਂ ਮੁੱਖ ਮੰਤਰੀ ਬਾਦਲ ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਵਿਚ ਸੰਗਤ ਦਰਸ਼ਨ ਲਈ ਆਏ ਸਨ। ਉਹ ਵੀ ਆਮ ਨਾਗਰਿਕ ਵਜੋਂ ਸੰਗਤ ਦਰਸ਼ਨ ਵਿਚ ਪੇਸ਼ ਹੋਏ ਸਨ ਅਤੇ ਮੁੱਖ ਮੰਤਰੀ ਕੋਲ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਦੀ ਸੂਚੀ ਰੱਖੀ ਸੀ।

# ਪਰਵਾਸੀ ਪੰਜਾਬੀ ਤੋਂ 20 ਲੱਖ ਵਸੂਲਣ ਦੇ ਦੋਸ਼

**ਚੰਡੀਗੜ੍ਹ:** ਸਰੀ (ਕੈਨੇਡਾ) ਵਿਚ ਰਹਿੰਦੇ ਪਰਵਾਸੀ ਪੰਜਾਬੀ ਅਤੇ ਸਾਬਕਾ ਫੌਜੀ ਅਮਰੀਕ ਸਿੰਘ ਭੰਗੂ ਨੇ ਪ੍ਰੈੱਸ ਕਾਨਫਰੰਸ ਕਰ ਕੇ ਦੋਸ਼ ਲਾਇਆ ਕਿ ਉਨ੍ਹਾਂ ਵਿਰੁੱਧ ਦਰਜ ਐਫ. ਆਈ. ਆਰ. ਰੱਦ ਕਰਨ ਦੇ ਬਾਵਜੂਦ ਅੰਮ੍ਰਿਤਸਰ ਪੁਲਿਸ ਨੇ 20 ਲੱਖ ਰੁਪਏ ਦੀ ਜਬਰੀ ਵਸੂਲੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਹ ਮਾਮਲਾ ਪੰਜਾਬ ਪੁਲਿਸ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ-ਕਮ-ਏ.ਡੀ.ਜੀ.ਪੀ. (ਅਪਰਾਧ) ਇਕਬਾਲਪ੍ਰੀਤ ਸਿੰਘ ਸਹੋਤਾ ਦੇ ਧਿਆਨ ਵਿਚ ਲਿਆ ਦਿੱਤਾ ਹੈ ਅਤੇ ਉਨ੍ਹਾਂ ਨੇ ਪੁਲਿਸ ਕਮਿਸ਼ਨਰ (ਅੰਮ੍ਰਿਤਸਰ) ਜਤਿੰਦਰ ਸਿੰਘ ਔਲਖ ਨੂੰ ਮਾਮਲੇ ਦੀ ਪੜਤਾਲ ਲਈ ਕਿਹਾ ਹੈ।

ਉਨ੍ਹਾਂ ਵੀਡੀਓ ਕਲਿਪ ਦਿਖਾ ਕੇ ਦਾਅਵਾ ਕੀਤਾ ਕਿ ਪੁਲਿਸ ਨੇ ਦੂਜੀ ਧਿਰ ਦੀ ਮਿਲੀਭੁਗਤ ਨਾਲ ਉਨ੍ਹਾਂ ਕੋਲੋਂ ਅੰਮ੍ਰਿਤਸਰ ਦੇ ਕੰਟੋਨਮੈਂਟ ਏਰੀਆ ਥਾਣੇ ਵਿਚ ਜਬਰੀ 20 ਲੱਖ ਰੁਪਏ ਲਏ ਸਨ। ਉਹ 22 ਸਾਲਾਂ ਤੋਂ ਸਰੀ ਵਿਚ ਰਹਿ ਰਹੇ ਹਨ ਅਤੇ ਮੂਲ ਰੂਪ 'ਚ ਅੰਮ੍ਰਿਤਸਰ ਦੇ ਹਨ। ਅੰਮ੍ਰਿਤਸਰ ਪੁਲਿਸ ਨੇ 18 ਜੂਨ 2013 ਨੂੰ ਇੱਕ ਵਿਅਕਤੀ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਉਨ੍ਹਾਂ ਖ਼ਿਲਾਫ਼ ਧਾਰਾ 420, 406 ਤੇ 120 ਬੀ ਤਹਿਤ ਕੇਸ ਦਰਜ ਕੀਤਾ ਸੀ। ਉਨ੍ਹਾਂ ਮੁੜ ਪੜਤਾਲ ਦੀ ਅਪੀਲ ਕੀਤੀ ਅਤੇ ਪੜਤਾਲ ਤੋਂ ਬਾਅਦ ਕੇਸ ਨੂੰ ਝੂਠਾ ਮੰਨ ਕੇ 21 ਸਤੰਬਰ 2013 ਨੂੰ ਕੇਸ ਰੱਦ ਕਰ ਦਿੱਤਾ ਸੀ। ਇਸ ਦੇ ਬਾਵਜੂਦ ਪੁਲਿਸ, 24 ਮਈ 2015 ਨੂੰ ਉਨ੍ਹਾਂ ਸਮੇਤ ਉਨ੍ਹਾਂ ਦੇ ਅਮਰੀਕਾ ਰਹਿੰਦੇ ਪੁੱਤਰ ਜਗਰੂਪ ਸਿੰਘ ਚੁੱਕ ਕੇ ਥਾਣੇ ਲੈ ਗਈ ਅਤੇ ਉਨ੍ਹਾਂ ਦੇ ਲੜਕੇ ਦਾ ਪਾਸਪੋਰਟ ਸਣੇ 10-10 ਲੱਖ ਦੇ ਦੋ ਚੈੱਕ ਗਰੰਟੀ ਵਜੋਂ ਲੈ ਲਏ। ਫਿਰ ਉਨ੍ਹਾਂ 25 ਮਈ 2015 ਨੂੰ ਥਾਣੇ ਵਿਚ 20 ਲੱਖ ਰੁਪਏ ਦੇ ਕੇ ਜਾਨ ਛੁਡਾਈ।ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਸ. ਭੰਗੂ ਕੋਲੋਂ ਪੁਲਿਸ ਨੇ ਜਬਰੀ ਵਸੂਲੀ ਨਹੀਂ ਕੀਤੀ, ਸਗੋਂ ਦੋਵਾਂ ਪਾਰਟੀਆਂ ਵਿਚਕਾਰ ਪਿੰਡ ਦੇ ਸਰਪੰਚ ਅਤੇ ਹੋਰ ਮੋਹਤਬਰਾਂ ਦੀ ਹਾਜ਼ਰੀ ਵਿਚ ਹੋਏ ਸਮਝੌਤੇ ਤਹਿਤ ਹੀ 20 ਲੱਖ ਰੁਪਏ ਦੂਜੀ ਪਾਰਟੀ ਨੂੰ ਦਿੱਤੇ ਗਏ ਸਨ। ਪੁਲਿਸ ਨੇ ਭਾਵੇਂ ਪੜਤਾਲ ਦੌਰਾਨ ਭੰਗੂ ਵਿਰੁਧ ਦਰਜ ਕੀਤੀ ਐਫ. ਆਈ. ਆਰ. ਰੱਦ ਕਰ ਦਿੱਤੀ ਸੀ ਪਰ ਹੁਣ ਹਾਈ ਕੋਰਟ ਨੇ ਮੁੜ ਪੜਤਾਲ ਕਰਨ ਦੇ ਆਦੇਸ਼ ਦਿੱਤੇ ਹਨ।

## Matrimonial

### ਵਰ ਦੀ ਲੋੜ ਹੈ

Suitable match for US citizan Khatri Sikh girl 28, 5'5" Doctor of Pharmacy, Pharmacist in New Maxico. Boy should be 28 to 31 years, tall, Highly educated (medicine or engineering), Well settled in USA, non-smoker, non-drinker, non-trimmer. Contact Harmohinder S. Vij at hvij@aol.com or call at Ph: 505-216-1644. 33-35

Wanted suitable match in India/USA for Punjabi Ravidasia girl living in India 31, 5' M.SC. PhD Bio-chem., working as research associate in a reputed University in India. Contact: 91-98880-69822 (India) or binneyksood@gmail.com 33-36

ਜੱਟ ਸਿੱਖ ਗਰੇਵਾਲ, ਇੰਡੀਆ ਰਹਿੰਦੀ M.Sc., MCA, ਕਾਲਜ ਲੈਕਚਰਾਰ ਲੱਗੀ ਸੋਹਣੀ-ਸੁਨੱਖੀ 26 ਸਾਲਾ, 5'-7" ਲੜਕੀ ਲਈ ਨਸ਼ਾ ਰਹਿਤ ਯੋਗ ਲੜਕੇ ਦੀ ਲੋੜ ਹੈ। ਵੈਜੀਟੇਰੀਅਨ ਪਰਿਵਾਰ ਹੀ ਸੰਪਰਕ ਕਰਨ। ਫੋਨ (ਇੰਡੀਆ) 91-94785-68011 ਜਾਂ ਈਮੇਲ: san_deol@yahoo.com

Suitable Jatt Sikh match sought for Jatt Sikh U.S. Citizen girl 26, 5'2" BSc nursing and employed. The boy should be, well educated. Contact:630-930-8820 or bkaur0521@gmail.com 31-

### ਕੰਨਿਆ ਦੀ ਲੋੜ ਹੈ

Wanted suitable girl for Jatt Sikh Gill boy, 28, 6'-2", computer engineer, US citizen. Family settled in America from past 30 years. Contact 330-968-8191 or pkg89@yahoo.com 30-33

## ਇਰਾਨ ਦੇ ਸਾਬਕਾ ਰਾਸ਼ਟਰਪਤੀ ਦੇ ਪੁੱਤਰ ਦੀ ਸਜ਼ਾ ਸ਼ੁਰੂ

**ਤਹਿਰਾਨ:** ਇਰਾਨ ਦੇ ਸਾਬਕਾ ਰਾਸ਼ਟਰਪਤੀ ਅਕਬਰ ਹਾਸ਼ਮੀ ਦੇ ਪੁੱਤਰ ਨੇ ਵਿੱਤੀ ਤੇ ਸੁਰੱਖਿਆ ਸਬੰਧੀ ਜੁਰਮਾਂ ਲਈ ਮਿਲੀ ਦਸ ਸਾਲ ਦੀ ਸਜ਼ਾ ਭੁਗਤਣੀ ਸ਼ੁਰੂ ਕਰ ਦਿੱਤੀ। ਇਸ ਮੌਕੇ ਦੋਸ਼ੀ ਨੇ ਕਿਹਾ ਕਿ ਸਿਆਸਤ ਦੇ ਪ੍ਰਭਾਵ ਹੇਠ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਮਹਿਦੀ ਹਾਸ਼ਮੀ ਨੂੰ ਇਸ ਸਾਲ ਮਾਰਚ ਵਿਚ ਵੱਖ-ਵੱਖ ਦੋਸ਼ਾਂ ਹੇਠ ਦਸ-ਦਸ ਸਾਲ ਤੇ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਸੀ।

ਰੈਸਟੋਰੈਂਟ ਸਟਾਫ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ
ਮੁਫਤ ਰਿਹਾਇਸ਼, ਵਧੀਆ ਤਨਖਾਹ
ਸੰਪਰਕ ਕਰੋ
ਫੋਨ: 918-984-8390
ਜਾਂ 918-576-1899
31-/

Liquor Store Sale by Owner
Liquor store with Grocery, Beer, Wine and lottery in Kalamazoo, Michigan is on sale.
Very good location, 2 acres of land, Huge building for extra business or storage, huge parking lot and
Monthly Sale: $95,000
For more info, Call (972) 838-8370
ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਗਰੌਸਰੀ, ਬੀਅਰ, ਵਾਈਨ ਅਤੇ ਲਾਟਰੀ-ਸਭ ਕੁਝ ਹੈ।
ਬਹੁਤ ਵਧੀਆ ਲੋਕੇਸ਼ਨ, ਦੋ ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।
ਬਹੁਤ ਖੁੱਲ੍ਹੀ ਪਾਰਕਿੰਗ
ਮਾਸਿਕ ਵਿਕਰੀ $95,000
ਸੰਪਰਕ ਕਰੋ, ਫੋਨ (972) 838-8370
32-33

Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਪੰਜਾਬ ਦੇ ਹਵਾਈ ਅੱਡਿਆਂ ਦੀਆਂ ਉਡੀਆਂ ਹਵਾਈਆਂ

**ਬਠਿੰਡਾ:** ਪੰਜਾਬ ਵਿਚ ਬਣੇ ਚਾਰ ਹਵਾਈ ਅੱਡੇ ਤਕਰੀਬਨ 252 ਕਰੋੜ ਰੁਪਏ ਦੇ ਘਾਟੇ ਵਿਚ ਹਨ। ਸੂਬੇ ਦਾ ਕੋਈ ਵੀ ਹਵਾਈ ਅੱਡਾ ਮੁਨਾਫ਼ੇ ਵਿਚ ਨਹੀਂ ਚੱਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਆਦਮਪੁਰ ਹਵਾਈ ਅੱਡੇ ਨੂੰ ਵਪਾਰਕ ਰੁਤਬਾ ਦੇਣ ਦੀ ਮੰਗ ਰੱਖੀ ਗਈ ਹੈ ਤੇ ਕੇਂਦਰੀ ਰੱਖਿਆ ਮੰਤਰਾਲੇ ਨੇ ਇਸ ਨੂੰ ਹਰੀ ਝੰਡੀ ਵੀ ਦੇ ਦਿੱਤੀ ਹੈ। ਮੁਹਾਲੀ ਦੇ ਨਵੇਂ ਕੌਮਾਂਤਰੀ ਹਵਾਈ ਅੱਡੇ ਤੋਂ ਵੀ ਉਡਾਣਾਂ ਦੀ ਉਡੀਕ ਹੈ।

ਕੇਂਦਰੀ ਹਵਾਬਾਜ਼ੀ ਮੰਤਰਾਲੇ ਦੇ ਸਰਕਾਰੀ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਦਾ ਚਾਰ ਵਰ੍ਹਿਆਂ ਦਾ ਵਿੱਤੀ ਘਾਟਾ ਸਭ ਤੋਂ ਜ਼ਿਆਦਾ ਹੈ। ਸਾਲ 2013-14 ਵਿਚ ਇਸ ਹਵਾਈ ਅੱਡੇ ਦਾ ਘਾਟਾ 74.46 ਕਰੋੜ ਰੁਪਏ ਸੀ ਤੇ 2012-13 ਵਿਚ ਇਹ ਘਾਟਾ 61.13 ਕਰੋੜ ਰੁਪਏ ਸੀ। ਇਸ ਕੌਮਾਂਤਰੀ ਹਵਾਈ ਅੱਡੇ ਦੇ ਖਰਚੇ ਜ਼ਿਆਦਾ ਪੈ ਰਹੇ ਹਨ ਜਦੋਂ ਕਿ ਆਮਦਨ ਹੋ ਨਹੀਂ ਰਹੀ ਹੈ। ਉਡਾਣਾਂ ਤੇ ਯਾਤਰੀਆਂ ਦੀ ਗਿਣਤੀ ਘੱਟ ਹੋਣ ਕਰਕੇ ਹਵਾਈ ਅੱਡਾ ਮੁਨਾਫ਼ੇ ਵਿਚ ਨਹੀਂ ਹੈ। ਅੰਮ੍ਰਿਤਸਰ ਦੇ ਹਵਾਈ ਅੱਡੇ ਵਿਚ ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੇ ਤਕਰੀਬਨ 200 ਮੁਲਾਜ਼ਮ ਤੇ ਅਧਿਕਾਰੀ ਤਾਇਨਾਤ ਹਨ ਤੇ ਤਕਰੀਬਨ 400 ਸੁਰੱਖਿਆ ਕਰਮੀ ਹਨ।

ਲੁਧਿਆਣਾ ਦਾ ਹਵਾਈ ਅੱਡਾ 18.77 ਕਰੋੜ ਦੇ ਘਾਟੇ ਹੇਠ ਹੈ। ਇਸ ਦਾ ਵਿੱਤੀ ਘਾਟਾ ਸਾਲ 2013-14 ਵਿਚ 4.84 ਕਰੋੜ ਰੁਪਏ ਸੀ। ਉਸ ਤੋਂ ਪਹਿਲਾਂ ਸਾਲ 2012-13 ਵਿਚ ਇਹ ਘਾਟਾ 5.19 ਕਰੋੜ ਰੁਪਏ ਸੀ। ਇਸ ਹਵਾਈ ਅੱਡੇ ਤੋਂ ਤਕਰੀਬਨ ਦੋ ਵਰ੍ਹਿਆਂ ਤੋਂ ਉਡਾਣਾਂ ਬੰਦ ਪਈਆਂ ਹਨ। ਪਠਾਨਕੋਟ ਹਵਾਈ ਅੱਡਾ 13.16 ਕਰੋੜ ਰੁਪਏ ਦੇ ਘਾਟੇ ਵਿਚ ਹੈ। 2013-14 ਵਿਚ ਇਸ ਤੋਂ 3.47 ਕਰੋੜ ਰੁਪਏ ਦਾ ਘਾਟਾ ਝੱਲਣਾ ਪਿਆ ਹੈ। ਇਸ ਹਵਾਈ ਅੱਡੇ ਤੋਂ ਕੋਈ ਉਡਾਣ ਨਹੀਂ ਹੈ। ਪੰਜਾਬ ਦੇ ਇਨ੍ਹਾਂ ਹਵਾਈ ਅੱਡਿਆਂ ਨੂੰ ਸਾਲ 2010-11 ਵਿਚ 35.19 ਕਰੋੜ ਰੁਪਏ ਦਾ ਘਾਟਾ ਸਹਿਣਾ ਪਿਆ ਸੀ ਜਦੋਂਕਿ ਸਾਲ 2013-14 ਵਿਚ ਇਹ ਘਾਟਾ 85.98 ਕਰੋੜ ਸੀ। ਹਾਲਾਂਕਿ ਚੰਡੀਗੜ੍ਹ ਤੋਂ ਘਰੇਲੂ ਉਡਾਣਾਂ ਕਾਫੀ ਹਨ, ਪਰ ਫਿਰ ਵੀ ਚੰਡੀਗੜ੍ਹ ਦਾ ਹਵਾਈ ਅੱਡਾ ਘਾਟੇ ਵਿਚ ਹੈ। 2013-14 ਵਿਚ ਇਸ ਹਵਾਈ ਅੱਡੇ ਦਾ ਘਾਟਾ 19.40 ਕਰੋੜ ਸੀ ਤੇ ਉਸ ਤੋਂ ਪਹਿਲਾਂ ਇਹੋ ਘਾਟਾ 23.13 ਕਰੋੜ ਰੁਪਏ ਸੀ। ਸੂਤਰ ਦੱਸਦੇ ਹਨ ਕਿ ਹੁਣ ਇਸ ਹਵਾਈ ਅੱਡੇ ਦੀ ਵਿੱਤੀ ਹਾਲਤ ਵਿਚ ਸੁਧਾਰ ਹੋ ਗਿਆ ਹੈ।

ਮੰਤਰਾਲੇ ਨੇ ਦੱਸਿਆ ਹੈ ਕਿ ਉਹ ਘਾਟੇ ਵਾਲੇ ਹਵਾਈ ਅੱਡਿਆਂ ਤੋਂ ਕਾਰਗੋ ਗਤੀਵਿਧੀ ਵੀ ਸ਼ੁਰੂ ਕਰ ਰਹੇ ਹਨ ਅਤੇ ਫਲਾਇੰਗ ਅਕੈਡਮੀਆਂ ਨੂੰ ਸਿਖਲਾਈ ਸਕੂਲ ਚਲਾਉਣ ਵਾਸਤੇ ਹਵਾਈ ਅੱਡੇ ਦੇਣ ਦੇ ਉਪਰਾਲੇ ਕਰ ਰਹੇ ਹਨ। ਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੇ ਹਵਾਈ ਅੱਡਿਆਂ ਦੇ ਸਟਾਫ ਤੇ ਰੱਖ ਰਖਾਓ ਦੇ ਕਾਫੀ ਖ਼ਰਚੇ ਪੈ ਰਹੇ ਹਨ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸਲਾਹਕਾਰ ਕੈਪਟਨ ਅਭੈ ਨੇ ਕਿਹਾ ਕਿ ਏਅਰਪੋਰਟ ਅਥਾਰਟੀ ਵੱਲੋਂ ਹਵਾਈ ਅੱਡਿਆਂ ਤੇ ਜ਼ਿਆਦਾ ਨਿਵੇਸ਼ ਕੀਤਾ ਜਾਂਦਾ ਹੈ ਪਰ ਹਵਾਈ ਕੰਪਨੀਆਂ ਵੱਲੋਂ ਉਡਾਣਾਂ ਸ਼ੁਰੂ ਨਾ ਕੀਤੇ ਜਾਣ ਕਰਕੇ ਆਮਦਨ ਹੁੰਦੀ ਨਹੀਂ। ਪੰਜਾਬ ਵਿਚ ਸਿਰਫ ਅੰਮ੍ਰਿਤਸਰ ਹਵਾਈ ਅੱਡੇ ਤੋਂ ਹੀ ਉਡਾਣਾਂ ਚੱਲ ਰਹੀਆਂ ਹਨ। ਯਾਤਰੀਆਂ ਤੇ ਉਡਾਣਾਂ ਦੀ ਕਮੀ ਹੋਣ ਕਰਕੇ ਆਮਦਨ ਪ੍ਰਭਾਵਿਤ ਹੁੰਦੀ ਹੈ।

### ਚਾਰ ਹਵਾਈ ਅੱਡਿਆਂ ਦਾ ਘਾਟਾ 250 ਕਰੋੜ




### ਬਠਿੰਡੇ ਦਾ ਬੰਦ ਪਿਆ ਹਵਾਈ ਅੱਡਾ ਤਿੰਨ ਕਰੋੜ ਦੇ ਘਾਟੇ ਵਿਚ

ਬਠਿੰਡੇ ਦਾ ਹਵਾਈ ਅੱਡਾ ਹਾਲੇ ਚੱਲਿਆ ਵੀ ਨਹੀਂ ਹੈ ਪਰ ਇਹ ਤਕਰੀਬਨ ਤਿੰਨ ਕਰੋੜ ਰੁਪਏ ਦੇ ਘਾਟੇ ਵਿਚ ਹੈ। ਇਹ ਹਵਾਈ ਅੱਡਾ ਕਾਫੀ ਸਮੇਂ ਤੋਂ ਉਦਘਾਟਨ ਦੀ ਉਡੀਕ ਵਿਚ ਹੈ। ਏਅਰਪੋਰਟ ਅਥਾਰਟੀ ਹੁਣ ਤੱਕ ਇਸ ਹਵਾਈ ਅੱਡੇ ਉਤੇ 16 ਕਰੋੜ ਰੁਪਏ ਖ਼ਰਚ ਚੁੱਕੀ ਹੈ। ਹਵਾਈ ਅੱਡਾ ਨਾ ਚੱਲਣ ਕਰਕੇ ਸਾਲ 2013-14 ਵਿਚ ਇਸ ਹਵਾਈ ਅੱਡਾ ਦਾ ਵਿੱਤੀ ਘਾਟਾ 3.21 ਕਰੋੜ ਰੁਪਏ ਸੀ। ਕੋਈ ਵੀ ਹਵਾਈ ਕੰਪਨੀ ਇਥੋਂ ਉਡਾਣਾਂ ਸ਼ੁਰੂ ਕਰਨ ਨੂੰ ਤਿਆਰ ਨਹੀਂ ਹੈ। ਬਿਜਲੀ ਪਾਣੀ ਤੋਂ ਇਲਾਵਾ ਸੁਰੱਖਿਆ ਦਾ ਖਰਚਾ ਵੀ ਪੈ ਰਿਹਾ ਹੈ।

# ਫੇਸਬੁਕ ਉਤੇ ਛਾਈ ਭਾਰਤੀ ਫ਼ੌਜ

**ਨਵੀਂ ਦਿੱਲੀ:** ਭਾਰਤੀ ਫ਼ੌਜ ਨੇ ਹੁਣ ਸੋਸ਼ਲ ਨੈੱਟਵਰਕਿੰਗ ਸਾਈਟ ਫੇਸਬੁੱਕ ਉੱਤੇ ਪ੍ਰਸਿੱਧੀ ਹਾਸਲ ਕਰਨ ਦੀ ਜੰਗ ਵਿਚ ਸੀ.ਆਈ.ਏ., ਐੱਫ.ਬੀ.ਆਈ., ਨਾਸਾ ਤੇ ਪਾਕਿਸਤਾਨੀ ਫ਼ੌਜ ਨੂੰ ਵੀ ਪਛਾੜ ਦਿੱਤਾ ਹੈ। ਭਾਰਤੀ ਫ਼ੌਜ ਫੇਸਬੁੱਕ ਉੱਤੇ ਛਾਈ ਪਈ ਹੈ। ਪਿਛਲੇ ਕੁਝ ਮਹੀਨਿਆਂ ਵਿਚ ਇਹ ਦੂਜੀ ਵਾਰੀ ਵਾਪਰਿਆ ਹੈ ਕਿ ਭਾਰਤੀ ਫ਼ੌਜ ਦਾ ਫੇਸਬੁੱਕ ਪੇਜ ਦੂਜੀ ਵਾਰ ਲੋਕਾਂ ਵਿਚ ਪ੍ਰਸਿੱਧੀ ਵਜੋਂ ਸਿਖਰਾਂ ਛੂਹ ਰਿਹਾ ਹੈ। ਇਹ



ਪੇਜ ਸਰਕਾਰੀ ਸ਼੍ਰੇਣੀ ਦੇ ਪੇਜਾਂ ਵਿਚ ਬਾਕੀਆਂ ਨੂੰ ਪਛਾੜ ਰਿਹਾ ਹੈ। ਫ਼ੌਜ ਦੇ ਸੂਤਰਾਂ ਅਨੁਸਾਰ ਇਹ ਪ੍ਰਾਪਤੀ ਫ਼ੌਜ ਦੇ ਸੋਸ਼ਲ ਮੀਡੀਆ ਲਈ ਬਹੁਤ ਵੱਡੀ ਗੱਲ ਹੈ। ਇਹ ਦਰਜਾਬੰਦੀ ਲੋਕਾਂ ਵੱਲੋਂ ਪੇਜ ਬਾਰੇ ਕੀਤੀ ਜਾਂਦੀ ਗੱਲਬਾਤ ਜਾਂ ਅਧਿਐਨ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਜਾਂਦੀ ਹੈ। ਇਹ ਸਿਰਫ ਫੇਸਬੁੱਕ ਪੇਜ ਹੀ ਨਹੀਂ ਸਗੋਂ ਫ਼ੌਜ ਦੀ ਸਰਕਾਰੀ ਵੈਬਸਾਈਟ ਦੇ ਉੱਤੇ ਵੀ ਆਏ ਹਫ਼ਤੇ 25 ਲੱਖ ਲੋਕ ਵਿਚਰਦੇ ਹਨ। ਜ਼ਿਕਰਯੋਗ ਹੈ ਕਿ ਫ਼ੌਜ ਨੇ ਪਹਿਲੀ ਵਾਰ ਪਹਿਲੀ ਜੂਨ 2013 ਨੂੰ ਫੇਸਬੁੱਕ ਪੇਜ ਦੀ ਸ਼ੁਰੂਆਤ ਕੀਤੀ ਤੇ ਹੁਣ ਤੱਕ ਦੋ ਕਰੋੜ 90 ਲੱਖ ਪ੍ਰਸੰਸਕ ਬਣਾਏ ਹਨ।

# ਬਰਤਾਨੀਆ ਦਾ ਸ਼ਾਹੀ ਪਰਿਵਾਰ ਆਈ.ਐਸ. ਦੇ ਨਿਸ਼ਾਨੇ 'ਤੇ?



**ਲੰਡਨ:** ਆਈ.ਐਸ. ਦੇ ਨਿਸ਼ਾਨੇ ਉਤੇ ਬਰਤਾਨੀਆ ਦਾ ਸ਼ਾਹੀ ਪਰਿਵਾਰ ਹੈ। ਆਈ.ਐਸ ਸ਼ਾਹੀ ਪਰਿਵਾਰ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ। ਇਸ ਦਹਿਸ਼ਤੀ ਜਥੇਬੰਦੀ ਨੇ ਇਸ ਕੰਮ ਲਈ ਇੰਗਲੈਂਡ ਦੇ ਹੀ ਆਪਣੇ ਮੈਂਬਰਾਂ ਨੂੰ ਜ਼ਿੰਮੇਵਾਰੀ ਦਿੱਤੀ ਹੈ। ਖ਼ੁਫ਼ੀਆ ਰਿਪੋਰਟ ਅਨੁਸਾਰ ਦਹਿਸ਼ਤਗਰਦ ਅਗਲੇ ਹਫ਼ਤੇ ਵਿਕਟਰੀ ਡੇਅ ਦੇ ਮੌਕੇ ਉਤੇ ਮਹਾਰਾਣੀ ਐਲਿਜ਼ਾਬੈੱਥ ਨੂੰ ਨਿਸ਼ਾਨਾ ਬਣਾ ਸਕਦਾ ਹੈ। ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਅਨੁਸਾਰ ਆਈ.ਐਸ. ਦੇ ਨਿਸ਼ਾਨੇ ਉੱਤੇ ਪ੍ਰਿੰਸ ਚਾਰਲਸ ਵੀ ਹਨ। ਇਸ ਤੋਂ ਇਲਾਵਾ ਇੰਗਲੈਂਡ ਦੇ ਪ੍ਰਧਾਨ ਡੇਵਿਡ ਕੈਮਰੌਨ ਉੱਤੇ ਵੀ ਦਹਿਸ਼ਤਗਰਦ ਹਮਲਾ ਕਰ ਸਕਦੇ ਹਨ। ਇੰਗਲੈਂਡ ਵਿਚ ਵੱਡੀ ਗਿਣਤੀ ਲੋਕ ਆਈ.ਐਸ. ਦੇ ਪ੍ਰਭਾਵ ਵਿਚ ਹਨ। ਇਸ ਕਰਕੇ ਖ਼ੁਫ਼ੀਆ ਏਜੰਸੀਆਂ ਚੌਕਸ ਹੋ ਗਈਆਂ ਹਨ। ਏਜੰਸੀਆਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਲੋਕਾਂ ਉੱਤੇ ਖ਼ਾਸ ਤੌਰ ਉੱਤੇ ਨਜ਼ਰ ਰੱਖ ਰਹੀਆਂ ਹਨ।

# ਬੁਰੀ ਫਸੀ ਰਾਧੇ ਮਾਂ; ਅਦਾਲਤ ਵੱਲੋਂ ਸੰਮਨ ਜਾਰੀ

**ਨਵੀਂ ਦਿੱਲੀ:** ਅਖੌਤੀ ਧਰਮਗੁਰੂ ਰਾਧੇ ਮਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਮੁੰਬਈ ਵਿਚ ਰਾਧੇ ਮਾਂ ਖਿਲਾਫ ਸੱਤ ਲੋਕਾਂ ਨੂੰ ਖੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਹੋਇਆ ਹੈ। ਮੁੰਬਈ ਦੇ ਕਾਂਦੀਵਲੀ ਪੁਲਿਸ ਸਟੇਸ਼ਨ ਵਿਚ ਰਾਧੇ ਮਾਂ ਖਿਲਾਫ ਗੁਜਰਾਤ ਦੇ ਸੱਤ ਲੋਕਾਂ ਨੂੰ ਖੁਦਕੁਸ਼ੀ ਲਈ ਉਕਸਾਉਣ ਦੀ ਸ਼ਿਕਾਇਤ ਕੀਤੀ ਗਈ ਹੈ। ਕੱਛ ਦੇ ਰਹਿਣ ਵਾਲੇ ਇਨ੍ਹਾਂ ਲੋਕਾਂ ਨੇ ਮਨੋਕਾਮਨਾ ਦੀ ਪੂਰਤੀ ਲਈ ਰਾਧੇ ਮਾਂ ਨੂੰ ਆਪਣਾ ਸਭ ਕੁਝ ਦਾਨ ਦਿੱਤਾ ਹੈ। ਇਸ ਤੋਂ ਪਹਿਲਾਂ ਰਾਧੇ ਮਾਂ ਖਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ, ਅਸ਼ਲੀਲਤਾ ਫੈਲਾਉਣ ਤੇ ਦਹੇਜ ਲਈ ਉਕਸਾਉਣ ਦੀ ਸ਼ਿਕਾਇਤ ਹੋ ਚੁੱਕੀ ਹੈ। ਉਧਰ ਰਾਧੇ ਮਾਂ ਦਾ ਕਹਿਣਾ ਹੈ ਕਿ ਉਸ ਦਾ ਇਨਸਾਫ ਉੱਪਰ ਵਾਲਾ ਕਰੇਗਾ। ਰਾਧੇ ਮਾਂ ਉਰਫ ਸੁਖਵਿੰਦਰ ਕੌਰ ਨੇ ਦਹੇਜ ਲਈ ਉਕਸਾਉਣ ਵਾਲੇ ਇਲਜ਼ਾਮਾਂ ਬਾਰੇ ਕਿਹਾ ਕਿ ਉਸ ਦਾ ਨਿੱਕੀ ਗੁਪਤਾ ਨਾਲ ਕੋਈ ਨਾਤਾ ਨਹੀਂ, ਨਿੱਕੀ ਦੇ ਸੱਸ-ਸਹੁਰਾ ਜ਼ਰੂਰ ਉਸ ਦੇ ਭਗਤ ਹਨ। ਹਮੇਸ਼ਾ ਲੋਕਾਂ ਸਾਹਮਣੇ ਚੁੱਪ ਰਹਿਣ ਵਾਲੀ ਰਾਧੇ ਮਾਂ ਆਪਣੇ ਬਚਾਅ ਲਈ ਬੋਲਦੀ ਨਜ਼ਰ ਆਈ। ਇਸ ਤੋਂ ਪਹਿਲਾਂ ਮੀਡੀਆ ਵੱਲੋਂ ਸਵਾਲ ਪੁੱਛੇ ਜਾਣ ਉਤੇ ਰਾਧੇ ਮਾਂ ਨੇ 'ਬੇਹੋਸ਼ੀ ਦਾ ਡਰਾਮਾ' ਕੀਤਾ ਸੀ।।



### ਸੈਕਸ ਸਕੈਂਡਲ 'ਚ ਗ੍ਰਿਫਤਾਰ ਬਾਬਾ ਵਿਸ਼ਨੂੰ ਦਾ ਅਵਤਾਰ!

**ਨਵੀਂ ਦਿੱਲੀ:** ਸੈਕਸ ਸਕੈਂਡਲ ਵਿਚ ਗ੍ਰਿਫਤਾਰ ਸਾਰਥੀ ਦੇਵ ਖੁਦ ਨੂੰ ਭਗਵਾਨ ਵਿਸ਼ਨੂੰ ਦਾ ਅਵਤਾਰ ਦੱਸਦਾ ਹੈ। ਸਾਰਥੀ ਨੇ ਖੁਦ ਨੂੰ ਜਗਨਨਾਥ ਐਲਾਨ ਰੱਖਿਆ ਹੈ। ਸਾਰਥੀ ਨੇ ਸਾਲ 2014 ਵਿਚ ਪਵਿੱਤਰ ਧਾਮ ਪੁਰੀ ਵਿਚ ਖੁਦ ਦੀ ਰਥ ਯਾਤਰਾ ਵੀ ਕੱਢੀ। ਦਾਅਵਾ ਹੈ ਕਿ ਭਗਵਾਨ ਜਗਨਨਾਥ ਤੋਂ ਬਾਅਦ ਇਹ ਪੁਰੀ ਦੀ ਦੂਜੀ ਸਭ ਤੋਂ ਵੱਡੀ ਰਥ ਯਾਤਰਾ ਸੀ। ਇੰਨਾਂ ਹੀ ਨਹੀਂ, ਸਾਰਥੀ ਨੇ ਆਪਣੇ ਨਾਂ ਅੱਗੇ ਸ੍ਰੀਮਦ ਲਗਾ ਰੱਖਿਆ ਹੈ। ਸਾਰਥੀ ਦੇਵ ਨੇ ਸਾਲ 2014 ਵਿਚ ਆਪਣੇ ਨਾਂ ਉਤੇ ਇਕ ਮੰਦਰ ਵੀ ਬਣਵਾਇਆ ਹੈ, ਜਿਸ ਦਾ ਨਾਮ ਹੈ ਸ੍ਰੀਮਦ ਸਾਰਥੀ ਦੇਵ ਮੰਦਰ। ਇਹ ਮੰਦਰ ਸੋਨੇ ਵਾਂਗ ਜਗਮਗਾਉਂਦਾ ਹੈ। ਸਾਰਥੀ ਬਾਬਾ ਦਾ ਅਸਲੀ ਨਾਂ ਸੰਤੋਸ਼ ਕੁਮਾਰ ਰਾਉਲਾ ਹੈ। ਸੰਤੋਸ਼ ਦਾ ਪਰਿਵਾਰ ਗੰਜਮ ਜ਼ਿਲ੍ਹੇ ਤੋਂ ਕੇਂਦਰਪਾੜਾ ਜ਼ਿਲ੍ਹੇ ਵਿਚ ਰਹਿਣ ਲੱਗ ਗਿਆ ਸੀ ਜਿਥੇ ਪਿਤਾ ਦਾ ਕ੍ਰਿਸ਼ਨ ਚੰਦਰ ਰਾਉਲਾ ਬਿਜਲੀ ਵਿਭਾਗ ਵਿਚ ਮੀਟਰ ਰੀਡਰ ਦੀ ਨੌਕਰੀ ਕਰਦੇ ਸੀ। ਸਾਲ 1985 ਵਿਚ ਸੰਤੋਸ਼ ਕੇਂਦਰਪਾੜਾ ਤੋਂ ਗਾਇਬ ਹੋ ਗਿਆ ਤੇ 1992 ਵਿਚ ਨਜ਼ਰ ਆਇਆ।

# ਜਪਾਨ ਵਿਚ 70 ਸਾਲਾਂ ਬਾਅਦ ਵੀ ਬਾਕੀ ਨੇ ਤਬਾਹੀ ਦੇ ਨਿਸ਼ਾਨ

**ਟੋਕੀਓ:** ਅਮਰੀਕਾ ਵੱਲੋਂ ਜਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ 70 ਸਾਲ ਪਹਿਲਾਂ ਪਰਮਾਣੂ ਬੰਬ ਹਮਲੇ ਦੇ ਜ਼ਖਮ ਅਜੇ ਵੀ ਅੱਲੇ ਹਨ। ਇਹ ਪਰਮਾਣੂ ਹਥਿਆਰਾਂ ਦਾ ਪਹਿਲਾ ਪ੍ਰਯੋਗ ਸੀ। ਉਦੋਂ ਅਮਰੀਕਾ ਨੂੰ ਵੀ ਨਹੀਂ ਪਤਾ ਸੀ ਕਿ ਇਕ ਝਟਕੇ ਵਿਚ ਤਕਰੀਬਨ ਡੇਢ ਲੱਖ ਜ਼ਿੰਦਗੀਆਂ ਸਦਾ ਦੀ ਨੀਂਦ ਸੌਂ ਜਾਣਗੀਆਂ। ਦੁਨੀਆਂ ਦਾ ਸਭ ਤੋਂ ਭਿਆਨਕ ਹਮਲਾ ਸੈਨਿਕ ਛਾਉਣੀਆਂ ਦੀ ਥਾਂ ਰਿਹਾਇਸ਼ੀ ਇਲਾਕਿਆਂ 'ਤੇ ਕੀਤਾ ਗਿਆ ਸੀ।

ਤਕਰੀਬਨ 20 ਹਜ਼ਾਰ ਸ਼ਖ਼ਸ ਇਸ ਮਹਾਂਵਿਨਾਸ਼ ਦੀ ਅੱਜ ਵੀ ਗਵਾਹ ਹਨ। ਇਨ੍ਹਾਂ ਨੂੰ 'ਹਿਬਾਕੂਸਿਆ' ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਹੀ ਇਕ 86 ਸਾਲਾਂ ਦਾ ਸੁਮਿਤੇਰੂ ਤਾਨੀਗੁੱਚੀ ਹੈ। ਇਹ ਸ਼ਖ਼ਸ ਹੁਣ ਪਰਮਾਣੂ ਹਥਿਆਰਾਂ ਖਿਲਾਫ ਮੁਹਿੰਮ ਚਲਾ ਰਹੇ ਹਨ। ਉਸ ਨੂੰ ਉਮੀਦ ਹੈ ਕਿ ਦੁਨੀਆਂ ਹੁਣ ਅਜਿਹਾ ਹਮਲਾ ਨਹੀਂ ਵੇਖੇਗੀ। ਉਸ ਨੇ ਦੱਸਿਆ ਕਿ ਹਮਲੇ ਸਮੇਂ ਉਸ ਦੀ ਉਮਰ 16 ਸਾਲ ਸੀ ਤੇ ਉਹ ਡਾਕੀਏ ਦਾ ਕੰਮ ਕਰਦਾ ਸੀ। ਜਦੋਂ ਪਰਮਾਣੂ ਧਮਾਕਾ ਹੋਇਆ, ਉਸ ਸਮੇਂ ਉਹ ਸਾਈਕਲ ਤੇ ਕੰਮ ਉਤੇ ਜਾ ਰਿਹਾ ਸੀ। ਇਹ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਉਹ ਸਾਈਕਲ ਸਮੇਤ ਬਹੁਤ ਦੂਰ ਜਾ ਡਿੱਗਾ ਜਦੋਂ ਕਈ ਘੰਟਿਆਂ ਪਿੱਛੋਂ ਉਠਿਆ ਤਾਂ ਦੇਖਿਆ ਕਿ ਕੰਧਾਂ 'ਤੇ ਮਾਸ ਦੇ ਟੁਕੜੇ ਚੰਬੜੇ ਹੋਏ ਸਨ।

ਗੰਭੀਰ ਜ਼ਖ਼ਮਾਂ ਦੇ ਬਾਵਜੂਦ ਉਹ ਤਿੰਨ ਦਿਨ ਭਟਕਦਾ ਫਿਰਦਾ ਰਿਹਾ। ਉਸ ਦੇ ਸਰੀਰ ਨਾਲ ਮਾਸ ਦੇ ਟੁਕੜੇ ਲਟਕ ਰਹੇ ਸਨ। ਉਸ ਦੇ ਪਿੰਡੇ 'ਤੇ ਮਾਸ ਨਹੀਂ ਰਿਹਾ ਸੀ। ਇਲਾਜ ਦੌਰਾਨ 21 ਮਹੀਨੇ ਉਹ ਢਿੱਡ ਪਰਨੇ ਲੇਟਿਆ ਰਿਹਾ। ਉਹ ਖੱਬਾ ਹੱਥ ਖੜ੍ਹਾ ਨਹੀਂ ਕਰ ਸਕਦਾ। ਸਰੀਰ ਵਿਚ ਦਾਖਲ ਹੋਏ ਕਈ ਟੁਕੜੇ ਵੀ ਨਹੀਂ ਕੱਢੇ ਜਾ ਸਕੇ। ਦਰਦ ਘੱਟ ਕਰਨ ਲਈ ਰੋਜ਼ਾਨਾ ਕਰੀਮ ਲਾਉਣੀ ਪੈਂਦੀ ਹੈ। ਅਜੇ ਵੀ ਉਹ ਕੋਈ ਕੰਮ ਧੰਦਾ ਕਰਨ ਦੇ ਕਾਬਲ ਨਹੀਂ ਹੈ।



### 70ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ

**ਟੋਕਿਓ:** ਜਾਪਾਨ ਦੇ ਸ਼ਹਿਰ ਨਾਗਾਸਾਕੀ ਉਤੇ ਪਰਮਾਣੂ ਬੰਬ ਸੁੱਟੇ ਜਾਣ ਕਾਰਨ ਹੋਈ ਤਬਾਹੀ ਦੇ 70 ਸਾਲ ਪੂਰੇ ਹੋਣ 'ਤੇ ਇਕ ਪ੍ਰੋਗਰਾਮ ਰਾਹੀਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਸੈਨਾ ਦੀ ਭੂਮਿਕਾ ਦੇ ਵਿਸਤਾਰ ਦੀਆਂ ਕੋਸ਼ਿਸ਼ਾਂ ਉਤੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦੀ ਆਲੋਚਨਾ ਕੀਤੀ ਗਈ। ਹਜ਼ਾਰਾਂ ਲੋਕਾਂ ਨੇ ਇਕ ਮਿੰਟ ਦਾ ਮੌਨ ਰੱਖਿਆ। ਨੌਂ ਅਗਸਤ, 1945 ਨੂੰ ਅਮਰੀਕਾ ਨੇ ਜਹਾਜ਼ ਰਾਹੀਂ ਸ਼ਹਿਰ ਵਿਚ ਬੰਬ ਸੁੱਟੇ ਸਨ। ਸ਼ਰਧਾਂਜਲੀ ਦੇਣ ਵਾਲਿਆਂ ਵਿਚ ਹਮਲੇ ਦੌਰਾਨ ਬਚੇ ਕੁਝ ਲੋਕ ਤੇ ਇਸ ਵਿਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰ ਸ਼ਾਮਲ ਸਨ। ਆਬੇ ਨੇ ਸਮਾਰੋਹ ਵਿਚ ਸ਼ਰਧਾਂਜਲੀ ਦਿੱਤੀ ਜਿਸ ਵਿਚ ਅਮਰੀਕੀ ਰਾਜਦੂਤ ਕੈਰੋਲੀਨ ਕੈਨੇਡੀ ਸਣੇ 75 ਦੇਸ਼ਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਆਬੇ ਨੇ ਆਪਣੇ ਭਾਸ਼ਣ ਵਿਚ ਕਿਹਾ ਸਾਡੇ ਦੇਸ਼ ਉਤੇ ਪਰਮਾਣੂ ਹਮਲਾ ਹੋਇਆ ਸੀ ਤੇ ਮੈਂ ਦੁਨੀਆਂ ਨੂੰ ਇਸ ਤਰ੍ਹਾਂ ਦੇ ਹਥਿਆਰਾਂ ਤੋਂ ਮੁਕਤ ਬਣਾਉਣ ਲਈ ਪਰਮਾਣੂ ਨਿਰਸਤਰੀਕਰਣ ਦੇ ਵਿਸ਼ਵ ਪੱਧਰੀ ਕੋਸ਼ਿਸ਼ਾਂ ਵਿਚ ਅਗਵਾਈ ਕਰਨ ਦੇ ਦ੍ਰਿੜ੍ਹ ਸੰਕਲਪ ਨੂੰ ਦੋਹਰਾ ਰਿਹਾ ਹਾਂ। ਉਨ੍ਹਾਂ ਵਾਅਦਾ ਕੀਤਾ ਕਿ ਜਾਪਾਨ ਆਪਣੇ ਖੇਤਰ ਵਿਚ ਪਰਮਾਣੂ ਹਥਿਆਰਾਂ ਦਾ ਉਤਪਾਦਨ ਨਹੀਂ ਕਰਨ ਜਾਂ ਉਨ੍ਹਾਂ ਦੀ ਆਗਿਆ ਨਾ ਦੇਣ ਦੇ ਆਪਣੇ ਸਿਧਾਂਤਾਂ ਦਾ ਪਾਲਣ ਕਰਦਾ ਰਹੇਗਾ।

# ਭਾਰਤ-ਪਾਕਿਸਤਾਨ ਸਬੰਧਾਂ 'ਤੇ ਦਹਿਸ਼ਤਵਾਦ ਦਾ ਮੁੜ ਪਰਛਾਵਾਂ

**ਨਵੀਂ ਦਿੱਲੀ:** ਦਹਿਸ਼ਤਵਾਦ ਦੇ ਮੁੱਦੇ 'ਤੇ ਭਾਰਤ ਤੇ ਪਾਕਿਸਤਾਨ ਮੁੜ ਆਹਮੋ-ਸਾਹਮਣੇ ਹਨ। ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਨਵੀਂ ਦਿੱਲੀ ਵਿਚ ਹੋਣ ਜਾ ਰਹੀ ਗੱਲਬਾਤ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿਚ ਅਤਿਵਾਦੀ ਗਤੀਵਿਧੀਆਂ ਵਿਚ ਇਕਦਮ ਵਾਧਾ ਹੋ ਗਿਆ ਹੈ। ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ ਉਤੇ ਊਧਮਪੁਰ ਨੇੜੇ ਹੋਏ ਦਹਿਸ਼ਤੀ ਹਮਲੇ ਨੇ ਦੋਵੇਂ ਦੇਸ਼ਾਂ ਦਰਮਿਆਨ 'ਜੰਗ' ਹੋਰ ਭਖਾ ਦਿੱਤੀ ਹੈ। ਯਾਦ ਰਹੇ ਕਿ ਦੋ ਦਹਿਸ਼ਤਗਰਦਾਂ ਨੇ ਬੀ.ਐਸ.ਐਫ. ਦੇ ਕਾਫ਼ਲੇ ਨੂੰ ਨਿਸ਼ਾਨਾ ਬਣਾਇਆ ਸੀ ਜਿਸ। ਵਿਚ ਬੀ.ਐਸ.ਐਫ. ਦੇ ਦੋ ਜਵਾਨ ਤੇ ਇਕ ਦਹਿਸ਼ਤਗਰਦ ਮਾਰੇ ਗਏ ਜਦੋਂਕਿ ਇਕ ਦਹਿਸ਼ਤਗਰਦ ਨੂੰ ਕਾਬੂ ਕਰ ਲਿਆ ਗਿਆ। ਭਾਰਤ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਫੜਿਆ ਗਿਆ ਅਤਿਵਾਦੀ ਪਾਕਿਸਤਾਨ ਦਾ ਰਹਿਣ ਵਾਲਾ ਹੈ ਤੇ ਭਾਰਤ ਨੇ ਇਸ ਦੇ ਸਬੂਤ ਵੀ ਦੇ ਦਿੱਤੇ ਹਨ ਪਰ ਪਾਕਿ ਇਹ ਮੰਨਣ ਨੂੰ ਤਿਆਰ ਨਹੀਂ। ਲਸ਼ਕਰੇ-ਤੋਇਬਾ ਨਾਲ ਸਬੰਧਤ ਇਹ ਦਹਿਸ਼ਤਗਰਦ ਨਾਵੇਦ ਯਾਕੂਬ ਪਾਕਿਸਤਾਨ ਦੇ ਜ਼ਿਲ੍ਹਾ ਫੈਸਲਾਬਾਦ ਦਾ ਰਹਿਣ ਵਾਲਾ।

ਮੁੰਬਈ ਉਤੇ ਨਵੰਬਰ 2008 ਵਿਚ ਹੋਏ ਦਹਿਸ਼ਤੀ ਹਮਲੇ ਦੌਰਾਨ ਫੜੇ ਗਏ ਅਫ਼ਜ਼ਲ ਕਸਾਬ ਤੋਂ ਬਾਅਦ ਇਹ ਦੂਜਾ ਵਿਅਕਤੀ ਹੈ ਜਿਸ ਨੂੰ ਜਿੰਦਾ ਫੜੇ ਜਾਣ ਵਿਚ ਕਾਮਯਾਬੀ ਮਿਲੀ ਹੈ। ਇਸ ਤੋਂ ਕੁਝ ਦਿਨ ਪਹਿਲਾਂ ਪੰਜਾਬ ਦੇ ਦੀਨਾਨਗਰ ਵਿਖੇ ਵੀ ਦਹਿਸ਼ਤੀ ਘਟਨਾ ਵਾਪਰ ਚੁੱਕੀ ਹੈ। ਇਨ੍ਹਾਂ ਘਟਨਾਵਾਂ ਲਈ ਭਾਰਤ ਨੇ ਅਧਿਕਾਰਤ ਤੌਰ ਉੱਤੇ ਤੇ ਸਿਵਲ ਸੁਸਾਇਟੀ ਵੱਲੋਂ ਵੀ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਚੁੱਕਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਸੱਯਦ ਕਾਜ਼ੀ ਖਲੀਲਉਲਾ ਨੇ ਹਮੇਸ਼ਾ ਦੀ ਤਰ੍ਹਾਂ ਦਹਿਸ਼ਤਗਰਦਾਂ ਦੇ ਪਾਕਿਸਤਾਨੀ ਨਾਗਰਿਕ ਹੋਣ ਤੋਂ ਇਨਕਾਰ ਕੀਤਾ ਹੈ ਤੇ ਭਾਰਤ ਤੋਂ ਇਨ੍ਹਾਂ ਦੀ ਪਛਾਣ ਦੇ ਸਬੂਤ ਦੇਣ ਦੀ ਮੰਗ ਕੀਤੀ ਹੈ।



## ਸੰਸਦੀ ਸੰਘ ਦੀ ਬੈਠਕ ਦਾ ਬਾਈਕਾਟ ਕਰੇਗਾ ਭਾਰਤ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਪੀਕਰ ਨੂੰ ਅਗਲੇ ਮਹੀਨੇ ਇਸਲਾਮਾਬਾਦ ਵਿਖੇ ਹੋਣ ਵਾਲੀ ਰਾਸ਼ਟਰ ਮੰਡਲ ਸੰਸਦੀ ਸੰਘ ਦੀ ਬੈਠਕ ਵਿਚ ਸੱਦਾ ਨਾ ਦੇਣ ਦਾ ਵਿਰੋਧ ਪ੍ਰਗਟਾਉਂਦਿਆਂ ਭਾਰਤ ਨੇ ਇਸ ਬੈਠਕ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਹੈ। ਭਾਰਤ ਸਰਕਾਰ ਵੱਲੋਂ ਇਹ ਫੈਸਲਾ ਪੰਜਾਬ ਤੇ ਜੰਮੂ ਕਸ਼ਮੀਰ ਵਿਚ ਅਤਿਵਾਦੀ ਹਮਲਿਆਂ ਕਾਰਨ ਵਧੇ ਤਣਾਅ ਤੋਂ ਬਾਅਦ ਆਇਆ ਹੈ। ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਨੇ ਕਿਹਾ ਹੈ ਕਿ ਜੇਕਰ ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਪੀਕਰ ਨੂੰ ਸੱਦਾ ਨਹੀਂ ਦਿੱਤਾ ਜਾਂਦਾ ਤਾਂ ਭਾਰਤ ਰਾਸ਼ਟਰ ਮੰਡਲ ਸੰਸਦੀ ਸੰਘ ਦੀ ਬੈਠਕ ਦਾ ਬਾਈਕਾਟ ਕਰੇਗਾ। ਜ਼ਿਕਰਯੋਗ ਹੈ ਕਿ 30 ਸਤੰਬਰ ਤੋਂ ਅੱਠ ਅਕਤੂਬਰ ਤੱਕ ਇਸਲਾਮਾਬਾਦ ਵਿਚ ਹੋਣ ਵਾਲੀ ਬੈਠਕ ਵਿਚ ਭਾਰਤ ਦੇ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਸਪੀਕਰਾਂ ਨੂੰ ਸੱਦਾ ਦਿੱਤਾ ਗਿਆ ਸੀ ਪਰ ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਪੀਕਰ ਨੂੰ ਬੁਲਾਵਾ ਨਹੀਂ ਭੇਜਿਆ ਗਿਆ। ਪਾਕਿਸਤਾਨ ਨੇ ਕਿਹਾ ਹੈ ਕਿ ਉਹ ਜੰਮੂ-ਕਸ਼ਮੀਰ ਵਿਧਾਨ ਸਭਾ ਨੂੰ ਮਾਨਤਾ ਨਹੀਂ ਦਿੰਦਾ।

## ਭਾਰਤ-ਪਾਕਿ ਦੀ ਵੰਡ ਲਈ ਵੱਡੇ ਆਗੂ ਜ਼ਿੰਮੇਵਾਰ?

**ਨਵੀਂ ਦਿੱਲੀ:** ਦੇਸ਼ ਦੀ ਵੰਡ ਨੂੰ ਦਰਸਾਉਂਦੀ ਨਵੀਂ ਕਿਤਾਬ ਵਿਚ ਇਸ ਗੱਲ ਦਾ ਖ਼ੁਲਾਸਾ ਕੀਤਾ ਗਿਆ ਹੈ ਕਿ ਕਿਵੇਂ ਦੋਵੇਂ ਪਾਸਿਆਂ ਦੇ ਆਗੂਆਂ ਨੇ ਆਪਣੇ-ਆਪਣੇ ਮੁਲਕਾਂ ਦੇ ਜਨਮ ਮੌਕੇ ਪੈਦਾ ਹੋਏ ਸੰਜੀਦਾ ਹਾਲਾਤ ਨਾਲ ਨਜਿੱਠਣ ਲਈ ਗ਼ਲਤ ਕਦਮ ਚੁੱਕੇ। ਇਨ੍ਹਾਂ ਆਗੂਆਂ ਨੇ ਅਜਿਹੇ ਫ਼ੈਸਲੇ ਲਏ ਕਿ ਦੋਵੇਂ ਮੁਲਕਾਂ ਦੇ ਇਕੱਠੇ ਰਹਿਣ ਦੀ ਬਜਾਏ ਉਨ੍ਹਾਂ ਦਾ ਪਾੜਾ ਹੋਰ ਵਧ ਗਿਆ। ਬਲੂਮਬਰਗ ਵਿਊਜ਼ ਏਸ਼ੀਆ ਦੇ ਸੰਪਾਦਕ ਨਿਸਿਦ ਹਾਜਰੀ ਦੀ ਕਿਤਾਬ 'ਇਨ ਮਿਡਨਾਈਟਜ਼ ਫਿਊਰੀਜ਼: ਦਿ ਡੈੱਡਲੀ ਲੈਗੇਸੀ ਆਫ਼ ਇੰਡੀਆਜ਼ ਪਾਰਟੀਸ਼ਨ' ਵਿਚ ਪਿੰਡੇ ਉਤੇ ਹੰਢਾਏ ਸਮੇਂ ਤੇ ਪ੍ਰਤੱਖਦਰਸ਼ੀਆਂ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਕਿਵੇਂ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਮੁਹੰਮਦ ਅਲੀ ਜਿਨਾਹ ਤੇ ਲਾਰਡ ਮਾਊਂਟਬੇਟਨ ਦੇ ਨਾਜ਼ੁਕ ਰਿਸ਼ਤੇ ਸਨ। ਉਸ ਦਾ ਮੰਨਣਾ ਹੈ ਕਿ ਦੋ ਤਰ੍ਹਾਂ ਦੀਆਂ ਗ਼ਲਤੀਆਂ ਹੋਈਆਂ,। ਸਿਆਸੀ ਪੱਧਰ ਉਤੇ ਨਹਿਰੂ ਤੇ ਗਾਂਧੀ ਵਰਗੇ ਕਾਂਗਰਸ ਆਗੂਆਂ ਨੇ ਸਮਝੌਤੇ ਦੇ ਕਈ ਮੌਕੇ ਗੁਆਏ ਜਿਸ ਨਾਲ ਵੰਡ ਨੂੰ ਰੋਕਿਆ ਜਾ ਸਕਦਾ ਸੀ। ਇਨ੍ਹਾਂ ਆਗੂਆਂ ਨੇ ਬ੍ਰਿਟਿਸ਼ ਦੇ ਨਾਲ-ਨਾਲ ਜਿਨਾਹ ਉਤੇ ਵੀ ਭਰੋਸਾ ਨਹੀਂ ਕੀਤਾ। ਉਹ ਕਈ ਗੱਲਾਂ ਨੂੰ ਅਣਗੌਲਿਆ ਕਰ ਗਏ ਜਿਸ ਨਾਲ ਘੱਟ ਗਿਣਤੀਆਂ ਦੇ ਜਾਇਜ਼ ਖ਼ਦਸ਼ਿਆਂ ਨੂੰ ਦਰਿਆਦਿਲੀ ਨਾਲ ਹੱਲ ਕੀਤਾ ਜਾ ਸਕਦਾ ਸੀ।

# ਯਾਕੂਬ ਮੈਮਨ ਦੀ ਫਾਂਸੀ ਬਾਰੇ ਕਵਰੇਜ ਕਰਨ ਵਾਲੇ ਟੀ.ਵੀ. ਚੈਨਲਾਂ ਨੂੰ ਨੋਟਿਸ

**ਨਵੀਂ ਦਿੱਲੀ:** ਮੁੰਬਈ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਮਨ ਦੀ ਫਾਂਸੀ ਨਾਲ ਸਬੰਧਤ ਕਵਰੇਜ ਕਰਨ ਤੋਂ ਨਾਖੁਸ਼ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਤਿੰਨ ਚੈਨਲਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਚੈਨਲਾਂ ਵੱਲੋਂ ਜਵਾਬ ਭੇਜੇ ਜਾਣ ਤੋਂ ਬਾਅਦ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਵਧੀਕ ਸਕੱਤਰ ਦੀ ਅਗਵਾਈ ਹੇਠਲੀ ਅੰਤਰ ਮੰਤਰਾਲਾ ਕਮੇਟੀ ਮਾਮਲੇ ਨੂੰ ਘੋਖੇਗੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਚੈਨਲਾਂ ਦੀ ਕਵਰੇਜ ਦਾ ਕੁਝ ਹਿੱਸਾ ਸਹੀ ਨਹੀਂ ਸੀ ਜਿਸ ਤੋਂ ਬਾਅਦ ਉਨ੍ਹਾਂ ਤੋਂ ਜਵਾਬ ਤਲਬੀ ਹੋਈ ਹੈ।

ਪ੍ਰੋਗਰਾਮ ਕੋਡ ਮੁਤਾਬਕ ਕੋਈ ਵੀ ਚੈਨਲ ਉਸ ਪ੍ਰੋਗਰਾਮ ਦਾ ਪ੍ਰਸਾਰਣ ਨਹੀਂ ਕਰ ਸਕਦਾ, ਜੋ ਹਿੰਸਾ ਭੜਕਾਉਂਦਾ ਹੋਵੇ, ਅਮਨ ਕਾਨੂੰਨ ਲਈ ਖ਼ਤਰਾ ਹੋਵੇ ਜਾਂ ਦੇਸ਼ ਵਿਰੋਧੀ ਸਰਗਰਮੀਆਂ ਨੂੰ ਉਤਸ਼ਾਹਤ ਕਰਦਾ ਹੋਵੇ। ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤਹਿਤ ਇਲੈਕਟ੍ਰਾਨਿਕ ਮੀਡੀਆ ਮਾਨਿਟਰਿੰਗ ਸੈਂਟਰ ਤਕਰੀਬਨ 600 ਚੈਨਲਾਂ ਉਤੇ ਨਜ਼ਰ ਰਖਦਾ ਹੈ। ਦੋ ਚੈਨਲਾਂ ਨੇ ਅੰਡਰ ਵਰਲਡ ਸਰਗਨੇ ਛੋਟਾ ਸ਼ਕੀਲ ਦੀ ਫੋਨ ਰਾਹੀਂ ਕੀਤੀ ਇੰਟਰਵਿਊ ਦਿਖਾਈ ਸੀ ਜਦਕਿ ਤੀਜੇ ਚੈਨਲ ਨੇ ਮੈਮਨ ਦੇ ਵਕੀਲ ਦੀਆਂ ਟਿੱਪਣੀਆਂ ਪ੍ਰਸਾਰਿਤ ਕੀਤੀਆਂ ਸਨ।




## ਫਾਂਸੀ ਬਾਰੇ ਅਪੀਲ ਰੱਦ ਕਰਨ ਵਾਲੇ ਜੱਜ ਨੂੰ ਧਮਕੀ

**ਨਵੀਂ ਦਿੱਲੀ:** ਮੁੰਬਈ ਵਿਚ 1993 ਦੇ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਮਨ ਦੀ ਫਾਂਸੀ ਦੀ ਸਜ਼ਾ ਖ਼ਿਲਾਫ਼ ਆਖ਼ਰੀ ਅਪੀਲ ਰੱਦ ਕਰਨ ਵਾਲੇ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਵਿਚੋਂ ਇਕ ਜਸਟਿਸ ਦੀਪਕ ਮਿਸ਼ਰਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ, ਜਿਸ ਮਗਰੋਂ ਉਨ੍ਹਾਂ ਦੀ ਸੁਰੱਖਿਆ ਹੋਰ ਮਜ਼ਬੂਤ ਕਰ ਦਿੱਤੀ ਗਈ ਹੈ। ਦਿੱਲੀ ਪੁਲਿਸ ਨੇ ਇਸ ਬਾਰੇ ਕੇਸ ਦਰਜ ਕਰ ਲਿਆ ਹੈ। ਤੁਗਲਕ ਰੋਡ ਉਤੇ ਸਥਿਤ ਜਸਟਿਸ ਮਿਸ਼ਰਾ ਦੀ ਰਿਹਾਇਸ਼ ਦੇ ਪਿਛਲੇ ਦਰਵਾਜ਼ੇ ਨੇੜੇ ਇਕ ਧਮਕੀ ਭਰੀ ਚਿੱਠੀ ਬਰਾਮਦ ਕੀਤੀ ਗਈ ਸੀ। ਪੁਲਿਸ ਨੇ ਦੱਸਿਆ ਹੈ ਕਿ ਜਸਟਿਸ ਮਿਸ਼ਰਾ ਦੇ ਨਿੱਜੀ ਸੁਰੱਖਿਆ ਅਧਿਕਾਰੀ ਜਦੋਂ ਜਾਂਚ ਕਰ ਰਹੇ ਸਨ ਤਾਂ ਉਸ ਸਮੇਂ ਇਹ ਚਿੱਠੀ ਬਰਾਮਦ ਹੋਈ ਤੇ ਉਨ੍ਹਾਂ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਇਸ ਬਾਰੇ ਤੁਰੰਤ ਸੂਚਿਤ ਕੀਤਾ।




## ਇੰਡੀਅਨ ਰੈਸਟੋਰੈਂਟ ਲਈ ਲੋੜ ਹੈ

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਡਿਸ਼ਵਾਸ਼ਰ, ਦੀ ਲੋੜ ਹੈ

ਸੰਪਰਕ ਕਰੋ

ਫੋਨ: 850-510-3046

Looking for Cook, Tandoria and Dishwasher for Indian restaurant in Florida.

Please call: 850-510-3046

33-34



## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।

ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ

ਸੰਪਰਕ ਕਰੋ

ਫੋਨ: 501-309-4140

33


## ਸਈਦ ਵੱਲੋਂ ਫਿਲਮ 'ਫੈਂਟਮ' ਉਤੇ ਰੋਕ ਦੀ ਮੰਗ

**ਲਾਹੌਰ:** ਜਮਾਤ ਉਦ ਦਾਵਾ (ਜੇ.ਯੂ.ਡੀ.) ਦੇ ਮੁਖੀ ਤੇ ਮੁੰਬਈ ਹਮਲੇ ਦੇ ਸਾਜ਼ਿਸ਼ੀ ਹਾਫਿਜ਼ ਸਈਦ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਪਾਕਿਸਤਾਨ ਵਿਚ ਬਾਲੀਵੁੱਡ ਫਿਲਮ 'ਫੈਂਟਮ' ਨੂੰ ਰਲੀਜ਼ ਕਰਨ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।

ਸਈਦ ਦਾ ਦੋਸ਼ ਹੈ ਕਿ 26/11 ਹਮਲੇ ਤੋਂ ਬਾਅਦ ਦੇ ਹਾਲਾਤ ਤੇ ਆਲਮੀ ਦਹਿਸ਼ਤਗਰਦੀ ਵਾਲੀ ਇਸ ਫਿਲਮ ਵਿਚ ਪਾਕਿਸਤਾਨ ਖ਼ਿਲਾਫ਼ ਕੂੜ ਪ੍ਰਚਾਰ ਕੀਤਾ ਗਿਆ ਹੈ।

## ਜਹਾਦੀਆਂ ਨੇ 19 ਔਰਤਾਂ ਨੂੰ ਫਾਹੇ ਲਾਇਆ

**ਨਵੀਂ ਦਿੱਲੀ:** ਆਈ.ਐਸ. ਅਤਿਵਾਦੀਆਂ ਵੱਲੋਂ ਮੌਸੂਲ (ਇਰਾਕ) ਵਿਚ 19 ਔਰਤਾਂ ਦੀ ਹੱਤਿਆ ਕਰ ਦਿੱਤੀ ਗਈ। ਡੇਲੀ ਮੇਲ ਅਖ਼ਬਾਰ ਅਨੁਸਾਰ ਕੁਰਦਿਸ਼ ਡੈਮੋਕਰੈਟਿਕ ਪਾਰਟੀ ਦੇ ਇਕ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਔਰਤਾਂ ਨੇ ਆਈ.ਐਸ ਅਤਿਵਾਦੀਆਂ ਨਾਲ ਸਰੀਰਕ ਸਬੰਧ ਬਣਾਉਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਫਾਹੇ ਲਾ ਦਿੱਤਾ ਗਿਆ।


## ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ

ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ ਕੁੱਕ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ

ਸੰਪਰਕ ਕਰੋ

ਫੋਨ: 913-269-5727

Korma Sutra Cuisine of India

*Overland Park, Kansas*

31-35

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਦਾ 'ਕਮਲ' ਵੀ ਨਸ਼ਿਆਂ ਦੇ ਦਰਿਆ 'ਚ ਡੁੱਬਿਆ

**ਚੰਡੀਗੜ੍ਹ:** ਨਸ਼ਿਆਂ ਦੇ ਮੁੱਦੇ 'ਤੇ ਆਪਣੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਨ ਵਾਲੀ ਭਾਜਪਾ ਆਪ ਵੀ ਇਸ 'ਤੇ ਮੁੱਦੇ 'ਤੇ ਘਿਰ ਗਈ ਹੈ। ਪੁਲਿਸ ਵੱਲੋਂ ਭ੍ਰਿਸ਼ਟਾਚਾਰ ਤੇ ਨਸ਼ਾ ਤਸਕਰੀ ਦੇ ਦੋਸ਼ਾਂ ਹੇਠ ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਭਾਜਪਾ ਦੇ ਤਿੰਨ ਆਗੂ ਗ੍ਰਿਫ਼ਤਾਰ ਕੀਤੇ ਗਏ ਹਨ। ਇਨ੍ਹਾਂ ਵਿਚੋਂ ਇਕ ਜਸਬੀਰ ਸਿੰਘ ਉਰਫ਼ ਜਿੰਮੀ ਸੰਧੂ ਤਾਂ ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਦਾ ਨਿੱਜੀ ਸਹਾਇਕ ਰਿਹਾ ਹੈ ਜਦੋਂਕਿ ਦੂਜੇ, ਜ਼ਿਲ੍ਹਾ ਪ੍ਰਧਾਨ ਤੇ ਮਾਰਕਿਟ ਕਮੇਟੀ ਚੇਅਰਮੈਨ ਜੁਗਰਾਜ ਸਿੰਘ ਕਟੋਰਾ ਤੇ ਲਖਵਿੰਦਰ ਸਿੰਘ ਲੱਖਾ ਨਜ਼ਦੀਕੀ ਮੰਨੇ ਜਾਂਦੇ ਹਨ। ਡੀ.ਐਸ.ਪੀ. ਪੱਧਰ ਦੇ ਇਕ ਪੁਲਿਸ ਅਧਿਕਾਰੀ ਖ਼ਿਲਾਫ਼ ਵੀ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਹ ਮਾਮਲਾ ਸਾਹਮਣੇ ਆਉਣ ਪਿੱਛੋਂ ਕਮਲ ਸ਼ਰਮਾ ਪਾਰਟੀ ਦੇ ਅੰਦਰ, ਗੱਠਜੋੜ ਦੇ ਭਾਈਵਾਲ ਅਕਾਲੀ ਦਲ ਤੇ ਵਿਰੋਧੀ ਪਾਰਟੀਆਂ ਦੇ ਚੌਤਰਫ਼ਾ ਹਮਲੇ ਵਿਚ ਘਿਰੇ ਹੋਏ ਹਨ। ਕਮਲ ਸ਼ਰਮਾ ਨੇ ਅਕਸਰ ਨਸ਼ਿਆਂ ਦੇ ਫੈਲਦੇ ਪਸਾਰੇ ਦੇ ਵਿਰੋਧ ਵਿਚ ਆਵਾਜ਼ ਉਠਾਈ ਹੈ। ਇਸ ਲਈ




ਜਦੋਂ ਅਜਿਹੇ ਦੋਸ਼ਾਂ ਵਿਚ ਅਕਾਲੀ ਆਗੂਆਂ ਦੇ ਨਾਂ ਜ਼ਾਹਿਰ ਹੁੰਦੇ ਰਹੇ ਸਨ ਤਾਂ ਕਮਲ ਸ਼ਰਮਾ ਨੇ ਉਨ੍ਹਾਂ ਦੇ ਅਸਤੀਫ਼ਿਆਂ ਦੀ ਮੰਗ ਵੀ ਕੀਤੀ। ਹੁਣ ਕਮਲ ਸ਼ਰਮਾ ਦੇ ਨਜ਼ਦੀਕੀ ਸਾਥੀਆਂ ਦੇ ਅਜਿਹੇ ਦੋਸ਼ਾਂ ਵਿਚ ਘਿਰਨ ਕਾਰਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੱਕ ਨੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕਰ ਦਿੱਤੀ ਹੈ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਨਸ਼ਾ ਤਸਕਰੀ ਮਾਮਲੇ ਵਿਚ ਪੁੱਛਗਿੱਛ ਲਈ ਬੁਲਾਉਣ ਤੋਂ ਬਾਅਦ ਕਮਲ ਸ਼ਰਮਾ ਨੇ ਉਸ ਦੇ ਅਸਤੀਫ਼ੇ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਈ ਸੀ। ਹੁਣ ਸਿਆਸੀ ਹਲਕਿਆਂ ਵਿਚ ਹਰਸਿਮਰਤ ਕੌਰ ਬਾਦਲ ਵੱਲੋਂ ਕਮਲ ਸ਼ਰਮਾ ਦਾ ਅਸਤੀਫ਼ਾ ਮੰਗਣ ਦੇ ਬਿਆਨ ਨੂੰ ਮਜੀਠੀਆ ਮਾਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਮੁੱਦੇ ਉੱਤੇ ਚੁੱਪ ਰਹਿਣ ਨੂੰ ਤਰਜੀਹ ਦੇ ਰਹੇ ਹਨ।

## ਇਸ ਹਮਾਮ ਵਿਚ ਨੇ ਸਭ ਨੰਗੇ

**ਚੰਡੀਗੜ੍ਹ:** ਪੰਜਾਬ ਬੀ.ਜੇ.ਪੀ. ਦੇ ਪ੍ਰਧਾਨ ਕਮਲ ਸ਼ਰਮਾ ਦੇ ਨਜ਼ਦੀਕੀਆਂ ਦੀ ਨਸ਼ਾ ਤਸਕਰਾਂ ਨਾਲ ਯਾਰੀ ਸਾਹਮਣੇ ਆਉਣ ਤੋਂ ਬਾਅਦ ਇਕ ਗੱਲ ਪੱਕੀ ਹੋ ਗਈ ਹੈ ਕਿ 'ਇਸ ਹਮਾਮ ਵਿਚ ਸਭ ਨੰਗੇ' ਹਨ। ਇਸ ਤੋਂ ਪਹਿਲਾਂ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਵਿਰੋਧੀ ਧਿਰ ਕਾਂਗਰਸ ਦੇ ਲੀਡਰਾਂ ਦੀ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਨ ਦੀ ਚਰਚਾ ਸੀ। ਜਦੋਂ ਅਕਾਲੀ ਦਲ ਦੇ ਦੋ ਮੰਤਰੀਆਂ ਦਾ ਨਾਂ ਨਸ਼ਾ ਤਸਕਰੀ ਨਾਲ ਜੁੜਿਆ ਤਾਂ ਕਾਂਗਰਸ ਮੈਦਾਨ ਵਿਚ ਆ ਗਈ, ਪਰ ਆਪਣੇ ਲੀਡਰਾਂ ਉਤੇ ਹੀ ਇਸੇ ਤਰ੍ਹਾਂ ਦੇ ਇਲਜ਼ਾਮ ਲੱਗਣ ਕਰ ਕੇ ਪੈਰ ਪਿਛਾਂਹ ਖਿੱਚ ਲਏ। ਫਿਰ ਭਾਜਪਾ ਨੇ ਇਸ ਮੁੱਦੇ ਤੋਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਹੁਣ ਕਮਲ ਸ਼ਰਮਾ ਦਾ ਨਾਂ ਜੁੜਨ ਨਾਲ ਲੀਡਰ ਖਾਮੋਸ਼ ਹੋ ਗਏ।

## ਭਾਜਪਾ ਆਗੂਆਂ ਦਾ ਕੀ ਹੈ ਮਾਮਲਾ...

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਜੁਗਰਾਜ ਸਿੰਘ ਕਟੋਰਾ ਤੇ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਉਰਫ਼ ਜਿੰਮੀ ਸੰਧੂ 'ਤੇ ਹੈਰੋਇਨ ਤੇ ਨਾਜਾਇਜ਼ ਅਸਲਾ ਰੱਖਣ ਦੇ ਦੋਸ਼ ਵਿਚ ਨਾਮਜ਼ਦ ਇਕ ਪਰਿਵਾਰ ਦੇ ਦੋ ਮੈਂਬਰਾਂ ਨੂੰ ਪੁਲਿਸ ਕੇਸ ਵਿਚੋਂ ਕਢਵਾਉਣ ਲਈ 15 ਲੱਖ ਰੁਪਏ ਵਸੂਲਣ ਦਾ ਦੋਸ਼ ਹੈ। ਪੁਲਿਸ ਨੇ ਇਨ੍ਹਾਂ ਤੋਂ 100 ਗ੍ਰਾਮ ਹੈਰੋਇਨ ਤੇ ਦੋ ਚੀਨੀ ਪਿਸਤੌਲ ਬਰਾਮਦ ਕੀਤੇ ਸਨ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਜਿੰਮੀ ਸੰਧੂ ਨੇ ਇਥੋਂ ਦੇ ਅਸਲਾ ਕਲਰਕ ਮਨੋਜ ਖੱਟੜ ਦੇ ਭਰਾ ਸੋਨੂੰ ਖੱਟੜ ਤੋਂ 15 ਲੱਖ ਰੁਪਏ ਦੀ ਰਿਸ਼ਵਤ ਲੈ ਕੇ ਉਸ ਨੂੰ ਪੁਲਿਸ ਕੇਸ ਤੋਂ ਰਾਹਤ ਦਿਵਾਈ ਸੀ।

## ਹਵਾਰਾ ਤੇ ਭਿਓਰਾ ਨੂੰ ਜੇਲ੍ਹ ਤੋੜੂ ਕੇਸ 'ਚ ਸਜ਼ਾ

*(ਸਫਾ ਇਕ ਦੀ ਬਾਕੀ)*

ਕੈਦੀ ਦੇਬੀ ਸਿੰਘ ਸਮੇਤ ਮਾਡਲ ਜੇਲ੍ਹ ਬੁੜੈਲ ਵਿਚੋਂ ਜਨਵਰੀ 2004 ਵਿਚ 104 ਫੁੱਟ ਲੰਮੀ ਸੁਰੰਗ ਪੁੱਟ ਕੇ ਫਰਾਰ ਗਏ ਸਨ। ਦੋ ਸਾਲਾਂ ਬਾਅਦ ਭਿਓਰਾ ਅਤੇ ਹਵਾਰਾ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ, ਜਦੋਂ ਕਿ ਤਾਰਾ ਇਸੇ ਸਾਲ ਜਨਵਰੀ ਵਿਚ ਥਾਈਲੈਂਡ ਵਿਚ ਗ੍ਰਿਫਤਾਰ ਹੋਇਆ ਸੀ। ਦੇਬੀ ਸਿੰਘ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਹਾਲੇ ਵੀ ਪਾਕਿਸਤਾਨ ਵਿਚ ਹੈ।

## ਸੀਰੀਆ 'ਚ 230 ਅਗਵਾ

**ਬੇਰੂਤ:** ਆਈ.ਐਸ. ਨੇ ਸੀਰੀਆ ਦੇ ਸ਼ਹਿਰ ਅੱਲ ਕਾਇਤੇਨ ਵਿਚੋਂ 230 ਲੋਕਾਂ ਨੂੰ ਅਗਵਾ ਕਰ ਲਿਆ ਹੈ। ਅਗਵਾ ਕੀਤੇ ਗਏ ਜ਼ਿਆਦਾਤਰ ਨਾਗਰਿਕ ਈਸਾਈ ਭਾਈਚਾਰੇ ਦੇ ਹਨ। ਦਹਿਸ਼ਤਗਰਦਾਂ ਨੇ ਦੋ ਦਿਨ ਪਹਿਲਾਂ ਹੀ ਇਸ ਸ਼ਹਿਰ ਉੱਤੇ ਕਬਜ਼ਾ ਕੀਤਾ ਸੀ। ਅੱਲ ਕਾਇਤੇਨ ਸ਼ਹਿਰ, ਪਾਲਮੀਰਾ ਤੇ ਦਮਿਸ਼ਕ ਦੇ ਵਿਚਾਲੇ ਹੈ। ਇਸ ਸ਼ਹਿਰ ਵਿਚ ਜ਼ਿਆਦਾਤਰ ਈਸਾਈ ਤੇ ਸੁੰਨੀ ਭਾਈਚਾਰੇ ਦੇ ਲੋਕ ਰਹਿੰਦੇ ਹਨ। 60 ਈਸਾਈ ਤੇ 170 ਸੁੰਨੀ ਮੁਸਲਮਾਨਾਂ ਨੂੰ ਅਗਵਾ ਕੀਤਾ ਗਿਆ ਹੈ ਜਿਨ੍ਹਾਂ ਵਿਚ 45 ਮਹਿਲਾਵਾਂ ਤੇ 19 ਬੱਚੇ ਹਨ।

## ਹਿੰਦੂਵਾਦੀ ਆਗੂ ਦੀ ਜ਼ਮਾਨਤ ਨੂੰ ਚੁਣੌਤੀ ਨਾ ਦੇਣ ਦਾ ਫ਼ੈਸਲਾ

**ਨਵੀਂ ਦਿੱਲੀ:** ਲੋਕ ਸਭਾ ਵਿਚ ਦੱਸਿਆ ਗਿਆ ਕਿ ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਦੇ ਮੁਲਜ਼ਮ ਸਵਾਮੀ ਅਸੀਮਾਨੰਦ ਨੂੰ ਸ਼ਰਤਾਂ 'ਤੇ ਮਿਲੀ ਜ਼ਮਾਨਤ ਨੂੰ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਸੁਪਰੀਮ ਕੋਰਟ ਵਿਚ ਚੁਣੌਤੀ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਅਦਾਲਤੀ ਫ਼ੈਸਲੇ ਨੂੰ ਚੁਣੌਤੀ ਦੇਣ ਦਾ ਕੋਈ ਆਧਾਰ ਮੌਜੂਦ ਨਹੀਂ ਸੀ। ਸਮਝੌਤਾ ਐਕਸਪ੍ਰੈੱਸ ਧਮਾਕੇ ਵਾਲੇ ਕੇਸ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 28 ਅਗਸਤ, 2014 ਨੂੰ ਸਵਾਮੀ ਅਸੀਮਾਨੰਦ ਨੂੰ ਕੁੱਝ ਸ਼ਰਤਾਂ 'ਤੇ ਜ਼ਮਾਨਤ ਦਿੱਤੀ ਸੀ। ਯਾਦ ਰਹੇ ਕਿ ਨਰੇਂਦਰ ਨੋਦੀ ਦੀ ਸਰਕਾਰ ਹਿੰਦੂ ਅਤਿਵਾਦ ਨਾਲ ਸਬੰਧਤ ਸਾਰੇ ਕੇਸਾਂ ਬਾਰੇ ਨਰਮ ਰੁਖ ਅਪਣਾ ਰਹੀ ਹੈ ਅਤੇ ਅਸੀਮਾਨੰਦ ਦੀ ਜ਼ਮਾਨਤ ਬਾਰੇ ਫੈਸਲਾ ਇਸੇ ਕੜੀ ਦਾ ਹਿੱਸਾ ਹੈ।

## ਵੱਖਰੀ ਕਮੇਟੀ ਬਾਰੇ ਸੁਪਰੀਮ ਕੋਰਟ ਵਿਚ ਸੁਣਵਾਈ 24 ਸਤੰਬਰ ਨੂੰ

**ਚੰਡੀਗੜ੍ਹ:** ਹਰਿਆਣਾ ਦੀ ਹੁੱਡਾ ਸਰਕਾਰ ਨੇ ਸੂਬੇ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ 41 ਮੈਂਬਰਾਂ 'ਤੇ ਆਧਾਰ 'ਤੇ ਜੋ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਸੀ, ਉਸ ਬਾਰੇ ਸੁਪਰੀਮ ਕੋਰਟ ਵਿਚ ਚੱਲ ਰਹੀ ਪਟੀਸ਼ਨ ਦੀ ਸੁਣਵਾਈ ਹੋਰ ਅੱਗੇ ਪਾ ਦਿੱਤੀ ਗਈ ਹੈ। ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਸ.ਐਲ. ਦੱਤੂ ਦੀ ਅਗਵਾਈ ਵਾਲਾ ਬੈਂਚ ਕਰ ਰਿਹਾ ਹੈ।

## ਅੰਬੇਦਕਰ ਦਾ ਘਰ ਖਰੀਦਣ ਦੇ ਨੇੜੇ ਪੁੱਜੀ ਸਰਕਾਰ

**ਨਾਗਪੁਰ:** ਮਹਾਰਾਸ਼ਟਰ ਸਰਕਾਰ ਛੇਤੀ ਹੀ ਡਾਕਟਰ ਅੰਬੇਦਕਰ ਦੇ ਲੰਡਨ ਵਾਲੇ ਤਿੰਨ ਮੰਜ਼ਿਲਾ ਘਰ ਨੂੰ ਆਪਣੇ ਕਬਜ਼ੇ ਵਿਚ ਲੈ ਲਏਗੀ। ਸਮਾਜਿਕ ਨਿਆਂ ਮੰਤਰੀ ਰਾਜਕੁਮਾਰ ਬਦੋਲੇ ਨੇ ਦੱਸਿਆ ਕਿ ਇਸ ਬਾਰੇ ਪ੍ਰਕਿਰਿਆ ਅੰਤਮ ਦੌਰ ਵਿਚ ਹੈ। ਇਸ ਘਰ ਵਿਚ ਡਾਕਟਰ ਅੰਬੇਦਕਰ ਇਕ ਵਾਰ ਠਹਿਰੇ ਸਨ। ਭਾਰਤੀ ਹਾਈ ਕਮਿਸ਼ਨ ਰਾਹੀਂ ਲੰਡਨ ਦੇ ਇਸ 2050 ਸਕੁਏਅਰ ਫੁੱਟ ਘਰ ਦੀ ਕੀਮਤ ਪਤਾ ਕਰਨ ਲਈ ਦੋ ਸਰਵੇਅਰ ਨਿਯੁਕਤ ਕੀਤੇ ਗਏ ਸਨ। ਉਨ੍ਹਾਂ ਘਰ ਦੀ ਵੱਖ-ਵੱਖ ਕੀਮਤ ਦੱਸੀ ਹੈ। ਇਕ ਸਰਵੇਅਰ ਨੇ ਇਸ ਦੀ ਕੀਮਤ 29 ਕਰੋੜ ਰੁਪਏ ਤੇ ਦੂਜੇ ਨੇ 21 ਕਰੋੜ ਰੁਪਏ ਆਂਕੀ ਹੈ। ਮੰਤਰੀ ਨੇ ਆਸ ਜਤਾਈ ਕਿ ਘਰ ਦਾ ਕਬਜ਼ਾ ਲੈਣ ਲਈ ਸਮਝੌਤੇ ਉਤੇ ਦਸਤਖ਼ਤ ਕੀਤੇ ਜਾਣਗੇ।

# ਅਦਾਲਤ ਦੀ ਫਟਕਾਰ ਪਿੱਛੋਂ ਯੋਗੇਂਦਰ ਯਾਦਵ ਰਿਹਾ

**ਨਵੀਂ ਦਿੱਲੀ:** ਹਾਈ ਕੋਰਟ ਦੀ ਫਟਕਾਰ ਮਗਰੋਂ ਦਿੱਲੀ ਪੁਲਿਸ ਨੇ 'ਸਵਰਾਜ ਅਭਿਆਨ' ਦੇ ਬਾਨੀ ਯੋਗੇਂਦਰ ਯਾਦਵ ਨੂੰ ਰਿਹਾਅ ਕਰ ਦਿੱਤਾ। ਸ੍ਰੀ ਯਾਦਵ ਅਤੇ ਉਨ੍ਹਾਂ ਦੇ 85 ਸਾਥੀਆਂ ਨੂੰ ਦਿੱਲੀ ਪੁਲਿਸ ਨੇ ਜੰਤਰ-ਮੰਤਰ ਤੋਂ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰਦਿਆਂ ਗ੍ਰਿਫ਼ਤਾਰ ਕਰ ਲਿਆ ਸੀ। ਸ੍ਰੀ ਯਾਦਵ ਨੇ ਰਿਹਾਈ ਨੂੰ ਕਿਸਾਨਾਂ ਦੀ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਸਦ ਮਾਰਗ ਥਾਣੇ ਦੇ ਐਸ.ਐਚ.ਓ. ਨੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ।

ਸ੍ਰੀ ਯਾਦਵ ਨੇ ਕਿਹਾ ਕਿ 10 ਅਗਸਤ ਨੂੰ ਕੀਤੇ ਐਲਾਨ ਮੁਤਾਬਕ ਉਹ ਸੰਕੇਤਕ ਤੌਰ 'ਤੇ ਕਿਸਾਨ ਦਾ ਵਾਹੀ ਵਾਲਾ ਹਲ਼ 15 ਅਗਸਤ ਤਕ ਜੰਤਰ-ਮੰਤਰ ਉਪਰ ਖੜ੍ਹਾ ਰੱਖਣਾ ਚਾਹੁੰਦੇ ਸੀ ਜਦਕਿ ਰੇਸ ਕੋਰਸ ਵੱਲ ਜਾਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਸੀ, ਪਰ ਰਾਤ ਵੇਲੇ ਪੁਲਿਸ ਉਨ੍ਹਾਂ ਉਪਰ ਟੁੱਟ ਪਈ। ਸ੍ਰੀ ਯਾਦਵ ਦੀ ਗ੍ਰਿਫ਼ਤਾਰੀ



ਤੋਂ ਖਫ਼ਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਪੁਲਿਸ ਨੂੰ ਲੰਮੇ ਹੱਥੀਂ ਲੈਂਦਿਆਂ ਪੁਲਿਸ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕੀਤੀ ਕਿ ਉਹ ਦਖ਼ਲ ਦਿੰਦੇ ਹੋਏ ਇਸ ਸਾਰੇ ਘਟਨਾਕ੍ਰਮ ਦੀ ਰਿਪੋਰਟ ਦਿੱਲੀ ਪੁਲਿਸ ਤੋਂ ਮੰਗਵਾਉਣ।

ਇਸ ਬਾਰੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ੍ਰੀ ਯਾਦਵ ਤੇ ਸਾਥੀਆਂ ਨੂੰ ਦੋ ਦਿਨ ਲਈ ਜੰਤਰ-ਮੰਤਰ ਉਪਰ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਸੀ ਅਤੇ ਜਦੋਂ ਉਨ੍ਹਾਂ ਵੱਲੋਂ ਰੇਸ ਕੋਰਸ ਉਪਰ ਜਾ ਕੇ ਪ੍ਰਦਰਸ਼ਨ ਕਰਨ ਦੀ ਯੋਜਨ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।


## 'ਆਪ' ਦੀਆਂ ਸਫ਼ਾਂ 'ਚ ਬਾਗ਼ੀ ਸੁਰਾਂ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਜਿੱਤੇ ਹੋਏ ਨੁਮਾਇੰਦਿਆਂ ਵੱਲੋਂ ਸਾਬਕਾ ਆਗੂ ਯੋਗੇਂਦਰ ਯਾਦਵ ਪ੍ਰਤੀ ਜੋ ਝੁਕਾਅ ਦਿਖਾਇਆ ਜਾ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਪੰਜਾਬ ਅਤੇ ਦਿੱਲੀ ਅੰਦਰ ਪਾਰਟੀ 'ਚ ਹੋਰ ਭੰਨ-ਤੋੜ ਹੋ ਸਕਦੀ ਹੈ। ਪਟਿਆਲਾ ਤੋਂ 'ਆਪ' ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਵੱਲੋਂ 'ਸਵਰਾਜ ਅਭਿਆਨ' ਤਹਿਤ ਦਿੱਲੀ ਦੇ ਜੰਤਰ-ਮੰਤਰ 'ਤੇ ਦਿੱਤੇ ਗਏ ਧਰਨੇ 'ਚ ਹਿੱਸਾ ਲੈਣ ਨਾਲ ਪਾਰਟੀ 'ਚ ਹੋਰ ਤਰੇੜਾਂ ਪੈਣ ਦੇ ਸ਼ੰਕੇ ਵਧ ਗਏ ਹਨ। ਦਿੱਲੀ ਦੇ ਤਿਮਾਰਪੁਰ ਤੋਂ ਪਾਰਟੀ ਵਿਧਾਇਕ ਪੰਕਜ ਪੁਸ਼ਕਰ ਦੇ ਸ੍ਰੀ ਯਾਦਵ ਨਾਲ ਸਰਗਰਮੀ ਦਿਖਾਏ ਜਾਣ ਤੋਂ ਵੀ ਇਹ ਪ੍ਰਭਾਵ ਪੈ ਰਿਹਾ ਹੈ ਕਿ ਵਿਧਾਇਕ ਵੀ ਆਪਣੀ ਲੀਡਰਸ਼ਿਪ ਤੋਂ ਨਾਖੁਸ਼ ਹਨ। ਪੰਜਾਬ ਤੋਂ ਕਰੀਬ 700 ਵਾਲੰਟੀਅਰ ਨੇ ਦਿੱਲੀ ਧਰਨੇ 'ਚ ਹਿੱਸਾ ਲਿਆ। ਉਨ੍ਹਾਂ ਵਿਚੋਂ ਕਈਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੀ ਅਰਵਿੰਦ ਕੇਜਰੀਵਾਲ ਪ੍ਰਤੀ ਨਾਰਾਜ਼ਗੀ ਝਲਕ ਰਹੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬਿਹਾਰ ਚੋਣਾਂ: ਸਿਆਸੀ ਧਿਰਾਂ ਨੇ ਲਾਈ ਪੂਰੀ ਵਾਹ



**ਗਯਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਵੱਖ-ਵੱਖ ਸਿਆਸੀ ਧਿਰਾਂ ਨੇ ਸੀਨੀਅਰ ਆਗੂ ਬਿਹਾਰ ਵਿਧਾਨ ਸਭਾ ਚੋਣਾਂ ਲਈ ਨਿੱਤਰ ਆਏ ਹਨ। ਪ੍ਰਧਾਨ ਮੰਤਰੀ ਮੋਦੀ ਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਇਕ-ਦੂਜੇ ਖਿਲਾਫ ਖੁੱਲ੍ਹ ਕੇ ਭੜਾਸ ਕੱਢ ਰਹੇ ਹਨ। ਸ੍ਰੀ ਮੋਦੀ ਨੇ ਇਥੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਜਨਤਾ ਦਲ ਯੂਨਾਈਟਿਡ ਤੇ ਰਾਸ਼ਟਰੀ ਜਨਤਾ ਦਲ ਦੇ ਗੱਠਜੋੜ ਨੂੰ ਰਾਜਸੀ ਮੌਕਾ ਪ੍ਰਸਤੀ ਦਾ ਸਿਖਰ ਕਰਾਰ ਦਿੰਦਿਆਂ ਸੂਬਾ ਵਾਸੀਆਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਇਸ ਗੱਠਜੋੜ ਨੂੰ ਸੱਤਾ ਸੌਂਪ ਦਿੱਤੀ ਤਾਂ ਫਿਰ ਉਹ ਦੂਜੀ ਵਾਰ ਜੰਗਲ ਰਾਜ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਉਧਰ ਨਿਤਿਸ਼ ਕੁਮਾਰ ਨੇ ਪ੍ਰਧਾਨ ਮੰਤਰੀ ਵੱਲੋਂ ਬਿਹਾਰ ਨੂੰ ਬਿਮਾਰੂ ਰਾਜ ਕਹਿਣ ਉੱਤੇ ਸਖਤ ਇਤਰਾਜ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਹੀ ਅੰਕੜੇ ਪੇਸ਼ ਕਰਨੇ ਚਾਹੀਦੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਜੰਗਲ ਰਾਜ ਬਾਰੇ ਕੀਤੀ ਟਿੱਪਣੀ ਬਾਰੇ ਕਿਹਾ ਕਿ ਉਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ 2002 ਦੇ ਗੁਜਰਾਤ ਦੰਗਿਆਂ ਬਾਰੇ ਰਾਜ ਧਰਮ ਨਿਭਾਉਣ ਦੀ ਦਿੱਤੀ ਟਿੱਪਣੀ ਨੂੰ ਯਾਦ ਰੱਖਣਾ ਚਾਹੀਦਾ ਹੈ। ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਟਵੀਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਵਕਾਰ ਘਟਾਇਆ ਹੈ। ਉਨ੍ਹਾਂ ਕਿਹਾ ਕਿ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਨਵੀਆਂ ਨਿਵਾਣਾਂ ਵੱਲ ਧੱਕ ਦਿੱਤਾ ਹੈ। ਸ੍ਰੀ ਮੋਦੀ ਨੇ ਬਿਹਾਰ ਵਾਸੀਆਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਜੇ ਸੂਬੇ ਵਿਚ ਐਨ.ਡੀ.ਏ. ਗੱਠਜੋੜ ਦੀ ਸਰਕਾਰ ਕਾਇਮ ਹੁੰਦੀ ਹੈ ਤਾਂ ਰਾਜ ਉੱਤੇ ਲੱਗੇ 'ਬਿਮਾਰੂ' ਠੱਪੇ ਨੂੰ ਧੋ ਦਿੱਤਾ ਜਾਵੇਗਾ।ਪਰ ਇਸ ਮੌਕੇ ਮੋਦੀ ਨੇ ਸੂਬੇ ਲਈ ਆਪਣੇ ਵੱਲੋਂ ਦਿੱਤੇ ਭਰੋਸੇ ਦੇ ਬਾਵਜੂਦ ਚਿਰਾਂ ਤੋਂ ਉਡੀਕੇ ਜਾ ਰਹੇ ਕਿਸੇ ਪ੍ਰਕਾਰ ਦੇ ਆਰਥਿਕ ਪੈਕੇਜ ਦਾ ਐਲਾਨ ਨਾ ਕੀਤਾ। ਬਿਹਾਰ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਿਛਲੇ ਪੰਦਰਾਂ ਦਿਨਾਂ ਵਿਚ ਦੂਜੀ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਕਤੂਬਰ ਨਵੰਬਰ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਚੋਣਾਂ ਹੈਂਕੜਬਾਜ ਸਰਕਾਰ ਨੂੰ ਗੱਦੀ ਤੋਂ ਲਾਹ ਕੇ ਮੁਕਤੀ ਹਾਸਲ ਕਰਨ ਦਾ ਲੋਕਾਂ ਨੂੰ ਇਕ ਮੌਕਾ ਦੇਣਗੀਆਂ।

## ਚੁੜੇਲਾਂ ਕਰਾਰ ਦੇ ਕੇ ਝਾਰਖੰਡ ਵਿਚ ਪੰਜ ਔਰਤਾਂ ਦੀ ਹੱਤਿਆ

**ਰਾਂਚੀ (ਝਾਰਖੰਡ):** ਰਾਂਚੀ ਜ਼ਿਲ੍ਹੇ ਵਿਚ ਕਨਜੀਆ ਪਿੰਡ ਵਾਸੀਆਂ ਨੇ ਪੰਜ ਔਰਤਾਂ ਨੂੰ ਚੁੜੇਲਾਂ ਕਰਾਰ ਦਿੰਦਿਆਂ ਉਨ੍ਹਾਂ ਦੀ ਵਹਿਸ਼ੀ ਢੰਗ ਨਾਲ ਹੱਤਿਆ ਕਰ ਦਿੱਤੀ। ਪੁਲਿਸ ਮੁਤਾਬਕ ਪਿੰਡ ਵਾਸੀਆਂ ਦੇ ਇਕ ਸਮੂਹ ਨੇ ਅੱਧੀ ਰਾਤ ਦੇ ਆਸ ਪਾਸ ਔਰਤਾਂ ਨੂੰ ਮਾਰਨ ਲਈ ਲਾਠੀਆਂ ਤੇ ਤਿੱਖੇ ਹਥਿਆਰਾਂ ਦੀ ਵਰਤੋਂ ਕੀਤੀ।

ਪਿੰਡ ਵਾਸੀਆਂ ਨੂੰ ਸ਼ੱਕ ਸੀ ਕਿ ਇਹ ਔਰਤਾਂ ਜਾਦੂ ਟੂਣੇ ਕਰਦੀਆਂ ਹਨ। ਔਰਤਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਇਸ ਸਬੰਧੀ 27 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੂਬੇ ਵਿਚ 2001 ਤੋਂ ਲੈ ਕੇ ਇਸ ਕਿਸਮ ਦੀਆਂ ਘਟਨਾਵਾਂ ਵਿਚ 400 ਔਰਤਾਂ ਮਾਰੀਆਂ ਜਾ ਚੁੱਕੀਆਂ ਹਨ।

## ਭੂਮੀ ਗ੍ਰਹਿਣ ਬਿੱਲ ਹੁਣ ਸਰਦ ਰੁੱਤ ਸੈਸ਼ਨ ਵਿਚ

**ਨਵੀਂ ਦਿੱਲੀ:** ਵਿਵਾਦਤ ਭੂਮੀ ਗ੍ਰਹਿਣ ਬਿੱਲ ਸਰਦ ਰੁੱਤ ਸੈਸ਼ਨ ਤੋਂ ਪਹਿਲਾਂ ਸੰਸਦ ਵਿਚ ਪੇਸ਼ ਨਹੀਂ ਕੀਤਾ ਜਾਵੇਗਾ। ਬਿੱਲ ਦੀਆਂ ਮੱਦਾਂ ਦੇ ਅਧਿਐਨ ਲਈ ਕਾਂਗਰਸ ਤੇ ਟੀ.ਐਮ.ਸੀ. ਵੱਲੋਂ ਹੋਰ ਸਮਾਂ ਮੰਗੇ ਜਾਣ ਬਾਅਦ ਸੰਸਦ ਦੀ ਸਾਂਝੀ ਕਮੇਟੀ ਨੇ ਬੈਠਕ ਦੌਰਾਨ ਆਪਣੀ ਰਿਪੋਟਰ ਤਿਆਰ ਕਰਨ ਲਈ ਹੋਰ ਸਮਾਂ ਲੈਣ ਦਾ ਫ਼ੈਸਲਾ ਕੀਤਾ।

ਦੱਸਣਯੋਗ ਹੈ ਕਿ ਭੂਮੀ ਗ੍ਰਹਿਣ ਬਿੱਲ-1894 ਦੀ ਥਾਂ ਉਤੇ ਯੂ.ਪੀ.ਏ. ਸਰਕਾਰ ਨੇ ਸਾਲ 2013 ਵਿਚ ਨਵਾਂ ਕਾਨੂੰਨ ਬਣਾਇਆ ਸੀ। ਐਨ.ਡੀ.ਏ. ਦੀ ਸਰਕਾਰ ਨੇ ਇਸ ਬਿੱਲ ਨੂੰ ਵਿਕਾਸ ਵਿਚ ਅੜਿੱਕਾ ਪਾਉਣ ਵਾਲਾ ਕਰਾਰ ਦੇ ਕੇ ਕੁਝ ਸੋਧਾਂ ਕਰਨ ਦੀ ਤਿਆਰੀ ਕੀਤੀ ਸੀ, ਜਿਸ ਦਾ ਵਿਰੋਧੀ ਪਾਰਟੀਆਂ ਸਮੇਤ ਕਿਸਾਨਾਂ ਨੇ ਡਟ ਕੇ ਵਿਰੋਧ ਕੀਤਾ।

# ਸਿਆਸੀ ਪਾਰਟੀਆਂ ਦੀ ਗਿਣਤੀ ਅਠਾਰਾਂ ਸੌ ਤੋਂ ਵੱਧ

**ਨਵੀਂ ਦਿੱਲੀ:** ਦੇਸ਼ ਵਿਚ ਸਿਆਸੀ ਪਾਰਟੀਆਂ ਦੀ ਰਜਿਸਟਰੇਸ਼ਨ ਧੜਾਧੜ ਹੋ ਰਹੀ ਹੈ ਤੇ ਮਾਰਚ 2014 ਤੋਂ ਇਸ ਸਾਲ ਜੁਲਾਈ ਮਹੀਨੇ ਤੱਕ 239 ਨਵੀਆਂ ਪਾਰਟੀਆਂ ਚੋਣ ਕਮਿਸ਼ਨ ਨਾਲ ਰਜਿਸਟਰਡ ਹੋਈਆਂ ਹਨ, ਜਿਸ ਨਾਲ ਰਜਿਸਟਰਡ ਪਾਰਟੀਆਂ ਦੀ ਗਿਣਤੀ 1866 ਤੱਕ ਪਹੁੰਚ ਗਈ ਹੈ।

ਚੋਣ ਕਮਿਸ਼ਨ ਮੁਤਾਬਕ ਇਸ ਸਾਲ 24 ਜੁਲਾਈ ਤੱਕ 1866 ਪਾਰਟੀਆਂ ਰਜਿਸਟਰਡ ਹੋ ਚੁੱਕੀਆਂ ਹਨ ਤੇ ਇਨ੍ਹਾਂ ਵਿਚੋਂ 56 ਨੂੰ ਕੌਮੀ ਜਾਂ ਰਾਜ ਪੱਧਰੀ ਪਾਰਟੀਆਂ ਵਜੋਂ ਮਾਨਤਾ ਦਿੱਤੀ ਗਈ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ 2014 ਦੀਆਂ ਲੋਕ ਸਭਾ ਚੋਣਾਂ ਲਈ 464 ਪਾਰਟੀਆਂ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। 10 ਮਾਰਚ 2014 ਤੱਕ 1593 ਰਜਿਸਟਰਡ ਪਾਰਟੀਆਂ ਸਨ ਤੇ ਉਸੇ ਸਾਲ 11 ਤੇ 21 ਮਾਰਚ ਦੌਰਾਨ ਅਜਿਹੀਆਂ 24 ਪਾਰਟੀਆਂ ਹੋਰ ਰਜਿਸਟਰਡ ਹੋਈਆਂ।

26 ਮਾਰਚ ਤੱਕ 10 ਹੋਰ ਪਾਰਟੀਆਂ ਇਸ ਸੂਚੀ ਵਿਚ ਸ਼ਾਮਲ ਹੋ ਗਈਆਂ। ਪਿਛਲੇ ਸਾਲ ਪੰਜ ਮਾਰਚ ਨੂੰ ਹੀ ਲੋਕ ਸਭਾ ਚੋਣਾਂ ਦਾ ਐਲਾਨ ਹੋਇਆ ਸੀ। ਇਹ ਗਿਣਤੀ ਪਿਛਲੇ ਸਾਲ ਮਾਰਚ ਤੱਕ 1627 ਸੀ ਤੇ ਇਸ ਸਾਲ ਜੁਲਾਈ ਤੱਕ ਹੋਰ 239 ਪਾਰਟੀਆਂ ਦੀ ਰਜਿਸਟਰੇਸ਼ਨ ਨਾਲ ਇਹ ਗਿਣਤੀ 1866 ਤੱਕ ਪਹੁੰਚ ਗਈ ਹੈ। ਇਨ੍ਹਾਂ ਪਾਰਟੀਆਂ ਵਿਚੋਂ ਸਿਰਫ਼ ਮਾਨਤਾ ਪ੍ਰਾਪਤ ਪਾਰਟੀਆਂ ਹੀ ਆਪਣੇ ਚੁਣੇ ਚੋਣ ਨਿਸ਼ਾਨ ਉਤੇ ਚੋਣਾਂ ਲੜ ਸਕਦੀਆਂ ਹਨ।

# ਭਾਰਤ 'ਚ ਐਫ.ਡੀ.ਆਈ. ਜ਼ਰੀਏ 24 ਅਰਬ ਡਾਲਰ ਦਾ ਨਿਵੇਸ਼

**ਨਵੀਂ ਦਿੱਲੀ:** ਦੇਸ਼ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਐਫ.ਡੀ.ਆਈ. ਤਹਿਤ ਯੂਰਪੀ ਯੂਨੀਅਨ ਵੱਲੋਂ 24 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕੀਤਾ ਗਿਆ ਹੈ। ਸਾਲ 2012-13 ਵਿਚ ਯੂਰਪੀ ਯੂਨੀਅਨ ਵੱਲੋਂ 6.23 ਅਰਬ ਡਾਲਰ ਦਾ ਨਿਵੇਸ਼ ਕੀਤਾ ਗਿਆ ਸੀ, ਜੋ ਉਸ ਤੋਂ ਅਗਲੇ ਵਰ੍ਹੇ 9.06 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਸੀ। ਸਾਲ 2014-15 ਵਿਚ ਐਫ.ਡੀ.ਆਈ. ਤਹਿਤ 8.20 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਹੋਇਆ। ਵਿੱਤੀ ਸਾਲ 2015-16 ਦੇ ਪਹਿਲੇ ਦੋ ਮਹੀਨਿਆਂ ਵਿਚ ਇਹ ਨਿਵੇਸ਼ 1.39 ਅਰਬ ਡਾਲਰ ਸੀ। ਅਪਰੈਲ 2012 ਤੋਂ ਮਈ 2015 ਤੱਕ ਐਫ.ਡੀ.ਆਈ. ਤਹਿਤ ਭਾਰਤ ਵਿਚ ਯੂਰਪੀ ਯੂਨੀਅਨ ਵੱਲੋਂ 24.91 ਅਰਬ ਡਾਲਰ ਦਾ ਨਿਵੇਸ਼ ਹੋਇਆ। ਵਪਾਰ ਪੱਖੋਂ ਯੂਰਪੀ ਯੂਨੀਅਨ ਭਾਰਤ ਦਾ ਸਭ ਤੋਂ ਵੱਡਾ ਸਾਥੀ ਹੈ ਤੇ ਜੇ ਲੰਬੇ ਸਮੇਂ ਤੋਂ ਲਟਕ ਰਿਹਾ ਫਰੀ ਟਰੇਡ ਐਗਰੀਮੈਂਟ, ਜਿਸ ਨੂੰ ਅਧਿਕਾਰਤ ਤੌਰ ਉਤੇ ਬਰੌਡਬੇਸਡ ਇਨਵੈਸਟਮੈਂਟ ਐਂਡ ਟਰੇਡ ਐਗਰੀਮੈਂਟ (ਬੀ.ਟੀ.ਆਈ.ਏ.) ਕਿਹਾ ਜਾਂਦਾ ਹੈ, ਸਿਰੇ ਚੜ੍ਹ ਜਾਂਦਾ ਹੈ ਤਾਂ ਇਨ੍ਹਾਂ ਵਿਚਾਲੇ ਵਪਾਰ ਹੋਰ ਵੀ ਵਧ ਸਕਦਾ ਹੈ। ਐਫ.ਟੀ.ਏ. ਬਾਰੇ ਆਖ਼ਰੀ ਵਾਰ ਗੱਲਬਾਤ ਮਈ 2013 ਵਿਚ ਹੋਈ ਸੀ। ਯੂਰਪੀ ਯੂਨੀਅਨ ਉਨ੍ਹਾਂ ਸਾਰਿਆਂ ਮਸਲਿਆਂ ਬਾਰੇ ਨਰਮੀ ਵਰਤਣ ਲਈ ਤਿਆਰ ਹੈ, ਜਿਨ੍ਹਾਂ ਕਾਰਨ ਇਹ ਗੱਲਬਾਤ ਰੁਕੀ ਸੀ। ਇਸ ਤੋਂ ਇਲਾਵਾ ਯੂਰਪੀ ਯੂਨੀਅਨ ਬੀਮਾ, ਬੈਂਕ ਤੇ ਪਰਚੂਨ ਖੇਤਰ ਨੂੰ ਵੀ ਨਿਵੇਸ਼ ਪੱਖੋਂ ਅਹਿਮ ਮੰਨ ਰਿਹਾ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

**Listen on :Radio Sets (CA, WA, NV)**
**Dial in 832-551-5029 or 605-475-6868**
**Android & iPhone App**

**www.PunjabiRadioUSA.com**
**Ph: 408-272-5200**



SIKH RELIGIOUS SOCIETY OF CHICAGO

**LOOKING FOR GRANTHI SINGH**

**Qualifications for GRANTHI SINGH**
- Should have formal Sikh Religious Education from Taksal, University or any Religious foundation approved by SGPC.
- Should be an Amritdhari Sikh
- Should be a Graduate (B.A.) from India or High School from USA or Canada.
- Well versed in Gurbani Viakhya, Recitation and Keertan
- Should be able to speak and write English fluently.

**Job/Experience and other Requirements:**
- Perform All Nit Nem Routines on daily basis. (Prakash, Maha Vak, Ardas and Sukhaassan).
- Perform all duties associated with Granthi's Job including Anand Karaj and Paths (Sehaj and/or Akhand Paths as and when needed )
- Teach Keertan and Sikh Music Traditions to students on a regular basis.
- Must be trained to do Viyakhya of the Shabads & be conversant with Gurpurabs and Special Days and Events in the Sikh History and must be able to highlight their places and importance in Punjabi and English.
- Follow and ensure Rehat Maryada in the Gurdwara Sahib and attend to local Sikh Sangat, on need basis.
- Must have some knowledge of other world religions, as they relate to Sikhism.
- Should be able to explain our religion to Non Sikhs and participate in Interfaith Meets.
- Demonstrate Passion for Sikh Religious Education.
- Work with management to ensure that day to day needs of Sikh Sangat and Gurdwara Sahib are met.
- Minimum of Five (5) Years Experience of Granthi is required.
- References are required and will be Checked/Verified.
- Compensation commensurate with Experience and Qualifications.

**Please send your detailed profile by September 7, 2015. to iamsingh@live.com or to**

Executive Secretary
SIKH RELIGIOUS SOCIETY OF CHICAGO,
1280 Winnetka Street, Palatine, Illinois 60067, USA.

# ਨਰੇਂਦਰ ਮੋਦੀ ਦਾ ਸਵੱਛ ਮਿਸ਼ਨ ਪੰਜਾਬ ਨੇ ਕੀਤਾ ਅਣਗੌਲਿਆ

**ਨਵੀਂ ਦਿੱਲੀ:** ਮੋਦੀ ਸਰਕਾਰ ਵੱਲੋਂ ਦੇਸ਼ ਨੂੰ ਸਾਫ-ਸੁਥਰਾ ਰੱਖਣ ਲਈ ਛੇੜਿਆ ਸਵੱਛ ਅਭਿਆਨ ਪੰਜਾਬ ਵਿਚ ਅਣਗੌਲਿਆ ਹੀ ਰਿਹਾ। ਸਵੱਛ ਭਾਰਤ ਮਿਸ਼ਨ ਦੇ ਅੰਕੜਿਆਂ ਵਿਚ ਸਫਾਈ ਪੱਖੋਂ ਪੰਜਾਬ ਦਾ ਜਲੰਧਰ ਸ਼ਹਿਰ ਹੀ ਆਪਣਾ ਨਾਂ ਪਹਿਲੇ 100 ਸਾਫ਼-ਸੁਥਰੇ ਸ਼ਹਿਰਾਂ ਵਿਚ ਦਰਜ ਕਰਵਾਉਣ ਵਿਚ ਕਾਮਯਾਬ ਹੋ ਸਕਿਆ ਹੈ, ਜਦਕਿ ਲੁਧਿਆਣਾ ਤੇ ਅੰਮ੍ਰਿਤਸਰ ਹੇਠਲੇ 100 ਸ਼ਹਿਰਾਂ ਵਿਚ ਸ਼ੁਮਾਰ ਹਨ। ਸਵੱਛ ਭਾਰਤ ਮਿਸ਼ਨ ਤਹਿਤ ਕੀਤੀ ਗਈ ਦਰਜਾਬੰਦੀ ਵਿਚ ਭਾਰਤ ਦੇ 476 ਸ਼ਹਿਰਾਂ ਨੂੰ ਸਫ਼ਾਈ ਦੇ ਆਧਾਰ ਉਤੇ ਪਰਖਿਆ ਗਿਆ, ਜਿਥੇ ਜਲੰਧਰ ਨੂੰ ਦਰਜਾਬੰਦੀ ਵਿਚ 28ਵਾਂ ਸਥਾਨ ਹਾਸਲ ਹੋਇਆ ਹੈ, ਉਥੇ ਲੁਧਿਆਣਾ ਦਾ ਨੰਬਰ 381ਵਾਂ ਹੈ, ਜਦਕਿ ਗੁਰੂਆਂ ਦੀ ਨਗਰੀ ਅੰਮ੍ਰਿਤਸਰ 430ਵੇਂ ਨੰਬਰ ਉਤੇ ਆਇਆ ਹੈ। 29 ਸੂਬਿਆਂ ਵਿਚੋਂ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਪੰਜਵੇਂ ਨੰਬਰ ਉਤੇ ਹੈ। ਬੈਂਗਲੁਰੂ, ਤ੍ਰਿੰਦਰਮ, ਗੰਗਟੋਕ ਤੇ ਦਿੱਲੀ ਤੋਂ ਬਾਅਦ ਚੰਡੀਗੜ੍ਹ 5ਵੀਂ ਸਾਫ਼-ਸੁਥਰੀ ਰਾਜਧਾਨੀ ਹੈ, ਜਿਸ ਦੀ ਸਵੱਛ ਭਾਰਤ ਦਰਜਾਬੰਦੀ ਵਿਚ 21ਵੀਂ ਥਾਂ ਹੈ।

ਜਾਰੀ ਹੋਏ ਅੰਕੜਿਆਂ ਮੁਤਾਬਕ ਕਰਨਾਟਕ ਦੇ ਮੈਸੂਰ ਸ਼ਹਿਰ ਨੇ ਸਵੱਛ ਭਾਰਤ ਦਰਜਾਬੰਦੀ ਵਿਚ ਪਹਿਲੀ ਥਾਂ ਹਾਸਲ ਕੀਤੀ ਹੈ, ਜਦਕਿ ਸੂਬੇ ਦੇ ਹੋਰ ਤਿੰਨ ਸ਼ਹਿਰ ਵੀ ਪਹਿਲੇ 10 ਸਾਫ਼-ਸੁਥਰੇ ਸ਼ਹਿਰਾਂ ਵਿਚ ਸ਼ਾਮਲ ਹਨ। ਪੱਛਮੀ ਬੰਗਾਲ ਦੇ 25 ਸ਼ਹਿਰਾਂ ਦਾ ਨਾਂ ਇਸ ਸੂਚੀ ਦੇ ਪਹਿਲੇ 100 ਸ਼ਹਿਰਾਂ ਵਿਚ ਦਰਜ ਹੈ। ਅੰਕੜਿਆਂ ਤੋਂ ਇਕ ਹੋਰ ਵੀ ਗੱਲ ਸਾਹਮਣੇ ਆਈ ਹੈ ਕਿ ਉੱਤਰੀ ਸੂਬਿਆਂ ਦੀ ਬਨਿਸਬਤ ਦੱਖਣ ਭਾਰਤੀ ਸੂਬਿਆਂ ਵਿਚ ਸਾਫ਼-ਸਫ਼ਾਈ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ। ਪਹਿਲੇ 100 ਸਾਫ਼ ਸ਼ਹਿਰਾਂ ਵਿਚੋਂ ਜਿਥੇ ਦੱਖਣ ਭਾਰਤ ਦੇ 39 ਸ਼ਹਿਰ ਸ਼ਾਮਲ ਹਨ, ਉਥੇ ਪੂਰਬੀ ਭਾਰਤ ਦੇ 27, ਪੱਛਮੀ ਭਾਰਤ ਦੇ 15, ਜਦਕਿ ਉੱਤਰੀ ਭਾਰਤ ਦੇ 12 ਸ਼ਹਿਰ ਸ਼ਾਮਲ ਹਨ। ਉੱਤਰ ਪੂਰਬੀ ਰਾਜਾਂ ਦੇ ਸੱਤ ਸ਼ਹਿਰ ਵੀ ਇਸ ਸੂਚੀ ਵਿਚ ਸ਼ਾਮਲ ਹਨ। ਹੇਠਲੇ 100 ਸ਼ਹਿਰਾਂ ਦੀ ਸੂਚੀ ਵੀ ਇਸੇ ਰੁਝਾਨ ਵੱਲ ਇਸ਼ਾਰਾ ਕਰਦੀ ਹੈ, ਜਿਥੇ ਉੱਤਰੀ ਭਾਰਤ ਦੇ 74 ਸ਼ਹਿਰ ਹੇਠਲੇ 100 ਸ਼ਹਿਰਾਂ ਵਿਚ ਆਉਂਦੇ ਹਨ, ਦੱਖਣੀ ਭਾਰਤ ਦੇ ਸਿਰਫ ਦੋ ਸ਼ਹਿਰ ਹੀ ਉਸ ਸੂਚੀ ਵਿਚ ਸ਼ਾਮਿਲ ਹਨ। ਪੂਰਬੀ ਭਾਰਤ ਦੇ 21 ਤੇ ਪੱਛਮੀ ਭਾਰਤ ਦੇ ਤਿੰਨ ਸ਼ਹਿਰ ਹੇਠਲੇ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਹਨ। ਪਹਿਲੇ 10 ਸ਼ਹਿਰਾਂ ਵਿਚ ਮੈਸੂਰ ਤੋਂ ਬਾਅਦ ਤੀਰੂਚਿਰਾਪੱਲੀ (ਤਾਮਿਲਨਾਡੂ), ਨਵੀਂ ਮੁੰਬਈ, ਕੋਚੀ (ਕੇਰਲ), ਹਸਾਨ, ਮਾਂਡਯਾ, ਬੈਂਗਲੁਰੂ (ਸਭ ਕਰਨਾਟਕ ਦੇ), ਤਿਰੂਵਨੰਤਪੁਰਮ (ਕੇਰਲ), ਹਲੀਸਾਹਾਰ (ਪੱਛਮੀ ਬੰਗਾਲ) ਤੇ ਗੰਗਟੋਕ (ਸਿੱਕਮ) ਦਾ ਨਾਂ ਆਉਂਦਾ ਹੈ। ਜਦਕਿ ਮੱਧ ਪ੍ਰਦੇਸ਼ ਦੇ ਦਾਮੋਹ 476ਵੇਂ ਨੰਬਰ ਉਤੇ ਹੈ। ਹੇਠਲੇ 10 ਸ਼ਹਿਰਾਂ ਵਿਚੋਂ ਭਿੰਡ (ਮੱਧ ਪ੍ਰਦੇਸ਼), ਪਲਵਨ ਤੇ ਭਿਵਾਨੀ (ਹਰਿਆਣਾ), ਚਿਤੌੜਗੜ੍ਹ (ਰਾਜਸਥਾਨ), ਬੁਲੰਦ ਸ਼ਹਿਰ (ਉੱਤਰ ਪ੍ਰਦੇਸ਼), ਨੀਮਚ (ਮੱਧ ਪ੍ਰਦੇਸ਼), ਰਿਵਾੜੀ (ਹਰਿਆਣਾ), ਹਿੰਦਾਓ (ਰਾਜਸਥਾਨ) ਤੇ ਸੋਬਨਪੁਰ (ਉੜੀਸਾ) ਦੇ ਨਾਂ ਸ਼ਾਮਲ ਹਨ।

ਦੱਸਣਯੋਗ ਹੈ ਕਿ ਭਾਰਤ ਦੇ ਸਮੁੱਚੇ 476 ਸ਼ਹਿਰਾਂ ਦਾ ਸਰਵੇਖਣ ਕੀਤਾ ਗਿਆ, ਜਿਨ੍ਹਾਂ ਦੀ ਆਬਾਦੀ ਇਕ ਲੱਖ ਤੋਂ ਉਪਰ ਹੈ। ਇਨ੍ਹਾਂ ਸ਼ਹਿਰਾਂ ਨੂੰ ਵੱਖ-ਵੱਖ ਮਾਪਦੰਡਾਂ ਮੁਤਾਬਕ 100 ਪੁਆਇੰਟਾਂ ਦੇ ਆਧਾਰ ਉਤੇ ਵੰਡਿਆ ਗਿਆ ਸੀ, ਜਿਨ੍ਹਾਂ ਵਿਚ ਸੋਲਿਡ ਵੇਸਟ ਮੈਨੇਜਮੈਂਟ, ਬਰਬਾਦ ਪਾਣੀ ਦੀ ਟ੍ਰੀਟਮੈਂਟ, ਪੀਣ ਵਾਲੇ ਪਾਣੀ ਦੀ ਕੁਆਲਿਟੀ ਤੇ ਖੁੱਲ੍ਹੇ ਵਿਚ ਪਖਾਨਾ ਵਰਗੇ ਨੁਕਤਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ।

### ਸਫਾਈ ਪੱਖੋਂ ਪਹਿਲੇ 100 ਸ਼ਹਿਰਾਂ ਵਿਚੋਂ ਪੰਜਾਬ ਬਾਹਰ



### ਮੈਸੂਰ ਸਿਖਰ ਉਤੇ, ਚੰਡੀਗੜ੍ਹ ਨੂੰ 21ਵੀਂ ਥਾਂ

**ਨਵੀਂ ਦਿੱਲੀ:** ਦੇਸ਼ ਵਿਚ 476 ਸ਼ਹਿਰਾਂ ਦੀ ਸਵੱਛ ਭਾਰਤ ਦਰਜਾਬੰਦੀ ਵਿਚ ਕਰਨਾਟਕ ਦਾ ਸ਼ਹਿਰ ਮੈਸੂਰ ਸਿਖਰਲੇ ਨੰਬਰ ਉਤੇ ਹੈ, ਜਦਕਿ ਇਸ ਸੂਚੀ ਵਿਚ ਸਿਖਰਲੀਆਂ ਦਸ ਥਾਵਾਂ ਵਿਚ ਕਰਨਾਟਕ ਦੇ ਤਿੰਨ ਹੋਰ ਸ਼ਹਿਰਾਂ ਦਾ ਨਾਂ ਵੀ ਸ਼ੁਮਾਰ ਹੈ। ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਸਫ਼ਾਈ ਦੇ ਮਾਮਲੇ ਵਿਚ 476 ਸ਼ਹਿਰਾਂ ਵਿਚੋਂ 21ਵੇਂ ਨੰਬਰ ਉਤੇ ਰਹੀ। ਸਫ਼ਾਈ ਦੇ ਮਾਮਲੇ ਵਿਚ ਪੱਛਮੀ ਬੰਗਾਲ ਨੇ ਬਿਹਤਰੀਨ ਪ੍ਰਦਰਸ਼ਨ ਕੀਤਾ ਤੇ ਉਸ ਦੇ 25 ਸ਼ਹਿਰ ਸਿਖਰਲੇ 100 ਸ਼ਹਿਰਾਂ ਵਿਚ ਆਪਣੀ ਜਗ੍ਹਾ ਬਣਾਉਣ ਵਿਚ ਕਾਮਯਾਬ ਰਹੇ ਹਨ। ਕੌਮੀ ਸਵੱਛਤਾ ਨੀਤੀ 2008 ਤਹਿਤ ਇਹ ਸਰਵੇਖਣ 2014-15 ਵਿਚ ਸ਼ਹਿਰੀ ਵਿਕਾਸ ਮੰਤਰਾਲਾ ਨੇ ਸ਼ੁਰੂ ਕੀਤਾ ਸੀ। ਸਵੱਛ ਭਾਰਤ ਰੈਂਕਿੰਗ ਵਿਚ ਕੁਲ 42 ਅੰਕ ਦਿੱਤੇ ਜਾਣੇ ਸਨ ਜਿਨ੍ਹਾਂ ਵਿਚੋਂ 20 ਅੰਕ ਖੁੱਲ੍ਹੇ ਆਸਮਾਨ ਹੇਠਾਂ ਜੰਗਲ-ਪਾਣੀ ਜਾਣ ਨੂੰ ਰੋਕਣ ਤੇ 22 ਕੂੜੇ ਦੇ ਪ੍ਰਬੰਧਨ ਲਈ ਦਿੱਤੇ ਜਾਣੇ ਸਨ।

### ਗੁਰੂ ਦੀ ਨਗਰੀ ਅੰਮ੍ਰਿਤਸਰ 430ਵੇਂ ਨੰਬਰ 'ਤੇ

ਜਲੰਧਰ ਨੂੰ ਦਰਜਾਬੰਦੀ ਵਿਚ 28ਵਾਂ ਸਥਾਨ ਹਾਸਲ ਹੋਇਆ ਹੈ, ਉਥੇ ਲੁਧਿਆਣਾ ਦਾ ਨੰਬਰ 381ਵਾਂ ਹੈ, ਜਦਕਿ ਗੁਰੂ ਦੀ ਨਗਰੀ ਅੰਮ੍ਰਿਤਸਰ 430ਵੇਂ ਨੰਬਰ ਉਤੇ ਆਇਆ ਹੈ। ਲੁਧਿਆਣਾ ਤੇ ਅੰਮ੍ਰਿਤਸਰ ਹੇਠਲੇ 100 ਸ਼ਹਿਰਾਂ ਵਿਚ ਸ਼ੁਮਾਰ ਹਨ। ਸਵੱਛ ਭਾਰਤ ਮਿਸ਼ਨ ਤਹਿਤ ਕੀਤੀ ਗਈ ਦਰਜਾਬੰਦੀ ਵਿਚ ਭਾਰਤ ਦੇ 476 ਸ਼ਹਿਰਾਂ ਨੂੰ ਸਫ਼ਾਈ ਦੇ ਆਧਾਰ ਉਤੇ ਪਰਖਿਆ ਗਿਆ ਹੈ।

## ਅਟਾਰੀ ਸਰਹੱਦ ਟੱਪਣ ਦੀ ਕੋਸ਼ਿਸ਼ ਕਰਦੇ ਦੋ ਨਾਈਜੀਰੀਅਨ ਕਾਬੂ

**ਅਟਾਰੀ:** ਗ਼ੈਰ ਕਾਨੂੰਨੀ ਢੰਗ ਨਾਲ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰ ਰਹੇ ਨਾਈਜੀਰੀਅਨ ਮੂਲ ਦੇ ਦੋ ਨੌਜਵਾਨਾਂ ਨੂੰ ਸੀਮਾ ਸੁਰੱਖਿਆ ਬਲ (ਬੀ.ਐਸ.ਐਫ਼.) ਦੇ ਜਵਾਨਾਂ ਨੇ ਪਿੱਛਾ ਕਰਕੇ ਕਾਰ ਸਮੇਤ ਕਾਬੂ ਕੀਤਾ ਹੈ। ਬੀ.ਐਸ.ਐਫ਼. ਦੇ ਅਧਿਕਾਰੀਆਂ ਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਕੀਤੀ ਗਈ ਪੁੱਛ-ਗਿੱਛ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਪਾਕਿਸਤਾਨ ਦੀ ਇੰਟਰਨੈਸ਼ਨਲ ਯੂਨੀਵਰਸਿਟੀ ਵਿਚ ਦਾਖ਼ਲਾ ਲੈਣ ਜਾ ਰਹੇ ਸਨ। ।



ਇਨ੍ਹਾਂ ਨੌਜਵਾਨਾਂ ਦੀ ਪਛਾਣ ਇਮਰਾਨ ਕਬੀਰ (21) ਤੇ ਸਾਨੀ ਜੈਮਲੂ (22) ਵਾਸੀ ਕੈਮੋ ਸਟੇਟ ਨਾਈਜੀਰੀਆ ਵਜੋਂ ਹੋਈ ਹੈ। ਇਮਰਾਨ ਕਬੀਰ ਮਹਾਤਮਾ ਗਾਂਧੀ ਯੂਨੀਵਰਸਿਟੀ ਦੇ ਦਿੱਲੀ ਸੈਂਟਰ ਤੇ ਸਾਨੀ ਜੈਮਲੂ ਕਰਨਾਟਕਾ ਓਪਨ ਯੂਨੀਵਰਸਿਟੀ ਦੇ ਦਿੱਲੀ ਸੈਂਟਰ ਵਿਚ ਪੜ੍ਹਦਾ ਹੈ। ਜੈਮਲੂ ਕੋਲੋਂ ਨਾਈਜੀਰੀਅਨ ਪਾਸਪੋਰਟ ਮਿਲਿਆ ਹੈ। ਉਨ੍ਹਾਂ ਕੋਲੋਂ 4700 ਨਾਈਜੀਰੀਅਨ ਕਰੰਸੀ ਤੇ 513 ਰੁਪਏ ਭਾਰਤੀ ਕਰੰਸੀ ਬਰਾਮਦ ਹੋਈ ਹੈ। ਇਹ ਵੀ ਪਤਾ ਲੱਗਾ ਹੈ ਕਿ ਜਿਸ ਕਾਰ ਰਾਹੀਂ ਉਹ ਇਥੇ ਪਹੁੰਚੇ ਸਨ, ਉਸ ਨੂੰ ਦਿੱਲੀ ਤੋਂ ਕਿਰਾਏ ਉਤੇ ਲਿਆ ਗਿਆ ਸੀ। ਰਾਤ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਪਾਰਕਿੰਗ ਵਿਚ ਬਿਤਾਈ ਸੀ। ਕਾਰ ਡਰਾਈਵਰ ਮਹੀਪਾਲ ਦੇ ਸੌਂ ਜਾਣ ਤੋਂ ਬਾਅਦ ਉਨ੍ਹਾਂ ਕਾਰ ਦੀ ਚਾਬੀ ਚੋਰੀ ਕਰਕੇ ਸਰਹੱਦ ਪਾਰ ਜਾਣ ਦੀ ਕੋਸ਼ਿਸ਼ ਕੀਤੀ।

## ਕੇਰਲਾ ਤੇ ਤਾਮਿਲਨਾਡੂ ਵੱਲੋਂ ਪੰਜਾਬ 'ਚ ਨਿਵੇਸ਼ ਦੀ ਹਾਮੀ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਦੱਖਣੀ ਭਾਰਤ ਦੇ ਸੂਬਿਆਂ ਦੀ ਫੇਰੀ ਦੌਰਾਨ ਕੇਰਲਾ ਤੇ ਤਾਮਿਲਨਾਡੂ ਦੀਆਂ ਚੋਟੀ ਦੀਆਂ ਕੰਪਨੀਆਂ ਦੇ ਮਾਲਕਾਂ ਤੇ ਸੀ.ਈ.ਓਜ਼ ਨੇ ਮੁਲਾਕਾਤ ਦੌਰਾਨ ਐਗਰੋ ਪ੍ਰੋਸੈਸਿੰਗ, ਆਈ.ਟੀ ਤੇ ਆਯੁਰਵੇਦ ਦੇ ਖੇਤਰ ਵਿਚ ਸੂਬੇ ਅੰਦਰ ਨਿਵੇਸ਼ ਕਰਨ ਦੀ ਦਿਲਚਸਪੀ ਦਿਖਾਈ। ਸ. ਬਾਦਲ ਨਾਲ ਮੁਲਾਕਾਤ ਦੌਰਾਨ ਬਲਿਊ ਸਟਾਰ ਦੇ ਐਗਜ਼ੀਕਿਊਟਿਵ ਡਾਇਰੈਕਟਰ ਬੀ. ਥਾਏਗਾਰਾਜਨ ਨੇ ਸੁਝਾਅ ਦਿੱਤਾ ਕਿ ਖੇਤੀਬਾੜੀ ਨੂੰ ਆਧੁਨਿਕ ਬਣਾਉਣ ਲਈ ਸੀ.ਆਈ.ਆਈ. ਕੇਂਦਰ ਰਾਹੀਂ ਪੰਜਾਬ ਨਾਲ ਹਿੱਸੇਦਾਰੀ ਕਰਕੇ ਕਿਸਾਨਾਂ ਨੂੰ ਖੇਤੀਬਾੜੀ ਉਤਪਾਦਾਂ ਦੇ ਮੰਡੀਕਰਨ ਬਾਰੇ ਜਾਣਕਾਰੀ ਦੇ ਸਕਦੀ ਹੈ।

ਉਨ੍ਹਾਂ ਕਿਹਾ ਕਿ ਉਹ ਕੜੀ ਬਣਨ ਵਿਚ ਦਿਲਚਸਪੀ ਰੱਖਦੇ ਹਨ ਜਿਸ ਸਦਕਾ ਕਿਸਾਨ ਲਾਹੇਵੰਦ ਢੰਗ ਨਾਲ ਆਪਣੀ ਉਪਜ ਦਾ ਮੰਡੀਕਰਨ ਕਰ ਸਕਣ। ਸ੍ਰੀ ਥਾਏਗਾਰਾਜਨ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਲੁਧਿਆਣਾ ਵਿਚ ਬਣ ਰਹੇ ਗਰੀਨ ਪਾਰਕ ਵਿਚ ਨਿਵੇਸ਼ ਕਰਨ ਦੀ ਵੀ ਰੁਚੀ ਰੱਖਦੀ ਹੈ।




ਆਈ.ਬੀ.ਐਸ. ਸਾਫਟਵੇਅਰ ਦੇ ਕਾਰਜਕਾਰੀ ਚੇਅਰਮੈਨ ਵੀ.ਕੇ. ਮਾਰਹਿਊਜ਼ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਵੀ ਮੁਹਾਲੀ ਤੇ ਹੋਰ ਉੱਤਰੀ ਖੇਤਰਾਂ ਵਿਚ ਆਪਣਾ ਕਾਰੋਬਾਰ ਫੈਲਾਉਣਾ ਚਾਹੁੰਦੀ ਹੈ। ਸ. ਬਾਦਲ ਨੇ ਸੀ.ਆਈ.ਆਈ. ਦੀ ਮੀਟਿੰਗ ਦੌਰਾਨ ਪੰਜਾਬ ਵਿਚ ਨਿਵੇਸ਼ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਵਿਚ ਪੇਸ਼ਕਾਰੀ ਕੀਤੀ। ਉਨ੍ਹਾਂ ਦੱਸਿਆ ਕਿ ਇਨਵੈਸਟ ਪੰਜਾਬ ਦਫਤਰ ਕਾਰਨ ਪੰਜਾਬ ਬੀਤੇ ਡੇਢ ਸਾਲ ਦੌਰਾਨ 1500 ਕਰੋੜ ਰੁਪਏ ਦੇ ਨਿਵੇਸ਼ ਵਾਲੇ 210 ਪ੍ਰੋਜੈਕਟਾਂ ਨੂੰ ਹਰੀ ਝੰਡੀ ਦੇਣ ਵਿਚ ਸਫਲ ਹੋਇਆ ਹੈ।

## ਪੰਜਾਬ ਦੇ 9 ਅਧਿਆਪਕ ਕੌਮੀ ਇਨਾਮ ਲਈ ਚੁਣੇ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਮਨੁੱਖੀ ਸ੍ਰੋਤ ਮੰਤਰਾਲੇ ਵੱਲੋਂ ਪੰਜਾਬ ਦੇ ਨੌਂ ਅਧਿਆਪਕਾਂ ਨੂੰ ਨੈਸ਼ਨਲ ਐਵਾਰਡ ਲਈ ਚੁਣਿਆ ਗਿਆ ਹੈ। ਉਨ੍ਹਾਂ ਨੂੰ ਪੰਜ ਸਤੰਬਰ ਨੂੰ ਨਵੀਂ ਦਿੱਲੀ ਵਿਚ ਕਰਵਾਏ ਜਾ ਰਹੇ ਸਮਾਰੋਹ ਵਿਚ ਐਵਾਰਡ ਦਿੱਤੇ ਜਾਣਗੇ।

ਇਨ੍ਹਾਂ ਅਧਿਆਪਕਾਂ ਵਿਚ ਲੁਧਿਆਣਾ ਦੇ ਗਿਆਸਪੁਰਾ ਸਕੂਲ ਦੇ ਸੁਦਾਗਰ ਸਿੰਘ ਸਰਾਭਾ, ਰੂਪ ਨਗਰ ਦੇ ਸਰਕਾਰੀ ਮਿਡਲ ਸਕੂਲ ਸੈਦਪੁਰ ਦੇ ਸੋਹਣ ਲਾਲ, ਸੰਗਰੂਰ ਦੇ ਮਿਡਲ ਸਕੂਲ ਬੋਗਾ ਦੇ ਸਾਇੰਸ ਮਾਸਟਰ ਹਰਦੇਵ ਸਿੰਘ, ਤਲਵੰਡੀ ਸਕੂਲ ਦੇ ਪੰਜਾਬੀ ਮਾਸਟਰ ਮੱਖਣ ਸਿੰਘ, ਲੁਧਿਆਣਾ ਦੇ ਬੁਰਜ ਹਰੀ ਸਿੰਘ ਸਕੂਲ ਦੇ ਹੈਡ ਟੀਚਰ ਗੁਰਪ੍ਰੀਤ ਸਿੰਘ, ਐਸ.ਏ.ਐਸ.ਨਗਰ ਦੇ ਦੌਲਤ ਸਿੰਘ ਵਾਲਾ ਸਕੂਲ ਦੀ ਲੈਕਚਰਾਰ ਮਨਜੀਤ ਕੌਰ, ਬਰਨਾਲਾ ਦੇ ਧਨੌਲਾ ਦੇ ਡਾ. ਬਰਜਿੰਦਰ ਸਿੰਘ, ਫਾਜ਼ਿਲਕਾ ਦੇ ਕੋਚੀਆ ਸਰਵਰ ਸਕੂਲ ਦੇ ਪ੍ਰਿੰਸੀਪਲ ਸੁਖਵੀਰ ਸਿੰਘ ਬਾਲ ਤੇ ਜਲੰਧਰ ਦੇ ਨਹਿਰੂ ਗਾਰਡਨ ਸਕੂਲ ਦੀ ਪ੍ਰਿੰਸੀਪਲ ਗੁਰਿੰਦਰਜੀਤ ਕੌਰ ਸ਼ਾਮਲ ਹਨ।

## ਅਨੰਦਪੁਰ ਸਾਹਿਬ ਨੂੰ ਚਿੱਟਾ ਰੰਗਣ ਵਾਲਾ ਪ੍ਰਾਜੈਕਟ ਅਧਵਾਟੇ ਲਟਕਿਆ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਕਮੇਟੀ ਵਿਚਾਲੇ ਦੋ ਕਰੋੜ ਰੁਪਏ ਦੇ ਲੈਣ ਦੇਣ ਕਰਕੇ ਪੈਦਾ ਹੋਈ ਖਿੱਚੋਤਾਣ ਸਦਕਾ ਖ਼ਾਲਸਾ ਪੰਥ ਦਾ ਜਨਮ ਸਥਾਨ ਆਨੰਦਪੁਰ ਸਾਹਿਬ ਚਿੱਟੇ ਰੰਗ ਤੋਂ ਵਿਹੂਣਾ ਹੈ।

ਜ਼ਿਕਰਯੋਗ ਹੈ ਕਿ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਉਲੀਕੇ ਗਏ ਵਿਕਾਸ ਕਾਰਜਾਂ ਤੇ ਸਮਾਗਮਾਂ ਤਹਿਤ ਸ਼ਹਿਰ ਨੂੰ 300 ਸਾਲਾ ਸਾਜਣਾ ਦਿਵਸ ਦੀ ਤਰਜ਼ ਉਤੇ ਚਿੱਟਾ ਰੰਗ ਕਰਵਾਉਣ ਦਾ ਜਿੰਮਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤਾ ਗਿਆ ਸੀ। ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਨੇ ਇਹ ਕੰਮ ਸ਼ੁਰੂ ਕਰਕੇ ਸਮੁੱਚੇ ਸ਼ਹਿਰ ਦੀ ਇਕ-ਇਕ ਇੱਟ ਨੂੰ ਚਿੱਟੇ ਰੰਗ ਵਿਚ ਰੰਗਣ ਦਾ ਵਾਅਦਾ ਕੀਤਾ ਸੀ। ਹਕੀਕਤ ਵਿਚ ਇਸਦੇ ਬਿਲਕੁਲ ਉਲਟ ਹੋਇਆ, ਰੰਗ ਰੋਗਨ ਕਰਨ ਦਾ ਕੰਮ ਅਧਵਾਟੇ ਹੀ ਰੁਕ ਗਿਆ।

ਜਿਥੇ ਠੇਕੇਦਾਰਾਂ ਦੀ ਅਦਾਇਗੀ ਰੁਕ ਗਈ ਉੱਥੇ ਸ਼ਹਿਰ ਵਾਸੀਆਂ ਵਿਚ ਵੀ ਰੰਗ ਨਾ ਹੋਣ ਕਰਕੇ ਨਿਰਾਸ਼ਾ ਪਾਈ ਜਾ ਰਹੀ ਹੈ। ਬੀਤੇ ਦਿਨੀਂ ਇਥੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।



ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਮੁੱਚੇ ਰੰਗ ਰੋਗਨ ਕਰਵਾਉਣ ਲਈ ਇੰਚਾਰਜ ਲਾਏ ਗਏ ਧਨਵੰਤ ਸਿੰਘ ਦਾ ਕਹਿਣਾ ਹੈ ਕਿ ਜਦੋਂ ਰੰਗ ਕਰਨ ਲਈ ਕਿਹਾ ਗਿਆ ਸੀ ਤਾਂ ਸ਼੍ਰੋਮਣੀ ਕਮੇਟੀ ਨੇ ਦੋ ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਕ ਪੈਸਾ ਵੀ ਨਹੀਂ ਦਿੱਤਾ ਗਿਆ। ਹੁਣ ਤੱਕ ਜਿਥੇ ਦਿੱਲੀ ਕਮੇਟੀ ਨੇ ਤਕਰੀਬਨ ਇਕ ਕਰੋੜ ਰੁਪਏ ਖਰਚ ਕਰ ਦਿੱਤੇ ਹਨ ਉਥੇ ਠੇਕੇਦਾਰਾਂ ਤੇ ਰੰਗ ਸਪਲਾਈ ਕਰਨ ਵਾਲੀ ਕੰਪਨੀ ਦੇ ਤਕਰੀਬਨ 2.75 ਕਰੋੜ ਰੁਪਏ ਬਕਾਇਆ ਹਨ।

### ਘਰਾਂ ਨੂੰ ਹੋਰ ਰੰਗ ਕਰਵਾਉਣ ਲੱਗੇ ਸ਼ਹਿਰ ਵਾਸੀ

ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਸਮੁੱਚੇ ਸ਼ਹਿਰ ਨੂੰ ਚਿੱਟੇ ਰੰਗ ਵਿਚ ਰੰਗਣ ਦੀ ਯੋਜਨਾ ਉਲੀਕੀ ਗਈ ਸੀ ਜੋ ਅਜੇ ਸਿਰੇ ਨਹੀਂ ਲੱਗ ਸਕੀ। ਉਧਰ, ਦਿੱਲੀ ਕਮੇਟੀ ਵੱਲੋਂ ਜਿਨ੍ਹਾਂ ਵਿਚ ਘਰਾਂ ਵਿਚ ਚਿੱਟਾ ਰੰਗ ਕਰਵਾਇਆ ਗਿਆ ਹੈ, ਲੋਕਾਂ ਨੇ ਉਸ 'ਤੇ ਹੋਰ ਰੰਗ ਫੇਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਮੁੱਚੇ ਰੰਗ ਰੋਗਨ ਕਰਵਾਉਣ ਲਈ ਇੰਚਾਰਜ ਲਾਏ ਗਏ ਧਨਵੰਤ ਸਿੰਘ ਦਾ ਕਹਿਣਾ ਹੈ ਕਿ ਸ਼ਹਿਰ ਵਾਸੀਆਂ ਨੇ ਆਪਣੇ ਮਕਾਨਾਂ ਨੂੰ ਮੁੜ ਤੋਂ ਹੋਰ ਰੰਗ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਲਈ ਜੇਕਰ ਉਹ ਦੁਬਾਰਾ ਰੰਗ ਕਰਦੇ ਹਨ ਤਾਂ ਝਗੜੇ ਵਾਲੀ ਗੱਲ ਹੋ ਜਾਵੇਗੀ। ਇਸ ਲਈ ਪ੍ਰਸ਼ਾਸਨ ਪਹਿਲਾਂ ਚਿੱਟੇ ਰੰਗ ਸਬੰਧੀ ਨੋਟੀਫਿਕੇਸ਼ਨ ਜਾਰੀ ਕਰੇ, ਕਿਉਂਕਿ ਜੇਕਰ ਚਿੱਟਾ ਰੰਗ ਕਰਨ ਤੋਂ ਬਾਅਦ ਦੁਬਾਰਾ ਹੋਰ ਰੰਗ ਹੀ ਕਰਨੇ ਹਨ ਤਾਂ ਗੁਰੂ ਦੀ ਗੋਲਕ ਵਿਚੋਂ ਪੈਸੇ ਖਰਚ ਕਰਨਾ ਫਜ਼ੂਲ-ਖ਼ਰਚੀ ਹੋਵੇਗੀ।

# ਬਚਿਆ ਸਮਾਂ ਲੋਕ ਸੇਵਾ ਲੇਖੇ ਲਾਵੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਮਹਿਜ਼ ਡੇਢ ਕੁ ਸਾਲ ਦਾ ਸਮਾਂ ਰਹਿ ਗਿਆ ਹੈ, ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਬਚੇ ਸਮੇਂ ਨੂੰ ਲੋਕ ਸੇਵਾ ਲੇਖੇ ਲਾਉਣ ਦਾ ਫੈਸਲਾ ਕਰ ਲਿਆ ਹੈ। ਸੱਤਾ ਵਿਰੋਧੀ ਲੋਕ **ਰੋਹ ਨੂੰ ਸ਼ਾਂਤ ਕਰਨ ਲਈ ਹਾਕਮ ਪਾਰਟੀ ਵੱਲੋਂ ਵਿਸ਼ੇਸ਼ ਨੀਤੀ ਘੜੀ ਜਾ ਰਹੀ ਹੈ। ਇਸ ਨੀਤੀ ਤਹਿਤ ਲੋਕ ਲਭਾਊ ਸਕੀਮਾਂ ਨਾਲ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।**

ਇਸੇ ਯੋਜਨਾ ਤਹਿਤ ਸਮਾਜਕ ਸੁਰੱਖਿਆ ਵਿਭਾਗ ਵੱਲੋਂ ਸਰਕਾਰੀ ਤੇ ਗ਼ੈਰ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਵੰਡਣ ਦੀ ਤਿਆਰੀ ਖਿੱਚ ਲਈ ਗਈ ਹੈ। ਇਸੇ ਤਰ੍ਹਾਂ ਸਰਕਾਰ ਵੱਲੋਂ ਬੁਢਾਪਾ ਪੈਨਸ਼ਨਾਂ ਨੂੰ ਸਤੰਬਰ ਮਹੀਨੇ ਤੱਕ ਨਿਯਮਤ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪੈਨਸ਼ਨ ਵਧਾਉਣ ਜਾਂ ਸ਼ਰਤਾਂ ਹਟਾ ਕੇ ਪੈਨਸ਼ਨਰਾਂ ਦੀ ਗਿਣਤੀ ਵਧਾਉਣ ਉਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਦਿਹਾਤੀ ਖੇਤਰ ਵਿਚ ਗ਼ਰੀਬਾਂ ਨੂੰ ਭਾਂਡੇ ਵੰਡਣ ਦੀ ਯੋਜਨਾ ਤਿਆਰ ਕਰ ਲਈ ਗਈ ਹੈ। ਸਰਕਾਰ ਵੱਲੋਂ ਸਿਆਸੀ ਮੁਲਾਜ਼ਦਾਰੀਆਂ ਪੁਗਾਉਣ ਲਈ ਨਵੀਆਂ ਨਿਯੁਕਤੀਆਂ ਦੇ ਰਾਹ ਵੀ ਖੋਲ੍ਹੇ ਜਾ ਰਹੇ ਹਨ। ਸਾਈਕਲਾਂ ਦੀ ਵੰਡ ਦਾ ਕੰਮ ਤਾਂ 15 ਅਗਸਤ ਤੋਂ ਸ਼ੁਰੂ ਹੋ ਜਾਵੇਗਾ। ਸਮਾਜਿਕ ਸੁਰੱਖਿਆ ਵਿਭਾਗ ਵੱਲੋਂ 1.55 ਲੱਖ ਸਾਈਕਲਾਂ ਦੀ ਖਰੀਦ ਦਾ ਕੰਮ ਮੁਕੰਮਲ ਕਰ ਲਿਆ ਹੈ। ਵਿਭਾਗ ਦੇ ਡਾਇਰੈਕਟਰ ਗੁਰਕੀਰਤ ਕਿਰਪਾਲ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਈਕਲਾਂ ਦੀ ਵੰਡ ਦਾ ਕੰਮ ਸ਼ੁਰੂ ਕਰਨਗੇ। ਸਰਕਾਰ ਦੀ ਇਸ ਮੁਹਿੰਮ ਨੂੰ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਮਾਈ ਭਾਗੋ ਯੋਜਨਾ ਤਹਿਤ ਲੋਕ ਸਭਾ ਚੋਣਾਂ ਤੋਂ ਪਹਿਲਾਂ 2013 ਵਿਚ ਲੜਕੀਆਂ ਨੂੰ ਸਾਈਕਲ ਦਿੱਤੇ ਗਏ ਸਨ।

ਵਿੱਤ ਵਿਭਾਗ ਤੋਂ 43.29 ਕਰੋੜ ਰੁਪਏ ਦੇ ਫੰਡ ਮੰਗੇ ਗਏ ਹਨ। ਵਿਦਿਆਰਥਣਾਂ ਨੂੰ ਹੀਰੋ, ਕੋਹੇਨੂਰ ਤੇ ਵੈਸ਼ਾਲੀ ਕੰਪਨੀਆਂ ਦੇ ਸਾਈਕਲ ਦਿੱਤੇ ਜਾਣਗੇ। ਇਕ ਸਾਈਕਲ ਦੀ ਕੀਮਤ 2700 ਰੁਪਏ ਤੈਅ ਕੀਤੀ ਗਈ ਹੈ। ਬਜਟ ਦੀ ਪ੍ਰਵਾਨਗੀ ਲਈ ਫਾਈਲ ਵਿੱਤ ਵਿਭਾਗ ਨੂੰ ਭੇਜ ਦਿੱਤੀ ਗਈ ਹੈ। ਵਿਭਾਗ ਵੱਲੋਂ ਸਾਈਕਲਾਂ ਦੀ ਵੰਡ ਲਈ ਬਾਕਾਇਦਾ ਸਮਾਗਮ ਕੀਤੇ ਜਾਣਗੇ। ਵਿਧਾਇਕਾਂ ਤੇ ਹਲਕਾ ਇੰਚਾਰਜਾਂ ਰਾਹੀਂ ਸਾਈਕਲਾਂ ਦੀ ਵੰਡ ਕੀਤੀ ਜਾਵੇਗੀ। ਵਿਭਾਗ ਵੱਲੋਂ ਡੇਢ ਕਰੋੜ ਰੁਪਏ ਦਾ ਬਜਟ ਸਮਾਗਮ ਕਰਾਉਣ ਤੇ ਇਸ਼ਤਿਹਾਰਬਾਜ਼ੀ ਉਤੇ ਰੱਖਿਆ ਗਿਆ ਹੈ। ਪਹਿਲਾਂ ਵਿਦਿਆਰਥਣਾਂ ਨੂੰ ਦਿੱਤੇ ਜਾਂਦੇ ਸਾਈਕਲਾਂ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲਗਾਈ ਜਾਂਦੀ ਸੀ, ਪਰ ਇਸ ਵਾਰੀ ਮੁੱਖ ਮੰਤਰੀ ਦੀ ਫੋਟੋ ਨਹੀਂ ਲੱਗੇਗੀ। ਜਾਣਕਾਰੀ ਮੁਤਾਬਕ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਮੁਫ਼ਤ ਦਿੱਤੇ ਜਾਣ ਵਾਲੇ ਸਾਈਕਲਾਂ ਉਤੇ 'ਪੰਜਾਬ ਸਰਕਾਰ ਰਾਜ ਨਹੀਂ ਸੇਵਾ' ਦਾ ਮਾਟੋ ਲਗਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਦੀ ਮਾਈ ਭਾਗੋ ਯੋਜਨਾ ਤਹਿਤ ਸਰਕਾਰ ਨੇ ਸ਼ੁਰੂਆਤੀ ਤੌਰ ਉਤੇ ਨੌਵੀਂ, ਦਸਵੀਂ, ਗਿਆਰਵੀਂ ਤੇ ਬਾਹਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਦੇਣ ਦਾ ਐਲਾਨ ਕੀਤਾ ਸੀ।

ਸਰਕਾਰ ਨੇ ਲੜਕੀਆਂ ਨੂੰ 12ਵੀਂ ਜਮਾਤ ਤੱਕ ਪੜ੍ਹਨ ਲਈ ਉਤਸ਼ਾਹਤ ਕਰਨ ਦੇ ਮਕਸਦ ਨਾਲ ਇਹ ਯੋਜਨਾ ਸ਼ੁਰੂ ਕੀਤੀ ਗਈ ਸੀ। ਪਿਛਲੇ ਤਿੰਨ ਕੁ ਸਾਲਾਂ ਤੋਂ ਨੌਵੀਂ ਤੇ ਦਸਵੀਂ ਦੀਆਂ ਵਿਦਿਆਰਥਣਾਂ ਨੂੰ ਤਾਂ ਸਾਈਕਲ ਦਿੱਤੇ ਹੀ ਨਹੀਂ ਗਏ। ਸਰਕਾਰ ਵੱਲੋਂ ਸਿਰਫ਼ ਬਾਹਰਵੀਂ ਤੇ ਗਿਆਰਵੀਂ ਜਮਾਤ ਦੀਆਂ ਬੱਚੀਆਂ ਨੂੰ ਹੀ ਮੁਫ਼ਤ ਦੇ ਸਾਈਕਲਾਂ ਦੀ ਸਹੂਲਤ ਦਿੱਤੀ ਗਈ ਹੈ। ਸਰਕਾਰ ਵੱਲੋਂ ਇਸ ਗੱਲ ਉਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਕਿ ਬੁਢਾਪਾ ਪੈਨਸ਼ਨ ਵਿਚ 50 ਰੁਪਏ ਪ੍ਰਤੀ ਮਹੀਨਾ ਦਾ ਵਾਧਾ ਕੀਤਾ ਜਾਵੇ ਜਾਂ ਪੈਨਸ਼ਨਰਾਂ ਦੀ ਗਿਣਤੀ ਵਧਾਈ ਜਾਵੇ। ਆਉਂਦੇ ਮਹੀਨਿਆਂ ਦੌਰਾਨ ਸਰਕਾਰ ਵੱਲੋਂ ਸਮਾਜ ਭਲਾਈ ਦੇ ਖੇਤਰ ਵਿਚ ਅਹਿਮ ਫੈਸਲੇ ਲਏ ਜਾਣ ਦੀ ਸੰਭਾਵਨਾ ਹੈ।

### ਚੋਣਾਂ ਤੋਂ ਪਹਿਲਾਂ ਲੋਕ ਲੁਭਾਊ ਸਕੀਮਾਂ ਦੀ ਬਾਰਸ਼



# ਐਨ.ਆਰ.ਆਈਜ਼. ਨੂੰ ਐਮ.ਬੀ.ਬੀ.ਐਸ. ਵਿਚ ਦਾਖ਼ਲੇ ਲਈ ਛੋਟ

**ਫਰੀਦਕੋਟ:** ਪੰਜਾਬ ਸਰਕਾਰ ਨੇ ਸੂਬੇ ਦੇ ਅੱਠ ਮੈਡੀਕਲ ਕਾਲਜਾਂ ਵਿਚ ਐਮ. ਬੀ. ਬੀ. ਐਸ. ਦੀਆਂ ਐਨ.ਆਰ.ਆਈ. ਕੋਟੇ ਦੀਆਂ ਖ਼ਾਲੀ ਪਈਆਂ 85 ਸੀਟਾਂ ਭਰਨ ਲਈ ਪੰਜਾਬ ਮੈਡੀਕਲ ਦਾਖ਼ਲਾ ਟੈਸਟ (ਪੀ.ਐਮ.ਈ.ਟੀ.) ਪਾਸ ਕਰਨ ਦੀ ਸ਼ਰਤ ਹਟਾ ਲਈ ਹੈ। ਇਸ ਨਾਲ ਹੁਣ ਮੂਲ ਰੂਪ ਵਿਚ ਭਾਰਤ ਨਾਲ ਸਬੰਧ ਰੱਖਦਾ ਕੋਈ ਵੀ ਐਨ.ਆਰ.ਆਈ. ਉਮੀਦਵਾਰ, ਜਿਸ ਨੇ 10+2 ਜਾਂ ਬਰਾਬਰ ਦੇ ਇਮਤਿਹਾਨ ਵਿਚ ਫਿਜ਼ਿਕਸ, ਕੈਮਿਸਟਰੀ ਤੇ ਬਾਇਓਲੋਜੀ ਵਿਚ ਸਿਰਫ਼ 50% ਅੰਕ ਲਏ ਹੋਣ, ਉਹ ਪੰਜਾਬ 'ਚ ਐਮ. ਬੀ. ਬੀ.ਐਸ. ਕੋਰਸ ਵਿਚ ਦਾਖ਼ਲਾ ਲੈ ਸਕਦਾ ਹੈ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਉਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਨੇ ਇਹ ਐਲਾਨ ਕੀਤਾ ਹੈ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਡੀ.ਐਸ. ਸਿੱਧੂ ਨੇ ਦੱਸਿਆ ਕਿ ਪੰਜਾਬ ਦੇ ਅੱਠ ਮੈਡੀਕਲ ਕਾਲਜਾਂ ਵਿਚ ਐਨ.ਆਰ.ਆਈ. ਕੋਟੇ ਦੀਆਂ 102 ਐਮ.ਬੀ.ਬੀ.ਐਸ. ਸੀਟਾਂ ਹਨ, ਜਿਨ੍ਹਾਂ ਲਈ ਇਸ ਵਾਰ ਸਿਰਫ਼ 64 ਉਮੀਦਵਾਰ ਸਾਹਮਣੇ ਆਏ। ਇਨ੍ਹਾਂ ਵਿਚੋਂ ਵੀ 52 ਨੇ ਪੀ.ਐਮ.ਈ.ਟੀ. ਦਿੱਤਾ ਤੇ ਮਹਿਜ਼ 17 ਉਸ ਨੂੰ ਪਾਸ ਕਰ ਸਕੇ, ਭਾਵ ਪੀ.ਐਮ.ਈ.ਟੀ. ਵਿਚ 50 ਫ਼ੀਸਦੀ ਅੰਕ ਲੈ ਸਕੇ। ਇਸ ਤਰ੍ਹਾਂ ਕੋਟੇ ਦੀਆਂ 85 ਸੀਟਾਂ ਹਾਲੇ ਤੱਕ ਖ਼ਾਲੀ ਹਨ।

# ਪਾਕਿਸਤਾਨ 'ਚ ਕਾਇਮ ਰਹਿਣਗੀਆਂ ਫੌਜੀ ਅਦਾਲਤਾਂ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲੇ ਰਾਹੀਂ ਦੇਸ਼ ਵਿਚ ਅਤਿਵਾਦੀ ਕੇਸਾਂ ਦੇ ਛੇਤੀ ਨਿਪਟਾਰੇ ਲਈ ਕਾਇਮ ਕੀਤੀਆਂ ਗਈਆਂ ਵਿਸ਼ੇਸ਼ ਫੌਜੀ ਅਦਾਲਤਾਂ ਵਿਰੁੱਧ ਪਾਈਆਂ ਪਟੀਸ਼ਨਾਂ ਰੱਦ ਕਰ ਦਿੱਤੀਆਂ ਹਨ। ਦੇਸ਼ ਦੀ ਸਰਵਉੱਚ ਅਦਾਲਤ ਨੇ ਸੰਸਦ ਵੱਲੋਂ ਫੌਜੀ ਅਦਾਲਤਾਂ ਦੇ ਗਠਨ ਲਈ ਕੀਤੀ 21ਵੀਂ ਸੰਵਿਧਾਨਕ ਸੋਧ ਖ਼ਿਲਾਫ਼ ਪਾਈਆਂ ਗਈਆਂ ਪਟੀਸ਼ਨਾਂ ਖਾਰਜ ਕਰ ਦਿੱਤੀਆਂ।




ਚੀਫ ਜਸਟਿਸ ਨਸੀਰੁੱਲ ਮਲਕ ਦੀ ਅਗਵਾਈ ਹੇਠਲੇ 17 ਮੈਂਬਰੀ ਬੈਂਚ ਨੇ ਪਟੀਸ਼ਨਾਂ ਨੂੰ 11-6 ਵੋਟਾਂ ਨਾਲ ਰੱਦ ਕਰ ਦਿੱਤਾ। ਪਾਕਿਸਤਾਨ ਦੀ ਸੰਸਦ ਨੇ ਪਿਸ਼ਾਵਰ ਵਿਚ ਫੌਜੀ ਸਕੂਲ ਉਤੇ ਅਤਿਵਾਦੀ ਹਮਲੇ ਬਾਅਦ 21ਵੀਂ ਸੋਧ ਤੇ ਪਾਕਿਸਤਾਨ ਆਰਮੀ ਐਕਟ-1952 ਨੂੰ ਪਾਸ ਕਰਕੇ ਫੌਜੀ ਅਦਾਲਤਾਂ ਦੇ ਗਠਨ ਦਾ ਰਾਹ ਪੱਧਰਾ ਕੀਤਾ ਸੀ। ਇਸ ਹਮਲੇ ਵਿਚ ਡੇਢ ਸੌ ਦੇ ਕਰੀਬ ਬੱਚੇ ਮਾਰੇ ਗਏ ਸਨ।

ਇਹ ਅਦਾਲਤਾਂ 16 ਅਪਰੈਲ ਤੱਕ ਛੇ ਦੋਸ਼ੀਆਂ ਨੂੰ ਸਜ਼ਾ ਏ ਮੌਤ ਤੇ ਉਮਰ ਕੈਦ ਦੀ ਸਜ਼ਾ ਸੁਣਾ ਚੁੱਕੀਆਂ ਹਨ। 16 ਅਪਰੈਲ ਪਿਛੋਂ ਪਟੀਸ਼ਨਾਂ ਕਰਕੇ ਅਦਾਲਤਾਂ ਦਾ ਕੰਮ ਮੁਅੱਤਲ ਕਰ ਦਿੱਤਾ ਗਿਆ ਸੀ। ਅਦਾਲਤਾਂ ਖ਼ਿਲਾਫ਼ ਸੁਣਵਾਈ 26 ਜੂਨ ਨੂੰ ਮੁਕੰਮਲ ਹੋ ਗਈ ਸੀ ਪਰ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।

### ਪੋਰਨ ਸਾਈਟਾਂ ਦੇਖਣ ਵਿਚ ਪਾਕਿਸਤਾਨੀ ਮੋਹਰੀ

**ਵਾਸ਼ਿੰਗਟਨ:** ਦੁਨੀਆਂ ਵਿਚ ਸਭ ਤੋਂ ਜ਼ਿਆਦਾ ਅਸ਼ਲੀਲ ਫਿਲਮਾਂ ਪਾਕਿਸਤਾਨ ਤੇ ਚੀਨ ਵਿਚ ਦੇਖੀਆਂ ਜਾਂਦੀਆਂ ਹਨ। ਸਰਚ ਇੰਜਨ ਗੂਗਲ ਮੁਤਾਬਕ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਹੀ ਸਭ ਤੋਂ ਜ਼ਿਆਦਾ ਪੋਰਨ ਸਾਈਟਾਂ ਦੇਖਣ ਦਾ ਰੁਝਾਨ ਹੈ। ਪਾਕਿਸਤਾਨ ਵਿਚ ਇਹ ਰੁਝਾਨ ਕੁਝ ਜ਼ਿਆਦਾ ਹੈ। ਪਾਕਿਸਤਾਨ ਵਿਚ ਪੋਰਨ ਸਾਈਟਾਂ ਨੂੰ ਜਾਨਵਰਾਂ, ਜਿਨ੍ਹਾਂ ਵਿਚ ਸੂਰ, ਗਧਾ, ਕੁੱਤਾ ਦੇ ਨਾਂ ਨਾਲ ਸਰਚ ਕੀਤਾ ਜਾਂਦਾ ਹੈ। ਗੂਗਲ ਵੱਲੋਂ ਜਾਰੀ ਲਿਸਟ ਅਨੁਸਾਰ ਭਾਰਤ ਦਾ ਨੰਬਰ ਛੇਵਾਂ ਹੈ।

ਪਾਕਿਸਤਾਨ ਤੇ ਚੀਨ ਤੋਂ ਬਾਅਦ ਮਿਸਰ, ਵੀਅਤਨਾਮ, ਈਰਾਨ ਤੇ ਮੈਕਸੀਕੋ ਵਿਚ ਸਭ ਤੋਂ ਜ਼ਿਆਦਾ ਪੋਰਨ ਸਾਈਟਾਂ ਦੇਖੀਆਂ ਜਾਂਦੀਆਂ ਹਨ। ਚੀਨ ਵਿਚ ਪੋਰਨ ਸਾਈਟਾਂ ਦਫ਼ਤਰਾਂ ਵਿਚ ਜ਼ਿਆਦਾ ਦੇਖੀਆਂ ਜਾਂਦੀਆਂ ਹਨ।

# ਪੰਜਾਬੀ ਵਿਦਿਆਰਥੀ ਨਸ਼ਿਆਂ ਤੇ ਹਥਿਆਰਾਂ ਸਣੇ ਕਾਬੂ

**ਟੋਰਾਂਟੋ:** ਕੈਨੇਡਾ ਪੁਲਿਸ ਨੇ ਇਕ ਅਪਾਰਟਮੈਂਟ ਵਿਚ ਛਾਪਾ ਮਾਰ ਕੇ ਉਥੋਂ 25 ਵਰ੍ਹਿਆਂ ਦੇ ਪੰਜਾਬੀ ਵਿਦਿਆਰਥੀ ਗੁਰਨਾਜ਼ਬੀਰ ਸਿੰਘ ਸੰਧੂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਕੋਲੋਂ ਨਸ਼ੇ, ਹਥਿਆਰ, ਨਗਦੀ ਤੇ ਚੋਰੀ ਦਾ ਮੋਟਰਸਾਈਕਲ ਬਰਾਮਦ ਹੋਏ ਹਨ। ਉਸ ਉਤੇ ਭਾਰਤ ਹਵਾਲਗੀ ਦੀ ਤਲਵਾਰ ਲਟਕ ਗਈ ਹੈ। ਪੁਲਿਸ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਸਹਾਇਤਾ ਨਾਲ ਕੈਲਗਰੀ ਵਿਚ ਛਾਪਾ ਮਾਰਿਆ ਸੀ ਤੇ ਸੰਧੂ ਦੇ ਕਮਰੇ ਵਿਚੋਂ ਉਸ ਦੇ ਸਾਥੀ ਰਿਚਰਡ ਜੂਲੀਅਸ ਰਾਇਸਡੇਲ (28) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਅਧਿਕਾਰੀਆਂ ਨੂੰ 11 ਹਜ਼ਾਰ ਡਾਲਰ ਵੀ ਮਿਲੇ ਹਨ, ਜੋ 42 ਵੱਖ-ਵੱਖ ਕਰੰਸੀਆਂ ਵਿਚ ਸਨ। ਇਸ ਤੋਂ ਇਲਾਵਾ ਤਿੰਨ ਚਾਕੂ, ਤਿੰਨ ਨਕਲੀ ਬੰਦੂਕਾਂ, ਸਟੀਰਾਇਡਸ, ਕੋਕੀਨ ਤੇ ਮੇਥਾਮਫੇਟਾਮਾਈਨ ਬਰਾਮਦ ਕੀਤੇ ਹਨ। ਦੋਹਾਂ ਨੌਜਵਾਨਾਂ ਨੂੰ ਰਿਮਾਂਡ ਉਤੇ ਭੇਜਿਆ ਗਿਆ ਹੈ। ਕੈਲਗਰੀ ਹੈਰਾਲਡ ਦੀ ਰਿਪੋਰਟ ਮੁਤਾਬਕ ਸਾਰਜੈਂਟ ਮਾਰਟਿਨ ਸ਼ੀਆਵੇਟਾ ਨੇ ਦੱਸਿਆ ਕਿ ਸੰਧੂ ਸਟੂਡੈਂਟ ਵੀਜ਼ੇ ਉਤੇ ਬ੍ਰਿਟਿਸ਼ ਕੋਲੰਬੀਆ ਆਇਆ ਸੀ ਤੇ ਉਸ ਦਾ ਵੀਜ਼ਾ ਅੱਠ ਮਹੀਨੇ ਪਹਿਲਾਂ ਮੁੱਕ ਗਿਆ ਸੀ।

ਅਧਿਕਾਰੀ ਨੇ ਦੱਸਿਆ ਕਿ ਇਹ ਕਿਸੇ ਵੱਡੇ ਗਰੋਹ ਨਾਲ ਨਹੀਂ ਜੁੜੇ ਹੋਏ ਸਨ ਤੇ ਛੋਟੇ ਪੱਧਰ ਉਤੇ ਨਸ਼ੇ ਵੇਚਣ ਤੱਕ ਜਾਂਚ ਕੇਂਦਰਤ ਹੈ। ਅਪਾਰਟਮੈਂਟ ਤੋਂ ਮਿਲੇ ਮੋਟਰਸਾਈਕਲ ਨੂੰ ਓਕੋਟੋਕਸ ਵਿਚੋਂ ਪਿਛਲੇ ਮਹੀਨੇ ਚੋਰੀ ਕੀਤਾ ਗਿਆ ਸੀ ਤੇ ਉਸ ਨੂੰ ਮਾਲਿਕ ਹਵਾਲੇ ਕਰ ਦਿੱਤਾ ਗਿਆ ਹੈ।

# ਕਾਂਗਰਸੀ ਵਿਧਾਇਕ ਬਣਿਆ 'ਮੁੱਖ ਮੰਤਰੀ'

**ਹਿਸਾਰ:** ਪੰਜਾਬ ਵਿਚ ਬੇਸ਼ੱਕ ਅਕਾਲੀ ਦਲ ਦੀ ਸਰਕਾਰ ਹੈ ਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹਨ, ਪਰ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰਸਹਾਏ ਹਲਕੇ ਤੋਂ ਕਾਂਗਰਸ ਵਿਧਾਇਕ ਰਾਣਾ ਗੁਰਮੀਤ ਸੋਢੀ ਨੂੰ ਵੀ 'ਮੁੱਖ ਮੰਤਰੀ' ਬਣਨ ਦਾ ਮੌਕਾ ਮਿਲ ਗਿਆ ਹੈ। ਪੰਜਾਬ ਦੀ ਸਭ ਤੋਂ ਵੱਡੀ ਨਸ਼ੇ ਦੀ ਸਮੱਸਿਆ ਉਤੇ ਬਣੀ ਫਿਲਮ 'ਬੌਰਨ ਟੂ ਬੀ ਕਿੰਗ' ਵਿਚ ਉਹ ਮੁੱਖ ਮੰਤਰੀ ਦਾ ਕਿਰਦਾਰ ਨਿਭਾ ਰਹੇ ਹਨ। ਇਹ ਉਨ੍ਹਾਂ ਦੀ ਪਹਿਲੀ ਫਿਲਮ ਹੈ।



ਜਾਣਕਾਰੀ ਅਨੁਸਾਰ ਹਿਸਾਰ ਤੋਂ ਐਨ.ਆਰ. ਆਈ. ਸੁਧੀਰ ਸ਼ਰਮਾ ਨੇ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਉਤੇ ਫਿਲਮ ਬਣਾਈ ਹੈ, ਜੋ ਸਤੰਬਰ ਵਿਚ ਪੰਜਾਬੀ ਤੇ ਅੰਗਰੇਜ਼ੀ ਵਿਚ ਭਾਰਤ ਤੇ ਇੰਗਲੈਂਡ ਵਿਚ ਰਿਲੀਜ਼ ਹੋਵੇਗੀ। ਸੁਧੀਰ ਸ਼ਰਮਾ ਦਾ ਕਹਿਣਾ ਹੈ ਕਿ ਉਹ ਪਿਛਲੇ ਤਕਰੀਬਨ 35 ਸਾਲ ਤੋਂ ਇੰਗਲੈਂਡ ਵਿਚ ਰਹਿ ਰਿਹਾ ਹੈ, ਜਿਥੇ ਉਹ ਪ੍ਰਾਪਰਟੀ ਡਿਵੈਲਪਮੈਂਟ ਦਾ ਕੰਮ ਕਰਦਾ ਹੈ। ਉਥੇ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਦੇ ਲੋਕ ਰਹਿੰਦੇ ਹਨ। ਪੰਜਾਬ ਵਿਚ ਵੱਡੀ ਗਿਣਤੀ ਲੋਕ ਨਸ਼ਿਆਂ ਦੀ ਲਪੇਟ ਵਿਚ ਹਨ। ਉਨ੍ਹਾਂ ਕਿਹਾ ਕਿ ਲੋਕ ਭਾਸ਼ਣ ਨਾਲੋਂ ਜ਼ਿਆਦਾ ਮਨੋਰੰਜਨ ਤੋਂ ਸਿੱਖਦੇ ਹਨ, ਇਸ ਲਈ ਉਨ੍ਹਾਂ ਇਸ ਫਿਲਮ ਦਾ ਨਿਰਮਾਣ ਕੀਤਾ ਹੈ। ਉਨ੍ਹਾਂ ਦੀ ਪਹਿਲੀ ਫਿਲਮ ਹੈ ਤੇ ਇਸ ਫਿਲਮ ਦੀ ਸ਼ੂਟਿੰਗ ਪੰਜਾਬ ਤੇ ਇੰਗਲੈਂਡ ਵਿਚ ਹੋਈ ਹੈ। ਹੁਣ ਪੋਸਟ ਪ੍ਰੋਡਕਸ਼ਨ ਦਾ ਕੰਮ ਚੱਲ ਰਿਹਾ ਹੈ। ਫਿਲਮ ਦਾ ਮੁੱਖ ਅਭਿਨੇਤਾ ਆਤਿਸ਼ ਰੰਡਵੇ ਹੈ। ਉਸ ਤੋਂ ਬਿਨਾਂ ਫਿਲਮ ਵਿਚ ਪੁਨੀਤ ਈਸਰ, ਸੋਨਮ ਬਾਜਵਾ ਭੂਮਿਕਾਵਾਂ ਨਿਭਾ ਰਹੇ ਹਨ। ਫਿਲਮ ਦਾ ਨਿਰਦੇਸ਼ਨ ਸਤਿਆਜੀਤ ਸੂਰੀ ਨੇ ਕੀਤਾ ਹੈ ਤੇ ਇਸ ਦੇ ਗੀਤ ਅਪਾਚੇ ਇੰਡੀਅਨ ਨੇ ਗਾਏ ਹਨ।

# ਪਰਵਾਸੀਆਂ ਦਾ ਸ਼ੋਸ਼ਣ ਰੋਕਣ ਲਈ ਸਖ਼ਤੀ

**ਸਿਡਨੀ:** ਆਸਟਰੇਲੀਆ ਵਿਚ ਪਰਵਾਸੀਆਂ ਦਾ ਸ਼ੋਸ਼ਣ ਰੋਕਣ ਉਤੇ ਇਸ ਕੰਮ ਨੂੰ ਅੰਜਾਮ ਦੇਣ ਵਾਲੇ ਵਿਰੁੱਧ ਹੋਰ ਸਖ਼ਤ ਜੁਰਮਾਨਾ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਆਸਟਰੇਲੀਆ ਵਿਚ ਖੇਤੀਬਾੜੀ, ਪੋਲਟਰੀ ਤੇ ਹੋਰ ਵਪਾਰਕ ਤੇ ਕੰਮਕਾਜੀ ਥਾਵਾਂ ਉਤੇ ਛਾਪੇ ਮਾਰੇ ਗਏ ਸਨ, ਜਿਸ ਦੌਰਾਨ ਕਈ ਬੇਨਿਯਮੀਆਂ ਸਾਹਮਣੇ ਆਈਆਂ ਸਨ। ਛਾਪੇ ਦੌਰਾਨ ਕਾਮਿਆਂ ਦਾ ਸ਼ੋਸ਼ਣ, ਵੀਜ਼ਾ, ਧੋਖਾਧੜੀ ਤੇ ਹੋਰ ਊਣਤਾਈਆਂ ਸਾਹਮਣੇ ਆਈਆਂ ਸਨ। ਆਸਟਰੇਲੀਆ ਦੇ ਉਤਪਾਦਕਤਾ ਕਮਿਸ਼ਨ ਦੇ ਚੇਅਰਮੈਨ ਪੀਟਰ ਹੈਰਿਸ ਦਾ ਕਹਿਣਾ ਹੈ ਕਿ ਪਰਵਾਸੀਆਂ ਦੇ ਸ਼ੋਸ਼ਣ ਦੀਆਂ ਵਧ ਰਹੀਆਂ ਸ਼ਿਕਾਇਤਾਂ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਬਣਦਾ ਹੈ। ਉਨ੍ਹਾਂ ਦੇ ਕੰਮਕਾਜ ਨੂੰ ਵੇਖਣ ਲਈ ਜਾਂਚ ਏਜੰਸੀਆਂ ਨੂੰ ਵੱਧ ਸਾਧਨ ਦੇਣ ਦੀ ਲੋੜ ਹੈ।

ਕਮਿਸ਼ਨ ਨੇ ਕੰਮਕਾਜੀ ਲੋਕਾਂ ਦੇ ਰੁਜ਼ਗਾਰ ਹਾਲਤਾਂ, ਤਨਖਾਹ ਤੇ ਉਦਯੋਗਿਕ ਅਦਾਰਿਆਂ ਤੇ ਸਰਕਾਰ ਲਈ ਆਮਦਨ ਸਰੋਤ ਦੇ ਸਾਧਨ ਜੁਟਾਉਣ ਬਾਰੇ ਆਪਣੀ ਖਰੜਾ ਰਿਪੋਰਟ ਤਿਆਰ ਕਰ ਲਈ ਹੈ। ਇਹ ਰਿਪੋਰਟ ਸਰਕਾਰ ਨੂੰ ਅਗਲੇ ਮਹੀਨੇ ਸੌਂਪੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੋਰਨਾਂ ਨਾਲੋਂ ਪਰਵਾਸੀਆਂ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦਰ ਨਾਲ ਪਰਵਾਸੀਆਂ ਦੀਆਂ ਕੰਮਕਾਜੀ ਥਾਵਾਂ ਉਤੇ ਸ਼ੋਸ਼ਣ ਤੇ ਘੱਟ ਤਨਖਾਹ ਦੇਣ ਦੇ ਕੇਸ ਸਾਹਮਣੇ ਆ ਰਹੇ ਹਨ, ਉਹ ਭਾਵੇਂ ਕੁਝ ਰੁਜ਼ਗਾਰ ਦਾਤਿਆਂ ਖਾਸਕਰ ਫੂਡ ਪ੍ਰੋਸੈਸਿੰਗ ਤੇ ਸਾਫ ਸਫਾਈ ਆਦਿ ਨਾਲ ਸਬੰਧਤ ਹਨ, ਪਰ ਇਨ੍ਹਾਂ ਦੀ ਜਾਂਚ ਤੇ ਆਡਿਟ ਹੋਣਾ ਚਾਹੀਦਾ ਹੈ। ਬੇਨਿਯਮੀਆਂ ਰੋਕਣ ਲਈ ਸਜ਼ਾ ਵਧਾਉਣ ਤੇ ਭਾਰੇ ਜੁਰਮਾਨੇ ਕਰਨ ਦੀ ਜ਼ਰੂਰਤ ਹੈ।



### ਕੰਮਕਾਜੀ ਥਾਵਾਂ 'ਤੇ ਸ਼ੋਸ਼ਣ ਤੇ ਘੱਟ ਤਨਖਾਹ ਦੇ ਕੇਸਾਂ 'ਚ ਵਾਧਾ

ਆਸਟਰੇਲੀਆ ਵਿਚ ਪਰਵਾਸੀਆਂ ਦੀਆਂ ਕੰਮਕਾਜੀ ਥਾਵਾਂ ਉਤੇ ਸ਼ੋਸ਼ਣ ਤੇ ਘੱਟ ਤਨਖਾਹ ਦੇਣ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਖੇਤੀਬਾੜੀ, ਪੋਲਟਰੀ ਤੇ ਹੋਰ ਵਪਾਰਕ ਤੇ ਕੰਮਕਾਜੀ ਥਾਵਾਂ ਉਤੇ ਮਾਰੇ ਗਏ ਛਾਪਿਆਂ ਦੌਰਾਨ ਕਈ ਬੇਨਿਯਮੀਆਂ ਸਾਹਮਣੇ ਆਈਆਂ ਸਨ। ਖਾਸਕਰ ਪਰਵਾਸੀਆਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸੇ ਜਾਣਕਾਰੀ ਨੂੰ ਆਧਾਰ ਬਣਾ ਕੇ ਸਰਕਾਰ ਵੱਲੋਂ ਇਸ ਮਾਮਲੇ ਵਿਚ ਸਖ਼ਤੀ ਕਰਨ ਦੀ ਤਿਆਰੀ ਕੀਤੀ ਗਈ ਹੈ। ਉੱਧਰ ਕਮਿਸ਼ਨ ਦੀ ਰਿਪੋਰਟ ਵਿਚ ਸਿਹਤ ਸੇਵਾਵਾਂ ਤੇ ਪਰਚੂਨ ਉਦਯੋਗ ਵਿਚ ਕੰਮ ਕਰਦੇ ਵਰਕਰਾਂ ਨੂੰ ਐਤਵਾਰ ਵਾਲੇ ਦਿਨ ਕੰਮ ਕਰਨ ਬਦਲੇ ਮਿਲਦੇ ਭੱਤੇ ਵਿਚ ਕਟੌਤੀ ਕਰਕੇ ਸ਼ਨਿਚਰਵਾਰ ਜਿੰਨਾ ਹੀ ਭੱਤਾ ਦੇਣ ਬਾਰੇ ਕਿਹਾ ਗਿਆ ਹੈ। ਟਰੇਡ ਯੂਨੀਅਨਾਂ ਤੇ ਵਿਰੋਧੀ ਧਿਰ ਲੇਬਰ ਪਾਰਟੀ ਤੇ ਹੋਰਨਾਂ ਪਾਰਟੀਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ। ਇਸ ਨੂੰ ਚਾਲੀ ਲੱਖ ਕਾਮਿਆਂ ਨਾਲ ਧੱਕਾ ਕਰਾਰ ਦਿੱਤਾ ਹੈ।

# ਕਿਸਾਨੀ ਨੂੰ ਬੜਾ ਮਹਿੰਗਾ ਪਿਆ ਬਦਲਵੀਂ ਖੇਤੀ ਦਾ ਨਾਅਰਾ



**ਚੰਡੀਗੜ੍ਹ:** ਪੰਜਾਬ ਵਿਚ ਰਵਾਇਤੀ ਫਸਲਾਂ (ਕਣਕ-ਝੋਨਾ) ਤੋਂ ਖਹਿੜਾ ਛੁਡਾਉਣ ਲਈ ਵਿੱਢੀ ਮੁਹਿੰਮ ਸੂਬੇ ਦੇ ਕਿਸਾਨਾਂ ਨੂੰ ਬੜੀ ਮਹਿੰਗੀ ਪਈ ਹੈ। ਸਰਕਾਰ ਦੇ ਆਖੇ ਲੱਗ ਕੇ ਫਸਲੀ ਵੰਨ-ਸਵੰਨਤਾ ਅਪਣਾਉਣ ਵਾਲੇ ਕਿਸਾਨਾਂ ਨੂੰ ਹੁਣ ਇਹ ਫਸਲਾਂ ਵੇਚਣ ਦੀ ਚਿੰਤਾ ਸਤਾ ਰਹੀ ਹੈ। ਮੰਡੀ ਦਾ ਪ੍ਰਬੰਧ ਨਾ ਹੋਣ ਕਾਰਨ ਵਪਾਰੀ ਕਿਸਾਨਾਂ ਦੀ ਖੁੱਲ੍ਹ ਕੇ ਛਿੱਲ ਲਾਹ ਰਹੇ ਹਨ। ਆਲੂ ਦੀ ਫਸਲ ਨੇ ਕਿਸਾਨਾਂ ਨੂੰ ਸਭ ਤੋਂ ਵੱਧ ਰਗੜਾ ਲਾਇਆ ਹੈ। ਆਲੂ ਹੋਲਸੇਲ ਵਿਚ 2-3 ਰੁਪਏ ਕਿੱਲੋ ਵਿਕ ਰਿਹਾ ਹੈ ਤੇ ਅੱਕੇ ਕਿਸਾਨ ਸੜਕਾਂ 'ਤੇ ਮੁਫਤ ਆਲੂ ਵੰਡਣ ਲਈ ਮਜਬੂਰ ਹੋ ਗਏ ਹਨ। ਗੰਨੇ ਦੀ ਖੇਤੀ ਕਰਨ ਵਾਲੇ ਕਿਸਾਨ ਵੀ ਫਿਕਰਾਂ ਵਿਚ ਹਨ। ਸੂਬੇ ਦੀਆਂ ਨਿੱਜੀ ਖੰਡ ਮਿੱਲਾਂ ਵੱਲੋਂ ਗੰਨੇ ਦੀ ਖਰੀਦ ਤੋਂ ਕੋਰਾ ਜਵਾਬ ਦੇ ਦਿੱਤਾ ਹੈ। ਬੇਸ਼ੱਕ ਸਰਕਾਰ ਵੱਲੋਂ ਮਿੱਲਾਂ ਨੂੰ ਪੱਤਰ ਜਾਰੀ ਕਰਕੇ ਖਰੀਦ ਦੀਆਂ ਹਦਾਇਤਾਂ ਕੀਤੀਆਂ ਹਨ ਪਰ ਇਸ ਦੇ ਬਾਵਜੂਦ ਖਰੀਦ ਦੀ ਕੋਈ ਸੰਭਾਵਨਾ ਨਹੀਂ ਹੈ।

ਵੱਡੀ ਤਰਾਸਦੀ ਇਹ ਹੈ ਕਿ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਵਿਚ ਕਣਕ-ਝੋਨੇ ਦੇ ਵਧੀਆ ਬਦਲ ਵਜੋਂ ਸਿੱਧ ਹੋ ਰਹੀ ਗੰਨੇ ਦੀ ਫ਼ਸਲ ਦੇ ਮੰਡੀਕਰਨ ਤੇ ਮਿੱਲਾਂ ਦੇ ਖਰਚੇ/ਕਮਾਈ ਨੂੰ ਤਰਕਸੰਗਤ ਬਣਾਉਣ ਲਈ ਕੋਈ ਵੀ ਠੋਸ ਨੀਤੀ ਨਹੀਂ ਬਣਾਈ ਜਾ ਸਕੀ, ਜਿਸ ਕਾਰਨ ਸਰਕਾਰ ਦੇ ਆਖੇ ਲੱਗਣ ਵਾਲੇ ਕਿਸਾਨਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਇਸ ਸਮੇਂ ਪੰਜਾਬ ਅੰਦਰ ਕੁੱਲ 16 ਖੰਡ ਮਿੱਲਾਂ ਹਨ, ਜਿਨ੍ਹਾਂ ਵਿਚੋਂ ਗੁਰਦਾਸਪੁਰ, ਬਟਾਲਾ, ਅਜਨਾਲਾ, ਫਾਜ਼ਿਲਕਾ, ਨਕੋਦਰ, ਭੋਗਪੁਰ, ਨਵਾਂ ਸ਼ਹਿਰ, ਮੋਰਿੰਡਾ ਤੇ ਬੁੱਢੇਵਾਲ ਵਿਖੇ ਨੌਂ ਮਿੱਲਾਂ ਸਹਿਕਾਰੀ ਹਨ ਜਦੋਂ ਕਿ ਬੁੱਟਰ ਸੀਵੀਆ, ਧੂਰੀ, ਫਗਵਾੜਾ, ਦਸੂਹਾ, ਮੁਕੇਰੀਆਂ, ਅਮਲੋਹ ਤੇ ਕੀੜੀ ਅਫਗਾਨਾ ਵਿਖੇ ਚੱਲ ਰਹੀਆਂ ਸੱਤ ਮਿੱਲਾਂ ਨਿੱਜੀ ਹਨ। ਇਨ੍ਹਾਂ ਵਿਚੋਂ ਹਰੇਕ ਨਿੱਜੀ ਮਿੱਲ ਦੀ ਸਮਰੱਥਾ ਪ੍ਰਤੀ ਦਿਨ ਸੱਤ ਹਜ਼ਾਰ ਟਨ ਗੰਨਾ ਪੀੜਨ ਦੀ ਹੈ, ਜਦੋਂ ਕਿ ਸਹਿਕਾਰੀ ਮਿੱਲਾਂ ਵਿਚੋਂ ਅਜਨਾਲਾ, ਨਵਾਂ ਸ਼ਹਿਰ ਤੇ ਮੋਰਿੰਡਾ ਦੀ ਸਮਰੱਥਾ 2500 ਟਨ, ਬਟਾਲਾ ਦੀ 1500 ਟਨ ਤੇ ਫਾਜ਼ਿਲਕਾ, ਨਕੋਦਰ, ਭੋਗਪੁਰ ਤੇ ਬੁੱਢੇਵਾਲ ਮਿੱਲਾਂ ਦੀ ਸਮਰੱਥਾ ਰੋਜ਼ਾਨਾ ਸਿਰਫ਼ 1000 ਟਨ ਗੰਨਾ ਪੀੜਨ ਦੀ ਹੈ। ਇਸ ਤਰ੍ਹਾਂ ਪੰਜਾਬ ਅੰਦਰ ਮੌਜੂਦ ਸੱਤ ਨਿੱਜੀ ਮਿੱਲਾਂ ਗੰਨੇ ਦੀ ਪਿੜਾਈ ਨੂੰ ਵੱਡੇ ਪੱਧਰ ਉਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀਆਂ ਹਨ। ਪੰਜਾਬ ਅੰਦਰ ਸਾਲ 2013-14 ਦੌਰਾਨ 96000 ਹੈਕਟੇਅਰ ਰਕਬਾ ਗੰਨੇ ਹੇਠ ਸੀ, ਜਦੋਂ ਕਿ ਪਿਛਲੇ ਸਾਲ ਇਹੀ ਰਕਬਾ ਇਕ ਲੱਖ 24 ਹਜ਼ਾਰ ਹੈਕਟੇਅਰ ਤੱਕ ਪਹੁੰਚ ਚੁੱਕਾ ਸੀ। 2015-16 ਸੀਜ਼ਨ ਲਈ ਸਤੰਬਰ-ਅਕਤੂਬਰ ਤੇ ਫਰਵਰੀ-ਮਾਰਚ ਮਹੀਨਿਆਂ ਵਿਚ ਬੀਜੇ ਗੰਨੇ ਦਾ ਕੁੱਲ ਰਕਬਾ ਮਿਲਾ ਕੇ ਇਸ ਮੌਕੇ ਪੰਜਾਬ ਅੰਦਰ ਇਕ ਲੱਖ 28 ਹਜ਼ਾਰ ਹੈਕਟੇਅਰ ਗੰਨਾ ਖੇਤਾਂ ਵਿਚ ਹੈ, ਜਿਸ ਦੀ ਪਿੜਾਈ ਦਾ ਕੰਮ ਨਵੰਬਰ-ਦਸੰਬਰ ਤੋਂ ਸ਼ੁਰੂ ਹੋਣਾ ਹੈ। ਇਸ ਵਿਚੋਂ 54 ਹਜ਼ਾਰ 885 ਹੈਕਟੇਅਰ ਗੰਨਾ ਨੌਂ ਸਹਿਕਾਰੀ ਮਿੱਲਾਂ ਅਧੀਨ ਹੈ, ਜਦੋਂ ਕਿ 73 ਹਜ਼ਾਰ 300 ਹੈਕਟੇਅਰ ਦੇ ਤਕਰੀਬਨ ਰਕਬਾ ਸੱਤ ਨਿੱਜੀ ਮਿੱਲਾਂ ਨੇ ਪੀੜਨਾ ਹੈ। ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਰਕਬਾ (17 ਹਜ਼ਾਰ ਹੈਕਟੇਅਰ) ਦਸੂਹਾ ਮਿੱਲ ਅਧੀਨ ਹੈ, ਜਦੋਂ ਕਿ ਕੀੜੀ ਅਫਗਾਨਾ ਅਧੀਨ 10500, ਮੁਕੇਰੀਆਂ ਅਧੀਨ 12500, ਬੁੱਟਰ ਅਧੀਨ 10000, ਫਗਵਾੜਾ ਅਧੀਨ 8500, ਅਮਲੋਹ ਅਧੀਨ 8000 ਤੇ ਧੂਰੀ ਅਧੀਨ 6600 ਹੈਕਟੇਅਰ ਰਕਬਾ ਹੈ ਪਰ ਨਿੱਜੀ ਮਿੱਲਾਂ ਨੇ ਜਨਤਕ ਤੌਰ ਉਤੇ ਇਸ਼ਤਿਹਾਰ ਜਾਰੀ ਕਰਕੇ ਇਸ ਸਾਲ ਇਹ ਗੰਨਾ ਖਰੀਦਣ ਤੋਂ ਅਸਮਰੱਥਾ ਜ਼ਾਹਿਰ ਕਰ ਦਿੱਤੀ ਹੈ, ਜਿਸ ਕਾਰਨ ਸਿੱਧੇ ਤੌਰ ਉਤੇ 73 ਹਜ਼ਾਰ ਹੈਕਟੇਅਰ ਦੇ ਕਰੀਬ ਰਕਬੇ ਨਾਲ ਸਬੰਧਤ ਕਿਸਾਨਾਂ ਨੂੰ ਹੁਣ ਤੋਂ ਹੀ ਫ਼ਸਲ ਦੇ ਮੰਡੀਕਰਨ ਬਾਰੇ ਚਿੰਤਾ ਪੈਦਾ ਹੋ ਗਈ ਹੈ।

### ਕਿਸਾਨਾਂ ਦਾ ਕਰੋੜਾਂ ਰੁਪਏ ਮਿੱਲਾਂ ਵੱਲ ਬਕਾਇਆ

ਹਰ ਸਾਲ ਘਾਟੇ ਵਿਚ ਜਾ ਰਹੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਪੈਰਾਂ ਉਤੇ ਲਿਆਉਣ ਤੇ ਕਿਸਾਨਾਂ ਦੀ ਸਮੇਂ ਸਿਰ ਅਦਾਇਗੀ ਕਰਨ ਲਈ ਸਰਕਾਰ ਨੇ 2013-14 ਦੌਰਾਨ ਇਨ੍ਹਾਂ 9 ਮਿੱਲਾਂ ਨੂੰ 196 ਕਰੋੜ ਰੁਪਏ ਜਾਰੀ ਕੀਤੇ ਸਨ, ਜਦੋਂ ਕਿ 2014-15 ਲਈ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਸੀ ਪਰ ਅਜੇ ਤੱਕ ਇਸ ਰਾਸ਼ੀ ਵਿਚੋਂ ਸਰਕਾਰ ਨੇ 50-50 ਕਰੋੜ ਰੁਪਏ ਦੀਆਂ ਤਿੰਨ ਕਿਸ਼ਤਾਂ ਰਾਹੀਂ ਸਿਰਫ਼ 150 ਕਰੋੜ ਰੁਪਏ ਜਾਰੀ ਕੀਤੇ ਹਨ, ਜਿਸ ਕਾਰਨ ਗੰਨਾ ਕਾਸ਼ਤਕਾਰਾਂ ਦੇ ਤਕਰੀਬਨ 180 ਕਰੋੜ ਰੁਪਏ ਅਜੇ ਵੀ ਸਹਿਕਾਰੀ ਮਿੱਲਾਂ ਵੱਲ ਬਕਾਇਆ ਪਏ ਹਨ। ਦੂਜੇ ਪਾਸੇ ਨਿੱਜੀ ਖੰਡ ਮਿੱਲਾਂ ਨੂੰ ਇਸ ਘਾਟੇ ਵਿਚੋਂ ਕੱਢਣ ਲਈ ਸੂਬਾ ਸਰਕਾਰ ਵੱਲੋਂ ਕੋਈ ਵੀ ਰਾਹਤ ਨਹੀਂ ਦਿੱਤੀ ਜਾ ਰਹੀ।

## ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਵਿਚ ਪੰਜਾਬ ਦੇਸ਼ ਵਿਚੋਂ ਦੂਜੀ ਥਾਂ 'ਤੇ



**ਲੁਧਿਆਣਾ:** ਸੜਕਾਂ ਉਤੇ ਘੁੰਮਦੇ ਆਵਾਰਾ ਪਸ਼ੂਆਂ ਕਾਰਨ ਵਾਪਰਦੇ ਖਤਰਨਾਕ ਹਾਦਸਿਆਂ ਤੇ ਨਸ਼ਿਆਂ ਦੀ ਓਵਰਡੋਜ਼ ਕਾਰਨ ਹੁੰਦੀਆਂ ਮੌਤਾਂ ਦੇ ਮਾਮਲੇ ਵਿਚ ਪੰਜਾਬ ਦੀ ਸਥਿਤੀ ਬਹੁਤ ਚਿੰਤਾਜਨਕ ਹੁੰਦੀ ਜਾ ਰਹੀ ਹੈ, ਕਿਉਂਕਿ ਪੰਜਾਬ ਇਨ੍ਹਾਂ ਮਾਮਲਿਆਂ ਵਿਚ ਦੇਸ਼ ਦਾ ਸਭ ਤੋਂ ਵੱਧ ਖਤਰਨਾਕ ਸੂਬਾ ਬਣ ਚੁੱਕਾ ਹੈ। ਆਵਾਰਾ ਪਸ਼ੂਆਂ ਵਾਲੇ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਪੱਖੋਂ ਭਾਵੇਂ ਪੰਜਾਬ ਦੇਸ਼ ਵਿਚੋਂ ਤੀਜੇ ਤੇ ਨਸ਼ਿਆਂ ਦੀ ਓਵਰਡੋਜ਼ ਦੇ ਮਾਮਲੇ ਵਿਚ ਦੂਜੇ ਸਥਾਨ ਉਤੇ ਹੈ ਪਰ ਜੇਕਰ ਦੂਜੇ ਸੂਬਿਆਂ ਦੇ ਖੇਤਰਫਲ ਤੇ ਆਬਾਦੀ ਦੇ ਅਨੁਪਾਤ ਦੇ ਲਿਹਾਜ ਨਾਲ ਵੇਖੀਏ ਤਾਂ ਪੰਜਾਬ ਦੀ ਸਥਿਤੀ ਇਨ੍ਹਾਂ ਸੂਬਿਆਂ ਨਾਲੋਂ ਕਈ ਗੁਣਾ ਵੱਧ ਗੰਭੀਰ ਹੈ, ਕਿਉਂਕਿ ਪੰਜਾਬ ਦੇ ਬਹੁਤੇ ਨਸ਼ਈਆਂ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੀ ਓਵਰਡੋਜ਼ ਨਾਲ ਹੋਈ ਮੌਤ ਨੂੰ ਪੁਲਿਸ ਕੋਲ ਦਰਜ ਹੀ ਨਹੀਂ ਕਰਾਉਂਦੇ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਪਿਛਲੇ ਵਰ੍ਹੇ ਦੇਸ਼ ਭਰ ਦੀਆਂ ਸੜਕਾਂ ਉਤੇ ਅਵਾਰਾ ਪਸ਼ੂਆਂ ਕਾਰਨ ਸਭ ਤੋਂ ਵੱਧ ਹਾਦਸੇ ਤੇ ਮੌਤਾਂ ਉੱਤਰ ਪ੍ਰਦੇਸ਼ ਵਿਚ ਹੋਈਆਂ ਹਨ। ਉੱਤਰ ਪ੍ਰਦੇਸ਼ ਵਿਚ 309 ਅਜਿਹੇ ਹਾਦਸਿਆਂ ਵਿਚ 208 ਮੌਤਾਂ ਹੋਈਆਂ ਹਨ। ਦੂਜੇ ਨੰਬਰ ਉਤੇ ਆਂਧਰਾ ਤੋਂ ਵੱਖ ਹੋਇਆ ਤੇਲੰਗਾਨਾ ਰਾਜ ਹੈ, ਜਿਥੇ ਆਵਾਰਾ ਪਸ਼ੂਆਂ ਕਾਰਨ ਹੋਏ 381 ਹਾਦਸਿਆਂ ਵਿਚ 427 ਬੰਦੇ ਜ਼ਖ਼ਮੀ ਹੋਏ ਤੇ 181 ਮੌਤ ਦੇ ਮੂੰਹ ਜਾ ਪਏ। ਪੰਜਾਬ ਵਿਚ 157 ਹਾਦਸੇ ਆਵਾਰਾ ਪਸ਼ੂਆਂ ਕਾਰਨ ਵਾਪਰੇ ਜਿਨ੍ਹਾਂ ਵਿਚ 121 ਮੌਤਾਂ ਹੋਈਆਂ ਤੇ 106 ਬੰਦੇ ਜ਼ਖ਼ਮੀ ਹੋਏ ਹਨ। ਤਾਮਿਲਨਾਡੂ ਵਿਚ ਵੀ 121 ਜਦਕਿ ਮਹਾਂਰਾਸ਼ਟਰ ਤੇ ਬਿਹਾਰ ਵਿਚ ਪਸ਼ੂਆਂ ਕਾਰਨ ਵਾਪਰੇ ਹਾਦਸਿਆਂ ਵਿਚ 100-100 ਬੰਦਿਆਂ ਦੀਆਂ ਜਾਨਾਂ ਗਈਆਂ ਹਨ।

ਨਸ਼ਿਆਂ ਦੀ ਓਵਰਡੋਜ਼ ਕਾਰਨ ਪਿਛਲੇ ਵਰ੍ਹੇ ਦੇਸ਼ ਭਰ ਵਿਚ ਕੁੱਲ 811 ਮੌਤਾਂ ਪੁਲਿਸ ਰਿਕਾਰਡ ਵਿਚ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ 205 ਤਾਮਿਲਨਾਡੂ ਤੇ 186 ਪੰਜਾਬ ਵਿਚ ਹੋਈਆਂ ਹਨ। ਹਰਿਆਣਾ ਵਿਖੇ 76 ਤੇ ਕੇਰਲਾ ਵਿਚ ਹੋਈਆਂ 64 ਮੌਤਾਂ ਤੋਂ ਇਲਾਵਾ ਦੇਸ਼ ਦੇ ਕਿਸੇ ਵੀ ਸੂਬੇ ਵਿਚ 2014 ਦੌਰਾਨ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਦਾ ਅੰਕੜਾ 40 ਤੋਂ ਵੱਧ ਨਹੀਂ ਹੈ।

## ਜਗਮੀਤ ਸਿੰਘ ਬਰਾੜ ਦੀ ਘਰ ਵਾਪਸੀ



**ਨਵੀਂ ਦਿੱਲੀ:** ਕਾਂਗਰਸ ਵਿਚੋਂ ਮੁਅੱਤਲ ਕੀਤੇ ਗਏ ਸੀਨੀਅਰ ਕਾਂਗਰਸੀ ਨੇਤਾ ਤੇ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਮੁੜ ਕਾਂਗਰਸ ਵਿਚ ਸ਼ਾਮਿਲ ਹੋ ਗਏ ਤੇ ਸੋਨੀਆ ਗਾਂਧੀ ਨੇ ਉਨ੍ਹਾਂ ਦੀ ਮੁਅੱਤਲੀ ਰੱਦ ਕਰ ਦਿੱਤੀ। ਜਨਵਰੀ, 2015 ਵਿਚ ਕਾਂਗਰਸ ਤੋਂ ਵੱਖ ਹੋਏ ਸ. ਬਰਾੜ ਦੇ ਭਾਜਪਾ ਵਿਚ ਸ਼ਾਮਲ ਹੋਣ ਦੇ ਕਿਆਸ ਲਾਏ ਜਾ ਰਹੇ ਸਨ ਪਰ ਉਨ੍ਹਾਂ ਪੇਸ਼ੀਨਗੋਈਆਂ ਨੂੰ ਖਾਰਜ ਕਰਦਿਆਂ ਬਰਾੜ ਉਸੇ ਪਾਰਟੀ ਵਿਚ ਮੁੜ ਸ਼ਾਮਲ ਹੋ ਗਏ ਹਨ, ਜਿਥੇ ਉਨ੍ਹਾਂ ਨੇ ਤਕਰੀਬਨ 35 ਸਾਲ ਵੱਖ-ਵੱਖ ਅਹੁਦਿਆਂ ਉਤੇ ਕੰਮ ਕੀਤਾ ਸੀ।

ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਸ. ਬਰਾੜ ਦੀ ਕਾਂਗਰਸ ਵਿਚੋਂ ਸੰਖੇਪ ਮੁਅੱਤਲੀ ਲਈ ਆਪਸੀ ਗਲਬਾਤ ਦੀ ਘਾਟ ਕਾਰਨ ਉਪਜੇ ਹਾਲਾਤਾਂ ਨੂੰ ਜ਼ਿੰਮੇਵਾਰ ਠਹਿਰਾਇਆ। ਸ੍ਰੀ ਸ਼ਕੀਲ ਅਹਿਮਦ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਪ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਹੁਣ ਸਭ ਕੁਝ ਠੀਕ ਹੋ ਗਿਆ ਹੈ।

ਦੱਸਣਯੋਗ ਹੈ ਕਿ ਸਾਬਕਾ ਸੰਸਦ ਮੈਂਬਰ ਸ. ਬਰਾੜ ਪਿਛਲੇ ਕੁਝ ਦਿਨਾਂ ਤੋਂ ਰਾਜਧਾਨੀ ਦਿੱਲੀ ਵਿਚ ਹੀ ਸਨ। ਹਲਕਿਆਂ ਮੁਤਾਬਕ ਇਸ ਦੌਰਾਨ ਉਹ ਕਾਂਗਰਸ ਨੇਤਾਵਾਂ ਨਾਲ ਸੰਪਰਕ ਵਿਚ ਹਨ। ਸ੍ਰੀ ਸ਼ਕੀਲ ਅਹਿਮਦ ਨੇ ਦੱਸਿਆ ਕਿ ਸ. ਬਰਾੜ ਨੇ ਇਸ ਹਫ਼ਤੇ ਹੀ ਆਪਣਾ ਪੱਖ ਪਾਰਟੀ ਹਾਈਕਮਾਨ ਅੱਗੇ ਰੱਖਿਆ ਸੀ, ਜਿਸ ਪਿੱਛੋਂ ਉਨ੍ਹਾਂ ਦੀ ਵਾਪਸੀ ਦਾ ਰਾਹ ਪੱਧਰਾ ਹੋ ਗਿਆ ਸੀ। ਪਾਰਟੀ ਵਿਰੋਧੀ ਬਿਆਨਾਂ ਕਾਰਨ ਸ. ਬਰਾੜ ਨੂੰ 14 ਅਗਸਤ, 2014 ਨੂੰ ਸਾਬਕਾ ਕੇਂਦਰੀ ਮੰਤਰੀ ਏ. ਕੇ. ਐਂਟਨੀ ਦੀ ਅਗਵਾਈ ਵਾਲੀ ਅਨੁਸ਼ਾਸਨ ਕਮੇਟੀ ਦੀ ਸਿਫਾਰਸ਼ ਉਤੇ ਮੁਅੱਤਲ ਕਰ ਦਿੱਤਾ ਗਿਆ ਸੀ। ਛੇ ਜਨਵਰੀ, 2015 ਨੂੰ ਸ. ਬਰਾੜ ਨੇ ਆਪਣੇ ਭਰਾ ਰਿਪਜੀਤ ਸਿੰਘ ਬਰਾੜ ਤੇ ਤਿੰਨ ਹੋਰ ਪਾਰਟੀ ਨੇਤਾਵਾਂ ਮੋਗਾ ਤੋਂ ਸਾਬਕਾ ਵਿਧਾਇਕ ਵਿਜੈ ਸਾਥੀ, ਮਾਨਸਾ ਦੇ ਮਨਜੀਤ ਸਿੰਘ ਤੇ ਮੁਕਤਸਰ ਦੇ ਗੁਰਦਾਸ ਗਿਰਧਰ ਸਮੇਤ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ. ਬਰਾੜ ਨੇ ਬਹਾਲੀ ਪਿੱਛੋਂ ਦਾਅਵਾ ਕੀਤਾ ਹੈ ਕਿ ਉਹ ਹੀ ਪੰਜਾਬ, ਵਿਸ਼ੇਸ਼ ਤੌਰ ਉਤੇ ਮਾਲਵਾ ਇਲਾਕੇ ਦੀ ਰਾਜਨੀਤੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮੁਕਾਬਲਾ ਕਰ ਸਕਦੇ ਹਨ।

## ਗਰੀਬੀ ਖਤਮ ਕਰਨ ਦਾ ਟੀਚਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿਚ ਅਗਲੇ 15 ਸਾਲ ਲਈ ਇਕ ਨਵੇਂ ਵਿਕਾਸ ਏਜੰਡੇ ਉਤੇ ਸਹਿਮਤੀ ਬਣੀ ਹੈ, ਜੋ ਗ਼ਰੀਬੀ ਤੇ ਭੁੱਖ ਖ਼ਤਮ ਕਰਨ, ਜੀਵਨ ਪੱਧਰ ਵਿਚ ਸੁਧਾਰ ਤੇ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕਰਦਾ ਹੈ। ਸਮਝੌਤੇ ਦੇ ਜਿਸ ਮਸੌਦੇ ਉਤੇ ਸਹਿਮਤੀ ਬਣੀ, ਉਸ ਵਿਚ ਕੁੱਲ 17 ਉਦੇਸ਼ ਹਨ, ਜਿਨ੍ਹਾਂ ਨਾਲ 169 ਵਿਸ਼ੇਸ਼ ਟੀਚੇ ਜੁੜੇ ਹਨ।

ਇਹ ਟੀਚੇ ਗ਼ਰੀਬੀ ਖ਼ਤਮ ਕਰਨ ਤੋਂ ਲੈ ਕੇ ਗੁਣਵੱਤਾ ਪੂਰਨ ਸਿੱਖਿਆ ਨਿਸ਼ਚਿਤ ਕਰਨ ਤੇ ਵਾਤਾਵਰਣ ਰੱਖਿਆ ਨਾਲ ਜੁੜੇ ਹਨ। ਸੰਯੁਕਤ ਰਾਸ਼ਟਰ ਸਕੱਤਰ ਜਨਰਲ ਬਾਨ ਕੀ ਮੂਨ ਨੇ ਕਿਹਾ ਕਿ ਉਹ ਕੌਮਾਂਤਰੀ ਗ਼ਰੀਬੀ ਨੂੰ ਖ਼ਤਮ ਕਰਨ ਵਾਲੀ ਪਹਿਲੀ ਪੀੜ੍ਹੀ ਬਣ ਸਕਦੇ ਹਨ। ਇਸ ਦੇ ਨਾਲ ਹੀ ਅਸੀਂ ਅਜਿਹੀ ਆਖਰੀ ਪੀੜ੍ਹੀ ਹੋ ਸਕਦੇ ਹਾਂ, ਜਿਸ ਨੇ ਜ਼ਿਆਦਾ ਦੇਰੀ ਹੋਣ ਤੋਂ ਪਹਿਲਾਂ ਗਲੋਬਲ ਵਾਰਮਿੰਗ ਦੇ ਮਾੜੇ ਪ੍ਰਭਾਵਾਂ ਨੂੰ ਰੋਕ ਲਿਆ।

# ਸਰਕਾਰੀ ਕਮਾਈ ਨੂੰ ਵੱਡਾ ਧੱਕਾ ਲਾ ਰਿਹਾ ਹੈ ਗੈਰਕਾਨੂੰਨੀ ਵਪਾਰ




**ਚੰਡੀਗੜ੍ਹ:** ਨਕਲੀ ਤੇ ਗੈਰਕਾਨੂੰਨੀ ਵਪਾਰ ਕਾਰਨ ਭਾਰਤ ਤੇ ਸੂਬਾ ਸਰਕਾਰਾਂ ਨੂੰ ਟੈਕਸ ਦੇ ਰੂਪ ਵਿਚ ਸਾਲਾਨਾ 39,239 ਕਰੋੜ ਰੁਪਏ ਦਾ ਚੂਨਾ ਲੱਗ ਰਿਹਾ ਹੈ। ਇਹ ਖੁਲਾਸਾ ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਤੇ ਕਮੇਟੀ ਅਗੇਂਸਟ ਸਮਗਲਿੰਗ ਐਂਡ ਕਾਊਂਟਰਫੀਟਿੰਗ ਐਕਟਿਵਿਟੀਜ਼ ਡੇਸਟਰਾਇੰਗ ਦਿ ਇਕੋਨਮੀ (ਕੈਸਕੇਡ) ਵੱਲੋਂ ਜਾਰੀ ਕੀਤੀ ਰਿਪੋਰਟ- 'ਗੈਰਕਾਨੂੰਨੀ ਬਾਜ਼ਾਰ-ਕੌਮੀ ਹਿੱਤ ਲਈ ਖਤਰਾ' ਰਾਹੀਂ ਹੋਇਆ ਹੈ।

ਇਸ ਮੌਕੇ ਸੰਕੇਤ ਦਿੱਤੇ ਹਨ ਕਿ ਅਤਿਵਾਦੀ ਸਰਗਰਮੀਆਂ ਲਈ ਨਕਲੀਕਰਨ ਤੇ ਪਾਇਰੇਸੀ ਆਰਥਿਕ ਸਹਾਇਤਾ ਲਈ ਵਰਦਾਨ ਸਾਬਤ ਹੋ ਰਹੀ ਹੈ। ਫਿੱਕੀ-ਕੈਸਕੇਡ ਦੇ ਸਲਾਹਕਾਰ ਤੇ ਸੈਂਟਰਲ ਬੋਰਡ ਆਫ ਐਕਸਾਇਜ਼ ਐਂਡ ਕਸਟਮਜ਼ ਦੇ ਸਾਬਕਾ ਚੇਅਰਮੈਨ ਪੀ.ਸੀ. ਝਾਅ ਤੇ ਫਿੱਕੀ-ਕੈਸਕੇਡ ਦੇ ਸਲਾਹਕਾਰ ਤੇ ਦਿੱਲੀ ਦੇ ਸਾਬਕਾ ਵਿਸ਼ੇਸ਼ ਪੁਲਿਸ ਕਮਿਸ਼ਨਰ ਦੀਪ ਚੰਦ ਵੱਲੋਂ ਜਾਰੀ ਕੀਤੀ ਨੌਂ ਖੇਤਰਾਂ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਸਾਲ 2014 ਵਿਚ ਗੈਰਕਾਨੂੰਨੀ ਬਾਜ਼ਾਰ ਕਾਰਨ ਦੇਸ਼ ਨੂੰ 39,239 ਕਰੋੜ ਰੁਪਏ ਦੇ ਕਰੀਬ ਟੈਕਸ ਦਾ ਘਾਟਾ ਸਹਿਣਾ ਪਿਆ ਹੈ। 2012 ਵਿਚ ਇਸ ਕਾਰਨ ਸਰਕਾਰ ਨੂੰ ਟੈਕਸ ਦੇ ਰੂਪ ਵਿਚ 26,190 ਕਰੋੜ ਰੁਪਏ ਚੂਨਾ ਲੱਗਾ ਸੀ।

ਰਿਪੋਰਟ ਅਨੁਸਾਰ ਨਕਲੀਕਰਨ ਤੇ ਗੈਰਕਾਨੂੰਨੀ ਵਪਾਰ ਕਾਰਨ ਸਾਲ 2012-13 ਤੋਂ ਹੁਣ ਇਹ ਨੁਕਸਾਨ 50 ਫੀਸਦੀ (13,049 ਕਰੋੜ ਰੁਪਏ) ਵਧ ਗਿਆ ਹੈ। ਇਸ ਨਾਲ ਰੈਵਨਿਊ ਦਾ ਸਭ ਤੋਂ ਵੱਧ ਨੁਕਸਾਨ ਤੰਬਾਕੂ ਉਤਪਾਦਾਂ ਵਿਚ ਕੁੱਲ ਵਪਾਰ ਦਾ 23 ਫੀਸਦੀ (9139 ਕਰੋੜ ਰੁਪਏ) ਹੋਇਆ ਹੈ। ਖਾਸ ਕਰਕੇ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਇਸ ਖੇਤਰਾਂ ਵਿਚ ਨਕਲੀ ਤੇ ਗੈਰਕਾਨੂੰਨੀ ਵਪਾਰ ਵਿਚ ਭਾਰੀ ਵਾਧਾ ਹੋਇਆ ਹੈ। ਪੰਜਾਬ ਵਿਚ ਗੈਰਕਾਨੂੰਨੀ ਸਿਗਰਟਾਂ ਤੇ ਸ਼ਰਾਬ ਦਾ ਧੰਦਾ ਦੇਸ਼ ਭਰ ਵਿਚੋਂ ਸਭ ਤੋਂ ਵੱਧ 20 ਫੀਸਦੀ ਹੋ ਰਿਹਾ ਹੈ। ਪੰਜਾਬ ਵਿਚ ਆਈ.ਐਮ.ਐਫ.ਐਲ. ਤੇ ਵਿਦੇਸ਼ੀ ਸ਼ਰਾਬ ਦੇ ਮਾਮਲੇ ਵਿਚ ਭਾਰੀ ਵਾਧਾ ਹੋ ਰਿਹਾ ਹੈ। ਰਿਪੋਰਟ ਵਿਚ ਜਾਣਕਾਰੀ ਦਿੱਤੀ ਹੈ ਕਿ ਪਿਛਲੇ 20 ਸਾਲਾਂ ਵਿਚ ਨਕਲੀਕਰਨ ਗਤੀਵਿਧੀਆਂ ਵਿਚ 100 ਫੀਸਦ ਵਾਧਾ ਹੋਇਆ ਹੈ, ਜਿਸ ਕਾਰਨ ਫਿੱਕੀ ਵੱਲੋਂ ਇਹ ਰਿਪੋਰਟ ਵਿਸ਼ੇਸ਼ ਤੌਰ ਉਤੇ ਪੰਜਾਬ ਸਰਕਾਰ ਨੂੰ ਮੁਹੱਈਆ ਕੀਤੀ ਜਾਵੇਗੀ। ਸਾਲ 2011-12 ਵਿਚ 72,969 ਕਰੋੜ ਰੁਪਏ ਸੀ ਜੋ ਸਾਲ 2013-14 ਵਿਚ ਵਧ ਕੇ 1,05,381 ਕਰੋੜ ਤੱਕ ਪੁੱਜ ਗਿਆ ਹੈ।

### ਪੰਜਾਬ ਸਿਗਰੇਟ ਤੇ ਗੈਰਕਾਨੂੰਨੀ ਸ਼ਰਾਬ ਦੇ ਧੰਦੇ ਦਾ ਗੜ੍ਹ

**ਚੰਡੀਗੜ੍ਹ:** ਫਿੱਕੀ ਤੇ ਕੈਸਕੇਡ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਨਕਲੀ ਸਿਗਰੇਟ ਤੇ ਗ਼ੈਰ-ਕਾਨੂੰਨੀ ਸ਼ਰਾਬ ਦਾ ਧੰਦਾ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲੋਂ ਵਧੇਰੇ ਵਧ-ਫੁੱਲ ਰਿਹਾ ਹੈ। ਰਿਪੋਰਟ ਮੁਤਾਬਕ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਪ੍ਰਮੁੱਖ ਉਤਪਾਦ ਖੇਤਰਾਂ ਵਿਚ ਨਕਲੀ ਤੇ ਗ਼ੈਰਕਾਨੂੰਨੀ ਵਪਾਰ ਵਿਚ ਭਾਰੀ ਵਾਧਾ ਹੋਇਆ ਹੈ। ਪੰਜਾਬ ਦੇਸ਼ ਵਿਚ ਗ਼ੈਰ-ਕਾਨੂੰਨੀ ਸਿਗਰੇਟਾਂ ਤੇ ਸ਼ਰਾਬ ਲਈ ਸਭ ਤੋਂ ਤੇਜ਼ ਵਧਦੇ ਹੋਏ ਬਾਜ਼ਾਰਾਂ ਵਿਚੋਂ ਇਕ ਬਣ ਚੁੱਕਾ ਹੈ। ਸੂਬੇ ਦੇ ਕੁੱਲ ਬਾਜ਼ਾਰ ਦੇ ਤਕਰੀਬਨ 20 ਫ਼ੀਸਦੀ ਹਿੱਸੇ ਵਿਚ ਗ਼ੈਰ-ਕਾਨੂੰਨੀ ਸਿਗਰੇਟਾਂ ਮੌਜੂਦ ਹਨ। ਪੰਜਾਬ ਵਿਚ ਪ੍ਰਮਾਣਿਤ ਸਿਗਰੇਟਾਂ ਦੀ ਸਪਲਾਈ ਵਿਚ ਤਾਂ ਭਾਵੇਂ ਕਮੀ ਆਈ ਹੈ ਪਰ ਗ਼ੈਰ-ਕਾਨੂੰਨੀ ਵਪਾਰੀਆਂ ਨੇ ਸੂਬੇ ਦੇ ਸਿਗਰਟ ਬਾਜ਼ਾਰ ਉਤੇ ਕਬਜ਼ਾ ਕਰ ਲਿਆ ਹੈ। ਜਿਥੋਂ ਤੱਕ ਪੰਜਾਬ ਵਿਚ ਸ਼ਰਾਬ ਕਾਰੋਬਾਰ ਦਾ ਸਵਾਲ ਹੈ, ਇਸ ਬਾਰੇ ਸੂਬੇ ਦਾ ਗ਼ੈਰ-ਕਾਨੂੰਨੀ ਬਾਜ਼ਾਰ ਲਗਾਤਾਰ ਵਧ-ਫੁੱਲ ਰਿਹਾ ਹੋਣ ਦੇ ਅੰਕੜੇ ਸਾਹਮਣੇ ਆਏ ਹਨ। ਖ਼ਾਸਕਰ ਆਈ.ਐਮ.ਐਫ.ਐਲ. ਤੇ ਇੰਪੋਰਟਿਡ ਸ਼ਰਾਬ ਦੇ ਮਾਮਲੇ ਵਿਚ ਇਹ ਕਾਲਾ ਬਾਜ਼ਾਰੀ ਕਿਤੇ ਵਧ ਵੇਖਣ ਨੂੰ ਮਿਲ ਰਹੀ ਹੈ।

# ਜੰਗਬਾਜ਼ ਸੋਚ ’ਤੇ ਟਿਕੀ ਹੋਈ ਹੈ ਪਾਕਿਸਤਾਨੀ ਕੂਟਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜੰਮੂ-ਸ੍ਰੀਨਗਰ ਹਾਈਵੇ ਉਤੇ ਇਸ ਹਫਤੇ ਬਾਰਡਰ ਸਕਿਓਰਟੀ ਫੋਰਸ (ਬੀ ਐਸ ਐਫ) ਦੇ ਕਾਫਲੇ ਉਤੇ ਹਮਲਾ ਕੀਤੇ ਜਾਣ ਦੀ ਘਟਨਾ ਭਾਵੇਂ ਭਾਰਤ ਵਿਚ ਹੋਈ, ਪਰ ਇਸ ਨੇ ਭਾਰਤ-ਪਾਕਿਸਤਾਨ ਸਬੰਧਾਂ ਦੀ ਬਹਿਸ ਸੰਸਾਰ ਭਰ ਵਿਚ ਇੱਕ ਵਾਰ ਫਿਰ ਤਿੱਖੀ ਕਰ ਦਿੱਤੀ ਹੈ। ਇਸ ਬਹਿਸ ਬਾਰੇ ਅਸੀਂ ਇਸ ਵੇਲੇ ਲਿਖਣਾ ਨਹੀਂ ਸੀ ਚਾਹੁੰਦੇ। ਕਾਰਨ ਇਹ ਕਿ ਦੁਵੱਲੇ ਸਬੰਧਾਂ ਉਤੇ ਵਿਚਾਰ ਦੀ ਪ੍ਰਕਿਰਿਆ ਅੱਗੇ ਵਧਾਉਣ ਲਈ ਭਾਰਤ-ਪਾਕਿ ਦੇ ਸੁਰੱਖਿਆ ਸਲਾਹਕਾਰ ਮਿਲਣ ਵਾਲੇ ਹਨ ਤੇ ਅਸੀਂ ਇਸ ਤੋਂ ਸੁਧਾਰ ਦੀ ਆਸ ਨਾ ਵੀ ਕਰੀਏ ਤਾਂ ਵਿਗਾੜ ਵਧਾਉਣ ਵਾਲੀਆਂ ਗੱਲਾਂ ਤੋਂ ਇਸ ਵੇਲੇ ਪਰਹੇਜ਼ ਕਰਨਾ ਹਰ ਸੁਹਿਰਦ ਵਿਅਕਤੀ ਦੀ ਜ਼ਿੰਮੇਵਾਰੀ ਬਣਦੀ ਹੈ। ਨਾ ਚਾਹੁੰਦੇ ਹੋਏ ਵੀ ਦੁਵੱਲੇ ਸਬੰਧਾਂ ਤੇ ਇਸ ਵਿਚ ਪਾਕਿਸਤਾਨੀ ਧਿਰ ਦੇ ਵਿਹਾਰ ਬਾਰੇ ਸਾਨੂੰ ਸਿਰਫ ਇਸ ਲਈ ਲਿਖਣਾ ਪੈ ਗਿਆ ਹੈ ਕਿ ਉਸ ਪਾਸੇ ਤੋਂ ਨਿਰੇ ਝੂਠ ਦਾ ਗੁਤਾਵਾ ਕਰ ਕੇ ਹਕੀਕਤ ਤੋਂ ਗੱਲ ਤਿਲਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਪਾਕਿਸਤਾਨ ਇੱਕ ਖੁਦਮੁਖਤਾਰ ਦੇਸ਼ ਹੈ ਤੇ ਉਸ ਦੇ ਅੰਦਰ ਦੇ ਹਾਲਾਤ ਜਿੱਦਾਂ ਦੇ ਵੀ ਹੋਣ, ਭਾਰਤ ਦੇ ਲੋਕਾਂ ਨੂੰ ਉਸ ਵਿਚ ਦਖਲ ਦੇਣ ਦਾ ਕੋਈ ਖਿਆਲ ਕਦੇ ਨਹੀਂ ਆਇਆ, ਪਰ ਉਧਰ ਵਾਲੇ ਪਾਸੇ ਤੋਂ ਕਦੀ ਕੋਈ ਮੌਕਾ ਇਹੋ ਜਿਹਾ ਸੁੱਕਾ ਨਹੀਂ ਜਾਣ ਦਿੱਤਾ ਗਿਆ। ਤਾਜ਼ਾ ਘਟਨਾ ਵੀ ਏਸੇ ਵਿਹਾਰ ਦੀ ਪ੍ਰਤੀਕ ਹੈ। ਇਸ ਹਮਲੇ ਵਿਚ ਇੱਕ ਵਾਰ ਫਿਰ ਸੱਤ ਸਾਲ ਪਹਿਲਾਂ ਦੇ ਮੁੰਬਈ ਹਮਲੇ ਵਾਂਗ ਹੀ ਇੱਕ ਅਤਿਵਾਦੀ ਜਿੰਦਾ ਫੜਿਆ ਗਿਆ ਹੈ। ਜਿਵੇਂ ਮੁੰਬਈ ਵਿਚ ਫੜੇ ਗਏ ਉਸ ਦਹਿਸ਼ਤਗਰਦ ਅਜਮਲ ਆਮਿਰ ਕਸਾਬ ਨੇ ਆਪਣੇ ਮਾਂ-ਬਾਪ ਤੇ ਪਿੰਡ ਬਾਰੇ ਸਾਰਾ ਕੁਝ ਦੱਸ ਦਿੱਤਾ ਸੀ, ਹੁਣ ਜਿੰਦਾ ਫੜੇ ਗਏ ਦਹਿਸ਼ਤਗਰਦ ਨਵੀਦ ਨੇ ਵੀ ਆਪਣੇ ਪਿਛੋਕੜ ਤੇ ਪਰਿਵਾਰ ਬਾਰੇ ਸਾਰਾ ਕੁਝ ਦੱਸ ਦਿੱਤਾ ਹੈ। ਦੂਸਰੀ ਗੱਲ ਦੋਵਾਂ ਦੀ ਇਹ ਮਿਲਦੀ ਹੈ ਕਿ ਅਜਮਲ ਕਸਾਬ ਦੇ ਮਾਂ-ਬਾਪ ਨੇ ਵੀ ਆਪਣੇ ਮੁੰਡੇ ਬਾਰੇ ਮੰਨ ਲਿਆ ਸੀ ਤੇ ਪਾਕਿਸਤਾਨ ਸਰਕਾਰ ਮੁੱਕਰਦੀ ਰਹੀ ਸੀ। ਹੁਣ ਵਾਲੇ ਨਵੀਦ ਬਾਰੇ ਵੀ ਉਸ ਦੇ ਬਾਪ ਨੇ ਮੰਨ ਲਿਆ ਕਿ ਉਸੇ ਦਾ ਪੁੱਤਰ ਹੈ, ਪਰ ਉਥੋਂ ਦੀ ਸਰਕਾਰ ਮੁੱਕਰ ਗਈ ਹੈ। ਫਰਕ ਬੱਸ ਏਨਾ ਹੈ ਕਿ ਉਦੋਂ ਉਥੇ ਆਸਿਫ ਅਲੀ ਜ਼ਰਦਾਰੀ ਦਾ ਰਾਜ ਸੀ ਤੇ ਨਵਾਜ਼ ਸ਼ਰੀਫ ਮੁੱਖ ਵਿਰੋਧੀ ਆਗੂ ਸੀ, ਅੱਜ ਪਾਸੇ ਬਦਲੇ ਹੋਏ ਹਨ। ਬਹੁਤੀ ਗੰਭੀਰ ਗੱਲ ਇਹ ਹੈ ਕਿ ਜਿਹੜਾ ਨਵਾਜ਼ ਸ਼ਰੀਫ ਮੁੰਬਈ ਹਮਲੇ ਪਿੱਛੋਂ ਆਸਿਫ ਅਲੀ ਜ਼ਰਦਾਰੀ ਨੂੰ ਕਹਿੰਦਾ ਸੀ ਕਿ ਜਦੋਂ ਅਜਮਲ ਕਸਾਬ ਪਾਕਿਸਤਾਨੀ ਹੈ ਤਾਂ ਮੰਨ ਲਓ ਕਿ ਪਾਕਿਸਤਾਨੀ ਹੈ, ਉਹ ਅੱਜ ਆਪਣੀ ਸਰਕਾਰ ਵੇਲੇ ਚੁੱਪ ਵੱਟ ਗਿਆ ਹੈ।

ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਹੈ, ਸਿਰਫ ਵਿਖਾਵੇ ਦਾ ਪ੍ਰਧਾਨ ਮੰਤਰੀ। ਉਸ ਦੇਸ਼ ਦੀ ਅਸਲੀ ਸਰਕਾਰ ਉਥੋਂ ਦੀ ਫੌਜ ਅਤੇ ਖੁਫੀਆ ਏਜੰਸੀ ਚਲਾਉਂਦੀਆਂ ਹਨ। ਜਿਵੇਂ ਸਰਕਾਰਾਂ ਬਦਲ ਜਾਣ ਦੇ ਬਾਵਜੂਦ ਕਈ ਦੇਸ਼ਾਂ ਵਿਚ ਰਾਜ ਦੀ ਰੀਤ ਨਹੀਂ ਬਦਲਦੀ, ਉਥੇ ਵੀ ਪ੍ਰਧਾਨ ਮੰਤਰੀ ਬਦਲਣ ਦੇ ਬਾਵਜੂਦ ਦੇਸ਼ ਦੀ ਅਸਲੀ ਕਮਾਂਡ ਉਨ੍ਹਾਂ ਲੋਕਾਂ ਦੇ ਹੱਥ ਰਹਿੰਦੀ ਹੈ, ਜਿਨ੍ਹਾਂ ਕੋਲ ਉਸ ਦੇਸ਼ ਦੀ ਫੌਜ ਦੀ ਕਮਾਂਡ ਹੈ। ਰਾਜਸੀ ਆਗੂ ਬੱਸ ਮੋਹਰੇ ਹਨ। ਦੁਨੀਆਂ ਭਰ ਵਿਚ ਫੌਜ ਦੇ ਮੁਖੀ ਦੀ ਮਿਆਦ ਸਰਕਾਰ ਤੈਅ ਕਰਦੀ ਹੈ ਤੇ ਪਾਕਿਸਤਾਨ ਵਿਚ ਸਰਕਾਰ ਕਿੰਨੇ ਦਿਨ ਚੱਲਦੀ ਰੱਖੀ ਜਾਵੇ, ਇਹ ਫੌਜੀ ਕਮਾਂਡਰ ਦੀ ਮਰਜ਼ੀ ’ਤੇ ਨਿਰਭਰ ਹੁੰਦਾ ਹੈ। ਨਵਾਜ਼ ਸ਼ਰੀਫ ਏਸੇ ਲਈ ਚੁੱਪ ਵੱਟੀ ਬੈਠਾ ਹੈ।



ਊਧਮਪੁਰ ਵਿਚ ਬੀ ਐਸ ਐਫ ਦੇ ਕਾਫਲੇ ਉਪਰ ਹਮਲੇ ਪਿਛੋਂ ਕਾਬੂ ਕੀਤਾ ਗਿਆ ਪਾਕਿਸਤਾਨੀ ਦਹਿਸ਼ਤਪਸੰਦ ਕਾਸਿਮ ਖਾਨ ਉਰਫ ਉਸਮਾਨ ਉਰਫ ਮੁਹੰਮਦ ਨਵੀਦ ਖਾਨ

ਭਾਰਤ ਤੋਂ ਵੱਖਰਾ ਹੋ ਕੇ ਜਦੋਂ ਇਹ ਸਿਰਫ ਇੱਕ ਧਰਮ ਦੇ ਗਲਬੇ ਵਾਲਾ ਦੇਸ਼ ਬਣਿਆ ਸੀ, ਭਾਰਤ ਨੇ ਉਦੋਂ ਹੀ ਇਸ ਦੀ ਸੁੱਖ ਮੰਗਦੇ ਹੋਏ ਚੰਗੇ ਗਵਾਂਢੀ ਬਣ ਕੇ ਵੱਸਣ ਦੀ ਕਾਮਨਾ ਕਰ ਦਿੱਤੀ ਸੀ, ਪਰ ਓਧਰੋਂ ਕਦੇ ਇਹ ਸੁੱਖ ਨਹੀਂ ਮੰਗੀ ਗਈ। ਉਸ ਦੇਸ਼ ਦੀ ਨੀਤੀ ਭਾਰਤ-ਵਿਰੋਧ ਦੀ ਬੁਨਿਆਦ ਉਤੇ ਟਿਕੀ ਹੈ। ਹਰ ਲੀਡਰ ਦਾ ਖਾਸ ਸ਼ੁਗਲ ਭਾਰਤ ਦੇ ਵਿਰੁਧ ਬੋਲਣਾ ਤੇ ਹਰ ਬੰਦੂਕਬਾਜ਼ ਦਾ ਸ਼ੁਗਲ ਭਾਰਤ ਵੱਲ ਨੂੰ ਨਾਲੀ ਦਾ ਮੂੰਹ ਕਰਨਾ ਇਸ ਹੱਦ ਤੱਕ ਬਣ ਗਿਆ ਹੈ ਕਿ ਇਹ ਉਨ੍ਹਾਂ ਦੀ ਮਾਨਸਿਕਤਾ ਵਿਚ ਸ਼ਾਮਲ ਹੋ ਗਿਆ ਹੈ। ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਗੱਲਾਂ ਆਮ ਲੋਕਾਂ ਨੂੰ ਹਾਲੇ ਤੱਕ ਪਤਾ ਨਹੀਂ, ਪਰ ਉਹ ਗੱਲਾਂ ਜਾਣ ਕੇ ਉਨ੍ਹਾਂ ਨੂੰ ਹਕੀਕਤ ਦਾ ਅਹਿਸਾਸ ਹੋ ਸਕਦਾ ਹੈ।

ਸਾਨੂੰ ਉਹ ਦਿਨ ਯਾਦ ਹੈ, ਜਦੋਂ ਅੱਧੀ ਰਾਤ ਵੇਲੇ ਅਮਰੀਕਾ ਦੇ ਨੇਵੀ ਸੀਲ ਕਮਾਂਡੋ ਆਏ ਤੇ ਐਬਟਾਬਾਦ ਦੀ ਫੌਜੀ ਛਾਉਣੀ ਤੋਂ ਇੱਕ ਕਿਲੋਮੀਟਰ ਦੇ ਘੇਰੇ ਅੰਦਰ ਇੱਕ ਸ਼ਾਹੀ ਬੰਗਲੇ ਵਿਚ ਰਹਿੰਦੇ ਓਸਾਮਾ ਬਿਨ ਲਾਦੇਨ ਨੂੰ ਮਾਰ ਕੇ ਉਸ ਦੀ ਲਾਸ਼ ਵੀ ਲੈ ਗਏ ਸਨ। ਪਾਕਿਸਤਾਨ ਸਰਕਾਰ ਨੇ ਇਸ ਦੀ ਜਾਂਚ ਲਈ ਕਮਿਸ਼ਨ ਕਾਇਮ ਕੀਤਾ ਤਾਂ ਇਸ ਵਾਸਤੇ ਨਹੀਂ ਸੀ ਕੀਤਾ ਕਿ ਓਸਾਮਾ ਉਥੇ ਲੁਕ ਕੇ ਕਿਵੇਂ ਰਹਿੰਦਾ ਰਿਹਾ, ਸਗੋਂ ਇਸ ਲਈ ਕੀਤਾ ਸੀ ਕਿ ਅਮਰੀਕਾ ਨੇ ਜਿਸ ਤਰ੍ਹਾਂ ਹਮਲਾ ਕੀਤਾ ਹੈ, ਕੀ ਇਸ ਤਰ੍ਹਾਂ ‘ਕੋਈ ਹੋਰ’ ਕਰ ਸਕਦਾ ਹੈ?

ਜਾਂਚ ਕਮਿਸ਼ਨ ਦੀ ਰਿਪੋਰਟ ਦੇ ਤੱਥ ਹੋਰ ਵੀ ਰੰਗੀਲੇ ਸਨ। ਉਸ ਨੇ ਇਹ ਲਿਖਿਆ ਕਿ ਪਾਕਿਸਤਾਨ ਦੀ ਫੌਜ ਕਮਜ਼ੋਰ ਨਹੀਂ, ਹਰ ਹਮਲੇ ਨਾਲ ਸਿੱਝਣ ਦੇ ਸਮਰੱਥ ਹੈ। ਇਸ ਤਰ੍ਹਾਂ ਦਾ ਹਮਲਾ ‘ਕੋਈ’ ਕਰੇ ਤਾਂ ਬਚ ਕੇ ਨਹੀਂ ਜਾਣ ਦੇਵੇਗੀ, ਪਰ ਓਸਾਮਾ ਬਾਰੇ ਸਾਨੂੰ ਇਸ ਕਰ ਕੇ ਪਤਾ ਨਹੀਂ ਲੱਗਾ ਕਿ ਸਾਡੀ ਸਾਰੀ ਲੇਟੈਸਟ ਮਸ਼ੀਨਰੀ ਤੇ ਟੈਕਨੀਕ ਭਾਰਤੀ ਸਰਹੱਦ ਵਾਲੀ ਬਾਹੀ ਉਤੇ ਲੱਗੀ ਹੋਈ ਸੀ। ਫਿਰ ਨਤੀਜਾ ਵੀ ਇਹੋ ਕੱਢਿਆ ਕਿ ਭਾਰਤ ਵੱਲ ਬਾਹੀ ਹੋਰ ਪੱਕੀ ਕਰਨੀ ਚਾਹੀਦੀ ਹੈ। ਬਾਕੀ ਪਾਸਿਆਂ ਨੂੰ ਛੱਡ ਕੇ ਸਿਰਫ ਭਾਰਤ ਵੱਲ ਅੱਖ ਰੱਖਣ ਤੋਂ ਇੱਕ ਵਿਸ਼ੇਸ਼ ਨੀਤੀ ਦੀ ਝਲਕ ਮਿਲ ਜਾਂਦੀ ਹੈ।

ਦੂਸਰੀ ਝਲਕ ਭਾਰਤ-ਵਿਰੋਧ ਦੀ ਬੇਥੱਵ੍ਹੀ ਬਿਆਨਬਾਜ਼ੀ ਤੋਂ ਮਿਲ ਜਾਂਦੀ ਹੈ। ਭਾਰਤ ਦੀ ਸਾਇੰਸ ਦੇ ਖੇਤਰ ਵਿਚ ਤਰੱਕੀ ਨੂੰ ਦੁਨੀਆਂ ਵੀ ਮੰਨਦੀ ਹੈ। ਅਗਲੇ ਦਿਨਾਂ ਵਿਚ ਸੰਸਾਰ ਦੀ ਮਹਾਂਸ਼ਕਤੀ ਮੰਨੇ ਜਾਂਦੇ ਅਮਰੀਕਾ ਦਾ ਇੱਕ ਸੈਟੇਲਾਈਟ ਭਾਰਤ ਰਾਹੀਂ ਪੁਲਾੜ ਵਿਚ ਭੇਜਿਆ ਜਾਣਾ ਹੈ। ਇਸ ਤਰ੍ਹਾਂ ਅਮਰੀਕਾ ਨੇ ਭਾਰਤ ਦੀ ਇਸ ਸ਼ਕਤੀ ਨੂੰ ਸਿੱਧੀ ਮਾਨਤਾ ਦੇ ਦਿੱਤੀ ਹੈ। ਪਾਕਿਸਤਾਨ ਦਾ ਪ੍ਰਮਾਣੂ ਵਿਗਿਆਨੀ ਕਾਦਿਰ ਖਾਨ ਕਹਿੰਦਾ ਹੈ ਕਿ ਨਾ ਭਾਰਤ ਕੋਲ ਕੋਈ ਤਕਨੀਕ ਹੈ ਤੇ ਨਾ ਕੋਈ ਸਾਇੰਸਦਾਨ। ਕਾਦਿਰ ਕਹਿੰਦਾ ਹੈ ਕਿ ਰੂਸ ਦੇ ਦਿੱਤੇ ਮਾਲ ਨੂੰ ਭਾਰਤ ਆਪਣਾ ਆਖੀ ਜਾਂਦਾ ਹੈ। ਜਿਸ ਕਾਦਿਰ ਖਾਨ ਨੇ ਇਹ ਗੱਲ ਕਹਿ ਦਿੱਤੀ, ਆਪ ਉਸ ਨੂੰ ਉਸ ਦੇ ਦੇਸ਼ ਦੀ ਸਰਕਾਰ ਨੇ ਇਸ ਦੋਸ਼ ਹੇਠ ਕਈ ਸਾਲ ਆਪਣੇ ਘਰ ਵਿਚ ਨਜ਼ਰਬੰਦ ਰੱਖਿਆ ਸੀ ਕਿ ਉਹ ਦੇਸ਼ ਦੀ ਐਟਮੀ ਤਕਨੀਕ ਨੂੰ ਬਲੈਕ ਮਾਰਕੀਟ ਵਿਚ ਵੇਚ ਕੇ ਡਾਲਰਾਂ ਦੇ ਗੱਫੇ ਕਮਾਉਂਦਾ ਰਿਹਾ ਸੀ। ਜਿਸ ਨੇ ਆਪਣੇ ਦੇਸ਼ ਦੀ ਮਿੱਟੀ ਨਾਲ ਵਫਾ ਨਹੀਂ ਕੀਤੀ, ਉਹ ਵੀ ਭਾਰਤ ਦੀ ਭੰਡੀ ਕਰਨ ਲਈ ਊਲ-ਜਲੂਲ ਬੋਲੀ ਜਾਂਦਾ ਹੈ। ਉਸੇ ਵਰਗੇ ਹੋਰ ਕਈ ਲੋਕ ਇਸ ਤਰ੍ਹਾਂ ਬੋਲ ਰਹੇ ਹਨ। ਭਾਰਤ ਆਪਣੀ ਤਕਨੀਕ ਅਤੇ ਹੁਨਰ ਨੂੰ ਉਨ੍ਹਾਂ ਵਾਂਗ ਸੰਸਾਰ ਵਿਚ ਪੁਆੜੇ ਪਾਉਣ ਲਈ ਨਹੀਂ ਵਰਤਦਾ।

ਤੀਸਰੀ ਝਲਕ ਪਾਕਿਸਤਾਨ ਦੇ ਰੱਖਿਆ ਪ੍ਰਬੰਧਾਂ ਦੇ ਨਾਂਵਾਂ ਦੀ ਸੂਚੀ ਤੋਂ ਮਿਲ ਜਾਂਦੀ ਹੈ। ਹਰ ਦੇਸ਼ ਜਦੋਂ ਕੋਈ ਹਥਿਆਰ ਬਣਾਉਂਦਾ ਹੈ, ਉਹ ਉਸ ਦਾ ਕੋਈ ਨਾ ਕੋਈ ਨਾਂ ਰੱਖਦਾ ਹੈ। ਕਈ ਦੇਸ਼ ਖਰੀਦੇ ਹੋਏ ਹਥਿਆਰਾਂ ਵਾਸਤੇ ਵੀ ਨਾਂ ਰੱਖਦੇ ਹਨ। ਭਾਰਤ ਨੇ ਵੀ ਹਥਿਆਰਾਂ ਦੇ ਨਾਂ ਰੱਖੇ ਹੋਏ ਹਨ। ਆਪਣੀ ਇੱਕ ਮਿਜ਼ਾਈਲ ਦਾ ਨਾਂ ਭਾਰਤ ਨੇ ‘ਪ੍ਰਿਥਵੀ’, ਦੂਸਰੀ ਦਾ ਨਾਂ ‘ਨਾਗ’ ਤੇ ਤੀਸਰੀ ਦਾ ‘ਅਗਨੀ’ ਰੱਖਿਆ ਹੈ। ਏਦਾਂ ਦੇ ਨਾਂ ਹੋਰ ਵੀ ਕਈ ਹਨ। ਹਥਿਆਰ ਦਾ ਨਾਂ ਜਦੋਂ ਰੱਖਿਆ ਜਾਂਦਾ ਹੈ ਤਾਂ ਇਸ ਪਿੱਛੇ ਉਸ ਦੀ ਮਾਰ ਸਮਰੱਥਾ ਨੂੰ ਜ਼ਾਹਰ ਕਰਨ ਦੀ ਭਾਵਨਾ ਜਾਂ ਫਿਰ ਕਿਸੇ ਖਾਸ ਚੀਜ਼ ਨਾਲ ਮੋਹ ਦਾ ਪ੍ਰਗਟਾਵਾ ਕਰਨ ਦਾ ਖਿਆਲ ਵੀ ਹੋ ਸਕਦਾ ਹੈ।

ਹੁਣ ਵੇਖੋ ਪਾਕਿਸਤਾਨ ਵਿਚ ਹਥਿਆਰਾਂ ਦੇ ਨਾਂਵਾਂ ਨੂੰ। ਉਨ੍ਹਾਂ ਨੇ ਇੱਕ ਮਿਜ਼ਾਈਲ ਦਾ ਨਾਂ ‘ਬਾਬਰ’ ਰੱਖਿਆ ਸੀ, ਜਿਸ ਵਿਚੋਂ ਸ਼ਾਇਦ ਉਹ ਸਮੁੱਚੇ ਭਾਰਤ ਉਤੇ ਇਸਲਾਮੀ ਰਾਜ ਦੀ ਚੜ੍ਹਤ ਦਾ ਦੌਰ ਚੇਤੇ ਕਰਨਾ ਚਾਹੁਦੇ ਸਨ, ਭਾਵੇਂ ਭਾਰਤ ਵਿਚ ਇਸਲਾਮੀ ਰਾਜ ਬਾਬਰ ਤੋਂ ਤਿੰਨ ਸਦੀਆਂ ਪਹਿਲਾਂ ਦਾ ਮੌਜੂਦ ਸੀ। ਦੂਸਰਾ ਨਾਂ ‘ਗਜ਼ਨਵੀ’ ਰੱਖ ਲਿਆ, ਜਿਸ ਦਾ ਮਕਸਦ ਬੇਰਹਿਮ ਹਮਲਾਵਰ ਮਹਿਮੂਦ ਗਜ਼ਨਵੀ ਦਾ ਨਾਂ ਲੈ ਕੇ ਭਾਰਤੀ ਲੋਕਾਂ ਨੂੰ ਚਿੜਾਉਣਾ ਸੀ। ਫਿਰ ਇੱਕ ਮਿਜ਼ਾਈਲ ਦਾ ਨਾਂ ‘ਗੌਰੀ’ ਰੱਖ ਦਿੱਤਾ, ਜਿਹੜਾ ਮਹਿਮੂਦ ਗਜ਼ਨਵੀ ਵਾਲੇ ਗਜ਼ਨੀ ਖੇਤਰ ਤੋਂ ਆਏ ਹੋਏ ਦੂਸਰੇ ਜ਼ਾਲਮ ਹਮਲਾਵਰ ਮੁਹੰਮਦ ਗੌਰੀ ਦਾ ਨਾਂ ਲੈ ਕੇ ਖੁਸ਼ ਹੋਣ ਵਾਸਤੇ ਰੱਖਿਆ ਸੀ। ਦੋਵੇਂ ਜਣੇ ਗਜ਼ਨੀ ਤੋਂ ਆਏ ਸਨ, ਜਿਹੜੀ ਗਜ਼ਨੀ ਅੱਜ ਦੇ ਪਾਕਿਸਤਾਨ ਦੇ ਨੇੜੇ-ਤੇੜੇ ਵੀ ਨਹੀਂ। ਇੱਕ ਮਿਜ਼ਾਈਲ ਦਾ ਨਾਂ ‘ਅਬਦਾਲੀ’ ਰੱਖ ਲਿਆ ਤੇ ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਉਹ ਕੰਧਾਰ ਤੋਂ ਚੜ੍ਹਿਆ ਸੀ। ਰਹੀ ਕਸਰ ਉਦੋਂ ਕੱਢ ਦਿੱਤੀ ਗਈ, ਜਦੋਂ ਇੱਕ ਮਿਜ਼ਾਈਲ ਦਾ ਨਾਂ ਤੈਮੂਰ ਲੰਗ ਦੇ ਨਾਂ ਉਤੇ ‘ਤੈਮੂਰ ਮਿਜ਼ਾਈਲ’ ਰੱਖ ਲਿਆ। ਤੈਮੂਰ ਵੀ ਅਜੋਕੇ ਪਾਕਿਸਤਾਨ ਦਾ ਜੰਮਿਆ ਨਹੀਂ ਸੀ, ਉਜ਼ਬੇਕ ਇਲਾਕੇ ਤੋਂ ਆਇਆ ਸੀ। ਅਜੇ ਗੱਲ ਮੁੱਕੀ ਨਹੀਂ, ਇੱਕ ਹੋਰ ਮਿਜ਼ਾਈਲ ਲੁਕਵੇਂ ਤੌਰ ਉਤੇ ਬਣਾਈ ਜਾ ਰਹੀ ਹੈ ਤੇ ਉਸ ਦਾ ਨਾਂ ਤੈਮੂਰ ਲੰਗ ਦੇ ਵੱਡੇ-ਵਡੇਰੇ ਜ਼ਾਲਮ ਹਮਲਾਵਰ ‘ਹਲਾਕੂ’ ਦੇ ਨਾਂ ਉਤੇ ਰੱਖੇ ਜਾਣ ਦੀ ਤਜਵੀਜ਼ ਪਾਸ ਵੀ ਹੋ ਚੁੱਕੀ ਹੈ।

ਸਾਡੇ ਲਈ ਜਿਹੜੇ ਹਮਲਾਵਰ ਮਨੁੱਖੀ ਇਤਿਹਾਸ ਦੇ ਖਲਨਾਇਕ ਹਨ, ਉਹ ਪਾਕਿਸਤਾਨ ਲਈ ਸਿਰਫ ਭਾਰਤ ਦੇ ਵਿਰੋਧ ਕਾਰਨ ਨਾਇਕ ਸਮਝੇ ਜਾਂਦੇ ਹਨ ਤੇ ਇਹ ਸੋਚਣ ਦੀ ਲੋੜ ਨਹੀਂ ਰਹਿੰਦੀ ਕਿ ਇਨ੍ਹਾਂ ਦਾ ਪਾਕਿਸਤਾਨ ਨਾਲ ਜੰਮਣ-ਮਰਨ ਦਾ ਵੀ ਕੋਈ ਰਿਸ਼ਤਾ ਨਹੀਂ। ਭਾਰਤ ਵਿਰੋਧ ਦੀ ਇਸੇ ਮਾਨਸਿਕਤਾ ਕਾਰਨ ਪਾਕਿਸਤਾਨ ਦੇ ਹਰ ਆਗੂ, ਹਰ ਬੁੱਧੀਜੀਵੀ ਤੇ ਫੌਜ ਦੇ ਹਰ ਕਮਾਂਡਰ ਦੇ ਸਿਰ ਵਿਚ ਸਿਰਫ ਅਤੇ ਸਿਰਫ ਭਾਰਤ ਨਾਲ ਆਢਾ ਲਾਉਣ ਦਾ ਕੀੜਾ ਹਿਲਜੁਲ ਕਰਦਾ ਰਹਿੰਦਾ ਹੈ।

ਜੰਮੂ-ਕਸ਼ਮੀਰ ਵਿਚ ਕਰਵਾਇਆ ਗਿਆ ਤਾਜ਼ਾ ਹਮਲਾ ਵੀ ਭਾਰਤ ਵਿਰੋਧ ਦੀ ਇਸੇ ਭਾਵਨਾ ਵਿਚੋਂ ਨਿਕਲਿਆ ਹੈ। ਜਦੋਂ ਤੱਕ ਪਾਕਿਸਤਾਨ ਦੀ ਰਾਜਨੀਤੀ, ਪਾਕਿਸਤਾਨ ਦੇ ਬੁੱਧੀਜੀਵੀਆਂ ਤੇ ਪਾਕਿਸਤਾਨ ਦੇ ਫੌਜੀ ਕਮਾਂਡਰਾਂ ਦੇ ਸਿਰਾਂ ਵਿਚ ਇਹ ਕੀੜਾ ਕਬੱਡੀ ਖੇਡਣ ਤੋਂ ਨਹੀਂ ਹਟਦਾ, ਏਦਾਂ ਦੇ ਹਮਲੇ ਭਾਰਤ ਨੂੰ ਹੰਢਾਉਣੇ ਪੈਣਗੇ, ਜਿਸ ਦਾ ਕੋਈ ਇਲਾਜ ਨਹੀਂ ਹੋ ਸਕਦਾ। ਇੱਕ ਇਲਾਜ ਪਾਕਿਸਤਾਨ ਦੀ ਖੁਫੀਆ ਸੇਵਾ ਦੇ ਸਾਬਕਾ ਮੁਖੀ ਨੇ ਸੁਝਾ ਦਿੱਤਾ ਹੈ ਕਿ ਭਾਰਤ ਬਹੁਤਾ ਔਖਾ ਹੈ ਤਾਂ ਜੰਗ ਛੇੜਨ ਦੀ ਹਿੰਮਤ ਕਰ ਲਵੇ। ਕਿੰਨਾ ਵੀ ਔਖਾ ਹੋਵੇ, ਭਾਰਤ ਜੰਗਬਾਜ਼ੀ ਨੂੰ ਆਪਣੀ ਕੂਟਨੀਤੀ ਦਾ ਅੰਗ ਇਸ ਲਈ ਨਹੀਂ ਬਣਾਵੇਗਾ ਕਿ ਭਾਰਤੀ ਲੋਕ ਇਸ ਤਰ੍ਹਾਂ ਦੀ ਹਮਲਾਵਰੀ ਦੇ ਪੱਖ ਵਿਚ ਕਦੇ ਨਹੀਂ ਆਏ ਤੇ ਨਾ ਆ ਸਕਦੇ ਹਨ। ਪੰਜਾਬੀ ਮੁਹਾਵਰੇ ਵਾਂਗ ਦੋ ਗਵਾਂਢੀ ਦੇਸ਼ਾਂ ਦੇ ਹਾਲਾਤ ‘ਲੱਜ ਰਖੰਦਾ ਅੰਦਰ ਵੜੇ, ਮੂਰਖ ਆਖੇ ਮੈਥੋਂ ਡਰੇ’ ਨਾਲ ਮੇਲ ਖਾਂਦੇ ਜਾਪ ਰਹੇ ਹਨ।

## ਰਿੱਕੀ ਦੂਲਟ ਕਤਲ ਕੇਸ ‘ਚ ਚਾਰ ਨੂੰ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਸੰਗਰੂਰ ਦੇ ਬਹੁ-ਚਰਚਿਤ ਰਿੱਕੀ ਦੂਲਟ ਕਤਲ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਚਾਰ ਜਣਿਆਂ ਨੂੰ ਉਮਰ ਕੈਦ ਅਤੇ ਇੱਕ-ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਕੇਸ ‘ਚ ਚਾਰ ਮੁਲਜ਼ਮ ਅਜੇ ਵੀ ਫ਼ਰਾਰ ਹਨ ਜਿਨ੍ਹਾਂ ਨੂੰ ਭਗੌੜਾ ਐਲਾਨਿਆ ਜਾ ਚੁੱਕਾ ਹੈ। ਅਮਰਿੰਦਰ ਸਿੰਘ ਰਿੱਕੀ ਦੂਲਟ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਜਥੇਬੰਦਕ ਸਕੱਤਰ ਸੀ ਅਤੇ 13 ਨਵੰਬਰ, 2011 ਨੂੰ ਤੇਜ਼ਧਾਰ ਹਥਿਆਰਾਂ ਅਤੇ ਗੋਲੀਆਂ ਮਾਰ ਕੇ ਉਹਦਾ ਕਤਲ ਕਰ ਦਿੱਤਾ ਗਿਆ ਸੀ।

ਰਿੱਕੀ ਦੂਲਟ ਦੀ ਮਾਤਾ ਰਾਜਿੰਦਰ ਕੌਰ ਨੇ 14 ਨਵੰਬਰ, 2011 ਨੂੰ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿਚ ਦੱਸਿਆ ਸੀ ਕਿ 8 ਬਿੱਘੇ ਜ਼ਮੀਨ ਨੂੰ ਲੈ ਕੇ ਉਨ੍ਹਾਂ ਦਾ ਸੁਖਵਿੰਦਰ ਸਿੰਘ ਨਾਲ ਝਗੜਾ ਸੀ। ਇਸ ਸ਼ਿਕਾਇਤ ਦੇ ਆਧਾਰ ‘ਤੇ ਹੀ ਥਾਣਾ ਸਿਟੀ ਪੁਲਿਸ ਨੇ ਸੁਖਵਿੰਦਰ ਸਿੰਘ ਸੰਗਰੂਰ, ਸੁਲਤਾਨ ਸਿੰਘ ਰਾਮਗੜ੍ਹ ਸਰਦਾਰਾਂ (ਲੁਧਿਆਣਾ), ਅਮਨਦੀਪ ਸਿੰਘ ਸੰਗਰੂਰ, ਕੁਲਦੀਪ ਸਿੰਘ ਲੱਡਾ, ਅਤਰ ਸਿੰਘ ਸੰਗਰੂਰ, ਜਤਿੰਦਰ ਸਿੰਘ ਗੋਲਡੀ ਤੇ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਅਦਾਲਤ ਨੇ ਸੁਖਵਿੰਦਰ ਸਿੰਘ, ਸੁਲਤਾਨ ਸਿੰਘ, ਜਤਿੰਦਰ ਸਿੰਘ ਗੋਲਡੀ ਅਤੇ ਅਤਰ ਸਿੰਘ ਨੂੰ ਸਜ਼ਾ ਸੁਣਾਈ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 15 ਅਗਸਤ 2015*

## ਚਿੜੀਆਂ ਦਾ ਚੰਬਾ ਬੇਹਾਲ

ਸੰਗਰੂਰ ਨੇੜਲੇ ਪਿੰਡ ਕਾਲ ਬੰਜਾਰਾ ਦੀ ਘਟਨਾ ਨੇ ਪੰਜਾਬ ਨੂੰ ਫਿਰ ਝੰਜੋੜ ਸੁੱਟਿਆ ਹੈ। ਤਿੰਨ ਹਫਤਿਆਂ ਤੋਂ ਛੇੜ-ਛਾੜ ਤੋਂ ਅੱਕੀ 16 ਸਾਲਾ ਵਿਦਿਆਰਥਣ ਨੇ ਖੁਦ ਨੂੰ ਅੱਗ ਲਾ ਲਈ। ਉਸ ਦਾ ਸਰੀਰ 70-80 ਫੀਸਦੀ ਸੜ ਗਿਆ ਅਤੇ ਪੀ ਜੀ ਆਈ ਚੰਡੀਗੜ੍ਹ ਵਿਚ ਉਸ ਨੇ ਦਮ ਤੋੜ ਦਿੱਤਾ। ਮੁੱਢਲੀਆਂ ਰਿਪੋਰਟਾਂ ਮੁਤਾਬਕ ਕੁੜੀ ਨੇ ਛੇੜ-ਛਾੜ ਬਾਰੇ ਘਰੇ ਇਸ ਕਰ ਕੇ ਇਤਲਾਹ ਨਹੀਂ ਕੀਤੀ, ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਪੜ੍ਹਨ ਤੋਂ ਹੀ ਨਾ ਹਟਾ ਲਿਆ ਜਾਵੇ। ਇਹ ਖਬਰ ਵੀ ਹੈ ਕਿ ਛੇੜ-ਛਾੜ ਕਰਨ ਵਾਲਿਆਂ ਦਾ ਕੁੜੀ ਦੇ ਭਰਾ ਨਾਲ ਕੋਈ ਝਗੜਾ ਸੀ ਅਤੇ ਉਨ੍ਹਾਂ ਬਦਲੇ ਵਿਚ ਕੁੜੀ ਨੂੰ ਰੋਜ਼ ਤੰਗ ਕਰਨਾ ਸ਼ੁਰੂ ਕਰ ਦਿੱਤਾ। ਲਹਿਰਾਗਾਗਾ ਦੇ ਸਕੂਲ ਪੜ੍ਹਨ ਜਾਂਦੀ ਕੁੜੀ ਨੂੰ ਸਭ ਹੱਦਾਂ ਉਲੰਘ ਕੇ ਬੱਸ ਵਿਚੋਂ ਚੜ੍ਹਨ ਮੌਕੇ ਰੋਕ ਲਿਆ ਗਿਆ ਅਤੇ ਥੱਪੜ ਵੀ ਮਾਰਿਆ। ਇਸ ਖਿੱਚ-ਧੂਹ ਵਿਚ ਕੁੜੀ ਦੇ ਕੱਪੜੇ ਵੀ ਪਾਟ ਗਏ। ਖਬਰ ਇਹ ਵੀ ਹੈ ਕਿ ਕੁੜੀ ਦੇ ਘਰਵਾਲਿਆਂ ਨੇ ਪਹਿਲਾਂ ਪੁਲਿਸ ਨੂੰ ਇਹ ਦੱਸਿਆ ਸੀ ਕਿ ਕੁੜੀ ਨੂੰ ਅੱਗ ਰਸੋਈ ਵਿਚ ਕੰਮ ਕਰਦਿਆਂ ਲੱਗੀ ਸੀ, ਪਰ ਸੋਮਵਾਰ ਨੂੰ ਕੁੜੀ ਨੇ ਦਰਜ ਕਰਵਾਏ ਆਪਣੇ ਬਿਆਨਾਂ ਵਿਚ ਛੇੜ-ਛਾੜ ਵਾਲੀ ਸਮੁੱਚੀ ਘਟਨਾ ਬਿਆਨ ਕੀਤੀ ਹੈ। ਕੁੜੀ ਦੇ ਬਿਆਨਾਂ ਤੋਂ ਬਾਅਦ ਇਕ ਜਣੇ ਨੂੰ ਫੜ ਵੀ ਲਿਆ ਗਿਆ ਹੈ। ਹੁਣ ਘਰਵਾਲਿਆਂ ਨੇ ਤਿੰਨ ਹੋਰ ਮੁੰਡਿਆਂ ਦੇ ਨਾਂ ਵੀ ਲਏ ਹਨ। ਇਕ ਚਰਚਾ ਇਹ ਵੀ ਹੈ ਕਿ ਇਸ ਕੇਸ ਨੂੰ ਰਫਾ-ਦਫਾ ਕਰਨ ਦੀ ਕਵਾਇਦ ਵੀ ਸ਼ੁਰੂ ਹੋ ਚੁੱਕੀ ਹੈ। ਕੁੜੀ ਦਲਿਤ ਪਰਿਵਾਰ ਨਾਲ ਸਬੰਧਤ ਹੈ ਅਤੇ ਘਰਵਾਲਿਆਂ ਉਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਸ਼ਾਇਦ ਇਸੇ ਕਰ ਕੇ ਘਰਵਾਲਿਆਂ ਨੇ ਧਮਕੀ ਦਿੱਤੀ ਹੈ ਕਿ ਜੇ ਪੁਲਿਸ ਨੇ ਹੋਰ ਮੁਲਜ਼ਮਾਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਤਾਂ ਪਰਿਵਾਰ ਵੀ ਆਤਮ-ਦਾਹ ਕਰ ਲਵੇਗਾ। ਪੁਲਿਸ ਦਾ ਕਹਿਣਾ ਹੈ ਕਿ ਕੇਸ ਦੀ ਪੂਰੀ ਪੁਣ-ਛਾਣ ਕੀਤੀ ਜਾ ਰਹੀ ਹੈ, ਪੁਣ-ਛਾਣ ਤੋਂ ਬਾਅਦ ਜੇ ਲੋੜ ਲੱਗੀ ਤਾਂ ਇਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

ਜ਼ਾਹਿਰ ਹੈ ਕਿ ਇਸ ਕੇਸ ਦੀਆਂ ਤਹਿਆਂ ਫਰੋਲਣੀਆਂ ਅਜੇ ਬਾਕੀ ਹਨ, ਪਰ ਇਕ ਤੱਥ ਤਾਂ ਸਭ ਦੇ ਸਾਹਮਣੇ ਹੈ ਕਿ ਕੁੜੀ ਨੇ ਆਤਮ-ਦਾਹ ਦਾ ਯਤਨ ਕੀਤਾ ਅਤੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ ਕੁੜੀ ਦੀ ਬੇਵਸੀ ਨੇ ਹੀ ਉਸ ਨੂੰ ਇੰਨਾ ਵੱਡਾ ਕਦਮ ਉਠਾਉਣ ਲਈ ਮਜਬੂਰ ਕੀਤਾ। ਇਸ ਬੇਵਸੀ ਨੂੰ ਪਿਛਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਘਟਨਾ ਦੀਆਂ ਸਭ ਪੇਚੀਦਗੀਆਂ ਸਾਫ ਹੋਣੀਆਂ ਆਰੰਭ ਹੋ ਜਾਂਦੀਆਂ ਹਨ। ਅਸਲ ਵਿਚ ਕੁਝ ਮਾਮਲਿਆਂ ਵਿਚ ਪੰਜਾਬ ਅੱਜ ਵੀ ਮੱਧ ਯੁੱਗ ਵਿਚੋਂ ਲੰਘ ਰਿਹਾ ਪ੍ਰਤੀਤ ਹੁੰਦਾ ਹੈ। ਕੁੜੀਆਂ ਦੇ ਮਾਮਲੇ ਵਿਚ ਤਾਂ ਇਸ ਬਾਰੇ ਹੁਣ ਕੋਈ ਦੋ ਰਾਵਾਂ ਵੀ ਨਹੀਂ ਹੋਣਗੀਆਂ। ਭਰੂਣ ਹੱਤਿਆਵਾਂ ਅਤੇ ਅਖੌਤੀ ਅਣਖ ਖਾਤਰ ਕਤਲ ਮੱਧ ਯੁੱਗ ਦੇ ਵਰਤਾਰੇ ਹੀ ਤਾਂ ਹਨ। ਛੇੜ-ਛਾੜ ਇਸੇ ਵਰਤਾਰੇ ਦਾ ਲੱਛਣ ਹੈ ਜਿਹੜਾ ਬੁਰਛਾਗਰਦਾਂ ਦੇ ਵਿਹਾਰ ਤੋਂ ਸਪਸ਼ਟ ਝਲਕਦਾ ਅਕਸਰ ਦਿਖਾਈ ਦੇ ਜਾਂਦਾ ਹੈ। ਇਹ ਪੰਜਾਬ ਦੀ ਹਾਰ ਹੀ ਮੰਨੀ ਜਾਣੀ ਚਾਹੀਦੀ ਹੈ ਕਿ ਇਹ ਆਪਣੀਆਂ ਧੀਆਂ ਨੂੰ ਖੁੱਲ੍ਹਾ ਆਕਾਸ਼ ਵੀ ਮੁਹੱਈਆ ਨਹੀਂ ਕਰਵਾ ਸਕਿਆ ਹੈ। ਅਸਲ ਵਿਚ, ਕੋਈ ਵੀ ਘਟਨਾ ਹੁੰਦੀ ਹੈ ਤਾਂ ਉਸ ਉਤੇ ਮਿੱਟੀ ਪਾਉਣ ਦੀ ਕਾਰਵਾਈ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਇਸੇ ਜਾਲ ਅਤੇ ਜੰਜਾਲ ਕਰ ਕੇ ਅਗਲਾ ਕਦਮ ਪੁੱਟੇ ਜਾਣ ਤੋਂ ਪਹਿਲਾਂ ਹੀ ਪਿਛਾਂਹ ਖਿੱਚਿਆ ਜਾਂਦਾ ਹੈ। ਹਾਲ ਹੀ ਵਿਚ ਹੋਇਆ ਔਰਬਿਟ ਬੱਸ ਕਾਂਡ ਇਸ ਦੀ ਇਕ ਮਿਸਾਲ ਹੈ। ਰਸੂਖਵਾਨਾਂ ਨੂੰ ਬਚਾਉਣ ਲਈ ਪ੍ਰਸ਼ਾਸਨ, ਸੱਚ ਅਤੇ ਇਨਸਾਫ ਨੂੰ ਦਫਨ ਕਰਨ ਲਈ ਝੱਟ ਤਿਆਰ ਹੋ ਜਾਂਦਾ ਹੈ ਅਤੇ ਸਫਲ ਵੀ ਹੋ ਜਾਂਦਾ ਹੈ। ਪ੍ਰਸ਼ਾਸਨ ਦੀ ਇਸ ਝੂਠੀ ਤੇ ਫਰੇਬੀ ਸਫਲਤਾ ਵਿਚੋਂ ਹੀ ਪੰਜਾਬ ਦੀ ਹਾਰ ਦੇ ਨਕਸ਼ ਬਣਨੇ ਅਰੰਭ ਹੋ ਜਾਂਦੇ ਹਨ। ਪਤਾ ਨਹੀਂ ਅਜਿਹੇ ਕਿੰਨੇ ਕੇਸ ਹੋਣਗੇ ਜਿਹੜੇ ਪ੍ਰਸ਼ਾਸਨ ਦੀ ਇਸ ਰਫਾ-ਦਫਾ ਵਾਲੀ ਨੀਤੀ ਦੇ ਭਾਰ ਹੇਠ ਖਤਮ ਹੋ ਜਾਂਦੇ ਹਨ।

ਅੱਜ ਤੋਂ ਪੂਰੇ 18 ਸਾਲ ਪਹਿਲਾਂ ਮਹਿਲ ਕਲਾਂ ਵਿਚ ਤਕਰੀਬਨ ਇੱਦਾਂ ਦਾ ਹੀ ਕਾਰਾ ਹੋਇਆ ਸੀ। ਬੁਰਛਾਗਰਦਾਂ ਨੇ 12ਵੀਂ ਵਿਚ ਪੜ੍ਹਦੀ ਕਿਰਨਜੀਤ ਕੌਰ ਨੂੰ 29 ਜੁਲਾਈ 1997 ਨੂੰ ਅਗਵਾ ਕਰ ਲਿਆ ਸੀ। ਉਸ ਨਾਲ ਜਬਰ ਜਨਾਹ ਕਰ ਕੇ ਉਸ ਦੀ ਲਾਸ਼ ਖੇਤਾਂ ਵਿਚ ਦੱਬ ਦਿੱਤੀ ਗਈ। ਲਾਸ਼ ਭਾਰੀ ਤਰੱਦਦ ਤੋਂ ਬਾਅਦ ਆਖਰਕਾਰ 12 ਅਗਸਤ ਨੂੰ ਹੀ ਮਿਲ ਸਕੀ ਸੀ। ਇਸ ਤੋਂ ਬਆਦ ਫਿਰ ਉਹੀ ਸਿਲਸਿਲਾ ਆਰੰਭ ਹੋ ਗਿਆ। ਅਪਰਾਧੀਆਂ ਨੂੰ ਬਚਾਉਣ ਲਈ ਪੁਲਿਸ ਅਤੇ ਲੀਡਰਾਂ ਦਾ ਗਠਜੋੜ ਸਰਗਰਮ ਹੋ ਗਿਆ, ਪਰ ਲੰਮੇ ਜਥੇਬੰਦਕ ਸੰਘਰਸ਼ ਨੇ ਆਖਰਕਾਰ ਅਪਰਾਧੀਆਂ ਨੂੰ ਸਜ਼ਾਵਾਂ ਦਿਵਾਈਆਂ। ਇਹ ਸਜ਼ਾਵਾਂ ਦਿਵਾਉਣ ਲਈ ਜੋ ਕੁਰਬਾਨੀਆਂ ਦੇਣੀਆਂ ਪਈਆਂ, ਉਸ ਨਾਲ ਇਹ ਸੰਘਰਸ਼ ਬੇਮਿਸਾਲ ਹੋ ਨਿਬੜਿਆ। ਉਂਝ ਇਸ ਸੰਘਰਸ਼ ਦਾ ਇਕ ਤਕੜਾ ਪੱਖ ਇਹ ਵੀ ਰਿਹਾ ਕਿ ਕਿਰਨਜੀਤ ਕੌਰ ਦਾ ਪਿਤਾ ਸੰਘਰਸ਼ ਕਰ ਰਹੇ ਲੋਕਾਂ ਦੇ ਅੰਗ-ਸੰਗ ਰਿਹਾ ਅਤੇ ਡੋਲਿਆ ਨਹੀਂ। ਸਿੱਟੇ ਵਜੋਂ ਕੇਸ ਨੂੰ ਰਫਾ-ਦਫਾ ਜਾਂ ਕਮਜ਼ੋਰ ਕਰਨ ਦਾ ਹਰ ਹੀਲਾ ਪਛਾੜ ਦਿੱਤਾ ਗਿਆ। ਇਸ ਮਿਸਾਲੀ ਜਿੱਤ ਤੋਂ ਬਾਅਦ ਹੁਣ ਹਰ ਸਾਲ 12 ਅਗਸਤ ਨੂੰ ਕਿਰਨਜੀਤ ਕੌਰ ਦੀ ਬਰਸੀ ਮਨਾਈ ਜਾਂਦੀ ਹੈ। ਇਸ ਜਿੱਤ ਤੋਂ ਪ੍ਰੇਰਨਾ ਲੈ ਕੇ ਇਲਾਕੇ ਵਿਚ ਹੋਰ ਵੀ ਕਈ ਨਿੱਕੀਆਂ ਨਿੱਕੀਆਂ ਲੜਾਈਆਂ ਲੜੀਆਂ ਅਤੇ ਜਿੱਤੀਆਂ ਗਈਆਂ, ਭਾਵੇਂ ਮੀਡੀਆ ਵਿਚ ਇਨ੍ਹਾਂ ਬਾਰੇ ਚਰਚਾ ਬਹੁਤ ਘੱਟ ਹੋਈ ਹੈ। ਹੁਣ ਕਾਲ ਬੰਜਾਰਾ ਦੇ ਪੀੜਤ ਪਰਿਵਾਰ ਅੱਗੇ ਵੀ ਅਜਿਹੀ ਹੀ ਲੜਾਈ ਦੇ ਨਕਸ਼ ਬਣ ਰਹੇ ਹਨ। ਜੇ ਪਰਿਵਾਰ ਦੀ ਇਹ ਲੜਾਈ ਪੰਜਾਬ ਦੀ ਲੜਾਈ ਵਿਚ ਵਟਦੀ ਹੈ ਤਾਂ ਕੁੜੀਆਂ ਅੰਬਰ ਵੱਲ ਉਡਾਣ ਲਈ ਇਕ ਪੁਲਾਂਘ ਹੋਰ ਭਰਨ ਜੋਗੀਆਂ ਹੋ ਜਾਣਗੀਆਂ। ਅਜਿਹੀ ਲੜਾਈ ਲੜ ਅਤੇ ਜਿੱਤ ਕੇ ਹੀ ਪੰਜਾਬ ਅਗਲੀ ਪੁਲਾਂਘ ਭਰ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੁੱਫੜ ਵੀ ਫੇਸ ਬੁੱਕ 'ਤੇ?*

'ਹਾਈ ਫਾਈ' ਫੋਨ ਕੋਲ ਰੱਖਣਾ ਜ਼ਰੂਰ ਹੋਇਆ, ਭੋਰਾ ਨਾ ਫਿਕਰ ਭਾਵੇਂ ਸਿਰ ਚੜ੍ਹੇ ਲੋਨ ਜੀ।
ਰੱਖਦੇ ਝੁਕਾਈ ਧੌਣ ਸਾਰਾ ਦਿਨ ਇਹਦੇ ਉਤੇ, ਵਿੰਗੀ ਟੇਢੀ ਹੋ ਜੇ ਭਾਵੇਂ ਰੀੜ੍ਹ ਵਾਲੀ 'ਬੋਨ' ਜੀ।
'ਕੀ ਪੈਡ' ਉਤੇ ਨਾਚ ਉਂਗਲਾਂ ਦਾ ਹੋਈ ਜਾਵੇ, ਲਿਖਦੇ ਸੁਨੇਹੇ ਉਂਜ ਧਾਰ ਕੇ ਤੇ ਮੋਨ ਜੀ।
ਖਾਣਾ-ਪੀਣਾ ਸਾਰਾ ਕੁਝ ਛੱਡ ਭੱਜ ਉਠਦੇ ਨੇ, ਕੰਨੀਂ ਜਦੋਂ ਪੈ ਜਾਂਦੀ ਏ ਫੋਨ ਵਾਲੀ ਟੋਨ ਜੀ।
ਕਰਦੇ 'ਕੁਮੈਂਟ' ਇਹੋ, 'ਅੱਤ ਐ ਬਈ, ਸਿਰਾ ਲਾ'ਤਾ', ਮਾਰਦੇ 'ਲਾਈਕ' ਇਕ ਦੂਸਰੇ ਦੀ ਲੁੱਕ 'ਤੇ।
ਚਾਚੇ, ਤਾਏ, ਮਾਮੇ, ਭੂਆ ਕੋਈ ਪਿਛੇ ਰਿਹਾ ਹੈ ਨ੍ਹੀਂ, ਫੁੱਫੜ ਵੀ ਲੱਭਦਾ ਏ ਹੁਣ ਫੇਸ-ਬੁੱਕ 'ਤੇ।

# ਕੀ ਹੈ ਬਾਦਲਾਂ ਦਾ ਵਿਕਾਸ?

**ਬੂਟਾ ਸਿੰਘ**
ਫੋਨ: +91-94634-74342

ਅਮਰੀਕਾ ਤੇ ਕੈਨੇਡਾ ਵਿਚ ਜਦੋਂ ਅਕਾਲੀ ਆਗੂਆਂ ਨੂੰ ਪਰਵਾਸੀ ਪੰਜਾਬੀਆਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਿਆ, ਉਦੋਂ ਛਿੱਥੇ ਪਏ ਇਕ ਸੀਨੀਅਰ ਅਕਾਲੀ ਆਗੂ ਨੇ ਜੋ ਬਿਆਨ ਦਿੱਤਾ, ਉਹ ਢੀਠਤਾਈ ਦੀ ਸਿਖ਼ਰ ਸੀ। ਬਿਆਨ ਸੁਣ/ਪੜ੍ਹ ਕੇ ਕਬਰ 'ਚ ਸਦੀਵੀ ਨੀਂਦ ਸੌਂ ਰਿਹਾ ਹਿਟਲਰ ਦਾ ਸਲਾਹਕਾਰ ਪਾਲ ਜੋਸਫ਼ ਗੋਇਬਲਜ਼ ਵੀ ਤ੍ਰੱਭਕਿਆ ਹੋਵੇਗਾ ਜੋ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਦਾ ਸਰਬੋਤਮ ਮਾਹਰ ਗਿਣਿਆ ਜਾਂਦਾ ਰਿਹਾ ਹੈ। ਅਖੇ, "ਕੁਝ ਲੋਕਾਂ ਨੂੰ ਪੰਜਾਬ ਦਾ ਵਿਕਾਸ ਪਸੰਦ ਨਹੀਂ।" ਪਰਦੇਸਾਂ ਵਿਚ ਅਕਾਲੀ ਦਲ, ਦਰਅਸਲ ਅਬਦਾਲੀ ਦਲ, ਦਾ ਅਕਸ ਸੁਧਾਰਨ ਦੀ ਕਵਾਇਦ 'ਤੇ ਨਿਕਲੇ ਰਾਜਸੀ ਦੂਤਾਂ ਨੂੰ ਉਲਟੇ ਲੈਣੇ ਦੇ ਦੇਣੇ ਪੈ ਗਏ। ਗਏ ਤਾਂ ਉਹ ਪਰਵਾਸੀਆਂ ਦੀ ਹਮਾਇਤ ਜੁਟਾਉਣ ਸਨ, ਉਲਟਾ ਪਹਿਲੀ ਵੀ ਗੁਆ ਬੈਠੇ।

ਇਉਂ ਹੁੰਦਾ ਵੀ ਕਿਉਂ ਨਾ, ਵਿਕਾਸ ਅਤੇ ਇਨਸਾਫ਼ ਦੇ ਦਾਅਵੇ ਉਦੋਂ ਕੀਤੇ ਜਾ ਰਹੇ ਹਨ ਜਦੋਂ ਉਨ੍ਹਾਂ ਦੇ ਰਾਜ ਵਿਚ ਦੂਜੇ-ਤੀਜੇ ਦਿਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਰੋਜ਼ਗਾਰ ਮੰਗਦੀ ਜਵਾਨੀ ਨੂੰ 'ਪੰਥ ਰਤਨ' ਦੀ ਪੁਲਿਸ ਵਲੋਂ ਰੋਜ਼ਗਾਰ ਮੰਗਦੇ ਤੇ ਵਾਅਦਾ-ਖ਼ਿਲਾਫ਼ੀ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਬਦਲੇ ਸੜਕਾਂ ਉਪਰ ਛੱਲੀਆਂ ਵਾਂਗ ਕੁੱਟਣ ਦੀਆਂ ਖ਼ਬਰਾਂ ਰੋਜ਼ਮਰਾ ਵਰਤਾਰਾ ਹੈ। ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਸੂਰਤ ਸਿੰਘ ਖ਼ਾਲਸਾ ਦੀ ਜੱਦੋਜਹਿਦ ਵਲੋਂ ਉਠਾਏ ਸਵਾਲਾਂ ਦੇ ਵਾਜਬ ਜਵਾਬ ਦੇਣ ਦੀ ਥਾਂ ਸੱਤਾਧਾਰੀ ਧਿਰ ਵਲੋਂ ਥੋਥੀਆਂ ਸਫ਼ਾਈਆਂ ਅਤੇ ਚਤੁਰਾਈਆਂ ਦੇ ਸਿਆਸੀ ਅਸਤਰਖ਼ਾਨੇ ਵਿਚੋਂ ਨਵੇਂ-ਨਵੇਂ ਅਸਤਰ ਅਜ਼ਮਾਉਣ ਦਾ ਸਿਲਸਿਲਾ ਜ਼ੋਰਾਂ 'ਤੇ ਹੈ। ਜੇ ਬਾਦਲਕਿਆਂ ਦੇ ਸ਼ਬਦ-ਕੋਸ਼ ਵਿਚ ਪੁਲਿਸ ਤਾਕਤ ਅਤੇ ਮਾਫ਼ੀਆ ਗਰੋਹਾਂ ਦੇ ਜ਼ੋਰ ਆਪਣੀ ਕਾਰੋਬਾਰੀ ਸਲਤਨਤ ਦਾ ਧਾੜਵੀ ਵਧਾਰਾ, ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਤੇ ਕੈਂਸਰ ਦਾ ਪਸਾਰਾ ਅਤੇ ਪੌਣ-ਪਾਣੀ ਦੀ ਤਬਾਹੀ ਹੀ ਵਿਕਾਸ ਹੈ ਅਤੇ ਨਿਆਂ ਉਸੇ ਨੂੰ ਕਹਿੰਦੇ ਹਨ ਜੋ ਨਿੱਤ ਸੂਬੇ ਦੀਆਂ ਸੜਕਾਂ ਉਪਰ ਬੇਰੋਜ਼ਗਾਰਾਂ ਨੂੰ ਡਾਂਗਾਂ ਨਾਲ ਭੰਨ ਕੇ ਅਤੇ ਕੁੜੀਆਂ ਨੂੰ ਵਾਲਾਂ ਤੋਂ ਧੂਹ ਧੂਹ ਕੇ ਬੇਇੱਜ਼ਤ ਕਰ ਕੇ ਪੇਸ਼ ਕੀਤਾ ਜਾ ਰਿਹਾ ਤਾਂ ਇਸ 'ਵਿਕਾਸ' ਅਤੇ 'ਨਿਆਂ' ਨੂੰ ਕੌਣ ਪ੍ਰਵਾਨ ਕਰਨਾ ਚਾਹੇਗਾ? ਇਹ ਸਵਾਲ ਕੀਤੇ ਜਾਂਦੇ ਰਹਿਣਗੇ ਕਿ ਇਸ 'ਵਿਕਾਸ' ਵਿਚ ਕਿਸਾਨ, ਮਜ਼ਦੂਰ, ਬੇਰੋਜ਼ਗਾਰ ਨੌਜਵਾਨ, 80-85 ਸਾਲ ਦੀ ਉਮਰ 'ਚ ਕੱਖਾਂ ਦੀਆਂ ਪੰਡਾਂ ਢੋਂਹਦੀਆਂ ਮਜ਼ਦੂਰ ਔਰਤਾਂ, ਮਾਣਭੱਤੇ ਦੇ ਕੋਝੇ ਮਜ਼ਾਕ ਵਿਰੁੱਧ ਲੜ ਰਹੇ 'ਨੌਕਰੀ ਲੱਗੇ' ਮੁੰਡੇ-ਕੁੜੀਆਂ, ਸਿਆਸੀ ਪੁਸ਼ਤ-ਪਨਾਹੀ ਨਾਲ ਨਸ਼ੇ ਵੰਡ ਕੇ ਬਰਬਾਦ ਕੀਤੀ ਜਵਾਨੀ ਵਗੈਰਾ ਇਹ ਸਮਾਜ, ਬਹੁਗਿਣਤੀ ਲੋਕ ਕਿਥੇ ਹਨ? ਸਵਾਲ ਜੁੱਤੀ, ਟਮਾਟਰ, ਫਿੱਟ-ਲਾਹਣਤ, ਬੋਲ ਜਾਂ ਨਾਅਰੇ ਕਿਸੇ ਰੂਪ 'ਚ ਵੀ ਹੋਣ।

ਦੁਨੀਆਂ ਦੇ ਰੋਸ਼ਨ-ਦਿਮਾਗ ਚਿੰਤਕ ਕੋਠੇ ਚੜ੍ਹ ਕੇ ਚੀਕ ਰਹੇ ਹਨ ਕਿ ਅਜੋਕੀ ਹੁਕਮਰਾਨ ਜਮਾਤ ਨੇ ਲਫ਼ਜ਼ਾਂ ਤੋਂ ਉਨ੍ਹਾਂ ਦੇ ਅਸਲ ਮਾਇਨੇ ਖੋਹ ਕੇ ਉਨ੍ਹਾਂ ਵਿਚ ਉਲਟੇ ਮਾਇਨੇ ਭਰ ਦਿੱਤੇ ਹਨ। ਐਨ ਉਵੇਂ ਜਿਵੇਂ ਅਕਾਲੀ ਲਫ਼ਜ਼ ਤੋਂ ਇਸ ਦੇ ਅਸਲ ਮਾਇਨੇ ਖੋਹ ਕੇ ਅਖਾਉਤੀ ਪੰਥਕ ਆਗੂਆਂ ਨੇ ਇਸ ਵਿਚ ਅਬਦਾਲੀ ਦੀ ਰੂਹ ਭਰ ਦਿੱਤੀ ਹੈ। ਲਿਹਾਜ਼ਾ ਅੱਜ ਲਫ਼ਜ਼ਾਂ ਦੇ ਅਸਲ ਮਾਇਨੇ ਵਾਪਸ ਹਾਸਲ ਲੈਣਾ ਅਤੇ ਬਹਾਲ ਕਰਾਉਣਾ ਇਨਸਾਫ਼ ਤੇ ਬਰਾਬਰੀ ਦੀ ਲੜਾਈ ਦਾ ਅਨਿੱਖੜ ਹਿੱਸਾ ਹੈ। ਪੰਜਾਬ ਵਿਚ ਜਾਗਰੂਕ ਤਾਕਤਾਂ ਵਲੋਂ ਇਹ ਲੜਾਈ ਅੱਜ ਬਾਦਲਕਿਆਂ ਦੇ ਖ਼ਿਲਾਫ਼ ਲੜੀ ਜਾ ਰਹੀ ਹੈ। ਭਵਿੱਖ 'ਚ ਜੇ ਉਨ੍ਹਾਂ ਦੀ ਜਗ੍ਹਾ ਕਾਂਗਰਸ ਜਾਂ ਕੋਈ ਹੋਰ 'ਮੁੱਖਧਾਰਾ' ਸਿਆਸੀ ਪਾਰਟੀ ਸੱਤਾਧਾਰੀ ਹੁੰਦੀ ਹੈ, ਉਸ ਦੇ ਵਾਅਦੇ ਤੇ ਦਾਅਵੇ ਕੋਈ ਵੀ ਹੋਣ, ਇਹ ਲੜਾਈ ਲੋਕਾਂ ਨੂੰ ਉਨ੍ਹਾਂ ਦੇ ਖ਼ਿਲਾਫ਼ ਲੜਨੀ ਹੋਵੇਗੀ, ਕਿਉਂਕਿ ਇਹ ਲੜਾਈ ਕਿਸੇ ਖ਼ਾਸ ਪਾਰਟੀ ਵਿਰੁੱਧ ਨਾ ਹੋ ਕੇ ਸਾਲਮ 'ਵਿਕਾਸ ਮਾਡਲ' ਦੇ ਖ਼ਿਲਾਫ਼ ਹੈ ਜੋ ਸਮਾਜ ਦੇ ਬਹੁਗਿਣਤੀ ਅਵਾਮ ਦੀ ਕੀਮਤ 'ਤੇ ਕਾਰਪੋਰੇਟ ਸਰਮਾਏਦਾਰੀ, ਹੁਕਮਰਾਨ ਸਿਆਸੀ ਕੋੜਮੇ ਅਤੇ ਜ਼ਰ-ਖ਼ਰੀਦ ਨੌਕਰਸ਼ਾਹੀ ਦੇ ਨਾਪਾਕ ਗੱਠਜੋੜ ਦੇ ਖ਼ੁਦਗਰਜ਼ ਧਾੜਵੀ ਹਿੱਤਾਂ ਲਈ ਸਮਾਜ ਉਪਰ ਥੋਪਿਆ ਗਿਆ ਹੈ; ਤੇ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਲਫ਼ਜ਼ਾਂ ਦੇ ਹੇਰ-ਫੇਰ ਦੇ ਬਾਵਜੂਦ ਇਸੇ ਮਾਡਲ ਦੀਆਂ ਅਨਿੰਨ ਭਗਤ ਹਨ। ਇਹ ਮਾਡਲ ਕਿਸਾਨਾਂ ਸਮੇਤ ਹਰ ਮਿਹਨਤਕਸ਼ ਦੇ ਉਜਾੜੇ, ਬਰਬਾਦੀ ਅਤੇ ਵਿਨਾਸ਼ ਦਾ ਮਾਡਲ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪੂਰੇ ਮੁਲਕ ਵਿਚ 1995 ਤੋਂ ਲੈ ਕੇ 2014 ਤਕ 3 ਲੱਖ ਤੋਂ ਉਪਰ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਸਨ; ਹਾਲਾਂਕਿ ਕੌਮੀ ਜੁਰਮ ਰਿਕਾਰਡ ਬਿਊਰੋ ਦੀ ਕਿਸਾਨ ਦੀ ਪ੍ਰੀਭਾਸ਼ਾ 'ਚ ਵੱਡਾ ਘਾਲਾਮਾਲਾ ਹੋਣ ਕਾਰਨ ਇਸ ਅੰਕੜੇ ਦੀ ਪ੍ਰਮਾਣਿਕਤਾ ਸਵਾਲਾਂ ਦੇ ਘੇਰੇ ਵਿਚ ਹੈ ਅਤੇ ਵਿਨਾਸ਼ਕਾਰੀ ਅਸਰਾਂ ਨੂੰ ਘਟਾ ਕੇ ਪੇਸ਼ ਕਰਨ ਲਈ ਅੰਕੜਿਆਂ 'ਚ ਹੇਰਾਫੇਰੀ ਇਸ ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਦਾ ਹੀ ਹਿੱਸਾ ਹੈ (ਖੇਤੀ ਆਰਥਿਕਤਾ ਦੇ ਮਾਮਲਿਆਂ ਦਾ ਮਾਹਰ ਪੱਤਰਕਾਰ ਪੀ. ਸਾਈਨਾਥ ਇਸ ਨੂੰ 'ਖ਼ੁਦਕੁਸ਼ੀਆਂ ਦੇ ਅੰਕੜਿਆਂ ਦਾ ਕਤਲ' ਕਹਿੰਦਾ ਹੈ)। ਪੰਜਾਬ ਸਰਕਾਰ ਨੇ ਤਾਂ ਸਿਹਤ ਮਹਿਕਮੇ ਦੇ ਸਰਟੀਫਿਕੇਟ ਵਿਚੋਂ ਪਿੰਡਾਂ ਵਿਚ ਮੌਤ ਦੇ ਕਾਰਨ ਦਾ ਕਾਲਮ ਹੀ ਖ਼ਤਮ ਕਰ ਦਿੱਤਾ ਹੈ। ਦਰਅਸਲ ਇਨ੍ਹਾਂ ਖ਼ੁਦਕੁਸ਼ੀਆਂ ਦੀ ਸਹੀ ਤਾਦਾਦ ਕਿਤੇ ਜ਼ਿਆਦਾ ਹੈ। ਪੰਜਾਬ ਵਿਚ ਅੱਠ ਸਾਲਾਂ 'ਚ 6926 ਕਿਸਾਨਾਂ-ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ, ਪਰ ਸਰਕਾਰ ਨੇ ਮੁਆਵਜ਼ੇ ਦੇ ਹੱਕਦਾਰ ਸਿਰਫ਼ 2140 ਨੂੰ ਮੰਨਿਆ। ਹਰ ਸੂਬੇ 'ਚ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ। ਇਹ ਬੇਸ਼ੁਮਾਰ ਅਧਿਐਨਾਂ ਰਾਹੀਂ ਸਥਾਪਤ ਤੱਥ ਹੈ ਕਿ ਇਨ੍ਹਾਂ ਖ਼ੁਦਕੁਸ਼ੀਆਂ ਦਾ ਮੂਲ ਕਾਰਨ ਹੁਕਮਰਾਨ ਜਮਾਤ ਵਲੋਂ ਥੋਪੀਆਂ ਆਰਥਿਕ ਨੀਤੀਆਂ ਹਨ। ਇਨ੍ਹਾਂ ਦੇ ਸਿੱਟੇ ਵਜੋਂ ਛੋਟੀ ਕਿਸਾਨ ਆਰਥਿਕਤਾ ਦੇ ਫ਼ਸਲਾਂ ਦੇ ਲਾਗਤ ਖ਼ਰਚਿਆਂ ਅਤੇ ਕਿਸਾਨ ਪਰਿਵਾਰਾਂ ਦੀ ਕਮਾਈ ਦਰਮਿਆਨ ਵੱਡਾ ਪਾੜਾ ਹੋਣ ਕਾਰਨ ਉਹ ਕਰਜ਼ੇ ਦੀ ਜਿੱਲ੍ਹਣ ਵਿਚ ਇਸ ਕਦਰ ਫਸ ਚੁੱਕੀ ਹਨ ਕਿ ਉਨ੍ਹਾਂ ਅੱਗੇ ਇਸ ਵਿਚੋਂ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਇਹ ਪਾੜਾ ਘਟਣ ਦੀ ਬਜਾਏ ਵਧ ਰਿਹਾ ਹੈ। ਪੂਰੀ ਤਰ੍ਹਾਂ ਹਨੇਰੇ ਭਵਿੱਖ ਦੀ ਇਸ ਬੇਵਸੀ ਅਤੇ ਲਾਚਾਰੀ ਦੀ ਹਾਲਤ ਵਿਚ ਘਿਰੇ ਹੋਣਾ ਹੀ ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀ ਦੀ ਮੁੱਖ ਵਜ੍ਹਾ ਹੈ। ਇਸ ਹਕੀਕਤ ਤੋਂ ਮੁੱਕਰਨ ਦੀ ਮਾਹਰ ਹੁਕਮਰਾਨ ਜਮਾਤ ਅਤੇ ਉਨ੍ਹਾਂ ਦੇ ਰਖੇਲ ਬੁੱਧੀਜੀਵੀ ਸਦਾ ਹੀ ਇਸ ਮਸਲੇ ਦੇ ਦੋਮ ਕਾਰਨਾਂ ਨੂੰ ਉਛਾਲ ਕੇ ਖ਼ੁਦਕੁਸ਼ੀਆਂ ਦੇ ਮੂਲ ਅਤੇ ਮੁੱਖ ਕਾਰਨਾਂ ਨੂੰ ਘੱਟੇ ਰੋਲਣ ਦੀ ਵਾਹ ਲਾਉਂਦੇ ਹਨ। ਇਸੇ ਤਰ੍ਹਾਂ ਦਾ ਬੇਹਯਾ ਯਤਨ ਭਾਜਪਾ ਦੇ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਕੀਤਾ ਸੀ। ਉਸ ਦਾ ਬਿਆਨ ਐਨਾ ਘਿਨਾਉਣਾ ਤੇ ਬੇਹੂਦਾ ਸੀ ਕਿ ਭਗਵੇਂ ਬ੍ਰਿਗੇਡ ਦੇ ਮੀਡੀਆ ਮੈਨੇਜਰਾਂ ਨੂੰ ਉਸ ਦੀ ਸਫ਼ਾਈ ਦੇਣੀ ਪੈ ਗਈ।

> ***ਹੁਕਮਰਾਨ ਜਮਾਤ ਨੇ ਲਫ਼ਜ਼ਾਂ ਤੋਂ ਉਨ੍ਹਾਂ ਦੇ ਅਸਲ ਮਾਇਨੇ ਖੋਹ ਕੇ ਉਨ੍ਹਾਂ ਵਿਚ ਉਲਟੇ ਮਾਇਨੇ ਭਰ ਦਿੱਤੇ ਹਨ। ਐਨ ਉਵੇਂ ਜਿਵੇਂ ਅਕਾਲੀ ਲਫ਼ਜ਼ ਤੋਂ ਇਸ ਦੇ ਅਸਲ ਮਾਇਨੇ ਖੋਹ ਕੇ ਅਖਾਉਤੀ ਪੰਥਕ ਆਗੂਆਂ ਨੇ ਇਸ ਵਿਚ ਅਬਦਾਲੀ ਦੀ ਰੂਹ ਭਰ ਦਿੱਤੀ ਹੈ। ਲਿਹਾਜ਼ਾ ਅੱਜ ਲਫ਼ਜ਼ਾਂ ਦੇ ਅਸਲ ਮਾਇਨੇ ਵਾਪਸ ਹਾਸਲ ਲੈਣਾ ਅਤੇ ਬਹਾਲ ਕਰਾਉਣਾ ਇਨਸਾਫ਼ ਤੇ ਬਰਾਬਰੀ ਦੀ ਲੜਾਈ ਦਾ ਅਨਿੱਖੜ ਹਿੱਸਾ ਹੈ। ਪੰਜਾਬ ਵਿਚ ਜਾਗਰੂਕ ਤਾਕਤਾਂ ਵਲੋਂ ਇਹ ਲੜਾਈ ਅੱਜ ਬਾਦਲਕਿਆਂ ਦੇ ਖ਼ਿਲਾਫ਼ ਲੜੀ ਜਾ ਰਹੀ ਹੈ।***

ਬਾਦਲ ਸਰਕਾਰ ਦੀ ਮਲਕ ਭਾਗੋ 'ਵਿਕਾਸ' ਨੀਤੀ ਵਿਚ ਵੀ ਖੇਤੀ ਸੰਕਟ ਨੂੰ ਹੱਲ ਕਰਨ, ਆਪਣੀਆਂ ਜਾਨਾਂ ਲੈਣ ਲਈ ਮਜਬੂਰ ਭਾਈ ਲਾਲੋਆਂ ਦੀ ਜ਼ਿੰਦਗੀ ਬਚਾਉਣ ਦਾ ਸਵਾਲ ਨਾ ਸਿਰਫ਼ ਮਨਫ਼ੀ ਹੈ ਸਗੋਂ ਇਸ ਦਾ ਤੱਤ-ਨਿਚੋੜ ਹੀ ਕਿਸਾਨਾਂ ਨੂੰ ਤਬਾਹ ਤੇ ਬਰਬਾਦ ਕਰ ਕੇ ਅਤੇ ਉਨ੍ਹਾਂ ਦੇ ਗੁਜ਼ਾਰੇ ਦੇ ਨਿਗੂਣੇ ਸਾਧਨ ਹੜੱਪ ਕੇ ਇਸ ਇਨਸਾਨ ਦੁਸ਼ਮਣ ਗੱਠਜੋੜ ਦਾ ਵਿਕਾਸ ਕਰਨਾ ਹੈ। ਪਿਛਲੇ ਦਿਨਾਂ ਦੀਆਂ ਦੋ ਵੱਡੀਆਂ ਮਿਸਾਲਾਂ ਇਸ ਦੀ ਸੱਜਰੀ ਗਵਾਹੀ ਹਨ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਆਬਾਦਕਾਰਾਂ ਨੂੰ ਉਨ੍ਹਾਂ ਜ਼ਮੀਨਾਂ ਤੋਂ ਉਜਾੜਨ ਦੇ ਖ਼ਿਲਾਫ਼ ਸੰਘਰਸ਼ ਦੀ ਅਗਵਾਈ ਕਰਦਿਆਂ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਨੂੰ 16 ਫਰਵਰੀ 2010 'ਚ ਭੂਮੀ ਮਾਫ਼ੀਆ ਨੇ ਦਿਨ-ਦਿਹਾੜੇ ਕਤਲ ਕਰ ਦਿੱਤਾ ਸੀ ਜੋ ਬੰਜਰ ਜ਼ਮੀਨਾਂ ਉਨ੍ਹਾਂ ਨੇ ਕਈ ਦਹਾਕੇ ਲਹੂ-ਪਸੀਨਾ ਇਕ ਕਰ ਕੇ ਆਬਾਦ ਤੇ ਜ਼ਰਖੇਜ਼ ਬਣਾਈਆਂ ਸਨ। ਤੱਥ ਮੂੰਹ ਚੜ੍ਹ ਬੋਲ ਰਹੇ ਸਨ ਕਿ ਇਹ ਕਤਲ ਭੂਮੀ ਮਾਫ਼ੀਆ ਦੇ ਮੁਕਾਮੀ ਸਰਗਨੇ 'ਅਕਾਲੀ' ਐਮ.ਐਲ.ਏ. ਵੀਰ ਸਿੰਘ ਲੋਪੋਕੇ ਨੇ ਕਰਵਾਇਆ ਸੀ। ਸਿਆਸੀ ਫਰਮਾਨਾਂ ਉਪਰ ਫੁੱਲ ਚੜ੍ਹਾਉਂਦਿਆਂ ਪੁਲਿਸ ਅਫਸਰਾਂ ਨੇ ਮੁੱਖ ਮੁਜਰਿਮਾਂ ਨੂੰ ਇਸ ਕਤਲ ਦੇ ਮੁਕੱਦਮੇ 'ਚੋਂ ਬਾਹਰ ਪੂਰੀ ਤਾਕਤ ਝੋਕ ਦਿੱਤੀ। ਅਕਾਲੀ ਸਰਗਨੇ ਤੇ ਉਸ ਦੇ ਜੋਟੀਦਾਰਾਂ ਉਪਰ ਮੁਕੱਦਮਾ ਦਰਜ ਕਰਨ ਦਾ ਬਿਆਨ ਦੇਣ ਵਾਲੇ ਐਸ.ਐਸ.ਪੀ. ਨੂੰ ਜਬਰੀ ਛੁੱਟੀ 'ਤੇ ਭੇਜਣ ਤੋਂ ਲੈ ਕੇ ਮੈਡੀਕਲ ਰਿਪੋਰਟ ਅਤੇ ਐਫ.ਆਈ.ਆਰ. ਵਿਚ ਭੰਨਤੋੜ ਕਰਨ, ਗਵਾਹਾਂ ਨੂੰ ਧਮਕਾਉਣ ਅਤੇ ਅਫ਼ਵਾਹਾਂ ਫੈਲਾਉਣ ਦਾ ਹਰ ਹਰਬਾ ਵਰਤਿਆ ਗਿਆ। ਕਿਸਾਨ-ਮਜ਼ਦੂਰ ਜਥੇਬੰਦੀਆਂ ਵਲੋਂ ਸੱਤਾਧਾਰੀ ਧਿਰ ਦੀ ਇਸ ਸਾਜ਼ਿਸ਼ ਦੇ ਖ਼ਿਲਾਫ਼ ਲੰਮੀ ਲੜਾਈ ਗਈ ਅਤੇ ਲੋਕ ਜੱਦੋਜਹਿਦ ਦ ਦਬਾਅ ਹੇਠ ਪੁਲਿਸ ਨੂੰ ਮੁੱਖ ਮੁਜਰਿਮਾਂ ਨੂੰ ਕਟਹਿਰੇ ਵਿਚ ਖੜ੍ਹੇ ਕਰਨਾ ਪਿਆ। ਫਿਰ ਇਨਸਾਫ਼ ਨੂੰ ਕਾਨੂੰਨ ਦੇ ਕਟਹਿਰੇ ਵਿਚ ਮਾਤ ਦੇਣ ਦੀ ਸਾਜ਼ਿਸ਼ ਸ਼ੁਰੂ ਹੋ ਗਈ। ਮੌਕਾ-ਏ-ਵਾਰਦਾਤ ਉਪਰ ਜ਼ਖ਼ਮੀ ਹੋਏ ਕਿਸਾਨਾਂ ਦੀਆਂ ਠੋਸ ਗਵਾਹੀਆਂ ਅਤੇ ਕਤਲ ਦੇ ਸਬੂਤਾਂ ਦੇ ਬਾਵਜੂਦ ਹਾਲ ਹੀ ਵਿਚ ਹੇਠਲੀ ਅਦਾਲਤ ਨੇ ਸਾਰੇ ਹੀ ਮੁਜਰਮ ਸਾਫ਼ ਬਰੀ ਕਰ ਦਿੱਤੇ। ਸਿਆਸੀ ਦਬਾਅ ਹੇਠ ਅਦਾਲਤ ਕਾਨੂੰਨਾਂ ਦੇ ਪੁਲੰਦੇ ਨੂੰ ਆਧਾਰ ਬਣਾ ਕੇ ਕਾਤਲਾਂ ਨੂੰ ਬਚਾਉਣ 'ਚ ਜੁੱਟੀ ਵਕਾਲਤ ਦਾ ਖ਼ਾਮੋਸ਼ ਤਮਾਸ਼ਾ ਦੇਖਣ ਅਤੇ ਸੱਤਾਧਾਰੀਆਂ ਦੀ ਮਰਜ਼ੀ ਦੇ ਫ਼ੈਸਲੇ ਦੇਣ ਜੋਗੀ ਰਹਿ ਗਈ ਹੈ।

ਦੂਜੀ ਮਿਸਾਲ ਪਟਿਆਲਾ ਜ਼ਿਲ੍ਹੇ ਦੇ ਪਿੰਡ ਹਰਿਆਓਂ ਖ਼ੁਰਦ ਵਿਚ ਛੇ ਦਹਾਕਿਆਂ ਤੋਂ ਬੰਜਰ ਜ਼ਮੀਨਾਂ ਨੂੰ ਆਬਾਦ ਕਰਨ ਵਾਲੇ ਆਬਾਦਕਾਰ ਕਿਸਾਨਾਂ ਦੇ ਉਜਾੜੇ ਦੀ ਹੈ। ਜਦੋਂ ਸਮੁੱਚਾ ਸੱਤਾਤੰਤਰ 15 ਅਗਸਤ ਦੇ ਜਸ਼ਨਾਂ ਦੀ ਤਿਆਰੀ ਲਈ ਪੱਬਾਂ ਭਾਰ ਹੋਇਆ ਪਿਆ ਹੈ, ਇਸ ਤੋਂ ਹਫ਼ਤਾ ਪਹਿਲਾਂ 6 ਅਗਸਤ ਨੂੰ ਪਟਿਆਲਾ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਬਲਾਕ ਤੇ ਪੰਚਾਇਤ ਵਿਭਾਗ ਦੇ ਅਮਲੇ, ਮਾਲ ਮਹਿਕਮੇ, ਸਿਵਲ ਪ੍ਰਸ਼ਾਸਨ, ਬਿਜਲੀ ਮਹਿਕਮੇ ਅਤੇ ਪੁਲਿਸ ਦੇ ਵੱਡੇ ਲਸ਼ਕਰ ਜੁਟਾ ਕੇ ਇਸ ਸਰਹੱਦੀ ਪਿੰਡ ਉਪਰ ਉਸ ਤਰਜ਼ 'ਤੇ ਧਾਵਾ ਬੋਲਿਆ ਜਿਵੇਂ ਮੱਧ ਯੁੱਗ ਵਿਚ ਬੇਗਾਨੀਆਂ ਰਿਆਸਤਾਂ ਦੇ ਧਾੜਵੀ ਹੋਰ ਰਿਆਸਤਾਂ ਨੂੰ ਲੁੱਟਣ ਤੇ ਥੇਹ ਬਣਾਉਣ ਲਈ ਵਹਿਸ਼ੀ ਹਮਲੇ ਕਰਦੇ ਹੁੰਦੇ ਸਨ। ਪੂਰੇ ਪਿੰਡ ਨੂੰ ਬੁਰੀ ਤਰ੍ਹਾਂ ਉਜਾੜ ਦਿੱਤਾ। ਘਰ ਸੀਲ ਕਰ ਦਿੱਤੇ। ਬਿਜਲੀ ਦੇ ਟਰਾਂਸਫਾਰਮਰ, ਮੋਟਰਾਂ ਅਤੇ ਘਰਾਂ ਤੇ ਟਿਊਬਵੈੱਲਾਂ ਦੇ ਮੀਟਰ ਸਭ ਲਾਹ ਲਏ। ਰੱਸੇ ਵੱਢ ਕੇ ਡੰਗਰ ਭਜਾ ਦਿੱਤੇ। ਕਿਸਾਨਾਂ ਉਪਰ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਇਸ ਖ਼ੌਫ਼ਨਾਕ ਹਮਲੇ ਨੂੰ ਦੇਖ ਕੇ ਪਿੰਡ ਦੀ ਇਕ ਬਹੂ ਦੋ ਵਾਰ ਬੇਹੋਸ਼ ਹੋਈ। ਇਸ ਧੱਕੇਸ਼ਾਹੀ ਦਾ ਮੁਕਾਬਲਾ ਕਰਦਿਆਂ ਜੋ 21 ਕਿਸਾਨ ਆਗੂਆਂ ਸਮੇਤ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਕੇ 100 ਤੋਂ ਉਪਰ ਅਣਪਛਾਤੇ 'ਹਮਲਾਵਰਾਂ' ਖ਼ਿਲਾਫ਼ ਇਰਾਦਾ ਕਤਲ, ਪੁਲਿਸ ਉਪਰ ਹਮਲਾ ਕਰਨ ਸਮੇਤ ਬਹੁਤ ਸਾਰੀਆਂ ਸੰਗੀਨ ਧਾਰਾਵਾਂ ਲਾ ਕੇ ਐਫ.ਆਈ.ਆਰ. ਦਰਜ ਕੀਤੀ ਗਈ। ਚਾਹੇ ਪਟਿਆਲੇ ਦਾ ਚਰਾਸੋਂ-ਬਲਬੇੜਾ ਪਿੰਡ ਹੋਵੇ ਜਾਂ ਗੁਰਦਾਸਪੁਰ ਦਾ ਖੰਨਾ ਚਮਿਆਰਾਂ ਜਾਂ ਅੰਮ੍ਰਿਤਸਰ ਦਾ ਸੌੜੀਆਂ, ਕਿਸਾਨਾਂ ਨੂੰ ਉਜਾੜ ਕੇ ਜ਼ਮੀਨਾਂ 'ਤੇ ਕਬਜ਼ੇ ਕਰਨ ਵਾਲੇ ਭੂਮੀ ਮਾਫ਼ੀਆ ਜਾਂ ਸ਼੍ਰੋਮਣੀ ਕਮੇਟੀ ਦੇ ਲੱਠਮਾਰਾਂ ਅਤੇ ਉਨ੍ਹਾਂ ਨਾਲ ਮਿਲੀ ਸਰਕਾਰੀ ਨੌਕਰਸ਼ਾਹੀ ਵਿਰੁੱਧ ਕਿਸਾਨੀ ਦੀ ਜ਼ਮੀਨ ਦੀ ਲੜਾਈ ਉਨ੍ਹਾਂ ਲਈ ਜ਼ਿੰਦਗੀ-ਮੌਤ ਦਾ ਸਵਾਲ ਹੈ। ਇਹ ਲੜਾਈ ਕਿਸੇ ਨਾ ਕਿਸੇ ਰੂਪ 'ਚ ਪੰਜਾਬ ਦੇ ਹਰ ਵਰਗ ਨੂੰ ਲੜਨੀ ਪੈ ਰਹੀ ਹੈ।

# ਟਵਿੱਟਰ ਦੀ ਹੱਦ, ਜਮਹੂਰੀਅਤ ਤੇ ਸਿਆਸਤ

ਟੈਲੀਵਿਜ਼ਨ ਦਾ ਪਰਦਾ ਦੋ ਬਰਾਬਰ ਹਿੱਸਿਆਂ ਵਿਚ ਵੰਡਿਆ ਹੈ। ਇੱਕ ਹਿੱਸਾ ਕਾਲੇ-ਚਿੱਟੇ ਰੰਗਾਂ ਵਿਚ ਅਹਿੱਲ ਹੈ। ਦੂਜਾ ਹਿੱਸਾ ਸਰਗਰਮ ਹੈ; ਆਵਾਜ਼ ਆ ਰਹੀ ਹੈ ਤੇ ਤਸਵੀਰ ਚਲਦੀ ਹੈ। ਇਸ ਤੋਂ ਬਾਅਦ ਰੰਗ ਬਦਲਦੇ ਹਨ। ਪਹਿਲਾਂ ਹਿੱਸਾ ਅਹਿੱਲ ਹੋ ਜਾਂਦਾ ਹੈ ਅਤੇ ਦੂਜਾ ਹਿੱਸਾ ਸਰਗਰਮ ਹੋ ਜਾਂਦਾ ਹੈ। ਇਸ ਦ੍ਰਿਸ਼ ਨੂੰ ਆਹਮੋ-ਸਾਹਮਣੇ ਵਰਗੇ ਕਈ ਸ਼ਬਦਾਂ ਨਾਲ ਬਿਆਨ ਕੀਤਾ ਜਾਂਦਾ ਹੈ। ਟੈਲੀਵਿਜ਼ਨ ਨੇ ਇਹ ਤਰੀਕਾ ਫਿਲਮ ਤੋਂ ਸਿੱਖਿਆ ਹੈ ਜਿਥੇ ਦੋ ਕਿਰਦਾਰ ਆਹਮੋ-ਸਾਹਮਣੇ ਹੁੰਦੇ ਹਨ ਅਤੇ ਚੁਸਤ ਫਿਕਰੇ ਬੋਲਦੇ ਹਨ। ਫਿਲਮ ਵਿਚ ਆਹਮੋ-ਸਾਹਮਣੇ ਕਿਰਦਾਰ, ਪਰਦਾ ਵੰਡ



**ਦਲਜੀਤ ਅਮੀ**
ਫੋਨ: +91-97811-21873

ਕੇ ਨਹੀਂ, ਸਗੋਂ ਪਰਦੇ ਉਤੇ ਵਾਰੀ ਵਾਰੀ ਜਾਂ ਇਕੋ ਵੇਲੇ ਆਉਂਦੇ ਹਨ। ਫਿਲਮਸਾਜ਼ ਇਨ੍ਹਾਂ ਕਿਰਦਾਰਾਂ ਦੇ ਮੇਲ ਦਾ ਸਬੱਬ ਬਣਾ ਕੇ ਉਨ੍ਹਾਂ ਨੂੰ ਆਹਮੋ-ਸਾਹਮਣੇ ਕਰਦਾ ਹੈ। ਉਨ੍ਹਾਂ ਦਾ ਟਕਰਾਵਾਂ ਸੰਵਾਦ ਇਕੋ ਥਾਂ ਉਤੇ ਹੋ ਰਿਹਾ ਹੈ ਜਾਂ ਕਿਸੇ ਤਰ੍ਹਾਂ ਜੁੜਿਆ ਹੋਇਆ ਹੈ। ਫਿਲਮ ਗਲਪ ਦਾ ਮੰਚ ਹੈ ਅਤੇ ਟੈਲੀਵਿਜ਼ਨ ਹਰ ਤਰ੍ਹਾਂ ਦੀ ਪੇਸ਼ਕਾਰੀ ਦਾ ਸਬੱਬ ਬਣਦਾ ਹੈ। ਖ਼ਬਰਾਂ ਅਤੇ ਚਲੰਤ ਮਾਮਲਿਆਂ ਵਾਲੇ ਟੈਲੀਵਿਜ਼ਨ ਨੇ ਹੁਣ ਫਿਲਮ ਦੀ ਸਿਨਫ਼ ਨਾਲ ਜੁੜੀਆਂ ਤਮਾਮ ਜੁਗਤਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਕਿਰਦਾਰ ਇਕ ਥਾਂ ਉਤੇ ਨਹੀਂ ਹਨ ਅਤੇ ਨਾ ਹੀ ਉਹ ਸਿੱਧੇ ਰੂਪ ਵਿਚ ਇੱਕ-ਦੂਜੇ ਨੂੰ ਮੁਖ਼ਾਤਬ ਹੋ ਰਹੇ ਹਨ। ਟੈਲੀਵਿਜ਼ਨ ਨੇ ਇੱਕ ਕਦਮ ਪੁੱਟ ਕੇ ਪਰਦਾ ਹਿੱਸਿਆਂ ਵਿਚ ਵੰਡ ਦਿੱਤਾ ਹੈ ਅਤੇ ਅਸਲ ਜ਼ਿੰਦਗੀ ਦੇ ਕਿਰਦਾਰਾਂ ਨੇ ਹੁੰਗਾਰਾ ਭਰਦਿਆਂ ਇੱਕ-ਦੂਜੇ ਨੂੰ ਮੁਖ਼ਾਤਬ ਹੋਣਾ ਸਿੱਖ ਲਿਆ ਹੈ।

ਟੈਲੀਵਿਜ਼ਨ ਦਾ ਇਹ ਅਖ਼ਾੜਾ ਅਸਲ ਜ਼ਿੰਦਗੀ ਅਤੇ ਨਾਟਕ ਨੂੰ ਰਲਗੱਡ ਕਰਦਾ ਹੈ। ਕਿਰਦਾਰਾਂ ਨੇ ਅਦਾਕਾਰੀ ਨੂੰ ਜ਼ਿੰਦਗੀ ਦਾ ਹਿੱਸਾ ਮੰਨ ਲਿਆ ਹੈ ਅਤੇ ਟੈਲੀਵਿਜ਼ਨ ਨੇ ਅਦਾਕਾਰੀ ਨੂੰ ਅਸਲ ਵਜੋਂ ਪਰੋਸ ਦਿੱਤਾ ਹੈ। ਦਰਸ਼ਕ ਹਰ ਤਰ੍ਹਾਂ ਦੇ ਮਸਲੇ ਅਤੇ ਮੌਕੇ ਵਿਚੋਂ ਮਨੋਰੰਜਨ ਤੇ ਮਾਰਾ-ਮਾਰੀ ਲੱਭਣ ਦੀ ਚੇਟਕ ਉਤੇ ਲੱਗ ਗਿਆ ਹੈ। ਇਹ ਹਾਲਾਤ ਇਸ਼ਤਿਹਾਰਬਾਜ਼ੀ ਲਈ ਸਾਜ਼ਗਾਰ ਹਨ। ਇਨ੍ਹਾਂ ਹਾਲਾਤ ਨੂੰ ਉਸਾਰਨ ਅਤੇ ਕਾਇਮ ਰੱਖਣ ਵਿਚ ਇਸ਼ਤਿਹਾਰਬਾਜ਼ੀ ਦੀ ਭੂਮਿਕਾ ਹੈ। ਵਸਤਾਂ ਦੀ ਇਸ਼ਤਿਹਾਰਬਾਜ਼ੀ ਵਿਚੋਂ ਕਈ ਸਮਾਜਕ-ਸਿਆਸੀ-ਸਭਿਆਚਾਰਕ ਮੁਹਿੰਮਾਂ ਆਪਣਾ ਪ੍ਰਚਾਰ ਲੱਭਦੀਆਂ ਹਨ। ਕਈ ਸਮਾਜਕ-ਸਿਆਸੀ-ਸਭਿਆਚਾਰਕ ਮਸਲੇ ਇਸ਼ਤਿਹਾਰਬਾਜ਼ੀ ਦਾ ਵਿਸ਼ਾ ਬਣੇ ਹਨ। ਮਿਸਾਲ ਵਜੋਂ ਦੂਜੇ ਵਿਆਹ ਨਾਲ ਜੋੜ ਕੇ ਗਹਿਣਿਆਂ ਦਾ ਇਸ਼ਤਿਹਾਰ ਬਣਦਾ ਹੈ ਅਤੇ ਗੂਗਲ ਸਰਚ ਇੰਜਨ ਆਪਣੀ ਪਹੁੰਚ ਨਾਲ 1947 ਦੀ ਵੰਡ ਦੇ ਵਿਛੜਿਆਂ ਨੂੰ ਮਿਲਾਉਣ ਦਾ ਸਬੱਬ ਬਣਦਾ ਹੈ। ਇਹ ਮਿਸਾਲਾਂ ਸਮੁੱਚੀ ਇਸ਼ਤਿਹਾਰ ਸਨਅਤ ਦੀ ਨੁਮਾਇੰਦਗੀ ਨਹੀਂ ਕਰਦੀਆਂ, ਪਰ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਸ਼ਤਿਹਾਰਬਾਜ਼ੀ ਦਾ ਭਾਰੂ ਰੁਝਾਨ ਟਕਰਾਅ ਅਤੇ ਮੁਕਾਬਲੇ ਉਤੇ ਟਿਕਿਆ ਹੋਇਆ ਹੈ ਜਿਸ ਦਾ ਮਕਸਦ ਫੌਰੀ ਲਾਹਾ ਖੱਟਣਾ ਹੈ।

ਮੌਜੂਦਾ ਦੌਰ ਦੀ ਸਿਆਸਤ ਵੀ ਇਸੇ ਰੁਝਾਨ ਵਿਚੋਂ ਪੇਸ਼ ਹੁੰਦੀ ਹੈ। ਇੱਕ ਪਰਦੇ ਨੂੰ ਹਿੱਸਿਆਂ ਵਿਚ ਵੰਡ ਕੇ ਸਿਆਸਤਦਾਨ ਪੇਸ਼ ਹੁੰਦੇ ਹਨ ਜਾਂ ਕੀਤੇ ਜਾਂਦੇ ਹਨ। ਇੱਕ ਪਰਦੇ ਉੱਤੇ 'ਮੁਲਕ ਵਜੋਂ ਜਵਾਬਤਲਬੀ' ਕੀਤੀ ਜਾਂਦੀ ਹੈ ਅਤੇ ਦੂਜੇ ਪਰਦੇ ਉੱਤੇ 'ਸ਼ੋਰ ਦੀ ਥਾਂ ਅਕਲਮੰਦੀ ਨਾਲ ਸੰਵਾਦ' ਕੀਤਾ ਜਾਂਦਾ ਹੈ। ਕਦੇ 'ਕੋਕਾ ਕੋਲਾ' ਬਨਾਮ 'ਪੈਪਸੀ' ਹੋਣ ਵਾਲਾ ਮੁਕਾਬਲਾ ਹੁਣ ਜ਼ਿੰਦਗੀ ਦੇ ਕਈ ਪੱਖਾਂ ਵਿਚ ਤਰਜਮਾਨ ਹੋਣ ਲੱਗਿਆ ਹੈ। ਇਸ ਵਿਚ ਮੁੱਕੇਬਾਜ਼ੀ ਅਤੇ ਫਿਲਮ ਵਾਲਾ ਤੱਤ ਸ਼ਾਮਿਲ ਹੋ ਗਿਆ ਹੈ। ਟੈਲੀਵਿਜ਼ਨ ਪਰਦੇ ਨੂੰ ਹਿੱਸਿਆਂ ਵਿਚ ਵੰਡ ਕੇ ਮੁੱਕੇਬਾਜ਼ੀ ਦਾ ਮਾਹੌਲ ਸਿਰਜਦਾ ਹੈ ਅਤੇ ਫ਼ਿਲਮ ਜਾਂ ਇਸ਼ਤਿਹਾਰ ਲੇਖਕ ਸਿਆਸਤਦਾਨਾਂ ਦੀਆਂ ਤਕਰੀਰਾਂ ਜਾਂ ਜੁਆਬੀ ਇੰਟਰਵਿਊ ਲਿਖ ਰਹੇ ਹਨ। ਇਸ ਤੋਂ ਬਾਅਦ ਚੁਸਤ ਫਿਕਰਿਆਂ ਨਾਲ ਸਿਆਸੀ ਬੁਲਾਰੇ ਅਤੇ ਮਾਹਰਾਂ ਜਾਂ ਪੱਤਰਕਾਰ ਟੈਲੀਵਿਜ਼ਨ ਉੱਤੇ ਪੇਸ਼ ਹੁੰਦੇ ਹਨ। ਇਨ੍ਹਾਂ ਤੋਂ ਸੰਕਟ ਮੋਚਨ ਜਾਂ ਦ੍ਰਿੜਤਾ ਨਾਲ ਪੈਂਤੜੇ ਦੀ ਰਾਖੀ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਸੰਕਟ ਅਤੇ ਪੈਂਤੜੇ ਦਿਨਾਂ, ਘੰਟਿਆਂ ਅਤੇ ਕਈ ਵਾਰ ਹਰ ਬਿਆਨ ਨਾਲ ਬਦਲਦੇ ਹਨ।

ਬਿਹਾਰ ਦੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ, ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਅਤੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਵਰਗਿਆਂ ਦਾ ਚੁਸਤ ਫਿਕਰਿਆਂ ਦਾ ਮੁਕਾਬਲਾ ਖੁੱਲ੍ਹੀ ਮੰਡੀ ਦਾ ਸਭ ਤੋਂ ਦਿਲਕਸ਼ ਸਮਾਨ ਹੋ ਨਿਬੜਿਆ ਹੈ। ਸਿਆਸੀ ਆਗੂਆਂ ਦੇ ਬੋਲਾਂ ਵਿਚੋਂ ਦੀ ਸਿਆਣਪ ਜਾਂ ਸੂਝ ਜਾਂ ਵਿਚਾਰਧਾਰਕ ਮੁਹਾਣ ਲੱਭਣਾ ਚੋਣ ਅਖਾੜੇ ਵਿਚ ਬੇਮਾਅਨਾ ਹੋ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਚੋਣ ਤਕਰੀਰਾਂ ਅਤੇ ਬਿਆਨਾਂ ਵਿਚ ਕਿਸੇ ਦਾ ਦਿਮਾਗ਼ ਨਹੀਂ ਲੱਗਦਾ ਹੈ। ਇਹ ਦਿਮਾਗ਼ ਤਾਂ ਲੇਖਕਾਂ ਦਾ ਲੱਗਦਾ ਹੈ। ਸਿਆਸੀ ਆਗੂਆਂ ਦਾ ਅਦਾਕਾਰੀ ਹੁਨਰ ਹੈ ਜਿਸ ਦੀ ਨੁਮਾਇਸ਼ ਹੁੰਦੀ ਹੈ। ਜੇ ਕੋਈ ਆਗੂ ਕਿਸੇ ਸ਼ਾਇਰ ਦਾ ਸ਼ੇਅਰ ਬੋਲਦਾ ਹੈ ਤਾਂ ਉਸੇ ਸ਼ਾਇਰ ਦੇ ਜੁਆਬੀ ਸ਼ੇਅਰ ਸਿਆਸੀ ਅਖਾੜੇ ਵਿਚ ਹੁੰਦੇ ਹਨ। ਇਸ ਮਾਮਲੇ ਵਿਚ ਕਬੀਰ, ਰਹੀਮ, ਫ਼ਰੀਦ, ਰਵੀਦਾਸ, ਤੁਲਸੀਦਾਸ ਤੋਂ ਲੈ ਕੇ ਹਰ ਗ੍ਰੰਥ ਤੱਕ ਦੀਆਂ ਜੁਆਬੀ ਤੁਕਾਂ ਬਿਨਾਂ ਕਿਸੇ ਪਛੇਤ ਤੋਂ ਜੁਆਬੀ ਵਜੋਂ ਹਾਜ਼ਰ ਹੁੰਦੀਆਂ ਹਨ। ਪਰਦਾ ਵੰਡ ਚੁੱਕੇ ਟੈਲੀਵਿਜ਼ਨ ਜੁਆਬੀ ਤੁਕਾਂ ਚਾਹੀਦੀਆਂ ਹਨ। ਆਗੂਆਂ ਨੂੰ ਟੈਲੀਵਿਜ਼ਨ ਉਤੇ ਹਾਜ਼ਰੀ ਦਰਕਾਰ ਹੈ। ਆਗੂਆਂ ਦੀਆਂ ਜੁਆਬੀ ਤੁਕਾਂ ਲੱਭਣ ਵਾਲੀ ਫ਼ੌਜ ਲਗਾਤਾਰ ਸਰਗਰਮ ਰਹਿੰਦੀ ਹੈ। ਆਗੂ ਇਸ ਫ਼ੌਜ ਦੀ ਖੋਜ ਨੂੰ ਅਦਾਕਾਰ ਵਜੋਂ ਪਰਦੇ ਉਤੇ ਪੇਸ਼ ਕਰਦਾ ਹੈ। ਟੈਲੀਵਿਜ਼ਨ 'ਸਭ ਤੋਂ ਪਹਿਲਾਂ' ਅਤੇ 'ਸਭ ਤੋਂ ਤੇਜ਼' ਦਾ ਦਾਅਵਾ ਕਰਦਾ ਰਹਿੰਦਾ ਹੈ।

ਪਿਛਲੇ ਦਿਨਾਂ ਵਿਚ ਪ੍ਰਧਾਨ ਮੰਤਰੀ ਨੇ ਰੈਲੀਆਂ ਵਿਚ ਬਿਹਾਰ ਦੇ ਹਾਲਾਤ ਅਤੇ ਦੂਜੀਆਂ ਧਿਰਾਂ ਦੇ ਆਗੂਆਂ ਬਾਰੇ ਟਿੱਪਣੀਆਂ ਕੀਤੀਆਂ। ਜੁਆਬੀ ਕਾਨਫਰੰਸਾਂ ਵਿਚ ਨਰੇਂਦਰ ਮੋਦੀ ਦੀਆਂ ਤਕਰੀਰਾਂ ਬਾਰੇ ਨੁਕਤਾਵਾਰ ਸੁਆਲ ਪੁੱਛੇ ਗਏ ਅਤੇ ਨੁਕਤਾਵਾਰ ਚੁਸਤ ਫਿਕਰਿਆਂ ਵਿਚ ਜੁਆਬ ਦਿੱਤੇ ਗਏ। ਟੈਲੀਵਿਜ਼ਨ ਉਤੇ ਆਹਮੋ-ਸਾਹਮਣੇ ਵਾਲੀ ਪਰਦਾ-ਵੰਡ ਪੇਸ਼ਕਾਰੀ ਦਾ ਸਾਰਾ ਮਸਾਲਾ ਤਿਆਰ ਹੋ ਗਿਆ। ਨਰੇਂਦਰ ਮੋਦੀ ਦੀਆਂ ਟਿੱਪਣੀਆਂ ਵਿਚ ਕੋਈ 'ਮੌਕੇ ਉੱਤੇ ਅਹੁੜਨ' ਜਾਂ 'ਸਿਆਸੀ ਸੂਝ' ਵਾਲੀ ਗੱਲ ਨਹੀਂ ਹੈ। ਇਹ ਗੁਣ ਜੁਆਬੀ ਹਮਲਿਆਂ ਵਿਚ ਵੀ ਗ਼ੈਰ-ਹਾਜ਼ਰ ਹਨ। ਦੋਵੇਂ ਧਿਰਾਂ ਦੀਆਂ ਟਿੱਪਣੀਆਂ ਮਿੱਥ ਕੇ ਤਿਆਰੀ ਨਾਲ ਕੀਤੀਆਂ ਗਈਆਂ ਹਨ। ਇਹ ਤਿਆਰੀ ਇਸ਼ਤਿਹਾਰਬਾਜ਼ੀ ਅਤੇ ਫਿਲਮੀ ਦੁਨੀਆਂ ਨਾਲ ਜੁੜੇ ਲੇਖਕ ਕਰਦੇ ਹਨ। ਉਨ੍ਹਾਂ ਦੀ ਸਤਰਾਂ ਨੂੰ ਪੇਸ਼ ਕਰਨ ਦਾ ਹੁਨਰ ਆਗੂਆਂ ਦਾ ਹੈ ਜਿਸ ਦਾ ਨਿਰਦੇਸ਼ਨ ਕਰਨ ਵਾਲੇ ਉਨ੍ਹਾਂ ਕੱਪੜਿਆਂ, ਅਦਾਵਾਂ ਅਤੇ ਅੰਦਾਜ਼ ਦਾ ਧਿਆਨ ਰੱਖਦੇ ਹਨ। ਬੀਤੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਹ ਨਿਰਦੇਸ਼ਕ ਮਾਹਰਾਂ ਵਜੋਂ ਤਜਰਬਾ ਸਾਂਝਾ ਕਰਨ ਲਈ ਟੈਲੀਵਿਜ਼ਨ ਉੱਤੇ ਪੇਸ਼ ਹੁੰਦੇ ਰਹੇ ਸਨ। ਨਰੇਂਦਰ ਮੋਦੀ ਨੇ ਬਿਹਾਰ ਨੂੰ 'ਜੰਗਲ ਰਾਜ' ਅਤੇ 'ਬੀਮਾਰੂ ਸੂਬਾ' ਕਰਾਰ ਦਿੱਤਾ। ਦੂਜੇ ਪਾਸੇ ਨੀਤੀਸ਼ ਕੁਮਾਰ ਨੇ ਭਾਜਪਾ ਨੂੰ 'ਭੜਕੀ ਹੋਈ ਝੂਠੀ' ਜਾਂ 'ਭਾਰਤੀ ਜੁਮਲਾ ਪਾਰਟੀ' ਕਰਾਰ ਦਿੱਤਾ।

> ***ਮੌਜੂਦਾ ਸਿਆਸਤ ਦਾ ਇਹੋ ਸਭ ਤੋਂ ਅਹਿਮ ਪੇਚ ਹੈ ਕਿ ਬਹਿਸ ਨੂੰ ਸੰਜੀਦਾ ਨਾ ਹੋਣ ਦਿਓ ਅਤੇ ਚੁਸਤ ਫਿਕਰਿਆਂ ਨਾਲ ਸਨਸਨੀ ਪੈਦਾ ਕਰੋ। ਟੈਲੀਵਿਜ਼ਨ ਉਤੇ ਰੋਜ਼ਾਨਾ ਮਾਹਰ ਚਰਚਾ ਕਰਦੇ ਹਨ ਕਿ ਕਿਹੜੇ ਫਿਕਰੇ ਨਾਲ ਕਿਹੜਾ ਆਗੂ ਬਾਜ਼ੀ ਮਾਰ ਗਿਆ। ਇਸ ਦਾ ਮੇਲ ਇਸ਼ਤਿਹਾਰਬਾਜ਼ੀ ਮੁਖੀ ਖੇਡ ਕ੍ਰਿਕਟ ਨਾਲ ਕੀਤਾ ਜਾ ਸਕਦਾ ਹੈ। ਮੈਚਾਂ ਅਤੇ ਲੜੀਆਂ ਦੇ ਫ਼ੈਸਲੇ ਪਾਸੇ ਕਰ ਕੇ ਖੇਡ ਮਾਹਰ ਪਾਰੀ ਦਰ ਪਾਰੀ ਜਾਂ ਪੜਾਅ ਦਰ ਪੜਾਅ ਦੇਖਦੇ ਹਨ ਜਦੋਂ ਕਿ ਸੱਟਾਬਾਜ਼ੀ ਗੇਂਦ-ਦਰ-ਗੇਂਦ ਚਲਦੀ ਹੈ।***




ਦੋਵਾਂ ਆਗੂਆਂ ਦੀਆਂ ਪਾਰਟੀਆਂ ਦਾ ਗੱਠਜੋੜ ਸਤਾਰਾਂ ਸਾਲ ਰਿਹਾ ਹੈ। ਦੋਵਾਂ ਨੂੰ ਇਹ ਤਾਂ ਦੱਸਣਾ ਚਾਹੀਦਾ ਹੈ ਕਿ ਉਹ ਮੌਜੂਦਾ ਨਤੀਜੇ ਉਤੇ ਕਿਵੇਂ ਪਹੁੰਚੇ ਹਨ। ਮੋਦੀ ਨੂੰ ਦੱਸਣਾ ਚਾਹੀਦਾ ਹੈ ਕਿ ਬਿਹਾਰ ਵਿਚ 'ਬੀਮਾਰੂ ਸੂਬਾ ਹੋਣ ਦਾ ਮੌਜੂਦਾ ਦੌਰ' ਕਦੋਂ ਤੇ ਕਿਵੇਂ ਸ਼ੁਰੂ ਹੋਇਆ ਅਤੇ ਭਾਜਪਾ ਇਸ ਸਮਝ ਉਤੇ ਕਦੋਂ ਅਤੇ ਕਿਵੇਂ ਪਹੁੰਚੀ। ਦੂਜੇ ਪਾਸੇ ਨਿਤੀਸ਼ ਕੁਮਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਭਾਜਪਾ ਕਦੋਂ ਤੇ ਕਿਵੇਂ 'ਝੂਠ ਬੋਲਣ ਵਾਲੀ ਭੜਕੀ ਹੋਈ' ਜਾਂ 'ਜੁਮਲਾ ਪਾਰਟੀ' ਬਣੀ। ਮੌਜੂਦਾ ਸਿਆਸਤ ਦਾ ਇਹੋ ਸਭ ਤੋਂ ਅਹਿਮ ਪੇਚ ਹੈ ਕਿ ਬਹਿਸ ਨੂੰ ਸੰਜੀਦਾ ਨਾ ਹੋਣ ਦਿਓ ਅਤੇ ਚੁਸਤ ਫਿਕਰਿਆਂ ਨਾਲ ਸਨਸਨੀ ਪੈਦਾ ਕਰੋ। ਟੈਲੀਵਿਜ਼ਨ ਉੱਤੇ ਰੋਜ਼ਾਨਾ ਮਾਹਰ ਚਰਚਾ ਕਰਦੇ ਹਨ ਕਿ ਕਿਹੜੇ ਫਿਕਰੇ ਨਾਲ ਕਿਹੜਾ ਆਗੂ ਬਾਜ਼ੀ ਮਾਰ ਗਿਆ। ਇਸ ਦਾ ਮੇਲ ਇਸ਼ਤਿਹਾਰਬਾਜ਼ੀ ਮੁਖੀ ਖੇਡ ਕ੍ਰਿਕਟ ਨਾਲ ਕੀਤਾ ਜਾ ਸਕਦਾ ਹੈ। ਮੈਚਾਂ ਅਤੇ ਲੜੀਆਂ ਦੇ ਫ਼ੈਸਲੇ ਪਾਸੇ ਕਰ ਕੇ ਖੇਡ ਮਾਹਰ ਪਾਰੀ ਦਰ ਪਾਰੀ ਜਾਂ ਪੜਾਅ ਦਰ ਪੜਾਅ ਦੇਖਦੇ ਹਨ ਜਦੋਂ ਕਿ ਸੱਟਾਬਾਜ਼ੀ ਗੇਂਦ-ਦਰ-ਗੇਂਦ ਚਲਦੀ ਹੈ। ਇਸੇ ਤਰ੍ਹਾਂ ਚੋਣਾਂ ਨਤੀਜਾ-ਦਰ-ਨਤੀਜਾ ਵੇਖੀਆਂ ਜਾਂਦੀਆਂ ਹਨ ਪਰ ਚਰਚਾ ਆਗੂਆਂ ਬਾਰੇ ਫਿਕਰਾ-ਦਰ-ਫਿਕਰਾ ਹੁੰਦੀ ਹੈ।

ਇਹ ਦੇਖਣ ਵਾਲਾ ਮਸਲਾ ਹੈ ਕਿ ਇਹ ਰੁਝਾਨ ਮਹਿਜ਼ ਸਿਆਸਤ ਤੱਕ ਮਹਿਦੂਦ ਨਹੀਂ ਹੈ। ਇਸ ਰੁਝਾਨ ਦੀ ਨੁਮਾਇੰਦਗੀ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਤੋਂ ਸਾਹਿਤਕ ਸਮਾਗਮਾਂ ਅਤੇ ਫੇਸਬੁੱਕ ਤੱਕ ਹੁੰਦੀ ਹੈ। ਮੋਦੀ ਨੇ ਨਿਤੀਸ਼ ਕੁਮਾਰ ਉਤੇ ਨਸਲੀ ਅਤੇ ਨਿੱਜੀ (ਡੀ.ਐਨ.ਏ.) ਟਿੱਪਣੀ ਕੀਤੀ ਹੈ। ਇਸ ਤਰ੍ਹਾਂ ਦੀਆਂ ਟਿੱਪਣੀਆਂ ਫੇਸਬੁੱਕ ਉੱਤੇ ਆਮ ਵੇਖੀਆਂ ਜਾਂਦੀਆਂ ਹਨ। ਕਈ ਵਿਦਵਾਨ ਵੀ ਇਹ ਧਾਰਨਾਵਾਂ ਪੇਸ਼ ਕਰਦੇ ਹਨ ਕਿ ਕਿਹੜੀ ਗੱਲ ਕਿਸ ਨੂੰ (ਨਸਲੀ ਪੱਖੋਂ) ਸਮਝ ਆ ਸਕਦੀ ਹੈ। ਉਨ੍ਹਾਂ ਮੁਤਾਬਕ ਸਮਝਣ ਅਤੇ ਅਹਿਸਾਸ ਕਰਨ ਦੀ ਮਾਮਲਾ ਜਨਮ ਜਾਂ ਧਾਰਮਿਕ ਅਕੀਦਿਆਂ ਨਾਲ ਜੁੜਿਆ ਹੋਇਆ ਹੈ। ਇਹ ਧਾਰਨਾ ਵਾਰ ਵਾਰ ਪੇਸ਼ ਕੀਤੀ ਜਾਂਦੀ ਹੈ ਕਿ ਕੁਝ ਗੱਲਾਂ ਸਿਰਫ਼ ਸ਼ਰਧਾ ਜਾਂ ਇਲਹਾਮ ਦੇ ਘੇਰੇ ਵਿਚ ਹੀ ਸਮਝੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਇਹ ਧਾਰਨਾ ਜਾਤ ਅਤੇ ਲਿੰਗ ਨਾਲ ਜੋੜ ਕੇ ਤਜਰਬੇ ਨੂੰ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ ਅਤੇ ਮਨੁੱਖੀ ਸੰਵੇਦਨਾ ਨੂੰ ਬਿਲਕੁਲ ਖ਼ਾਰਜ ਕੀਤਾ ਜਾਂਦਾ ਹੈ। ਇੱਕ ਧਾਰਾ ਦਾ ਮੰਨਣਾ ਹੈ ਕਿ ਵਿਗਿਆਨਕ ਸੋਚ ਅਤੇ ਨਾਸਤਿਕ ਹੋਣ ਨਾਲ ਹੀ ਮਨੁੱਖਤਾ ਦੇ ਸਾਰੇ ਗੁਣ ਜੁੜੇ ਹੋਏ ਹਨ। ਬੁਨਿਆਦੀ ਤੌਰ ਉੱਤੇ ਇਹ ਪੇਚੀਦਾ ਮਾਮਲਿਆਂ ਦੀ ਪੇਚੀਦਗੀ ਨੂੰ ਨਜ਼ਰਅੰਦਾਜ਼ ਕਰ ਕੇ 'ਅੰਤਿਮ ਸੱਚ' ਦੀ ਪੇਸ਼ਕਾਰੀ ਦਾ ਤਰੱਦਦ ਹੋ ਨਿਬੜਦਾ ਹੈ। ਸਿਆਸੀ ਆਗੂ ਇਸ ਰੁਝਾਨ ਦੀ ਸਭ ਤੋਂ ਉਲਾਰ ਅਤੇ ਮੂੰਹਜ਼ੋਰ ਨੁਮਾਇੰਦਗੀ ਕਰਦੇ ਹਨ।

ਕਈ ਵਾਰ ਇਹ ਦਲੀਲ ਪੇਸ਼ ਕੀਤੀ ਜਾਂਦੀ ਹੈ ਕਿ ਘੱਟ ਪੜ੍ਹੇ-ਲਿਖੇ ਜਾਂ ਅਧਪੜ੍ਹ ਜਾਂ ਅਣਪੜ੍ਹ ਆਗੂਆਂ ਪੇਚੀਦਾ ਅਤੇ ਅਹਿਮ ਮਸਲਿਆਂ ਨੂੰ ਉਲਾਰ ਬੋਲਾਂ ਰਾਹੀਂ ਸਨਸਨੀ ਤੱਕ ਮਹਿਦੂਦ ਕਰਦੇ ਹਨ। ਦਰਅਸਲ ਇਸ ਸਾਰੇ ਰੁਝਾਨ ਦਾ ਅਗਵਾਨ ਪੜ੍ਹਿਆ-ਲਿਖਿਆ, ਅੰਗਰੇਜ਼ੀ ਬੋਲਣ ਵਾਲਾ ਅਤੇ ਅਮੀਰ ਹੋ ਰਿਹਾ ਸ਼ਹਿਰੀ ਤਬਕਾ ਹੈ। ਇਸੇ ਦੀ ਨੁਮਾਇੰਦਗੀ ਟੈਲੀਵਿਜ਼ਨ ਅਤੇ ਫੇਸਬੁੱਕ ਉੱਤੇ ਹੋ ਰਹੀ ਹੈ। ਇਹ ਟਵਿੱਟਰ ਦੀ 140 ਹਿੰਦਸਿਆਂ ਦੀ ਹੱਦ ਅੰਦਰ ਚੁਸਤ ਫਿਕਰੇ ਲਿਖਣ ਅਤੇ ਟੈਲੀਵਿਜ਼ਨ ਦੇ ਦੋ-ਚਾਰ ਫਿਕਰਿਆਂ ਦੇ ਬਿਆਨ ਦੇਣ ਦਾ ਮਾਹਰ ਹੈ। ਕਦੇ ਇਸੇ ਤਬਕੇ ਦੇ ਬਿਆਨ ਸਿਆਸੀ ਆਗੂਆਂ ਦੇ ਮੂੰਹੋਂ ਸੁਣਾਈ ਦਿੰਦੇ ਹਨ ਅਤੇ ਕਦੇ ਇਹ ਆਪ ਮਾਹਰ ਵਜੋਂ ਪੇਸ਼ ਹੁੰਦਾ ਹੈ। ਇਸ ਦੀ ਉਘੜਵੀਂ ਮਿਸਾਲ ਵੱਖ ਵੱਖ ਸਿਆਸੀ ਪਾਰਟੀਆਂ ਦੇ ਸਫ਼ੇਦਪੋਸ਼ ਬੁਲਾਰੇ ਹਨ ਜੋ ਟੈਲੀਵਿਜ਼ਨ ਦੀ 'ਮੁੱਕੇਬਾਜ਼ੀ ਦੀ ਹਵਸ' ਨੂੰ ਤੁਕਾਂ ਰਾਹੀਂ ਪੂਰਾ ਕਰਦੇ ਹਨ। ਇਹ ਸਫ਼ੇਦਪੋਸ਼ ਸਿਆਸਤ ਵਿਚ ਪਿਛਲੇ ਦਰਵਾਜ਼ਿਓਂ ਆਏ ਹਨ। ਇਨ੍ਹਾਂ ਦੀ ਪਿਛਲਾ ਦਰਵਾਜ਼ਾ ਖੋਲ੍ਹਣ ਵਾਲੇ 'ਮਾਲਕਾਂ' ਤੋਂ ਬਿਨਾਂ ਕਿਸੇ ਲਈ ਕੋਈ ਜਵਾਬਦੇਹੀ ਨਹੀਂ ਅਤੇ ਕੋਈ ਜੁਆਬਤਲਬੀ ਨਹੀਂ ਹੋ ਸਕਦੀ। ਨਤੀਜੇ ਵਜੋਂ ਇਹ ਸਿਆਸਤ ਨੂੰ ਗ਼ੈਰ-ਸੰਜੀਦਾ ਕਰਨ ਦਾ ਅਹਿਮ ਕਾਰਜ ਕਰਦੇ ਹਨ। ਇਹ ਸਿਆਸਤ ਵਿਚ 'ਖੁੰਦਕੀ', 'ਲੱਚਰ' ਅਤੇ 'ਹੋਛੇ' ਬੋਲ ਲਿਆਏ ਹਨ ਜੋ ਫਿਲਮੀ ਤਜਰਬੇ ਵਿਚੋਂ ਪ੍ਰਵਾਨ ਹੋ ਕੇ ਆਈ ਹੈ। ਇਨ੍ਹਾਂ ਦੀ ਬਹੁ-ਅਰਥੀ ਬੋਲੀ ਇੱਕ ਪਾਸੇ ਅਗਲੇ ਦਿਨ 'ਮੀਡੀਆ ਰਾਹੀਂ ਤੋੜ-ਮਰੋੜ ਕੇ ਪੇਸ਼ ਕੀਤੇ ਬਿਆਨਾਂ' ਨੂੰ ਦਰੁਸਤ ਕਰਨ ਦਾ ਮੌਕਾ ਦਿੰਦੀ ਹੈ ਅਤੇ ਦੂਜੇ ਪਾਸੇ ਖੁਰਦੀ ਭਰੋਸੇਯੋਗਤਾ ਨੂੰ ਮਨੋਰੰਜਨ ਨਾਲ ਪੂਰਨ ਦਾ ਉਪਰਾਲਾ ਕਰਦੀ ਹੈ।

ਇਸ ਰੁਝਾਨ ਸਾਹਮਣੇ ਚੋਣ ਮਨੋਰਥ ਪੱਤਰਾਂ ਜਾਂ ਸੰਵਿਧਾਨ ਦੀ ਅਹਿਮੀਅਤ ਸੁਆਲਾਂ ਦੇ ਘੇਰੇ ਵਿਚ ਆ ਜਾਂਦੀ ਹੈ। ਇਹ ਸੁਆਲ ਤਾਂ ਪੁੱਛੇ ਹੀ ਜਾਣੇ ਚਾਹੀਦੇ ਹਨ ਕਿ ਕੀ ਸਿਆਸਤ ਚੁਸਤ ਫਿਕਰਾ ਬੋਲ ਕੇ ਸਨਸਨੀ ਪੈਦਾ ਕਰਨ ਦਾ ਨਾਮ ਹੈ? ਕੀ ਜਮਹੂਰੀਅਤ ਟਵਿੱਟਰ ਦੇ 140 ਹਿੰਦਸਿਆਂ ਜਿੰਨੀ ਸੰਖੇਪ ਹੋ ਗਈ ਹੈ ਜਾਂ ਨਸਲੀ ਪਛਾਣ ਨਾਲ ਇਸ ਦਾ ਪਸਾਰਾ ਹੋਣਾ ਹੈ? ਕੀ ਚੋਣ ਬਹਿਸ ਦਾ ਚਰਬਾ ਸੋਸ਼ਲ ਮੀਡੀਆ ਹੈ ਜਾਂ ਫੇਸਬੁੱਕ ਦਾ ਤਜਰਬਾ ਸਿਆਸਤਦਾਨਾਂ ਦੇ ਕੰਮ ਆ ਰਿਹਾ ਹੈ? ਇਨ੍ਹਾਂ ਸੁਆਲਾਂ ਤੋਂ ਬਾਅਦ ਸਮਾਜਕ ਇਨਸਾਫ਼, ਸ਼ਹਿਰੀ, ਮਨੁੱਖੀ ਅਤੇ ਜਮਹੂਰੀ ਹਕੂਕ ਦੇ ਮਸਲੇ ਕੀ ਮਾਅਨੇ ਰੱਖਦੇ ਹਨ?

# ਫਿਲਪੀਨਜ਼ ਵਿਚ ਪੰਜਾਬੀਆਂ ਦੇ ਕਤਲ

ਅਖ਼ਬਾਰਾਂ ਵਿਚ ਫਿਲਪੀਨਜ਼ ਵਿਚ ਪੰਜਾਬੀਆਂ ਦੇ ਕਤਲਾਂ ਬਾਰੇ ਖ਼ਬਰਾਂ ਅਕਸਰ ਛਪਦੀਆਂ ਹਨ। ਅਤਿਵਾਦ ਦੇ ਦੌਰ ਤੋਂ ਬਾਅਦ ਪੰਜਾਬੀਆਂ ਦਾ ਸਭ ਤੋਂ ਵੱਧ ਜਾਨੀ ਨੁਕਸਾਨ ਇਸ ਵੇਲੇ ਫਿਲਪੀਨਜ਼ ਵਿਚ ਹੀ ਹੋ ਰਿਹਾ ਹੈ। ਭਾਰਤੀਆਂ ਦੀ ਆਬਾਦੀ ਫਿਲੀਪੀਨਜ਼ ਵਿਚ ਡੇਢ ਦੋ ਲੱਖ ਦੇ ਕਰੀਬ ਹੈ ਜਿਸ ਵਿਚ ਸਿੰਧੀ, ਤਾਮਿਲ ਤੇ ਪੰਜਾਬੀ ਸ਼ਾਮਲ ਹਨ। ਪੰਜਾਬੀ ਜ਼ਿਆਦਾਤਰ ਮਨੀਲਾ, ਕੈਂਟਾ, ਸੇਬੂ ਅਤੇ ਦਾਵਾਉ ਸ਼ਹਿਰਾਂ ਵਿਚ ਵੱਸਦੇ ਹਨ। ਪੁਰਾਣੇ ਪੰਜਾਬੀਆਂ ਵਿਚੋਂ ਬਹੁਤਿਆਂ ਨੇ ਫਿਲਪੀਨੋ ਔਰਤਾਂ ਨਾਲ ਵਿਆਹ ਰਚਾ ਲਏ ਹਨ। ਇਨ੍ਹਾਂ ਦੇ ਬੱਚਿਆਂ ਨੇ ਉਥੇ ਬਹੁਤ ਤਰੱਕੀ ਕੀਤੀ ਹੈ। ਮਨੀਲਾ

**ਬਲਰਾਜ ਸਿੰਘ ਸਿੱਧੂ**

ਦਾ ਸਭ ਤੋਂ ਵੱਧ ਸਮਾਂ ਮੇਅਰ ਰਹਿਣ ਵਾਲਾ ਰੇਮੌਨ ਭਗਤ ਸਿੰਘ ਪੰਜਾਬੀ ਮੂਲ ਦਾ ਹੈ।

ਫਿਲਪੀਨਜ਼ ਵਿਚ ਕਰੀਬ ਇੱਕ ਲੱਖ ਪੰਜਾਬੀ ਹਨ ਜੋ ਜ਼ਿਆਦਾਤਰ ਵਿਆਜ 'ਤੇ ਪੈਸੇ ਦੇਣ ਵਾਲਾ ਮੁਨਾਫ਼ਾਬਖ਼ਸ਼ ਧੰਦਾ ਕਰਦੇ ਹਨ। ਇਹ ਧੰਦਾ ਹੀ ਪੰਜਾਬੀਆਂ ਦੇ ਕਤਲਾਂ ਦਾ ਮੁੱਖ ਕਾਰਨ ਹੈ। ਘੱਟੋ-ਘੱਟ ਵਿਆਜ 10 ਫ਼ੀਸਦੀ ਤੋਂ 20 ਫ਼ੀਸਦੀ ਤਕ ਹੈ। 100 ਪੇਸੋ (ਫਿਲਪੀਨੀ ਕਰੰਸੀ) ਦੇ ਕੇ ਇੱਕ ਮਹੀਨੇ ਬਾਅਦ 120 ਪੇਸੋ ਵਾਪਸ ਲਏ ਜਾਂਦੇ ਹਨ। ਕਿਸ਼ਤ ਰੋਜ਼ਾਨਾ, ਸਖ਼ਤੀ ਨਾਲ ਉਗਰਾਹੀ ਜਾਂਦੀ ਹੈ। ਇਸ ਧੰਦੇ ਵਿਚ ਚੰਗਾ ਪੈਸਾ ਬਣਦਾ ਵੇਖ ਕੇ ਪੰਜਾਬੀਆਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਭਾਰੀ ਗਿਣਤੀ ਵਿਚ ਬੁਲਾਉਣਾ ਸ਼ੁਰੂ ਕਰ ਦਿੱਤਾ। ਸੌਕਣ ਸਾੜੇ ਕਾਰਨ ਫਿਲੀਪੀਨੀ ਅਤੇ ਪੁਰਾਣੇ ਸਥਾਪਿਤ ਪੰਜਾਬੀ ਵਿਆਜੜੀਏ ਉਨ੍ਹਾਂ ਦੇ ਦੁਸ਼ਮਣ ਬਣ ਗਏ। ਪੁਰਾਣੇ ਪੰਜਾਬੀ ਵਿਆਜੜੀਏ ਬੜਾ ਠੋਕ ਕੇ ਵਿਆਜ ਲਾਉਂਦੇ ਸਨ ਜੋ ਕਈ ਵਾਰ 20 ਫ਼ੀਸਦੀ ਤੋਂ ਵੀ ਵਧ ਜਾਂਦਾ ਸੀ।

ਨਵੇਂ ਆਉਣ ਵਾਲੇ ਆਪਣਾ ਕੰਮ ਸੈੱਟ ਕਰਨ ਅਤੇ ਪੁਰਾਣਿਆਂ ਦੇ ਗਾਹਕ ਤੋੜਨ ਲਈ 10 ਫ਼ੀਸਦੀ ਤਕ ਵਿਆਜ 'ਤੇ ਵੀ ਪੈਸਾ ਦੇ ਦਿੰਦੇ ਹਨ। ਆਪਣਾ ਧੰਦਾ ਖ਼ਰਾਬ ਹੁੰਦਾ ਵੇਖ ਕੇ ਪੁਰਾਣਿਆਂ ਨੇ ਨਵਿਆਂ ਨੂੰ ਡਰਾ ਕੇ ਭਜਾਉਣ ਲਈ ਇਨ੍ਹਾਂ ਦੇ ਕਤਲ ਕਰਾਉਣੇ ਸ਼ੁਰੂ ਕਰ ਦਿੱਤੇ। ਉਗਰਾਹੀ ਰੋਜ਼ਾਨਾ ਕਰਨੀ ਪੈਂਦੀ ਹੈ, ਇਸ ਲਈ ਗਰੋਹਾਂ ਨੂੰ ਪਤਾ ਹੁੰਦਾ ਹੈ ਕਿ ਉਗਰਾਹੀ ਵਾਲੇ ਕੋਲ ਪੈਸੇ ਲਾਜ਼ਮੀ ਹੋਣਗੇ। ਫਿਲਪੀਨੋ ਗੈਂਗ ਆਮ ਤੌਰ 'ਤੇ ਡਰਾ ਕੇ ਲੁੱਟ ਮਾਰ ਕਰਦੇ ਹਨ। ਜੇ ਕੋਈ ਵਿਰੋਧ ਨਾ ਕਰੇ ਤਾਂ ਉਹ ਗੋਲੀ ਨਹੀਂ ਚਲਾਉਂਦੇ। ਜਦੋਂ ਵੀ ਕੋਈ ਪੰਜਾਬੀ ਕਤਲ ਹੁੰਦਾ ਹੈ ਤਾਂ ਉਸ ਵਿਚ ਆਮ ਤੌਰ 'ਤੇ ਪੰਜਾਬੀਆਂ ਦਾ ਹੀ ਹੱਥ ਹੁੰਦਾ ਹੈ। ਇਹ ਕਤਲ ਨੱਬੇ ਦੇ ਦਹਾਕੇ ਦੇ ਅਖ਼ੀਰ ਵਿਚ ਤੇਜ਼ ਹੋਏ ਸਨ। ਹੁਣ ਤਕ ਇੱਕ ਹਜ਼ਾਰ ਦੇ ਕਰੀਬ ਪੰਜਾਬੀ ਇਸ ਦੀ ਭੇਂਟ ਚੜ੍ਹ ਚੁੱਕੇ ਹਨ। ਕਈ ਪਰਿਵਾਰਾਂ ਦੇ 2-2, 3-3 ਮੈਂਬਰ ਕਤਲ ਕੀਤੇ ਜਾ ਚੁੱਕੇ ਹਨ। ਕਈ ਪਿਉ-ਪੁੱਤਰ, ਸਕੇ ਭਰਾ ਤੇ ਚਾਚੇ ਤਾਏ ਦੇ ਪੁੱਤਰ ਇਸ ਮਾਰਧਾੜ ਦੀ ਭੇਂਟ ਚੜ੍ਹ ਚੁੱਕੇ ਹਨ। ਫਿਲਪੀਨੀ ਮੀਡੀਆ ਵਿਚ ਇਸ ਵਰਤਾਰੇ ਨੂੰ ਪੰਜਾਬੀ ਗੈਂਗਾਂ ਦੀ ਗੁੰਡਾਗਰਦੀ ਗਰਦਾਨ ਕੇ ਬੜੀ ਨਾਕਾਰਾਤਮਕ ਚਰਚਾ ਕੀਤੀ ਜਾਂਦੀ ਹੈ।



*ਫਿਲਪੀਨਜ਼ ਦੀ ਕਰੰਸੀ ਪੇਸੋ।*

ਕਤਲ ਹੋਣ ਵਾਲੇ ਜ਼ਿਆਦਾਤਰ ਪੰਜਾਬੀ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਮੋਗਾ ਅਤੇ ਨਵਾਂ ਸ਼ਹਿਰ ਦੇ ਵਸਨੀਕ ਹਨ। ਫਿਲਪੀਨਜ਼ ਐਨ.ਆਰ.ਆਈ. ਸਭਾ ਦੇ ਪ੍ਰਧਾਨ ਮੁਤਾਬਕ, ਸ਼ੁਰੂ ਵਿਚ ਪੰਜਾਬੀ ਨਸ਼ੇੜੀ ਲੁਟੇਰਿਆਂ ਹੱਥੋਂ ਮਾਰੇ ਜਾਂਦੇ ਸਨ, ਪਰ ਹੁਣ 90% ਪੰਜਾਬੀਆਂ ਦੀ ਸੁਪਾਰੀ ਪੰਜਾਬੀ ਹੀ ਦਿੰਦੇ ਹਨ। ਪੰਜਾਬੀ ਗੈਂਗਸਟਰਾਂ ਵੱਲੋਂ ਅਮੀਰ ਪੰਜਾਬੀਆਂ ਨੂੰ ਅਗਵਾ ਕਰਵਾ ਕੇ ਆਪ ਹੀ ਵਿਚ ਪੈ ਕੇ ਰਾਜ਼ੀਨਾਮਾ ਕਰਵਾਉਣਾ ਆਮ ਹੈ।

ਫਿਲਪੀਨਜ਼ ਵਿਚ ਵਿਆਜ ਦਾ ਧੰਦਾ ਜ਼ਿਆਦਾਤਰ ਗ਼ੈਰਕਾਨੂੰਨੀ ਰੂਪ 'ਚ ਹੁੰਦਾ ਹੈ। ਇਸ ਕਰ ਕੇ ਲੁੱਟੇ ਜਾਣ 'ਤੇ ਪੁਲਿਸ ਤੱਕ ਪਹੁੰਚ ਘੱਟ ਹੀ ਹੁੰਦੀ ਹੈ। ਵਿਆਜ 'ਤੇ ਪੈਸੇ ਦੇਣ ਦਾ ਧੰਦਾ ਫਿਲਪੀਨਜ਼ ਵਿਚ 5-6 ਦੇ ਨਾਂ ਨਾਲ ਮਸ਼ਹੂਰ ਹੈ। ਕਹਿੰਦੇ ਹਨ ਕਿ 1930 ਵਿਚ ਇੱਕ ਪੰਜਾਬੀ ਨੇ ਕਿਸੇ ਫਿਲੀਪੀਨੋ ਨੂੰ 5 ਪੇਸੋ ਦੇ ਕੇ ਵਿਆਜ ਸਮੇਤ 6 ਪੇਸੋ ਵਾਪਸ ਲਏ ਸਨ। ਇਸ ਪਿਛੋਂ ਧੰਦੇ ਦਾ ਨਾਂ 5-6 ਪੈ ਗਿਆ। ਲੋਕਲ ਵਸਨੀਕ ਕਰਜ਼ਾ ਲੈਣਾ ਬੁਰਾ ਨਹੀਂ ਸਮਝਦੇ। ਹਰ ਛੋਟੇ ਮੋਟੇ ਕੰਮ ਜਿਵੇਂ ਬੱਚਿਆਂ ਦੇ ਜਨਮ ਦਿਨ ਮਨਾਉਣ ਆਦਿ ਲਈ ਵੀ ਖੁੱਲ੍ਹ ਕੇ ਕਰਜ਼ਾ ਲਿਆ ਜਾਂਦਾ ਹੈ। ਪੰਜਾਬੀ ਆਮ ਤੌਰ 'ਤੇ ਛੋਟੀਆਂ ਰਕਮਾਂ ਦੇਣ ਦਾ ਧੰਦਾ ਕਰਦੇ ਹਨ, ਕਿਉਂਕਿ ਫਾਈਨਾਂਸ ਦਾ ਧੰਦੇ ਲਈ ਫਿਲਪੀਨਜ਼ ਦਾ ਕਾਨੂੰਨ ਬਹੁਤ ਸਖ਼ਤ ਹੈ। ਇਸ ਲਈ ਕਾਰਪੋਰੇਸ਼ਨ ਬਣਾ ਕੇ ਰਜਿਸਟਰਡ ਕਰਾਉਣੀ ਪੈਂਦੀ ਹੈ ਤੇ ਟੈਕਸ ਬਹੁਤ ਜ਼ਿਆਦਾ ਹਨ। ਇਸ ਲਈ ਦੋ ਨੰਬਰ ਵਿਚ ਕਰਜ਼ਾ ਦੇ ਕੇ ਸਾਧਾਰਨ ਪ੍ਰੋਨੋਟ ਲਿਖਾ ਲਿਆ ਜਾਂਦਾ ਹੈ। ਪ੍ਰੋਨੋਟ ਦੇ ਆਧਾਰ 'ਤੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਅਜਿਹੇ ਮਾਮਲੇ ਵਿਚ ਪਈ ਖਿੱਚੋਤਾਣ ਕਈ ਵਾਰ ਕਤਲਾਂ ਦਾ ਕਾਰਨ ਬਣਦੀ ਹੈ। ਜਦੋਂ ਕਰਜ਼ਈ ਵੱਡੀਆਂ ਰਕਮਾਂ ਵਾਪਸ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਹ ਗੈਂਗਾਂ ਰਾਹੀਂ ਲੈਣਦਾਰ ਦਾ ਕਤਲ ਕਰਾ ਕੇ ਦੇਣਦਾਰੀਆਂ ਤੋਂ ਛੁਟਕਾਰਾ ਪਾ ਲੈਂਦਾ ਹੈ।

ਦੇਵਿੰਦਰ ਸਤਿਆਰਥੀ-10



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਸਾਡੇ ਲੇਖਕਾਂ ਨੂੰ ਨਾ-ਲਿਖਣਾ ਨਹੀਂ ਆਉਂਦਾ!

ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ

ਸਤਿਆਰਥੀ ਜੀ ਦੀ ਹਰ ਰਚਨਾ ਘਰੋਂ ਬਾਹਰ ਵਾਰ ਵਾਰ ਦੀ ਸੋਧ-ਸੁਧਾਈ ਵਿਚੋਂ ਲੰਘਦੀ ਅਤੇ ਸੰਪੂਰਨਤਾ ਨੂੰ ਤਾਂਘਦੀ ਰਹਿੰਦੀ ਸੀ। ਮੈਨੂੰ ਇਹ ਜਾਣਨ ਦੀ ਉਤਸੁਕਤਾ ਸੀ ਕਿ ਇਸ ਰਚਨਾ ਦਾ ਮੁੱਢਲਾ ਰੂਪ ਕਦੋਂ ਅਤੇ ਕਿਥੇ ਲਿਖਿਆ ਜਾਂਦਾ ਹੈ। ਇਕ ਦਿਨ ਮੈਂ ਪੁੱਛਿਆ, "ਸਤਿਆਰਥੀ ਜੀ, ਤੁਹਾਡੀ ਰਚਨਾ ਪੂਰਨਤਾ ਤਾਂ ਸੜਕਾਂ ਉਤੇ, ਕਾਫ਼ੀ ਹਾਊਸ ਵਿਚ, ਚਾਹ-ਖਾਨਿਆਂ ਵਿਚ ਜਾਂ ਪਾਰਕਾਂ ਵਿਚ ਪ੍ਰਾਪਤ ਕਰਦੀ ਹੈ, ਤੁਸੀਂ ਇਹਦਾ ਮੂਲ, ਭਾਵ ਮੁੱਢਲਾ ਰੂਪ ਕਦੋਂ ਰਚਦੇ ਹੋ? ਤੁਸੀਂ ਤਾਂ ਦਿਨ-ਰਾਤ ਉਦਾਸੀ ਉਤੇ ਹੀ ਰਹਿੰਦੇ ਹੋ। ਰਚਨਾ-ਕਾਰਜ ਤਾਂ ਇਕਾਂਤ ਤੇ ਸਹਿਜ ਲੋੜਦਾ ਹੈ। ਇਹਤੋਂ ਇਲਾਵਾ ਲੇਖਕਾਂ ਦੀਆਂ ਅਨੇਕ ਆਦਤਾਂ ਹੁੰਦੀਆਂ ਹਨ। ਕੋਈ ਵਿਸ਼ੇਸ਼ ਕਿਸਮ ਦੀ ਕਲਮ ਵਰਤਦਾ ਹੈ, ਕੋਈ ਵਿਸ਼ੇਸ਼ ਕਿਸਮ ਦਾ ਕਾਗਜ਼, ਕੋਈ ਵਿਸ਼ੇਸ਼ ਮਾਹੌਲ ਮੰਗਦਾ ਹੈ, ਕੋਈ ਕਿਸੇ ਵਿਸ਼ੇਸ਼ ਥਾਂ ਬੈਠ ਕੇ ਹੀ ਲਿਖ ਸਕਦਾ ਹੈ। ਤੁਸੀਂ?"

"ਦਰਅਸਲ ਜੀ ਮੈਂ ਰੋਜ਼ ਸਵੇਰੇ-ਸਵੇਰੇ ਲਿਖਦਾ ਹਾਂ। ਜਾਗਦੇ ਪਿਆਂ ਉਸਲਵੱਟੇ ਲੈਣ ਦੀ ਥਾਂ ਮੈਂ ਚਾਰ ਵਜੇ ਜਾਂ ਉਹਤੋਂ ਵੀ ਪਹਿਲਾਂ ਉਠ ਖੜ੍ਹਦਾ ਹਾਂ। ਸਵੇਰੇ ਉਠਣ ਤੋਂ ਪਹਿਲਾਂ ਜਾਂ ਰਾਤ ਨੂੰ ਸੌਣ ਤੋਂ ਪਹਿਲਾਂ ਜਾਗਦਾ ਪਿਆ ਮੈਂ ਸੋਚ ਲੈਂਦਾ ਹਾਂ ਕਿ ਉਠ ਕੇ ਕੀ ਕਰਨਾ ਹੈ। ਫੇਰ ਜਿੰਨਾ ਚਿਰ ਦਿਲ ਕਰੇ, ਕੰਮ ਕਰਦਾ ਰਹਿੰਦਾ ਹਾਂ, ਨੌਂ ਵਜੇ ਤਾਈਂ, ਦੁਪਹਿਰ ਤਾਈਂ, ਕਦੀ-ਕਦੀ ਸਾਰਾ ਦਿਨ ਵੀ। ਲਿਖਣ ਲਈ ਹੋਰ ਕੋਈ ਆਦਤ ਨਹੀਂ, ਬਸ ਜੀ ਧੀਮੀ ਆਵਾਜ਼ 'ਚ ਸੰਗੀਤ ਵਜਦਾ ਹੋਣਾ ਚਾਹੀਦਾ ਹੈ।"

ਸਤਿਆਰਥੀ ਜੀ ਬਾਰੇ ਬਹੁਤੇ ਪਾਠਕਾਂ ਦਾ ਵਿਚਾਰ ਸੀ ਕਿ ਬਹੁਤ ਸਮੇਂ ਤੋਂ ਉਨ੍ਹਾਂ ਦੀ ਰਚਨਾ ਸਮਝ ਨਹੀਂ ਪੈਂਦੀ। ਪਾਠਕ ਕਹਿੰਦੇ ਸਨ ਕਿ ਉਨ੍ਹਾਂ ਦੇ ਵਖਰੇ-ਵਖਰੇ ਵਾਕ-ਵਾਕੰਸ਼ ਤਾਂ ਬਹੁਤ ਸੁੰਦਰ, ਮੋਤੀਆਂ ਵਰਗੇ ਸੁੰਦਰ ਹੁੰਦੇ ਹਨ, ਪਰ ਉਨ੍ਹਾਂ ਦੀ ਰਚਨਾ ਵਿਚ ਉਸ ਧਾਗੇ ਦੀ ਘਾਟ ਹੁੰਦੀ ਹੈ ਜਿਹੜਾ ਇਨ੍ਹਾਂ ਵਖਰੇ-ਵਖਰੇ ਮੋਤੀਆਂ ਨੂੰ ਰਾਣੀ-ਹਾਰ ਬਣਾ ਸਕੇ।

ਇਕ ਦਿਨ ਨਵਯੁਗ ਵਿਚ ਇਹੋ ਮਾਮਲਾ ਛਿੜਿਆ ਤਾਂ ਉਹ ਪਿੱਛਾ ਛੁਡਾਉਣ ਲਈ ਕਹਿੰਦੇ, "ਲਉ ਜੀ, ਅੱਜ ਤੋਂ ਪਾਠਕਾਂ ਦੀ ਸਮਝ ਪੈਣ ਵਾਲਾ ਸਰਲ ਲਿਖਣਾ ਸ਼ੁਰੂ ਕਰ ਦਿੰਦੇ ਹਾਂ।" ਭਾਪਾ ਜੀ ਨੇ ਉਨ੍ਹਾਂ ਦੀ ਗੱਲ ਫੜ ਲਈ ਅਤੇ ਮੈਨੂੰ ਕੋਰਾ ਕਾਗਜ਼ ਫੜਾਉਂਦੇ ਹੋਏ ਬੋਲੇ, "ਲੈ ਬਈ ਭੁੱਲਰ, ਇਨ੍ਹਾਂ ਦਾ ਬਿਆਨ ਲਿਖ, 'ਆਰਸੀ' ਵਿਚ ਦੇਈਏ।" "ਮੈਂ ਉਥੇ ਬੈਠਿਆਂ ਹੀ ਉਨ੍ਹਾਂ ਵੱਲੋਂ ਬਿਆਨ ਲਿਖ ਕੇ ਭਾਪਾ ਜੀ ਨੂੰ ਫੜਾ ਦਿੱਤਾ। ਉਨ੍ਹਾਂ ਨੇ ਪੜ੍ਹਿਆ ਅਤੇ ਸਤਿਆਰਥੀ ਜੀ ਨੂੰ ਸੁਣਾ ਕੇ ਦਸਖ਼ਤ ਵਾਸਤੇ ਉਨ੍ਹਾਂ ਦੇ ਅੱਗੇ ਰੱਖ ਦਿੱਤਾ। ਉਸ ਵਿਚ ਇਕਰਾਰ ਕੀਤਾ ਗਿਆ ਸੀ ਕਿ ਉਹ ਅੱਗੋਂ ਲਈ ਪਾਠਕਾਂ ਦੇ ਸਮਝ ਪੈਣ ਵਾਲੀ ਰਚਨਾ ਹੀ ਕਰਿਆ ਕਰਨਗੇ। ਕੰਪੋਜ਼ੀਟਰ ਨੂੰ ਬੁਲਾ ਕੇ 'ਆਰਸੀ' ਦੇ ਤਿਆਰ ਹੋ ਰਹੇ ਅੰਕ ਲਈ ਦਿੰਦਿਆਂ ਭਾਪਾ ਜੀ ਨੇ ਹਦਾਇਤ ਕੀਤੀ, "ਮੂਲ ਲਿਖਤ ਮੈਨੂੰ ਹੁਣੇ ਮੋੜ ਦੇਣਾ।" "ਦਸ-ਪੰਦਰਾਂ ਮਿੰਟਾਂ ਵਿਚ ਕੰਪੋਜ਼ੀਟਰ ਕਾਗਜ਼ ਮੋੜ ਗਿਆ ਤਾਂ ਉਹ ਭਾਪਾ ਜੀ ਨੇ ਦਰਾਜ਼ ਵਿਚ ਤਾਲਾ-ਬੰਦ ਕਰ ਦਿੱਤਾ।

ਇਹ ਬਿਆਨ ਪੜ੍ਹ ਕੇ ਬਹੁਤੇ ਪਾਠਕ ਬਹੁਤ ਖ਼ੁਸ਼ ਹੋਏ। 'ਆਰਸੀ' ਨੂੰ ਚਿੱਠੀਆਂ ਵੀ ਆਈਆਂ। ਪਰ ਜਦੋਂ ਚੇਪੀ-ਦਰ-ਚੇਪੀ ਦੇ ਪੁਲਸਰਾਤ ਨੂੰ ਪਾਰ ਕਰ ਕੇ ਅਗਲੀ ਕਹਾਣੀ ਭਾਪਾ ਜੀ ਨੂੰ ਛਾਪਣ ਵਾਸਤੇ ਦਿੱਤੀ ਗਈ, ਪਰਨਾਲਾ, ਪੰਚਾਇਤ ਦਾ ਕਿਹਾ ਸਿਰ-ਮੱਥੇ ਹੋਣ ਦੇ ਬਾਵਜੂਦ, ਉਥੇ ਦਾ ਉਥੇ ਸੀ। ਜਦੋਂ ਅਸੀਂ ਵਚਨ ਤੋੜਨ ਦਾ ਗਿਲਾ ਕੀਤਾ, ਕਹਿਣ ਲਗੇ, "ਦਰਅਸਲ ਜੀ, ਵਾਅਦਾ ਹੀ ਕਿਆ ਜੋ ਵਫ਼ਾ ਹੋ ਗਿਆ। ਵਾਅਦੇ ਦੀ ਪਹਿਲੀ ਸ਼ਰਤ ਤਾਂ ਹੈ ਹੀ ਉਹਨੂੰ ਅੱਗੇ ਚੱਲ ਕੇ ਤੋੜਨਾ। ਜੀ, ਆਪਣੇ ਤਾਂ ਪੁਰਾਤਨ ਗਰੰਥ ਵੀ ਵਡੇਰਿਆਂ ਦੀਆਂ ਵਾਅਦੇ ਤੋੜਨ ਦੀਆਂ ਉਦਾਹਰਨਾਂ ਨਾਲ ਭਰੇ ਪਏ ਨੇ।"

ਮਗਰੋਂ ਫੇਰ ਇਕ ਦਿਨ ਢੁੱਕਵਾਂ ਮੌਕਾ ਦੇਖ ਕੇ ਮੈਂ ਉਨ੍ਹਾਂ ਤੋਂ ਇਹ ਜਵਾਬ ਵੀ ਮੰਗ ਹੀ ਲਿਆ, "ਸਤਿਆਰਥੀ ਜੀ, ਤੁਹਾਡੀ ਰਚਨਾ ਨੇ ਪਿਛਲੇ ਸਾਲਾਂ ਸਗੋਂ ਦਹਾਕਿਆਂ ਵਿਚ ਸੌਖੇ ਤੋਂ ਔਖੇ ਵੱਲ ਦੀ ਯਾਤਰਾ ਕੀਤੀ ਹੈ। ਕੀ ਇਹਦੇ ਪਿਛੇ ਤੁਹਾਡੀ ਗਿਆਨ ਦੀ ਬਹੁਲਤਾ ਹੈ, ਭਾਵ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨ ਦੀ ਲਾਲਸਾ ਹੈ ਜਾਂ ਕੁਝ ਹੋਰ?"

ਬਾਬੇ ਮੁਸਕਰਾਏ, "ਭੁੱਲਰ ਜੀ, ਆਪਣੇ ਪਿੰਡਾਂ ਦੀ ਇਕ ਬੋਲੀ ਹੈ," ਉਹ ਫੇਰ ਲੋਕ-ਗੀਤਾਂ ਵੱਲ ਮੁੜੇ, "ਕੱਲੀ ਟੱਕਰੇਂ ਤਾਂ ਹਾਲ ਸੁਣਾਵਾਂ, ਦੁੱਖਾਂ ਵਿਚ ਪੈ ਗਈ ਜਿੰਦੜੀ! ਮੇਰਾ ਸਾਹਿਤ ਤਾਂ ਜੀ ਬਹੁਤ ਦੁੱਖਾਂ ਵਿਚ ਫਸਿਆ ਹੋਇਆ ਹੈ। ਤੁਸੀਂ ਕੱਲੇ ਟੱਕਰ ਹੀ ਗਏ ਹੋ ਤਾਂ ਲਉ ਇਹ ਦੁੱਖੜਾ ਵੀ ਸੁਣ ਲਵੋ। ਆਪਣੇ ਪ੍ਰਕਾਸ਼ਕ ਤੇ ਸੰਪਾਦਕ ਮਿੱਤਰ ਭਾਪਾ ਜੀ ਮੈਨੂੰ ਮੁੜ-ਮੁੜ ਪੁੱਛਣਗੇ, ਸਤਿਆਰਥੀ ਜੀ, ਤੁਸੀਂ ਹੁਣ 'ਇਕੱਨੀ' ਵਰਗੀ ਕਹਾਣੀ ਕਿਉਂ ਨਹੀਂ ਲਿਖਦੇ? ਮੇਰਾ ਜਾਇਜ਼ ਜਵਾਬ ਹੁੰਦਾ ਹੈ, ਉਹ ਤਾਂ ਜੀ ਮੈਂ 1941 ਵਿਚ ਹੀ ਲਿਖ ਦਿੱਤੀ ਸੀ; ਕੀ ਮੈਂ ਏਨੇ ਸਮੇਂ ਮਗਰੋਂ ਵੀ ਏਨਾ ਸਮਾਂ ਪਹਿਲਾਂ ਵਰਗੀ ਕਹਾਣੀ ਹੀ ਲਿਖਾਂ? ਦਰਅਸਲ ਜੀ, ਮੈਂ ਤਾਂ ਨਤ-ਮਸਤਕ ਹੋ ਕੇ ਪ੍ਰਾਰਥਨਾ ਕਰਦਾ ਹਾਂ, ਹੇ ਰੱਬਾ, ਮੈਨੂੰ ਨਾ-ਸਮਝਣ ਵਾਲਾ ਪਾਠਕ ਨਾ ਦੇ। ਹੁਣ ਤੁਸੀਂ ਹੀ ਦੱਸੋ, ਭੁੱਲਰ ਜੀ, ਮੈਂ ਰਚਨਾ ਪਾਠਕਾਂ ਨੂੰ ਸਮਝਾਉਣ ਲਈ ਰਚਨਾਕਾਰ ਵਜੋਂ ਆਪਣਾ ਮਿਆਰ ਕਿਵੇਂ ਡੇਗ ਲਵਾਂ?"

ਮੇਰੇ ਮਨ ਵਿਚ ਆਉਂਦਾ ਕਿ ਉਨ੍ਹਾਂ ਨੂੰ ਕਹਾਂ, ਉਚ ਪਾਏ ਦੀ ਰਚਨਾ ਦਾ ਭਾਸ਼ਾਈ ਔਖ ਜਾਂ ਸ਼ੈਲੀਗਤ ਉਲਝੇਵੇਂ ਨਾਲ ਤਾਂ ਕੋਈ ਸਬੰਧ ਨਹੀਂ। ਉਨ੍ਹਾਂ ਦੀ ਹੀ ਕਵਿਤਾ ਦੀ ਇਕ ਸਤਰ ਚੇਤੇ ਆਈ: 'ਸੁਰ 'ਚੋਂ ਸੁਰ ਤੁਰੇ, ਮੁਰਲੀਏ ਨੀ ਹੋ ਉਰ੍ਹੇ!' ਇਕ ਹੋਰ ਕਵਿਤਾ ਵਿਚ ਉਹ ਆਪਣੀ ਬੱਚੀ ਬਾਰੇ ਕਹਿੰਦੇ ਹਨ, 'ਬਿਸਕੁਟ ਵਾਂਗੂੰ ਭੁਰ ਭੁਰ ਪੈਂਦੀ, ਪਾਰੁਲ ਦੀ ਮੁਸਕਾਨ।' ਇਸ ਤੋਂ ਵਧੀਕ ਭਾਸ਼ਾਈ ਸਾਦਗੀ ਕੀ ਹੋਵੇਗੀ ਅਤੇ ਇਸ ਤੋਂ ਵਧੀਕ ਅਰਥਾਂ ਦੀ ਗਹਿਰਾਈ ਤੇ ਕਲਪਨਾ ਦੀ ਉਚਾਈ ਕੀ ਹੋਵੇਗੀ। ਉਨ੍ਹਾਂ ਦੀਆਂ ਹੋਰ ਕਵਿਤਾਵਾਂ ਦੇ ਬੰਦ ਵੀ ਯਾਦ ਆ ਜਾਂਦੇ ਸਨ ਜੋ ਭਾਸ਼ਾਈ ਪੱਖੋਂ ਜਿੰਨੀਆਂ ਸਰਲ ਹਨ, ਭਾਵਨਾਵਾਂ ਅਤੇ ਅਰਥਾਂ ਦੇ ਪੱਖੋਂ, ਪ੍ਰਗਤੀਵਾਦ ਦਾ ਦਾਅਵਾ ਕੀਤੇ ਬਿਨਾ ਵੀ, ਓਨੀਆਂ ਹੀ ਕਦਰਯੋਗ ਅਤੇ ਲੋਕ-ਮੁਖੀ ਹਨ:

'ਤੇਰੇ ਹਲ ਨੇ ਲਹੂ-ਲੁਹਾਨ
ਓ ਹਿੰਦੁਸਤਾਨ!
ਤੇਰਾ ਢਿੱਡ ਕਬਰ ਸਦੀਆਂ ਦੀ
ਓ ਹਿੰਦੁਸਤਾਨ!...
ਧਰਤੀਏ ਨੀ ਸਮਝਾ ਕਣਕ ਨੂੰ
ਜਿਧ-ਖਿਧੀਆਂ ਨਾ ਕਰੇ ਪਈ ਇੰਜ
ਭੁਖਿਆਂ ਨਾਲ ਕੀ ਆਖੇ ਹਾਸਾ!...'

ਇਸੇ ਤਰ੍ਹਾਂ ਇਕ ਮਿਸਾਲ ਵਜੋਂ ਉਨ੍ਹਾਂ ਦੀਆਂ ਕਹਾਣੀਆਂ ਵਿਚੋਂ ਇਸਤਰੀ ਤੇ ਚਰਖੇ ਦੀ ਅਟੁੱਟ ਪ੍ਰੰਪਰਾਗਤ ਸਾਂਝ ਦੇ ਲੋਕ-ਧਾਰਾਈ ਭਾਂਡੇ ਅਤੇ ਨਿਰੋਲ ਆਰਥਕ-ਰਾਜਨੀਤਕ ਵਸਤ ਵਾਲੀ ਕਹਾਣੀ 'ਦੇਵਤਾ ਡਿੱਗ ਪਿਆ' ਚੇਤੇ ਆ ਜਾਂਦੀ ਹੈ। ਲੋਕ-ਧਾਰਾ ਜਿੰਨੀ ਸਰਲ ਅਤੇ ਆਪਣੇ ਆਪ ਨੂੰ ਰਾਜਨੀਤੀ ਤੋਂ ਉਕਾ ਹੀ ਬੇਲਾਗ ਕਹਿਣ ਵਾਲੇ ਤੇ ਲੋਕਾਂ ਵਲੋਂ ਰਾਜਨੀਤੀ ਤੋਂ ਉਕਾ ਹੀ ਬੇਲਾਗ ਸਮਝੇ ਜਾਣ ਵਾਲੇ ਲੇਖਕ ਵਲੋਂ ਲਿਖੀ ਗਈ ਨਿਰੋਲ ਆਰਥਕ-ਰਾਜਨੀਤਕ ਕਹਾਣੀ ਹੈ ਇਹ। ਚਰਖਾ ਅਤੇ ਮਿੱਲ, ਪੁਰਾਤਨਤਾ ਅਤੇ ਆਧੁਨਿਕਤਾ, ਤਜਣਯੋਗ ਪਰੰਪਰਾ ਅਤੇ ਅਪਣਾਉਣ-ਯੋਗ ਨਵੀਂ ਲੀਹ ਵਿਚਕਾਰ ਰਣ ਦਾ ਖੇਤਰ ਹੈ ਇਹ ਕਹਾਣੀ। ਗਾਂਧੀ-ਭਗਤਾਂ ਵਲੋਂ ਦੇਵਤਾ ਬਣਾ ਦਿਤੇ ਗਏ ਚਰਖੇ ਦੀ ਪੂਰੀ ਚੜ੍ਹਤ ਦੇ ਦਿਨਾਂ ਵਿਚ ਉਸ ਨੂੰ ਘੁਣ ਤੋਂ ਖਾਂਦਾ ਕੇ ਡੇਗਣਾ ਗਾਂਧੀ ਜੀ ਦੇ ਪ੍ਰਸ਼ੰਸਾ-ਪਾਤਰ ਲੇਖਕ ਦਾ ਸਚੁਮੱਚ ਹੀ ਇਕ ਇਨਕਲਾਬੀ ਕਦਮ ਸੀ। ਰੱਸੀ ਵਰਗੇ ਮੋਟੇ ਧਾਗੇ ਬਣਾਉਂਦੇ ਹੱਥਾਂ ਦੇ ਟਾਕਰੇ ਚਰਖਾ ਇਕ ਵਧੀਆ ਮਸ਼ੀਨ ਸੀ। ਪਰ ਹੁਣ ਜਦੋਂ ਵੱਡੀਆਂ ਮਿੱਲਾਂ ਆ ਗਈਆਂ, ਚਰਖੇ ਦਾ ਸਮਾਂ ਲੱਦ ਗਿਆ। ਇਹ ਕਹਾਣੀ ਅਤਿਅੰਤ ਸਰਲ ਸ਼ੈਲੀ-ਬੋਲੀ ਰਾਹੀਂ ਕੇਵਲ ਬੀਤੇ ਨੂੰ ਹੀ ਨਹੀਂ ਸਿਮਰਦੀ ਅਤੇ ਵਰਤਮਾਨ ਨੂੰ ਹੀ ਨਹੀਂ ਚਿਤਰਦੀ, ਸਗੋਂ ਪਾਠਕ ਨੂੰ ਕਾਫ਼ੀ ਦੁਰੇਡੇ ਭਵਿੱਖ ਦੇ ਦਰਸ਼ਨ ਕਰਵਾ ਕੇ ਉਹਦੇ ਮਨ ਵਿਚ ਸਤਿਆਰਥੀ ਜੀ ਦੀ ਪ੍ਰਤਿਭਾ ਦਾ ਝੰਡਾ ਗੱਡ ਦਿੰਦੀ ਹੈ।

ਪਰ ਮੇਰੇ ਵਲੋਂ ਉਨ੍ਹਾਂ ਨੂੰ ਅਜਿਹੀਆਂ ਦਲੀਲਾਂ ਨਾਲ ਘੇਰੇ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਰੋਸ ਜਤਾਇਆ, "ਅੱਖਾਂ ਨੂੰ ਜੋ ਕੁਝ ਤੇ ਜਿਸ ਤਰ੍ਹਾਂ ਵੇਖਣ ਦੀ ਆਦਤ ਪੈ ਚੁਕੀ ਹੈ, ਇਨ-ਬਿਨ ਉਹੋ ਕੁਝ ਸਾਡੇ ਲੇਖਕ ਲਿਖ ਰਹੇ ਨੇ। ਹਰ ਲੇਖਕ ਆਪਣੀ ਪਹਿਲੀ ਰਚਨਾ ਨੂੰ ਹੀ ਮੁੜ-ਮੁੜ ਛਾਪ ਰਿਹਾ ਹੈ। ਨਵੇਂ-ਨਵੇਂ ਨਾਂ ਦੇ ਕੇ। ਉਹੋ ਪਾਤਰ ਹਨ, ਉਹੋ ਲੇਖਕ, ਉਹੋ ਕਹਾਣੀ, ਉਹੋ ਕਵਿਤਾ, ਬੇਹੀ-ਬੁਸੀ। ਜਿਵੇਂ ਅਸੀਂ ਕੋਈ ਨਵਾਂ ਰਾਹ ਲੱਭਣ ਦੀ ਰੀਤ ਤੇ ਸ਼ਕਤੀ ਗੁਆ ਚੁਕੇ ਹੋਈਏ।...ਭੁੱਲਰ ਜੀ, ਮੈਨੂੰ ਤਾਂ ਇਹ ਸ਼ਿਕਾਇਤ ਹੈ ਕਿ ਸਾਡਾ ਤਥਾ-ਕਥਿਤ ਨਵਾਂ ਸਾਹਿਤ ਵੀ ਨਵਾਂ ਨਹੀਂ! ਇਸੇ ਕਰਕੇ ਜੀ ਬਹੁਤ ਖੁਸ਼ੀ ਉਨ੍ਹਾਂ ਨਾਲ ਬੈਠ ਕੇ ਹੁੰਦੀ ਹੈ ਜਿਹੜੇ ਲੇਖਕ ਨਹੀਂ, ਪਾਠਕ ਹਨ, ਜਾਂ ਪਾਠਕ ਹੋਣ ਲਈ ਤਾਂਘਦੇ ਹਨ। ਲੇਖਕ ਮਿੱਤਰਾਂ ਨਾਲ ਉਠ-ਬੈਠ ਕੇ ਕਈ ਵਾਰ ਚਿਤ ਬੜਾ ਕਾਹਲਾ ਪੈਣ ਲਗਦਾ ਹੈ ਕਿਉਂਕਿ ਹਰ ਬੰਦਾ ਆਪਣੀ ਰਚਨਾ ਦੇ ਗਜ਼ ਨਾਲ ਤੁਹਾਨੂੰ ਹੀ ਨਹੀਂ, ਸਾਰੀ ਦੁਨੀਆਂ ਨੂੰ ਮਾਪ ਰਿਹਾ ਹੁੰਦਾ ਹੈ।"

ਅਗਲੀ ਵਾਰ ਉਹ ਮੇਰੇ ਘਰ ਆਏ ਤਾਂ ਮੈਂ ਫੇਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਗੱਲਾਂ ਵਿਚ ਹੀ ਘੇਰਨ ਦੀ ਕੋਸ਼ਿਸ਼ ਕੀਤੀ, "ਪਰ ਇਥੇ ਤਾਂ, ਸਤਿਆਰਥੀ ਜੀ, ਤੁਹਾਡੀ ਗੱਲ ਵਿਚ ਸਵੈ-ਵਿਰੋਧ ਆ ਜਾਂਦਾ ਹੈ। ਇਕ ਪਾਸੇ ਤੁਸੀਂ ਪਾਠਕ ਨੂੰ ਏਨਾ ਮਹੱਤਵ ਦਿੰਦੇ ਹੋ ਕਿ ਜਣੇ-ਖਣੇ ਨੂੰ ਸੁਣਾਉਣ ਵਿਚ ਤੇ ਉਹਦੀ ਰਾਏ ਸਿਰ-ਮੱਥੇ ਰੱਖਣ ਵਿਚ ਵੀ ਤੁਸੀਂ ਕੋਈ ਝਿਜਕ ਨਹੀਂ ਦਿਖਾਉਂਦੇ ਅਤੇ ਦੂਜੇ ਪਾਸੇ ਰਚਨਾ ਪਾਠਕ ਦੇ ਸਿਰ ਤੋਂ ਉਤੇ-ਉਤੇ ਲੰਘ ਜਾਣ ਦੀ ਵੀ ਤੁਹਾਨੂੰ ਕੋਈ ਪ੍ਰਵਾਹ ਨਹੀਂ!"

ਪਰ ਚੌਂਦਾਂ ਹੱਥ ਦੀ ਛਾਲ ਮਾਰਨ ਦੇ ਸਮਰੱਥ ਹਿਰਨ-ਸੋਚ ਵਾਲੇ ਬਾਬੇ ਮੇਰੇ ਵਰਗਿਆਂ ਦੇ ਅਜਿਹੇ ਕੱਚੇ ਘੇਰਿਆਂ ਵਿਚ ਫਸਣ ਵਾਲੇ ਕਿਥੇ ਸਨ! ਉਨ੍ਹਾਂ ਨੇ ਨਵਾਂ ਸਿਧਾਂਤ ਪੇਸ਼ ਕਰ ਦਿੱਤਾ, "ਦਰਅਸਲ ਜੀ, ਰਚਨਾ ਕਰਦਿਆਂ ਹੋਇਆਂ ਲਿਖਣਾ ਓਨਾ ਮਹੱਤਵ ਨਹੀਂ ਰਖਦਾ ਜਿੰਨਾ ਨਾ-ਲਿਖਣਾ। ਸਰਤ ਚੰਦਰ ਚੈਟਰਜੀ ਨੇ ਦਲੀਪ ਕੁਮਾਰ ਰਾਏ ਨੂੰ ਕਿਹਾ ਸੀ, ਤੂੰ ਲਿਖਣਾ ਤਾਂ ਜਾਣਦਾ ਹੈਂ, ਪਰ ਨਾ-ਲਿਖਣਾ ਨਹੀਂ। ਭੁੱਲਰ ਜੀ, ਦੇਖੋ ਨਾ, ਮਕਾਨ ਵਿਚ ਕੁਝ ਹਿੱਸਾ ਅਣਛੱਤਿਆ ਵੀ ਤਾਂ ਹੁੰਦਾ ਹੈ। ਇਹ ਕੋਈ ਨੀਰੇ ਵਾਲਾ ਕੋਠਾ ਥੋੜ੍ਹੋ ਹੁੰਦਾ ਹੈ ਜਿਸ ਵਿਚ ਨਾ ਬਾਰੀ ਹੋਵੇ, ਨਾ ਰੌਸ਼ਨਦਾਨ?...ਰਹੀ ਗੱਲ ਰਚਨਾ ਸੁਣਾਉਣ ਦੀ, ਜੀਹਦਾ ਤੁਸੀਂ ਹੁਣੇ ਜ਼ਿਕਰ ਕੀਤਾ ਹੈ", ਉਹ ਮੇਜ਼ ਉਤੋਂ ਖਰੜਾ ਚੁਕਦਿਆਂ ਬੋਲੇ, "ਲਓ ਇਕ ਛੋਟੀ ਜਿਹੀ ਰਚਨਾ ਸੁਣੋ।"

# ਪੰਜਾਬੀ ਪੱਤਰਕਾਰੀ ਦੇ ਭੁੱਲੇ ਵਿਸਰੇ ਪਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸੁਰਿੰਦਰ ਸਿੰਘ ਤੇਜ ਦੇ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਣਨ ਨੇ ਮੈਨੂੰ ਆਪਣੇ ਜੀਵਨ ਵਿਚ ਆਈਆਂ ਪੱਤਰਕਾਰੀ ਨਾਲ ਸਬੰਧਤ ਹਸਤੀਆਂ ਚੇਤੇ ਕਰਵਾ ਦਿੱਤੀਆਂ ਹਨ। ਐਮ.ਐਸ. ਰੰਧਾਵਾ, ਪ੍ਰੇਮ ਭਾਟੀਆ, ਕੁਲਵੰਤ ਸਿੰਘ ਵਿਰਕ ਤੇ ਬਰਜਿੰਦਰ ਸਿੰਘ ਹਮਦਰਦ। ਮੈਨੂੰ ਭਾਰਤੀ ਖੇਤੀ ਬਾੜੀ ਖੋਜ ਕਾਊਂਸਲ ਵਿਚ ਪੰਜਾਬੀ ਦਾ ਉਪ ਸੰਪਾਦਕ ਲਾਉਣ ਵਾਲਾ ਐਮ.ਐਸ. ਰੰਧਾਵਾ ਸੀ। ਮੇਰੇ ਨਾਲ ਤਾਮਿਲ, ਤੈਲਗੂ, ਬੰਗਾਲੀ, ਮਰਾਠੀ, ਮਲਿਆਲਮ ਦਾ ਕੰਮ ਕਰਨ ਵਾਲੇ ਡੀ. ਮੁਥੂਸਵਾਮੀ, ਟੀ. ਆਰ. ਰਾਓ, ਸੁਮਨਿੰਦਰ ਪਾਂਡੇ, ਐਸ.ਕੇ. ਅੰਦੀਆ ਤੇ ਰਾਧਾ ਮੈਨਨ-ਸਾਰੇ ਇੱਕ ਵੱਡੇ ਕਮਰੇ ਵਿਚ ਬੈਠਣ ਤੇ ਇੱਕ ਦੂਜੇ ਨੂੰ ਜਾਣਨ ਕਾਰਨ ਭਾਰਤ ਦੀ ਸਮੁੱਚੀ ਭਾਸ਼ਾ ਤੇ ਸਭਿਆਚਾਰ ਤੋਂ ਜਾਣੂ ਹੋ ਗਏ।

ਮੈਨੂੰ ਪੰਜਾਬੀ ਟ੍ਰਿਬਿਊਨ ਵੱਲ ਨੂੰ ਤੋਰਨ ਵਾਲਾ ਮੇਰਾ ਮਿੱਤਰ ਬਰਜਿੰਦਰ ਸਿੰਘ ਹਮਦਰਦ ਸੀ। ਉਸ ਨੂੰ ਅਪਣੇ ਪਿਤਾ ਸਾਧੂ ਸਿੰਘ ਹਮਦਰਦ ਦੇ ਅਕਾਲ ਚਲਾਣੇ ਪਿੱਛੋਂ ਟ੍ਰਿਬਿਊਨ ਛੱਡ ਕੇ 'ਅਜੀਤ' ਸੰਭਾਲਣੀ ਪੈ ਗਈ ਸੀ। ਉਹ ਜਾਣਦਾ ਸੀ ਕਿ ਮੈਨੂੰ ਧੜੱਲੇਦਾਰ ਟਰੱਸਟੀ ਐਮ.ਐਸ. ਰੰਧਾਵਾ ਤੇ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁਖ ਸੰਪਾਦਕ ਪ੍ਰੇਮ ਭਾਟੀਆ ਵੱਲੋਂ ਉਸ ਦੇ ਉਤਰ ਅਧਿਕਾਰੀ ਬਾਰੇ ਪੁਛੇ ਜਾਣ 'ਤੇ ਉਸ ਨੇ ਮੇਰਾ ਹੀ ਨਾਂ ਲਿਆ। ਮੇਰੀ ਇੰਟਰਵਿਊ ਸਮੇਂ ਛੋਟੇ ਮੋਟੇ ਸਵਾਲ ਤਾਂ ਕਈਆਂ ਨੇ ਪੁੱਛੇ ਪਰ ਪ੍ਰੇਮ ਭਾਟੀਆ ਨੇ ਕੇਵਲ ਇਹੀਓ ਪੁੱਛਿਆ ਕਿ ਮੈਂ ਕਿੰਨੇ ਕੁ ਦਿਨਾਂ ਤੱਕ ਕੰਮ ਸੰਭਾਲ ਸਕਦਾ ਹਾਂ। ਉਤਰ ਵਿਚ 'ਜਦੋਂ ਚਾਹੋ' ਸੁਣਦਿਆਂ ਹੀ ਰੰਧਾਵਾ ਸਾਹਿਬ ਨੇ ਸਕੱਤਰ ਚੋਣ ਕਮੇਟੀ ਨੂੰ ਕੇਵਲ ਏਨਾ ਹੀ ਪੁੱਛਿਆ ਕਿ ਕੀ ਉਹ ਮੈਨੂੰ ਚੁਣੇ ਜਾਣ ਦੀ ਚਿੱਠੀ ਹੱਥੋ ਹੱਥੀਂ ਨਹੀਂ ਦੇ ਸਕਦੇ।

ਕੀ ਤੁਸੀਂ ਸੋਚ ਸਕਦੇ ਹੋ ਕਿ ਦਸ ਵਿਚੋਂ ਹਾਲੀ ਤਿੰਨ ਉਮੀਦਵਾਰਾਂ ਦੀ ਇੰਟਰਵਿਊ ਬਾਕੀ ਸੀ। ਬਰਜਿੰਦਰ ਸਿੰਘ ਹਮਦਰਦ 'ਪੰਜਾਬੀ ਟ੍ਰਿਬਿਊਨ' ਵਿਚ ਆਉਣ ਤੋਂ ਪਹਿਲਾਂ 'ਦ੍ਰਿਸ਼ਟੀ' ਨਾਂ ਦਾ ਸਾਹਿਤਕ ਰਸਾਲਾ ਕੱਢ ਰਿਹਾ ਸੀ ਜਿਹੜਾ



ਸੁਰਿੰਦਰ ਸਿੰਘ ਤੇਜ

ਉਸ ਨੂੰ ਬੰਦ ਕਰਕੇ ਆਉਣਾ ਪਿਆ ਸੀ, ਪੰਜਾਬੀ ਟ੍ਰਿਬਿਊਨ ਤੋਂ ਅਜੀਤ ਪਰਤਣ ਵਾਂਗ। ਬਰਜਿੰਦਰ ਸਿੰਘ ਦੇ ਚੁਣੇ ਉਪ ਸੰਪਾਦਕਾਂ ਵਿਚੋਂ ਇੱਕਲਾ ਤੇਜ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਕੇਂਦਰ ਤੋਂ ਗਿਆ ਸੀ। ਉਸ ਨੂੰ ਉਥੇ ਕੁਲਵੰਤ ਸਿੰਘ ਵਿਰਕ ਨੇ ਚੁਣਿਆ ਸੀ ਤੇ ਜਦੋਂ ਵਿਰਕ ਦਾ ਕੰਮ ਮੈਂ ਸਾਂਭਿਆ ਤਾਂ ਮੇਰੇ ਅਮਲੇ ਵਿਚ ਤੇਜ ਸਭ ਤੋਂ ਜੂਨੀਅਰ ਪਰ ਸਭ ਤੋਂ ਸਿਆਣਾ ਕਾਮਾ ਸੀ। ਪੰਜਾਬੀ ਟ੍ਰਿਬਿਊਨ ਦੇ ਮੁਢਲੇ ਉਪ ਸੰਪਾਦਕਾਂ ਵਿਚੋਂ ਕੇਵਲ ਉਹੀਓ ਹੈ ਜਿਹੜਾ ਸੰਪਾਦਕ ਦੀ ਪਦਵੀ ਤੱਕ ਪਹੁੰਚਿਆ। ਇਸ ਪੌੜੀ ਦੀ ਸ਼ਿਖਰ ਉਤੇ ਉਸ ਦਾ ਸਵਾਗਤ ਹੈ।

**ਰਹਿ ਗਈ ਮੇਰੀ ਚੀਨ ਉਡਾਰੀ:** ਆਪਣੀ ਜਵਾਨੀ ਵਿਚ ਸਮਾਜਵਾਦੀ ਧਾਰਨਾ ਨੂੰ ਪਰਨਾਏ ਮੇਰੇ ਮਿੱਤਰਾਂ ਨੂੰ ਰੂਸ ਤੇ ਚੀਨ ਵੇਖਣ ਦਾ ਬੜਾ ਚਾਓ ਸੀ, ਉਥੋਂ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਤੇ ਪਰਜਾ ਦਾ ਹੁੰਗਾਰਾ ਜਾਣਨ ਲਈ। ਤਿੰਨ ਦਹਾਕੇ ਪਹਿਲਾਂ ਮੈਨੂੰ ਮੇਰੇ ਮਿੱਤਰ ਦਰਸ਼ਨ ਸਿੰਘ ਨੇ, ਜੋ ਰੂਸੀ ਦੂਤਾਵਾਸ ਨਾਲ ਦੋ ਦਹਾਕੇ ਤੋਂ ਜੁੜਿਆ ਹੋਇਆ ਸੀ, ਰੂਸੀ ਸਰਕਾਰ ਵਲੋਂ ਮੈਨੂੰ ਰੂਸ ਜਾਣ ਦਾ ਸੱਦਾ ਭਿਜਵਾ ਦਿੱਤਾ। ਉਹ ਸੱਦਾ ਮੇਰੇ ਨਾਂ ਉਤੇ ਮੇਰੇ ਦਫ਼ਤਰ ਦੇ ਪਤੇ 'ਤੇ ਆਇਆ ਪਰ ਸੱਦਾ ਆਉਣ ਤੋਂ ਦੋ ਹਫ਼ਤੇ ਪਹਿਲਾਂ ਕਿਸੇ ਕਾਰਨ ਮੈਨੂੰ ਉਹ ਦਫ਼ਤਰ ਛੱਡਣਾ ਪੈ ਗਿਆ ਸੀ। ਮੇਰੇ ਉਤਰ ਅਧਿਕਾਰੀ ਨੇ ਮੇਰੇ ਨਾਂ ਵਾਲਾ ਉਹ ਸੱਦਾ ਦਬੋਚ ਲਿਆ ਤੇ ਰੂਸ ਅਤੇ ਆਪਣੇ ਦਫ਼ਤਰ ਵਾਲਿਆਂ ਨਾਲ ਗਿੱਟ-ਮਿੱਟ ਕਰਕੇ ਮੇਰੀ ਥਾਂ ਖੁਦ ਰੂਸ ਦੀ ਸੈਰ ਕਰ ਆਇਆ।

ਹੁਣ ਤਿੰਨ ਦਹਾਕੇ ਪਿੱਛੋਂ ਮੋਹਾਲੀ ਸੀਨੀਅਰ ਸਿਟੀਜ਼ਨ ਸੰਸਥਾ ਨੇ ਚੀਨ ਤੇ ਹਾਂਗ ਕਾਂਗ ਦੀ ਫੇਰੀ ਦਾ ਪ੍ਰੋਗਰਾਮ ਉਲੀਕਿਆ ਤਾਂ ਮੈਨੂੰ ਵੀ ਸ਼ਾਮਲ ਕਰ ਲਿਆ। ਇਹ ਗੱਲ ਸੁਣਦੇ ਸਾਰ ਮੇਰੇ ਡਾਕਟਰਾਂ ਨੇ ਮੇਰੇ ਕੋਲੋਂ ਨਾਂਹ ਕਰਵਾ ਦਿੱਤੀ। ਏਸ ਲਈ ਕਿ ਮੇਰੀ ਨਬਜ਼ ਮੇਰਾ ਪੂਰਾ ਸਾਥ ਨਹੀਂ ਦੇ ਰਹੀ। ਏਸ ਲਈ ਕਿ ਜੇ ਕਿਸੇ ਟੂਰਿਸਟ ਦੇ ਸਰੀਰ ਵਿਚੋਂ ਉਸ ਦਾ ਭੌਰ ਉਡਾਰੀ ਮਾਰ ਜਾਵੇ ਤਾਂ ਦੂਰ-ਦੁਰਾਡੇ ਦੇਸ਼ ਲਾਸ਼ ਨੂੰ ਕੌਣ ਸਾਂਭੇਗਾ। ਮੈਂ ਆਪਣਾ ਜਿਸਮ ਦਾਨ ਕਰ ਚੁੱਕਾ ਹਾਂ ਤੇ ਲੋੜੀਂਦਾ ਕਾਰਡ ਹਰ ਸਮੇਂ ਆਪਣੀ ਜੇਬ ਵਿਚ ਰੱਖਦਾ ਹਾਂ। ਵਿਦੇਸ਼ ਵਿਚ ਇਹ ਕਾਰਡ ਚਲਦਾ ਹੈ ਕਿ ਨਹੀਂ, ਕਿਸੇ ਨੂੰ ਨਹੀਂ ਪਤਾ। ਜਾਣ ਵਾਲਿਆਂ ਦੀ ਸੂਚੀ ਮੁਕੰਮਲ ਹੋ ਚੁੱਕੀ ਹੈ ਤੇ ਹੁਣ ਕੁਝ ਵੀ ਨਹੀਂ ਹੋ ਸਕਦਾ। ਅੱਗੇ ਤੋਂ ਵਿਦੇਸ਼ ਜਾਣਾ ਹੋਵੇ ਤਾਂ ਪਤਾ ਕਰਾਂਗੇ ਕਿ ਬੇਜਾਨ ਜਿਸਮ ਨੂੰ ਸਾਂਭਣਗੇ ਜਾਂ ਨਹੀਂ। ਮੇਰੀ ਮਿੱਟੀ ਕਿਧਰੇ ਵੀ ਰਹਿ ਜਾਵੇ ਮੈਨੂੰ ਕੀ? ਧਰਤੀ ਮਾਤਾ ਇੱਕ ਹੀ ਹੈ।

ਮੈਂ ਜਾਣਦਾ ਹਾਂ ਕਿ ਮੇਰੀ ਉਮਰ ਵਿਚ ਅਜਿਹਾ ਮੌਕਾ ਮੁੜ ਨਹੀਂ ਬਣਨਾ। ਅਸੀਂ ਬੀਜਿੰਗ, ਹਾਂਗਕਾਂਗ, ਸ਼ਿੰਘਾਈ ਤੇ ਮਕਾਓ ਜਾਣਾ ਸੀ। ਮਕਾਓ ਪੱਛਮੀ ਚੀਨ ਸਾਗਰ ਤੇ ਚੀਨ ਦੀ ਸੀਮਾਂ ਉਤੇ ਪੈਂਦਾ ਹੈ ਤੇ ਮਕਾਓ ਦੇ ਮਹਾਨ ਬੁਰਜ ਤੋਂ ਬਿਨਾ ਉਹ ਸਥਾਨ ਅਪਣੇ ਵਿਸ਼ੇਸ਼ ਪ੍ਰਸ਼ਾਸਨ ਲਈ ਜਾਣਿਆ ਜਾਂਦਾ ਹੈ। ਹਾਂਗਕਾਂਗ 618 ਈਸਵੀ ਤੋਂ ਚੀਨ ਦਾ ਹਿੱਸਾ ਸੀ ਜਿਸ ਨੂੰ ਬਰਤਾਨਵੀ ਸਰਕਾਰ ਨੇ ਡੇਢ ਸੌ ਸਾਲ ਆਪਣੀ ਬਸਤੀ ਬਣਾਈ ਰੱਖਿਆ ਪਰ 1997 ਤੋਂ ਮੁੜ ਚੀਨ ਕੋਲ ਹੈ ਤੇ ਖਰੀਦਦਾਰੀ ਲਈ ਪ੍ਰਸਿੱਧ ਹੈ। ਸ਼ਿੰਘਾਈ ਅਪਣੇ ਰਤਨ ਮੋਤੀ ਉਦਯੋਗ ਤੇ ਵਿਲੱਖਣ ਅਜਾਇਬ ਘਰ ਲਈ ਜਾਣਿਆ ਜਾਂਦਾ ਹੈ। ਬੀਜਿੰਗ ਦੀ ਮਹਾਨ ਮੋਰਚਾਬੰਦੀ ਦੀਵਾਰ ਤਾਂ ਦੁਨੀਆਂ ਦੇ ਸੱਤ ਅਜੂਬਿਆਂ ਵਿਚ ਸ਼ਾਮਲ ਹੈ ਤੇ ਇਥੋਂ ਦਾ ਰੇਸ਼ਮੀ ਵਸਤਰ ਅਜਾਇਬ ਘਰ, ਟਾਇਨਾਮਨ ਚੌਕ, ਵਰਜਿਤ ਸ਼ਹਿਰ ਦਾ ਗੇੜਾ ਵੀ ਮਾਨਯੋਗ ਹੈ। ਨੌਂ ਦਿਨਾਂ ਦੇ ਇਸ ਦੌਰੇ ਵਿਚ ਇਨ੍ਹਾਂ ਸਾਰੀਆਂ ਥਾਂਵਾਂ 'ਤੇ ਜਾਣਾ ਨਿਸ਼ਚਿਤ ਸੀ। ਜਾਪਦਾ ਹੈ ਕਿ ਮੈਨੂੰ ਆਪਣੀਆਂ ਰੀਝਾਂ ਦੇ ਦੇਸ਼ ਵੇਖੇ ਬਿਨਾ ਹੀ ਇਸ ਦੁਨੀਆਂ ਤੋਂ ਜਾਣਾ ਪੈਣਾ ਹੈ। ਜਿਵੇਂ ਉਸ ਨੂੰ ਮਨਜ਼ੂਰ, ਜਿਸ ਤੋਂ ਮੈਂ ਜਾਣੂ ਨਹੀਂ!

**ਅੰਤਿਕਾ:**
*(ਗੁਰਭਜਨ ਗਿੱਲ ਦੀ 'ਗੁਲਨਾਰ' ਵਿਚੋਂ)*
ਉਸੱਲ ਵੱਟੇ ਲੈਂਦਿਆਂ
ਰਾਤ ਗੁਜ਼ਾਰ ਲਈ ਹੈ,
ਤੇਰੀ ਚੁੱਪ ਦੀ ਕੀਮਤ
ਕਿੰਨੀ ਤਾਰ ਲਈ ਹੈ।
ਇੱਕ ਵਾਰੀ ਟੁਣਕਾ ਕੇ
ਰੂਹ ਦਾ ਸਾਜ਼ ਕੁੰਵਾਰਾ,
ਤੂੰ ਵੀ ਮੁੜ ਕੇ ਕਿੱਥੋਂ
ਸਾਡੀ ਸਾਰ ਲਈ ਹੈ।

# ਲੋਕ ਗਾਇਕੀ, ਸੁਰ ਤੇ ਸੰਗੀਤ ਦਾ ਸੁਮੇਲ: ਜਸਵਿੰਦਰ ਬਰਾੜ

'ਫੋਕ ਕੁਈਨ' ਕਰਕੇ ਜਾਣੀ ਜਾਂਦੀ ਜਸਵਿੰਦਰ ਕੌਰ ਬਰਾੜ ਉਹ ਪੰਜਾਬੀ ਗਾਇਕਾ ਹੈ ਜਿਸ ਨੇ ਅਜੋਕੀ ਲਕ ਮਟਕਾਊ ਫੋਹਸ਼ ਗਾਇਕੀ ਤੋਂ ਕੋਹਾਂ ਦੂਰ ਲੋਕ ਤੱਥ ਆਧਾਰਤ ਸਾਫ-ਸੁਥਰੀ ਗਾਇਕੀ ਰਾਹੀਂ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਮੰਚ 'ਤੇ ਜਦੋਂ ਉਹ ਉਚੀ ਹੇਕ ਨਾਲ ਵਿਲੱਖਣ ਅੰਦਾਜ਼ ਵਿਚ ਗੀਤ ਪੇਸ਼ ਕਰਦੀ ਹੈ ਤਾਂ ਸਰੋਤੇ ਵਜਦ ਵਿਚ ਆਏ ਝੂਮਣ ਲਗਦੇ ਹਨ।

ਜਿਲਾ ਸਿਰਸਾ ਦੇ ਪਿੰਡ ਕਾਲਿਆਂਵਾਲੀ ਵਿਚ ਪਿਤਾ ਸ. ਬਲਦੇਵ ਸਿੰਘ ਤੇ ਮਾਤਾ ਸ੍ਰੀਮਤੀ ਨਰਿੰਦਰ ਕੌਰ ਦੇ ਘਰ ਜੰਮੀ ਜਸਵਿੰਦਰ ਬਰਾੜ ਸੰਨ 1990 ਤੋਂ ਪੰਜਾਬੀ ਸੰਗੀਤ ਜਗਤ ਵਿਚ ਸਰਗਰਮ ਹੈ। ਉਸ ਨੂੰ ਕੁਝ ਖੂਬੀਆਂ ਕੁਦਰਤ ਤੋਂ ਹੀ ਨਸੀਬ ਹਨ ਜਿਨ੍ਹਾਂ ਸਦਕਾ ਉਸ ਦੀ ਆਵਾਜ਼ ਵਿਚ ਅਜਿਹੀ ਲਰਜ ਤੇ ਗੜਕ ਹੈ ਕਿ ਸੁਰ-ਸੰਗੀਤ ਦੇ ਨਪੇ ਤੁਲੇ ਤਾਲ-ਮੇਲ ਨਾਲ ਸਰੋਤਿਆਂ ਨੂੰ ਇਕ ਨਿਆਰੀ ਦੁਨੀਆਂ ਵਿਚ ਲੈ ਜਾਂਦੀ ਹੈ। ਗੀਤ ਵਿਚ ਪ੍ਰਸੰਗ ਇਸ ਢੰਗ ਨਾਲ ਜੋੜਦੀ ਹੈ ਕਿ ਗੀਤ ਦੀ ਰਵਾਨੀ ਵਿਚ ਕੋਈ ਵਿਘਨ ਨਾ ਪਵੇ ਤੇ ਦਿਲ ਪ੍ਰਚਾਵਾ ਹੁੰਦਾ ਰਹੇ। ਸਟੇਜ 'ਤੇ ਉਸ ਦਾ ਗਿੱਧਾ-ਭੰਗੜਾ ਬੇਮਤਲਬ ਨਹੀਂ ਹੁੰਦਾ ਸਗੋਂ ਕਿਸੇ ਪ੍ਰਸੰਗ ਦਾ ਹੀ ਹਿੱਸਾ ਹੁੰਦਾ ਹੈ।



ਸੁਰਿੰਦਰ ਸਿੰਘ ਭਾਟੀਆ
ਫੋਨ: 224-829-1437

ਸ਼ੇਅਰੋ-ਸ਼ਾਇਰੀ, ਜੁਮਲਿਆਂ ਤੇ ਦਿਲਚਸਪ ਸ਼ਬਦਾਂ ਦੀ ਵਰਤੋਂ ਰਾਹੀਂ ਜਸਵਿੰਦਰ ਸਰੋਤਿਆਂ ਨਾਲ ਝੱਟ ਹੀ ਪੀਡਾ ਰਾਬਤਾ ਬਣਾ ਲੈਂਦੀ ਹੈ ਅਤੇ ਉਹ ਹੁੰਗਾਰਾ ਭਰਨ ਲਈ ਮਜਬੂਰ ਹੋ ਜਾਂਦੇ ਹਨ।

ਜਸਵਿੰਦਰ ਬਰਾੜ ਵਿਚ ਗੀਤ ਵਿਚਲੇ ਦ੍ਰਿਸ਼ ਨੂੰ ਆਵਾਜ਼ ਦੇ ਉਤਰਾਅ-ਚੜ੍ਹਾਅ ਰਾਹੀਂ ਚਿਤਰਣ ਦੀ ਸਮਰੱਥਾ ਹੈ। ਉਹ ਤੁਰੰਤ ਸਰੋਤਿਆਂ ਨੂੰ ਕੀਲ ਲੈਂਦੀ ਹੈ। ਮਜ਼ਾਲ ਐ ਕੋਈ ਉਸ ਦੀ ਪੇਸ਼ਕਾਰੀ ਦੌਰਾਨ ਅਕੇਵਾਂ ਮਹਿਸੂਸ ਕਰੇ, ਉਹ ਆਪ ਵੀ ਥਕੇਵਾਂ ਨਹੀਂ ਮੰਨਦੀ। ਲੋਕ ਗੀਤ 'ਛੱਲਾ' ਗਾਉਂਦੀ ਉਹ ਛੱਲਾ ਮਲਾਹ ਦੀ ਕਥਾ ਦਾ ਬਿਰਤਾਂਤ ਦਿੰਦੀ ਕਿਸੇ ਇਕਾਂਗੀ ਨਾਟਕ ਦੇ ਪਾਤਰ ਦਾ ਰੂਪ ਧਾਰ ਕੇ ਆਪਣੇ ਨਾਲ ਦਰਸ਼ਕਾਂ ਨੂੰ ਵੀ ਭਾਵੁਕ ਕਰ ਜਾਂਦੀ ਹੈ। ਉਹ ਕਿਤੇ ਕਿਤੇ ਲੋਕ ਗੀਤ ਤੇ ਲੋਕ ਤੱਥ ਦੇ ਸੁਮੇਲ ਨਾਲ ਰਾਸ ਲੀਲਾ ਦਾ ਪ੍ਰਭਾਵ ਵੀ ਸਿਰਜ ਜਾਂਦੀ ਹੈ। ਗੀਤ ਦੇ ਬੋਲਾਂ ਨਾਲ ਮੇਲ ਖਾਂਦੀ ਢੁਕਵੀਂ ਸ਼ਾਇਰੀ ਸੋਨੇ 'ਤੇ ਸੁਹਾਗਾ ਬਣਦੀ ਹੈ।

ਪਿਛੇ ਜਿਹੇ ਜਦੋਂ ਉਹ ਆਪਣੀ ਅਮਰੀਕਾ ਫੇਰੀ ਦੌਰਾਨ ਸ਼ਿਕਾਗੋ ਵਿਚ 'ਪੰਜਾਬ ਟਾਈਮਜ਼' ਦੇ ਦਫਤਰ ਆਈ ਤਾਂ ਉਸ ਨਾਲ ਮੁਲਾਕਾਤ ਦਾ ਸਬੱਬ ਬਣਿਆ ਤੇ ਕੁਝ ਗੱਲਾਂ-ਬਾਤਾਂ ਹੋਈਆਂ।

ਇਹ ਪੁਛੇ ਜਾਣ 'ਤੇ ਕਿ ਗਾਇਕੀ ਦੀ ਚੇਟਕ ਕਿਵੇਂ ਲੱਗੀ? ਉਸ ਦੱਸਿਆ ਕਿ ਜੀਵਨ ਵਿਚ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਮੈਨੂੰ ਇਸ ਪਾਸੇ ਤੋਰਿਆ। ਘਰੇਲੂ ਮੁਸ਼ਕਿਲਾਂ ਕਰਕੇ ਮੈਨੂੰ ਇਸ ਖੇਤਰ ਵਿਚ ਆਉਣਾ ਪਿਆ। ਕਦੀ ਸੋਚਿਆ ਨਹੀਂ ਸੀ, ਬਸ ਆਮ ਲੋਕਾਂ ਵਾਂਗ ਮੈਂ ਵੀ ਰਿਸ਼ਤੇਦਾਰਾਂ ਦੇ ਵਿਆਹ-ਸ਼ਾਦੀਆਂ ਮੌਕੇ ਆਂਢ-ਗੁਆਂਢ ਵਿਚ ਲੇਡੀਜ਼ ਸੰਗੀਤ ਦੌਰਾਨ ਗੀਤ ਗਾਉਂਦੀ। ਅਕਸਰ ਪੁਰਾਣੇ ਗਾਇਕਾਂ ਦੇ ਗੀਤ ਗਾਉਂਦੀ। ਸਾਰੇ ਰਲ-ਮਿਲ ਗਿੱਧਾ ਪਾਉਂਦੇ ਨਚਦੇ-ਟਪਦੇ, ਪਰ ਇਹ ਨਹੀਂ ਸੀ ਪਤਾ ਕਿ ਮੈਨੂੰ ਇਸ ਖੇਤਰ ਵਿਚ ਆਉਣਾ ਪਏਗਾ।

ਉਸ ਦੱਸਿਆ, ਮੈਂ ਉਚੀ ਹੇਕ ਵਿਚ ਗਾਉਂਦੀ, ਨਾਲ ਹੀ ਸ਼ਾਇਰਾਂ ਦੇ ਕਲਾਮ, ਕਾਫੀਆਂ ਦੇ ਢੁਕਵੇਂ ਬੰਦ ਜੋੜ ਦਿੰਦੀ। ਉਚੀ ਹੇਕ ਕਰਕੇ ਮੈਨੂੰ ਮੇਰੇ ਸਾਥੀਆਂ ਨੇ ਹੱਲਾਸ਼ੇਰੀ ਦਿੱਤੀ ਅਤੇ ਮੈਂ ਗਾਇਕੀ ਦੇ ਖੇਤਰ ਵਿਚ ਪੈਰ ਧਰ ਲਿਆ। ਸਟੇਜ 'ਤੇ ਗਾਉਣ ਦੀ ਸ਼ੁਰੂਆਤ ਮੈਂ ਬਾਬਾ (ਕੁਲਦੀਪ) ਮਾਣਕ ਦੇ ਗੀਤ 'ਚੰਨਾਂ ਵਿਚੋਂ ਚੰਨ ਗੁਜਰੀ ਦਾ ਚੰਨ' ਅਤੇ ਜਗਮੋਹਨ ਕੌਰ ਦੇ ਗੀਤਾਂ ਨਾਲ ਕੀਤੀ।

ਜਸਵਿੰਦਰ ਬਰਾੜ ਨੇ ਦੱਸਿਆ ਕਿ ਉਸ ਉਤੇ ਵਾਹਿਗੁਰੂ ਦੀ ਸਵੱਲੀ ਨਜ਼ਰ ਰਹੀ ਪਰ ਕਰੜੀ ਸਾਧਨਾ ਵੀ ਕਰਨੀ ਪਈ। ਸੰਗੀਤ ਦੀ ਸਿੱਖਿਆ ਗੁਰਤੇਜ ਕਾਬਿਲ ਕੋਲੋਂ ਲਈ ਤੇ ਗਾਇਕੀ ਦੀਆਂ ਬਾਰੀਕੀਆਂ ਸਿੱਖੀਆਂ।

ਤੁਹਾਡੀ ਸੰਵਾਦ ਅਦਾਇਗੀ, ਰਿਦਮ ਤੇ ਲੈਅ ਬੜੀ ਨਪੀ-ਤੁਲੀ ਸ਼ੈਲੀਬੱਧ ਹੁੰਦੀ ਹੈ। ਕੀ ਤੁਸੀਂ ਪਹਿਲਾਂ ਸਕ੍ਰਿਪਟ ਲਿਖ ਲੈਂਦੇ ਹੋ? ਜਸਵਿੰਦਰ ਦਾ ਜਵਾਬ ਸੀ, "ਨਹੀਂ ਬਿਲਕੁਲ ਨਹੀਂ। ਇਹ ਰੱਬੀ ਗੁਣ ਹੀ ਹੈ, ਮੈਂ ਕਦੀ ਕੋਈ ਵਿਸ਼ੇਸ਼ ਤਿਆਰੀ ਨਹੀਂ ਕੀਤੀ। ਜਦੋਂ ਸਰੋਤੇ ਪਿਆਰ ਨਾਲ ਸੁਣਦੇ ਹਨ ਤਾਂ ਆਪ ਮੁਹਾਰੇ ਹੀ ਲੜੀ ਅਗੇ ਤੁਰ ਪੈਂਦੀ ਹੈ।"

ਤੁਸੀਂ ਲੋਕ ਗੀਤ ਗਾਉਂਦੇ ਹੋ, ਪਰ ਅੱਜ ਕਲ ਇਕ ਵਰਗ ਦੇ ਗਾਇਕ ਲੋਕ ਗੀਤਾਂ ਨੂੰ ਰਵਾਇਤੀ ਸਾਜ਼ਾਂ ਦੀ ਥਾਂ ਕੰਪਿਊਟਰਾਈਜ਼ਡ ਸੰਗੀਤ ਨਾਲ ਫਿਊਜ਼ਨ ਸੰਗੀਤ ਦੇ ਨਾਂ 'ਤੇ ਫੋਕ ਰਾਕ ਰੀਮਿਕਸ ਘੜ ਰਹੇ ਹਨ, ਇਸ ਨਾਲ ਮੌਲਿਕ ਲੋਕ ਗੀਤਾਂ 'ਤੇ ਪੈਣ ਵਾਲੇ ਅਸਰ ਬਾਰੇ ਤੁਹਾਡੀ ਕੀ ਰਾਏ ਹੈ? ਇਹ ਪੁੱਛੇ ਜਾਣ 'ਤੇ ਜਸਵਿੰਦਰ ਬਰਾੜ ਦਾ ਕਹਿਣਾ ਸੀ, ਅਜਿਹਾ ਜ਼ਿਆਦਾਤਰ ਨੌਜਵਾਨ ਪੀੜ੍ਹੀ ਕਰ ਰਹੀ ਹੈ। ਇਸ ਵਿਚ ਕੁਝ



ਬੁਰਾ ਨਹੀਂ, ਕਿਉਂਕਿ ਘੱਟੋ ਘੱਟ ਇਸ ਨਾਲ ਸਾਡੀ ਨਵੀਂ ਪੀੜ੍ਹੀ ਮਾੜੀ ਮੋਟੀ ਤਾਂ ਆਪਣੇ ਵਿਰਸੇ ਨਾਲ ਜੁੜਦੀ ਹੈ। ਕਿਸੇ ਨਾ ਕਿਸੇ ਵਸੀਲੇ ਸਭਿਆਚਾਰ ਸਾਂਭਿਆ ਰਹੇ, ਇਨ੍ਹਾਂ ਦਾ ਪੰਜਾਬੀ ਸਭਿਆਚਾਰ ਨਾਲ ਲਗਾਓ ਬਣਿਆ ਰਹੇ। ਬਾਕੀ ਲੋਕ ਗੀਤਾਂ ਨੇ ਸਦਾ ਜਿਉਂਦੇ ਹੀ ਰਹਿਣਾ ਹੈ।

ਜਸਵਿੰਦਰ ਬਰਾੜ ਦੀ ਐਲਬਮ 'ਮਿਰਜ਼ਾ' ਜਦੋਂ ਰਿਲੀਜ਼ ਹੋਈ ਤਾਂ ਇਸ ਨੇ ਸੰਗੀਤ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ ਅਤੇ ਉਹ ਉਚ ਕੋਟੀ ਦੇ ਗਾਇਕਾਂ ਵਿਚ ਸ਼ੁਮਾਰ ਹੋ ਗਈ। ਗੀਤ 'ਮਿਰਜ਼ਾ' ਨਾਲ ਮਿਲੀ ਸਫਲਤਾ ਬਾਰੇ ਪੁੱਛਣ 'ਤੇ ਜਸਵਿੰਦਰ ਬਰਾੜ ਨੇ ਕਿਹਾ ਕਿ ਮੇਰੇ ਤੋਂ ਪਹਿਲਾਂ ਤੇ ਬਾਅਦ ਵਿਚ ਵੀ, ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਲਾਕਾਰਾਂ ਨੇ ਮਿਰਜ਼ਾ ਬਹੁਤ ਵਧੀਆ ਗਾਇਆ ਹੈ ਪਰ ਮੇਰੇ ਗਾਏ ਮਿਰਜ਼ੇ ਨੂੰ ਵੀ ਬੇਹੱਦ ਪਿਆਰ ਮਿਲਿਆ ਹੈ। ਮੈਂ ਬਸ ਮਿਰਜ਼ਾ ਗੀਤ ਸ਼ੇਅਰੋ-ਸ਼ਾਇਰੀ ਮਿਕਸ ਕਰਕੇ ਥੋੜ੍ਹਾ ਨਵੇਂ ਤਰੀਕੇ ਨਾਲ ਪੇਸ਼ ਕੀਤਾ।

ਜਸਵਿੰਦਰ ਨੇ ਦੱਸਿਆ ਕਿ ਉਸ ਦੀ ਪਹਿਲੀ ਐਲਬਮ 'ਕੀਮਤੀ ਚੀਜ' 1990 ਵਿਚ ਰਿਲੀਜ਼ ਹੋਈ ਸੀ। ਹੋਰ ਪ੍ਰਮੁਖ ਕੈਸੇਟਾਂ ਵਿਚ 'ਖੁੱਲਾ ਅਖਾੜਾ', 'ਰਾਂਝਾ ਜੋਗੀ ਹੋ ਗਿਆ', 'ਅਖਾੜਾ', 'ਇਸ਼ਕ-ਮੁਹੱਬਤ-ਯਾਰੀ', 'ਦੂਜਾ ਅਖਾੜਾ', 'ਗੂੰਜਦਾ ਅਖਾੜਾ', 'ਝੱਲਾ ਦਿਲ ਆਵਾਜ਼ਾਂ ਮਾਰਦਾ', 'ਰੋਂਦੀ ਨੂੰ ਹੋਰ ਨਾ ਰਵਾ', 'ਤੇਰੀ ਯਾਦ ਸਤਾਵੇ', 'ਗੱਲਾਂ ਪਿਆਰ ਦੀਆਂ', 'ਮੈਂ ਤੈਨੂੰ ਯਾਦ ਕਰਦੀ', 'ਪਿਆਰ', 'ਜਿਉਂਦੇ ਰਹਿਣ' ਆਦਿ ਸ਼ਾਮਲ ਹਨ।

ਉਸ ਦੱਸਿਆ ਕਿ ਕੁਝ ਕਾਰਨਾਂ ਕਰਕੇ ਮੈਨੂੰ ਗਾਇਕੀ ਦੇ ਖੇਤਰ ਵਿਚੋਂ ਬਾਹਰ ਜਾਣਾ ਪਿਆ ਸੀ। ਪੰਜ ਸਾਲ ਦੇ ਵਕਫੇ ਪਿਛੋਂ ਵਾਪਸ ਪਰਤੀ ਅਤੇ ਸੰਗੀਤਕਾਰ ਸਚਿਨ ਆਹੂਜਾ, ਗੀਤਕਾਰ ਸੰਜੀਵ ਤੇ ਰਿੰਪੀ ਰਿਕਾਰਡਰ ਵਾਲਿਆਂ ਵਲੋਂ ਮਿਲੇ ਯੋਗਦਾਨ ਲਈ ਮੈਂ ਉਨ੍ਹਾਂ ਦੀ ਮਸ਼ਕੂਰ ਹਾਂ। ਮਿਲੇ ਸਹਿਯੋਗ ਲਈ ਉਹ ਆਪਣੇ ਪਤੀ, ਭੈਣ ਤੇ ਸਹੁਰੇ ਪਰਿਵਾਰ ਦੀ ਵੀ ਸ਼ੁਕਰਗੁਜ਼ਾਰ ਹੈ।

ਅੱਜ ਕਲ ਗਲੈਮਰ ਤੇ ਵਪਾਰਕ ਅਸ਼ਲੀਲ ਕਿਸਮ ਦੀਆਂ ਵੀਡੀਓ ਦੀ ਮੰਗ ਜ਼ਿਆਦਾ ਹੈ, ਤੁਹਾਡੀਆਂ ਸਾਹਿਤਕ ਤੇ ਲੋਕ ਤੱਥ ਦੇ ਗੀਤਾਂ ਦੀ ਮਿਊਜ਼ਿਕ ਵੀਡੀਓ ਅੱਜ ਦੇ ਦੌਰ ਨਾਲ ਮੇਲ ਨਹੀਂ ਖਾਂਦੀਆਂ। ਤੁਸੀਂ ਇਸ ਸਥਿਤੀ ਦਾ ਮੁਕਾਬਲਾ ਕਿਵੇਂ ਕਰਦੇ ਹੋ? ਜਸਵਿੰਦਰ ਨੇ ਕਿਹਾ, ਇਕ ਗੱਲ ਸਾਫ ਹੈ ਕਿ ਮੈਂ ਹਲਕੀ ਕਿਸਮ ਦੀ ਗਾਇਕੀ ਨਾਲ ਸਮਝੌਤਾ ਨਹੀਂ ਕਰ ਸਕਦੀ। ਗਾਇਕ ਕਲਾਕਾਰ ਸਾਫ ਸੁਥਰੀ ਅਤੇ ਉਸਾਰੂ ਗਾਇਕੀ ਨਾਲ ਹੀ ਲੰਮਾ ਸਮਾਂ ਲੋਕਾਂ ਦੇ ਚੇਤਿਆਂ ਵਿਚ ਵਸੇ ਰਹਿੰਦੇ ਹਨ। ਚਲੰਤ ਗਾਣੇ ਦੀ ਉਮਰ ਬੜੀ ਥੋੜ੍ਹੀ ਹੁੰਦੀ ਹੈ। ਅਜੋਕੀ ਅਸ਼ਲੀਲ ਗਾਇਕੀ ਨੂੰ ਸਿਰਫ ਸਰੋਤੇ ਹੀ ਠੱਲ ਪਾ ਸਕਦੇ ਹਨ।

ਮਾਣ-ਸਨਮਾਨ ਬਾਰੇ ਜਸਵਿੰਦਰ ਦਾ ਕਹਿਣਾ ਹੈ ਕਿ ਵੱਡਾ ਅਵਾਰਡ ਤਾਂ ਸਰੋਤਿਆਂ ਦਾ ਹੁੰਗਾਰਾ ਹੀ ਹੁੰਦਾ ਹੈ। ਪਰ ਇਹ ਅਵਾਰਡ ਵੀ ਹੋਰ ਚੰਗਾ ਕੰਮ ਕਰਨ ਲਈ ਹੌਸਲਾ ਵਧਾਉਂਦੇ ਹਨ। ਉਸ ਨੂੰ ਹੁਣ ਤੱਕ 'ਸ਼੍ਰੋਮਣੀ ਪੰਜਾਬੀ ਲੋਕ ਗਾਇਕੀ ਅਵਾਰਡ 2010' ਪ੍ਰੋ. ਮੋਹਨ ਸਿੰਘ ਮੇਲੇ 'ਤੇ ਮਿਲਿਆ। ਇਸ ਤੋਂ ਇਲਾਵਾ 'ਸੰਗੀਤ ਸਮਰਾਟ ਅਵਾਰਡ' ਈ.ਟੀ.ਸੀ. ਚੈਨਲ 'ਪੰਜਾਬੀ ਮਿਊਜ਼ਿਕ ਅਵਾਰਡ', ਮਿਰਜ਼ਾ ਗਾਣੇ ਲਈ 'ਬੈਸਟ ਫੋਕ ਵੋਕਲਿਸਟ ਫੀਮੇਲ ਅਵਾਰਡ' ਅਤੇ 'ਗੱਲਾਂ ਪਿਆਰ ਦੀਆਂ' ਐਲਬਮ ਲਈ 'ਬੈਸਟ ਫੋਕ ਫੀਮੇਲ ਸਿੰਗਰ 2006' ਮਿਲ ਚੁਕੇ ਹਨ।

ਪੱਲਿਓਂ ਪੈਸੇ ਖਰਚ ਕੇ ਕੈਸੇਟ ਰਿਕਾਰਡ ਕਰਵਾਉਣ ਵਾਲੇ ਨਵੇਂ ਗਾਇਕਾਂ ਬਾਰੇ ਕੁਝ ਕਹਿਣ ਤੋਂ ਪਹਿਲਾਂ ਤਾਂ ਉਹ ਕੁਝ ਝਿਜਕੀ ਪਰ ਫਿਰ ਥੋੜ੍ਹਾ ਰੁਕ ਕੇ ਬੋਲੀ ਕਿ ਇਹ ਸਭ ਪਾਇਰੇਸੀ ਕਰਕੇ ਹੋ ਰਿਹਾ ਹੈ। ਰਿਕਾਰਡਿੰਗ ਕੰਪਨੀਆਂ ਕੋਲੋਂ ਕੈਸੇਟ ਰਿਕਾਰਡ ਕਰਵਾਉਣੀ ਵੱਸੋਂ ਬਾਹਰ ਹੋ ਰਹੀ ਹੈ ਕਿਉਂਕਿ ਸੰਗੀਤ ਮਾਰਕਿਟ ਦੇ ਹਾਲਾਤ ਚੰਗੇ ਨਹੀਂ ਹਨ। ਕੈਸੇਟਾਂ ਦੀ ਵਿਕਰੀ ਘੱਟ ਹੈ ਤੇ ਸਾਹਿਤਕ ਕੈਸੇਟਾਂ ਦਾ ਹਾਲ ਤਾਂ ਹੋਰ ਵੀ ਮਾੜਾ ਹੈ।

ਗੀਤਾਂ ਦੀ ਚੋਣ ਅਤੇ ਨਵੇਂ ਗੀਤਕਾਰਾਂ ਨਾਲ ਕੰਮ ਕਰਨ ਬਾਰੇ ਉਸ ਕਿਹਾ ਕਿ ਫਨਕਾਰ ਕੋਈ ਵੀ ਹੋਵੇ, ਨਵਾਂ ਜਾਂ ਨਾਮੀ, ਉਹ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੀ ਪਰ ਗੀਤ ਦੇ ਬੋਲ ਜ਼ਰੂਰ ਚੰਗੇ ਤੇ ਮਨ ਨੂੰ ਟੁੰਬਣ ਵਾਲੇ ਹੋਣੇ ਚਾਹੀਦੇ ਹਨ।

ਜਸਵਿੰਦਰ ਨੇ ਦਸਿਆ ਕਿ ਉਹ ਖੁਦ ਵੀ ਗੀਤ ਲਿਖ ਲੈਂਦੀ ਹੈ। ਇਕ ਘਟਨਾ ਦਾ ਵਿਸ਼ੇਸ਼ ਜਿਕਰ ਕਰਦਿਆਂ ਉਸ ਦੱਸਿਆ ਕਿ ਅਸੀਂ ਇਕ ਵਾਰੀ ਹਰੀਕੇ ਪੱਤਣ ਜਾ ਰਹੇ ਸਾਂ। ਰਾਸਤੇ ਵਿਚ ਬੱਸ ਸਟੈਂਡ 'ਤੇ ਚਿੱਟਾ ਕੁੜਤਾ-ਚਾਦਰਾ ਤੇ ਤੁਰਲੇ ਵਾਲੀ ਸੁਹਣੀ ਪੱਗ ਬੰਨ੍ਹੀ, ਕੋਈ ਖਾਨਦਾਨੀ ਸਰਦਾਰ ਜਵਾਨ ਖੜਾ ਸੀ ਤੇ ਮੈਂ ਦੇਖਦੇ ਹੀ ਕੁਝ ਪਲਾਂ ਵਿਚ ਗੀਤ ਰਚ ਦਿੱਤਾ, "ਤੇਰੀ ਜੁੱਤੀ ਕਢਵੀਂ, ਪੱਗ ਲੜ ਛੱਡਵੀਂ, ਤੇਰਾ ਕੁੜਤਾ ਬੋਲੀਆਂ ਪਾਵੇ, ਕਿਤੇ ਮੇਰੀ ਨਜ਼ਰ ਨਾ ਲੱਗ ਜਾਵੇ।"

ਜਸਵਿੰਦਰ ਦੇ ਧਾਰਮਿਕ ਗੀਤ 'ਅੰਮ੍ਰਿਤਸਰ ਨੂੰ ਚੱਲੀਏ, ਗੁਰਾਂ ਨੂੰ ਮਿਲਣਾ ਏ' ਦਾ ਜ਼ਿਕਰ ਕਰਦਿਆਂ ਜਦੋਂ ਉਸ ਦੇ ਧਾਰਮਿਕ ਭਾਵਨਾਵਾਂ ਵਿਚ ਵਹਿ ਜਾਣ ਬਾਰੇ ਪੁਛਿਆ ਤਾਂ ਉਸ ਦੱਸਿਆ ਕਿ ਮੈਂ ਸਰੋਤਾ ਵੀ ਤਗੜੀ ਹਾਂ। ਸੰਤ ਸਿੰਘ ਮਸਕੀਨ ਤੇ ਭਾਈ ਪਿੰਦਰਪਾਲ ਸਿੰਘ ਨੂੰ ਬਹੁਤ ਸੁਣਦੀ ਹਾਂ। ਬਾਣੀ ਪੜ੍ਹਦਿਆਂ ਮਨ ਨੂੰ ਬੜਾ ਸਕੂਨ ਮਿਲਦਾ ਹੈ। ਧਾਰਮਿਕ ਗੀਤ ਗਾਉਂਦਿਆਂ ਮੈਂ ਪੂਰੀ ਉਸ ਵਿਚ ਡੁਬ ਜਾਂਦੀ ਹਾਂ।

ਜਸਵਿੰਦਰ ਬਰਾੜ ਉਨ੍ਹਾਂ ਗਾਇਕਾਂ ਵਿਚੋਂ ਹੈ ਜੋ ਆਪਣੇ ਗੀਤਾਂ ਰਾਹੀ ਸਮਾਜ ਨੂੰ ਨਵੀਂ ਸੇਧ ਦੇਣ ਦਾ ਲਗਾਤਾਰ ਉਪਰਾਲਾ ਕਰਦੇ ਰਹਿੰਦੇ ਹਨ। ਉਹ ਅੱਜ ਕਲ ਬਠਿੰਡਾ ਵਿਚ ਆਪਣੇ ਪਤੀ ਰਣਜੀਤ ਸਿੰਘ ਸਿੱਧੂ ਤੇ ਆਪਣੀ ਧੀ ਨਾਲ ਰਹਿ ਰਹੀ ਹੈ। ਜਸਵਿੰਦਰ ਨਾਲ ਸੰਪਰਕ ਫੋਨ 91-98763-00772, 91-98727-49396 ਜਾਂ jaswinderbrar06@gmail.com ਰਾਹੀਂ ਕੀਤਾ ਜਾ ਸਕਦਾ ਹੈ।

# ਸੁਰਜੀਤ ਸਿੰਘ ਜੋਨੀ ਸੱਲ੍ਹਾਂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਣੇ

**ਨਿਊ ਯਾਰਕ (ਬਿਊਰੋ):** ਸੱਲ੍ਹਾਂ ਵੈਲਫੇਅਰ ਸੁਸਾਇਟੀ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਸੁਰਜੀਤ ਸਿੰਘ ਜੋਨੀ ਨੂੰ ਪ੍ਰਧਾਨ



*ਸੱਲ੍ਹਾਂ ਵੈਲਫੇਅਰ ਸੁਸਾਇਟੀ ਦੇ ਨਵੇਂ ਚੁਣੇ ਅਹੁਦੇਦਾਰ ਤੇ ਮੈਂਬਰ*

ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਮਸਤਾਨ ਸਿੰਘ ਸੱਲ੍ਹਾਂ ਸਨ।

ਲੰਘੇ ਐਤਵਾਰ ਸੁਸਾਇਟੀ ਦੀ ਹੋਈ ਇਕ ਮੀਟਿੰਗ ਵਿਚ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਜਿਸ ਮੁਤਾਬਕ ਬਲਵਿੰਦਰ ਸਿੰਘ ਸੱਲ੍ਹਾਂ-ਮੀਤ ਪ੍ਰਧਾਨ, ਜਸਵਿੰਦਰ ਸਿੰਘ-ਖਜ਼ਾਨਚੀ, ਤਜਿੰਦਰ ਸਿੰਘ-ਮੀਤ ਖਜ਼ਾਨਚੀ, ਮਸਤਾਨ ਸਿੰਘ-ਚੇਅਰਮੈਨ, ਇੰਦਰਜੀਤ ਸਿੰਘ-ਮੀਤ ਚੇਅਰਮੈਨ, ਓਂਕਾਰ ਸਿੰਘ ਲਾਡੀ-ਸਕੱਤਰ, ਬਲਜੀਤ ਸਿੰਘ-ਮੀਤ ਸਕੱਤਰ ਅਤੇ ਪ੍ਰਦੀਪ ਸਿੰਘ ਤੇ ਦਵਿੰਦਰ ਸਿੰਘ ਬੌਬੀ ਮੀਡੀਆ ਇੰਚਾਰਜ ਚੁਣੇ ਗਏ ਹਨ।

ਇਸ ਤੋਂ ਇਲਾਵਾ ਪ੍ਰਲਾਦ ਸਿੰਘ, ਰਾਜਿੰਦਰ ਸਿੰਘ, ਸੁਖਵਿੰਦਰ ਸਿੰਘ, ਮਨਵਿੰਦਰ ਸਿੰਘ, ਜਸਬੀਰ ਸਿੰਘ, ਰਾਜਵਿੰਦਰ ਸਿੰਘ, ਜਸਪਾਲ ਸਿੰਘ, ਜਰਨੈਲ ਸਿੰਘ, ਨਰਦੀਪ ਸਿੰਘ, ਪਰਵਿੰਦਰ ਸਿੰਘ, ਰਵਿੰਦਰ ਸਿੰਘ, ਸਤਪਾਲ ਸਿੰਘ ਤੇ ਸਤਪ੍ਰਕਾਸ਼ ਸਿੰਘ ਮੈਂਬਰ ਬਣਾਏ ਗਏ ਹਨ।

ਸੁਸਾਇਟੀ ਦੇ ਸਰਪ੍ਰਸਤਾਂ ਵਿਚ ਜਗਤਾਰ ਸਿੰਘ, ਲਖਵੀਰ ਸਿੰਘ ਲਾਡੀ, ਰਣਜੀਤ ਸਿੰਘ ਅਤੇ ਬਲਕਾਰ ਸਿੰਘ ਸ਼ਾਮਲ ਕੀਤੇ ਗਏ ਹਨ।

## ਬੰਗਲਾਦੇਸ਼ ਵਿਚ ਇਕ ਹੋਰ ਬਲੌਗਰ ਦੀ ਹੱਤਿਆ

**ਢਾਕਾ:** ਬੰਗਲਾਦੇਸ਼ ਵਿਚ ਧਰਮ ਨਿਰਪੱਖ ਬਲੌਗਰ ਦੀ ਉਸ ਦੇ ਫਲੈਟ ਵਿਚ ਹੱਤਿਆ ਕਰ ਦਿੱਤੀ ਗਈ।

ਦੇਸ਼ ਵਿਚ ਕੱਟੜਪੰਥੀਆਂ ਖਿਲਾਫ਼ ਆਵਾਜ਼ ਉਠਾਉਣ ਵਾਲੇ ਬਲੌਗਰਾਂ ਨੂੰ ਮਾਰਨ ਦਾ ਰੁਝਾਨ ਬਰਕਰਾਰ ਹੈ ਤੇ ਇਹ ਚੌਥਾ ਬਲੌਗਰ ਹੈ, ਜਿਸ ਦੀ ਜਾਨ ਲਈ ਗਈ ਹੈ।

# ਆਸਟਰੇਲੀਆ ਵੱਲੋਂ ਪਰਵਾਸੀ ਵੀਜ਼ੇ ਬਾਰੇ ਜਾਂਚ ਸ਼ੁਰੂ

**ਸਿਡਨੀ:** ਆਸਟਰੇਲੀਆ ਦਾ ਆਮਦਨ ਕਰ ਵਿਭਾਗ ਪਰਵਾਸੀਆਂ ਦੇ ਪਿਛਲੇ ਦੋ ਸਾਲਾਂ ਦੇ ਵੀਜ਼ਿਆਂ ਦੀ ਜਾਂਚ ਕਰਨ ਜਾ ਰਿਹਾ ਹੈ। ਬੇਨਿਯਮੀਆਂ ਦੀਆਂ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਕਰੀਬ 10 ਲੱਖ ਆਸਟਰੇਲਿਆਈ ਵੀਜ਼ਾ ਕੇਸ ਇਸ ਜਾਂਚ ਦਾ ਹਿੱਸਾ ਬਣਨਗੇ। ਵੀਜ਼ਾ ਧਾਰਕਾਂ ਦੇ ਨਾਮ, ਪਤਾ, ਵਿਆਹ, ਤਜਰਬੇ, ਸਪਾਂਸਰਸ਼ਿਪ, ਮਾਈਗ੍ਰੇਸ਼ਨ ਏਜੰਟ ਸੁਪਰ ਨਿਵੇਸ਼ ਭਾਵ, ਪਰਾਵੀਡੈਂਟ ਫੰਡ ਆਦਿ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ।

ਆਮਦਨ ਕਰ ਵਿਭਾਗ ਵੱਲੋਂ ਜਾਂਚ ਲਈ ਇਮੀਗ੍ਰੇਸ਼ਨ ਵਿਭਾਗ ਦਾ ਸਹਿਯੋਗ ਲਿਆ ਜਾਵੇਗਾ। ਦੋਵੇਂ ਵਿਭਾਗ ਆਪੋ 'ਚ ਕੰਪਿਊਟਰ ਰਾਹੀਂ ਡੇਟਾ ਮੈਚ ਰਾਹੀਂ ਜੁੜ ਗਏ ਹਨ। ਆਮਦਨ ਕਰ ਵਿਭਾਗ ਨੇ ਇਲੈਕਟ੍ਰੋਨਿਕ ਜਾਂਚ ਰਾਹੀਂ ਵਿਸ਼ਲੇਸ਼ਣ ਕਰਦਿਆਂ ਇਹ ਪਤਾ ਲਾਇਆ ਸੀ ਕਿ ਵੀਜ਼ਾ ਸ਼੍ਰੇਣੀ 457, ਸਪਾਂਸਰ, ਸਟੂਡੈਂਟ ਤੇ ਕੁਝ ਸਿੱਖਿਆ ਸੰਸਥਾਨਾਂ ਦਾ ਰਿਕਾਰਡ ਮੇਲ ਨਹੀਂ ਖਾਂਦਾ। ਵਿਭਾਗ ਨੇ ਵਿੱਤੀ ਸਾਲ 2012-13 ਅਤੇ 2013-14 ਦੌਰਾਨ ਪਿਛਲੇ ਵੇਰਵੇ ਸਾਂਝੇ ਕਰਨ ਅਤੇ ਮੌਜੂਦਾ 2015-16 ਅਤੇ ਅਗਲੇ ਵਿੱਤੀ ਸਾਲ 2016-17 ਵਿਚ ਵੀ ਸ਼ੱਕੀ ਕੇਸਾਂ ਦਾ ਡੇਟਾ ਮੈਚ ਕਰਨ ਬਾਰੇ ਤਿਆਰੀ ਕੱਸ ਲਈ ਹੈ। ਆਮਦਨ ਕਰ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਮਈ ਮਹੀਨੇ ਹੋਈ ਜਾਂਚ ਦੌਰਾਨ ਅਜਿਹੇ ਜੋੜੇ ਵੀ ਮਿਲੇ ਹਨ ਜਿਨ੍ਹਾਂ ਨੇ ਕੇਵਲ ਵੀਜ਼ਾ ਲੈਣ ਲਈ ਵਿਆਹ ਕੀਤੇ ਪਰ ਅਸਲ ਵਿਚ ਉਨ੍ਹਾਂ ਦੇ ਆਮਦਨ ਕਰ ਤੇ ਹੋਰ ਦਸਤਾਵੇਜ਼ ਆਪਸ ਵਿਚ ਮੇਲ ਨਹੀਂ ਖਾਂਦੇ। ਅਜਿਹੇ ਜੋੜੇ ਹੀ ਮੁੱਖ ਨਿਸ਼ਾਨਾ ਹਨ।

## ਸੁਪਰੀਮ ਕੋਰਟ ਵਿਚ 1598 ਜਨ ਹਿੱਤ ਪਟੀਸ਼ਨਾਂ ਬਕਾਇਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਇਸ ਸਮੇਂ 1598 ਜਨ ਹਿੱਤ ਪਟੀਸ਼ਨਾਂ ਬਕਾਇਆ ਹਨ ਜਿਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਜਨ ਹਿੱਤ ਪਟੀਸ਼ਨ 23 ਸਾਲ ਪਹਿਲਾਂ ਦਾਇਰ ਕੀਤੀ ਗਈ ਸੀ। ਇਹ ਖੁਲਾਸਾ ਸੁਪਰੀਮ ਕੋਰਟ ਵੱਲੋਂ ਜਾਣਕਾਰੀ ਦੇ ਅਧਿਕਾਰ ਤਹਿਤ ਦਿੱਤੇ ਗਏ ਇਕ ਜਵਾਬ ਤੋਂ ਹੋਇਆ ਹੈ। ਸਭ ਤੋਂ ਪੁਰਾਣੀ ਜਨ ਹਿੱਤ ਪਟੀਸ਼ਨ ਡਬਲਿਊਪੀ(ਸੀ) 537/1992 ਸੁਰੇਸ਼ਵਰ ਡੀ. ਸਿਨਹਾ ਵੱਲੋਂ ਦਾਇਰ ਕੀਤੀ ਗਈ ਸੀ। ਆਰ.ਟੀ.ਆਈ. ਤਹਿਤ ਪਾਈ ਅਰਜ਼ੀ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ 20 ਜੁਲਾਈ, 2015 ਤੱਕ ਕੁੱਲ ਬਕਾਇਆ ਪਏ ਜਨਤਕ ਹਿੱਤ ਨਾਲ ਸਬੰਧਤ ਕੇਸਾਂ ਦੀ ਗਿਣਤੀ 1598 ਸੀ ਜਿਨ੍ਹਾਂ ਵਿਚੋਂ 553 ਰਿੱਟ ਪਟੀਸ਼ਨਾਂ ਹਨ।



# ਹੁਣ ਸਿਆਸੀ ਮੁਲਾਹਜ਼ੇਦਾਰੀਆਂ ਪਾਲਣ ਲੱਗੀ ਸਰਕਾਰ

**ਚੰਡੀਗੜ੍ਹ**: ਪੰਜਾਬ ਸਰਕਾਰ ਵੱਲੋਂ ਸੇਵਾ ਅਧਿਕਾਰ ਕਮਿਸ਼ਨ ਵਿਚ ਮੈਂਬਰਾਂ ਦੀ ਗਿਣਤੀ ਪੰਜ ਤੋਂ ਵਧਾ ਕੇ 10 ਕਰਨ ਪਿੱਛੇ ਪ੍ਰਸ਼ਾਸਕੀ ਲੋੜਾਂ ਦੀ ਥਾਂ ਸਿਆਸੀ ਮਜਬੂਰੀ ਦੀ ਝਲਕ ਜ਼ਿਆਦਾ ਪੈਂਦੀ ਹੈ। ਸੂਬਾਈ ਵਜ਼ਾਰਤ ਵੱਲੋਂ ਸੇਵਾ ਅਧਿਕਾਰ ਕਾਨੂੰਨ ਵਿਚ ਸੋਧ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਮੈਂਬਰਾਂ ਦੀ ਨਿਯੁਕਤੀ ਬਾਰੇ ਸਰਕਾਰ ਵੱਲੋਂ ਕੁਝ ਦਿਨਾਂ ਤੱਕ ਕਾਨੂੰਨ ਦੀ ਸੋਧ ਦਾ ਆਰਡੀਨੈਂਸ ਜਾਰੀ ਕੀਤਾ ਜਾ ਸਕਦਾ ਹੈ।

ਪ੍ਰਸ਼ਾਸਕੀ ਹਲਕਿਆਂ ਵਿਚ ਇਹ ਚਰਚਾ ਭਾਰੂ ਹੈ ਕਿ ਸਰਕਾਰ ਵੱਲੋਂ ਇਸ ਕਮਿਸ਼ਨ ਵਿਚ ਸਾਲ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਨਵੀਆਂ ਨਿਯੁਕਤੀਆਂ ਨਾਲ ਸਰਕਾਰੀ ਖ਼ਜ਼ਾਨੇ ਉਤੇ ਵੀ ਸਾਲਾਨਾ ਕਰੋੜਾਂ ਰੁਪਏ ਦਾ ਭਾਰ ਪਵੇਗਾ। ਸੇਵਾ ਦਾ ਅਧਿਕਾਰ ਕਾਨੂੰਨ ਮੁਤਾਬਕ ਇਕ ਮੈਂਬਰ ਨੂੰ ਮੁੱਖ ਸਕੱਤਰ ਦੇ ਬਰਾਬਰ ਦੀ ਤਨਖਾਹ ਤੇ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਇਕ ਮੈਂਬਰ ਦੀ 1.75 ਲੱਖ ਰੁਪਏ ਦੇ ਕਰੀਬ ਤਨਖਾਹ, ਸਰਕਾਰੀ ਕਾਰ, ਦਫ਼ਤਰ, ਦਫ਼ਤਰੀ ਅਮਲਾ, ਚੰਡੀਗੜ੍ਹ ਵਿਚ ਸਰਕਾਰੀ ਰਿਹਾਇਸ਼ ਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਾਰੀਆਂ ਸਹੂਲਤਾਂ ਨਾਲ ਇਕ ਕਮਿਸ਼ਨਰ ਖ਼ਜ਼ਾਨੇ ਉਤੇ ਚਾਰ ਤੋਂ ਪੰਜ ਲੱਖ



ਰੁਪਏ ਪ੍ਰਤੀ ਮਹੀਨਾ ਪੈਂਦਾ ਹੈ। ਕਮਿਸ਼ਨ ਦਾ ਬਜਟ ਇਸ ਸਮੇਂ ਤਿੰਨ ਕਰੋੜ ਸਾਲਾਨਾ ਹੈ ਜੋ ਕਿ ਵਧ ਕੇ ਛੇ ਕਰੋੜ ਰੁਪਏ ਹੋ ਜਾਵੇਗਾ।

ਸੂਤਰਾਂ ਮੁਤਾਬਕ ਪੰਜਾਬ ਦੇ ਸਮੁੱਚੇ ਦਫ਼ਤਰਾਂ ਵਿਚ ਸੇਵਾਵਾਂ ਲੈਣ ਲਈ ਆਮ ਨਾਗਰਿਕਾਂ ਵੱਲੋਂ ਹਰ ਮਹੀਨੇ 19 ਲੱਖ ਅਰਜ਼ੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਮਹਿਜ਼ 25 ਤੋਂ 26 ਹਜ਼ਾਰ ਅਰਜ਼ੀਆਂ ਹੀ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਉਤੇ ਸਬੰਧਤ ਵਿਭਾਗਾਂ ਵੱਲੋਂ ਕਾਰਵਾਈ ਨਹੀਂ ਕੀਤੀ ਜਾਂਦੀ। ਜਿਨ੍ਹਾਂ ਅਰਜ਼ੀਆਂ ਉਤੇ ਕਾਰਵਾਈ ਨਹੀਂ ਹੁੰਦੀ ਉਨ੍ਹਾਂ ਵਿਚ ਆਮ ਤੌਰ ਉਤੇ ਮਾਲ ਵਿਭਾਗ ਦੇ ਕਰਮਚਾਰੀਆਂ ਵੱਲੋਂ ਨਿਸ਼ਾਨਦੇਹੀ ਨਾ ਦੇਣ, ਟਰਾਂਸਪੋਰਟ ਵਿਭਾਗ ਵੱਲੋਂ ਡਰਾਈਵਿੰਗ ਲਾਈਸੈਂਸ ਤੇ ਅਸਲਾ ਲਾਇਸੈਂਸ ਨਾ ਬਨਾਉਣਾ ਆਦਿ ਸ਼ਾਮਲ ਹਨ।

ਇਨ੍ਹਾਂ ਵਿਚੋਂ ਵੀ ਵਧੇਰੇ ਪੁਲਿਸ ਨਾਲ ਸਬੰਧਤ ਹੁੰਦੀਆਂ ਹਨ। ਹਰੇਕ ਮਹੀਨੇ ਪੁਲਿਸ ਨਾਲ ਸਬੰਧਤ ਬਕਾਇਆ ਸ਼ਿਕਾਇਤਾਂ ਦੀ ਗਿਣਤੀ ਛੇ ਹਜ਼ਾਰ ਦੇ ਕਰੀਬ ਹੁੰਦੀ ਹੈ। ਕਮਿਸ਼ਨ ਮੁਤਾਬਕ ਪੁਲਿਸ ਵੱਲੋਂ ਅਕਸਰ ਸ਼ਿਕਾਇਤ ਉਤੇ ਡੀ.ਡੀ.ਆਰ., ਐਫ.ਆਈ. ਆਰ. ਜਾਂ ਹੋਰ ਕਾਰਵਾਈ ਨਹੀਂ ਕੀਤੀ ਜਾਂਦੀ ਤੇ ਤਫ਼ਤੀਸ਼ ਅਧੀਨ ਆਖ ਕੇ ਬੁੱਤਾ ਸਾਰਿਆ ਜਾਂਦਾ ਹੈ। ਉਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਤੋਂ ਸਰਕਾਰ ਨੇ ਕਮਿਸ਼ਨ ਦਾ ਗਠਨ ਕੀਤਾ ਹੈ ਉਦੋਂ ਤੋਂ ਸਰਕਾਰੀ ਦਫ਼ਤਰਾਂ ਦੇ ਕੰਮ ਕਾਰ ਵਿਚ ਸੁਧਾਰ ਆਇਆ ਹੈ। ਇਕ ਕਮਿਸ਼ਨਰ ਦਾ ਕਹਿਣਾ ਹੈ ਕਿ ਹਰ ਮਹੀਨੇ ਸਿਰਫ਼ 25 ਹਜ਼ਾਰ ਅਰਜ਼ੀਆਂ ਬਕਾਇਆ ਹੋਣ ਕਰਕੇ ਕਮਿਸ਼ਨ ਵਿਚ ਇਸ ਵੇਲੇ ਮੌਜੂਦਾ ਪੰਜ ਮੈਂਬਰਾਂ ਕੋਲ ਵੀ ਕੋਈ ਕੰਮ ਨਹੀਂ ਹੈ ਤੇ ਹੋਰ ਨਿਯੁਕਤੀ ਦੀ ਜ਼ਰੂਰਤ ਨਹੀਂ ਜਾਪਦੀ। ਕਮਿਸ਼ਨ ਵਿਚ ਇਸ ਸਮੇਂ ਇਕ ਮੁੱਖ ਕਮਿਸ਼ਨਰ ਤੇ ਚਾਰ ਕਮਿਸ਼ਨਰ ਤਾਇਨਾਤ ਹਨ। ਇਨ੍ਹਾਂ ਵਿਚ ਸਰਕਾਰ ਵੱਲੋਂ ਇਕ ਸਾਬਕਾ ਵਿਧਾਇਕ ਡਾ. ਦਲਬੀਰ ਸਿੰਘ ਵੇਰਕਾ ਨੂੰ ਤਾਇਨਾਤ ਕੀਤਾ ਹੋਇਆ ਹੈ। ਕਮਿਸ਼ਨਰ ਦਾ ਦਫ਼ਤਰ ਚੰਡੀਗੜ੍ਹ ਸੈਕਟਰ 26 ਦੇ ਮੈਗਸੀਪਾ ਦੀ ਇਮਾਰਤ ਵਿਚ ਬਣਾਇਆ ਗਿਆ ਹੈ। ਇਕ ਕਮਿਸ਼ਨਰ ਦਾ ਇਹ ਵੀ ਕਹਿਣਾ ਹੈ ਕਿ ਮੌਜੂਦਾ ਮੈਂਬਰਾਂ ਦੇ ਬੈਠਣ ਦੀ ਥਾਂ ਵੀ ਘੱਟ ਹੈ ਤੇ ਨਵੇਂ ਮੈਂਬਰਾਂ ਨੂੰ ਐਡਜਸਟ ਕਰਨਾ ਮੁਸ਼ਕਿਲ ਹੋਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਹੋਰਨਾਂ ਪੰਜ ਮੈਂਬਰਾਂ ਵਿਚ ਜ਼ਿਆਦਾ ਰਾਜਸੀ ਪਿਛੋਕੜ ਵਾਲਿਆਂ ਨੂੰ ਤਾਇਨਾਤ ਕਰਨ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

### ਸੰਸਦ ਮੈਂਬਰਾਂ ਦੀ ਆਓ ਭਗਤ 26 ਕਰੋੜ 'ਚ ਪਈ

**ਸੰਗਰੂਰ:** ਕੇਂਦਰ ਸਰਕਾਰ ਨੇ ਸੰਸਦ ਮੈਂਬਰਾਂ ਨੂੰ ਹੋਟਲਾਂ ਵਿਚ ਠਹਿਰਾਉਣ ਲਈ ਇਕ ਸਾਲ ਵਿਚ 26 ਕਰੋੜ ਰੁਪਏ ਖਰਚ ਦਿੱਤੇ ਹਨ। ਇਨ੍ਹਾਂ ਵਿਚ ਉਹ ਸੰਸਦ ਮੈਂਬਰ ਸ਼ਾਮਲ ਹਨ ਜਿਨ੍ਹਾਂ ਨੂੰ ਦਿੱਲੀ ਵਿਚ ਆਪਣੀ ਰਿਹਾਇਸ਼ ਵਾਸਤੇ ਮਕਾਨ ਦੀ ਸਹੂਲਤ ਨਸੀਬ ਨਹੀਂ ਹੋਈ। ਸਰਕਾਰ ਵੱਲੋਂ ਇਨ੍ਹਾਂ ਸੰਸਦ ਮੈਂਬਰਾਂ ਨੂੰ ਪੰਜ ਸਿਤਾਰਾ ਹੋਟਲਾਂ ਵਿਚ ਠਹਿਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਜਿਸ ਦੇ ਬਦਲੇ ਸਰਕਾਰ ਨੂੰ ਤਕਰੀਬਨ 26 ਕਰੋੜ ਰੁਪਏ ਖਰਚ ਕਰਨੇ ਪਏ ਹਨ। ਇਹ ਖੁਲਾਸਾ ਸਮਾਜ ਸੇਵੀ ਸੰਸਥਾ ਪੀਪਲ ਫਾਰ ਟ੍ਰਾਂਸਪੇਰੈਂਸੀ ਵੱਲੋਂ ਆਰ.ਟੀ.ਆਈ. ਤਹਿਤ ਲਈ ਜਾਣਕਾਰੀ ਤੋਂ ਹੋਇਆ ਹੈ। ਇੰਡੀਅਨ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਪਾਸੋਂ ਲਈ ਜਾਣਕਾਰੀ ਅਨੁਸਾਰ ਸਾਲ 2012 ਤੇ ਸਾਲ 2013 ਵਿਚ ਸੰਸਦ ਮੈਂਬਰਾਂ ਦੇ ਹੋਟਲਾਂ ਵਿਚ ਠਹਿਰਨ ਉਤੇ ਕੋਈ ਵੱਡੀ ਰਕਮ ਖਰਚ ਨਹੀਂ ਹੋਈ ਹੈ ਜਦਕਿ ਪਹਿਲੀ ਅਪਰੈਲ, 2014 ਤੋਂ 31 ਮਾਰਚ, 2015 ਦਰਮਿਆਨ ਸੰਸਦ ਮੈਂਬਰਾਂ ਨੂੰ ਹੋਟਲਾਂ ਵਿਚ ਠਹਿਰਨ ਦੀ ਸਹੂਲਤ ਉਪਰ 26.35 ਕਰੋੜ ਰੁਪਏ ਖਰਚ ਕੀਤੇ ਗਏ ਹਨ।

# ਸਸਤੇ ਨਸ਼ੇ ਦਾ ਕੇਂਦਰ ਬਣੇ ਨਸ਼ਾ ਛਡਾਊ ਕੇਂਦਰ

**ਚੰਡੀਗੜ੍ਹ:** ਅਫ਼ੀਮ, ਭੁੱਕੀ ਤੇ ਹੈਰੋਇਨ ਦੇ ਆਦੀਆਂ ਦਾ ਜਿਹੜੀ ਦਵਾਈ ਨਾਲ ਇਲਾਜ ਕੀਤਾ ਜਾ ਰਿਹਾ ਹੈ, ਉਹੀ ਦਵਾਈ ਹੁਣ ਉਨ੍ਹਾਂ ਨੂੰ ਰਾਸ ਆ ਰਹੀ ਹੈ ਤੇ ਉਹ ਇਸ ਨਾਲ ਆਪਣਾ ਨਸ਼ਾ ਪੂਰਾ ਕਰ ਰਹੇ ਹਨ।

ਨਸ਼ਾ ਛਡਾਊ ਕੇਂਦਰਾਂ ਉਤੇ ਲੱਖਾਂ ਲੋਕਾਂ ਦੇ ਇਲਾਜ ਲਈ ਸਰਕਾਰ ਵੱਲੋਂ ਓਰਲ ਸਬਸਟੀਚਿਊਸ਼ਨ ਥੈਰੇਪੀ (ਓ.ਐਸ.ਟੀ.) ਸ਼ੁਰੂ ਕੀਤੀ ਗਈ ਤੇ ਨਸ਼ੇੜੀਆਂ ਨੂੰ ਬਪਰੇਨੋਰਫਿਨ ਦੀ ਗੋਲੀ ਦਿੱਤੀ ਜਾਂਦੀ ਹੈ। ਬਪਰੇਨੋਰਫਿਨ ਦੀ ਗੋਲੀ ਨੂੰ ਜ਼ੁਬਾਨ ਹੇਠਾਂ ਰੱਖਣਾ ਪੈਂਦਾ ਹੈ ਤੇ ਇਹ ਮਿੰਟਾਂ ਵਿਚ ਹੀ ਘੁਲ ਜਾਂਦੀ ਹੈ। ਇਸ ਦਾ ਅਸਰ ਇਕ ਘੰਟੇ ਬਾਅਦ ਹੁੰਦਾ ਹੈ ਤੇ ਫਿਰ ਨਸ਼ਾ ਦੋ ਤੋਂ ਚਾਰ ਘੰਟਿਆਂ ਲਈ ਚੜ੍ਹਿਆ ਰਹਿੰਦਾ ਹੈ। ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਕੇਂਦਰਾਂ ਉਤੇ ਨਸ਼ੇੜੀਆਂ ਦੀ ਗਿਣਤੀ ਵੱਧ ਗਈ ਕਿਉਂਕਿ ਹੁਣ ਨਸ਼ੇੜੀਆਂ ਨੂੰ ਸਮਝ ਆ ਗਿਆ ਕਿ ਜਿਹੜੇ ਮਹਿੰਗੇ ਗ਼ੈਰ ਕਾਨੂੰਨੀ ਨਸ਼ੇ ਨਾਲ ਉਨ੍ਹਾਂ ਨੂੰ ਰਾਹਤ ਮਿਲਦੀ ਸੀ, ਉਸ ਦੀ ਥਾਂ ਉਤੇ ਇਸ ਗੋਲੀ ਨਾਲ ਉਨ੍ਹਾਂ ਦਾ ਕੰਮ ਸਰ ਸਕਦਾ ਹੈ।

ਬਪਰੇਨੋਰਫਿਨ ਦੀ ਗੋਲੀ ਸਿਰਫ਼ ਸੱਤ ਰੁਪਏ 34 ਪੈਸੇ ਦੀ ਪੈਂਦੀ ਹੈ ਜਦਕਿ ਹੈਰੋਇਨ ਦੀ ਕੀਮਤ 1500 ਤੋਂ ਤਿੰਨ ਹਜ਼ਾਰ ਰੁਪਏ ਪ੍ਰਤੀ ਗ੍ਰਾਮ ਹੈ। ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਨਸ਼ੇ ਦਾ ਕੋਹੜ ਖ਼ਤਮ ਨਹੀਂ ਹੋਇਆ ਸਗੋਂ ਹੋਰ ਨਸ਼ੇ ਛੱਡ ਕੇ ਹੁਣ ਨਸ਼ੇੜੀਆਂ ਨੇ ਨਸ਼ੀਲੀਆਂ ਦਵਾਈਆਂ ਦਾ ਸਹਾਰਾ ਲੈ ਲਿਆ ਹੈ। ਤਰਨਤਾਰਨ ਨੇੜੇ ਚੋਹਲਾ ਸਾਹਿਬ ਦਾ ਰਵਿੰਦਰ (ਬਦਲਿਆ ਨਾਂ) ਤਰਨਤਾਰਨ ਦੇ ਓ.ਐਸ.ਟੀ. ਸੈਂਟਰ ਵਿਚ ਇਲਾਜ ਕਰਵਾ ਰਿਹਾ ਹੈ। ਉਹ ਹੈਰੋਇਨ ਦਾ ਨਸ਼ਾ ਕਰਦਾ ਸੀ ਤੇ ਡਾਕਟਰਾਂ ਨੇ ਉਸ ਨਸ਼ੇ ਦੇ ਬਰਾਬਰ ਬਪਰੇਨੋਰਫਿਨ ਦੀ 9 ਐਮ.ਜੀ. ਦੀ ਗੋਲੀ ਦੇਣੀ ਸ਼ੁਰੂ ਕਰ ਦਿੱਤੀ। ਸਾਢੇ ਤਿੰਨ ਸਾਲ ਦੇ ਇਲਾਜ




ਮਗਰੋਂ ਵੀ ਉਹ ਰੋਜ਼ ਪੰਜ ਐਮਜੀ ਦੀ ਗੋਲੀ ਖਾ ਰਿਹਾ ਹੈ। ਇਕ ਹੋਰ ਨਸ਼ੇੜੀ ਨੇ ਦੱਸਿਆ ਕਿ ਜਦੋਂ ਹੋਰਾਂ ਨੂੰ ਹੈਰੋਇਨ ਨਹੀਂ ਮਿਲਦੀ ਤਾਂ ਉਹ ਬਪਰੇਨੋਰਫਿਨ ਦੀ ਗੋਲੀ ਲੈਣ ਲਈ ਸੈਂਟਰ ਪਹੁੰਚ ਜਾਂਦੇ ਹਨ। ਇਲਾਜ ਕਰਵਾ ਰਹੇ ਇਕ ਹੋਰ ਨੌਜਵਾਨ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਰੋਜ਼ਾਨਾ ਦੋ ਗ੍ਰਾਮ ਹੈਰੋਇਨ ਲੈਂਦਾ ਹੈ ਤਾਂ ਉਸ ਨੂੰ 2600 ਰੁਪਏ ਰੋਜ਼ ਖ਼ਰਚ ਕਰਨੇ ਪੈਂਦੇ ਹਨ ਪਰ ਜੇਕਰ ਉਹ ਓ.ਐਸ.ਟੀ. ਕੇਂਦਰ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਨੂੰ ਹਰੇਕ ਮਹੀਨੇ ਬਾਅਦ ਸਿਰਫ਼ 10 ਰੁਪਏ ਚੁਕਾਉਣੇ ਪੈਂਦੇ ਹਨ।

ਗੁਰਦਾਸਪੁਰ ਦੇ ਬੱਬੇਹਾਲੀ ਰੋਡ ਉਤੇ ਰੈੱਡ ਕਰਾਸ ਦੇ ਨਸ਼ਾ ਛਡਾਊ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਰੋਮੇਸ਼ ਮਹਾਜਨ ਨੇ ਕਿਹਾ ਕਿ ਬਪਰੇਨੋਰਫਿਨ ਦੀ ਗੋਲੀ ਨਸ਼ਾ ਛੁਡਾਉਣ ਵਿਚ ਸਹਾਈ ਹੈ ਤੇ ਇਸ ਨੂੰ ਜੇਕਰ ਦਵਾਈ ਦੇ ਤੌਰ ਉਤੇ ਨਸ਼ੇੜੀ ਨੂੰ ਦਿੱਤਾ ਜਾਂਦਾ ਹੈ ਤਾਂ ਉਸ ਦਾ ਇਕ ਹਫ਼ਤੇ ਅੰਦਰ ਇਲਾਜ ਸੰਭਵ ਹੈ ਪਰ ਅਸਲੀਅਤ ਇਹ ਹੈ ਕਿ ਨਸ਼ੇੜੀ ਦਵਾਈ ਸਸਤੀ ਹੋਣ ਕਰਕੇ ਇਸ ਦੇ ਆਦੀ ਬਣ ਜਾਂਦੇ ਹਨ। ਕਈ ਫਾਰਮਾਸੂਟੀਕਲ ਕੰਪਨੀਆਂ ਤੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਵਿਚ ਇਸ ਦਵਾਈ ਦੀ ਪਿਛਲੇ ਦੋ ਸਾਲਾਂ ਅੰਦਰ ਵਿਕਰੀ ਵਧ ਗਈ ਹੈ। ਪ੍ਰਮੁੱਖ ਸਕੱਤਰ (ਸਿਹਤ) ਵਿਨੀ ਮਹਾਜਨ ਨੇ ਕਿਹਾ ਕਿ ਮਰੀਜ਼ਾਂ ਨੂੰ ਦਵਾਈ ਦੇਣ ਲਗਿਆਂ ਪੂਰੀ ਸਾਵਧਾਨੀ ਵਰਤੀ ਜਾਂਦੀ ਹੈ। ਪੰਜਾਬ ਦੇ ਡਰੱਗ ਕੰਪਟਰੋਲਰ ਦਫ਼ਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਬਪਰੇਨੋਰਫਿਨ ਦੀ ਦੁਰਵਰਤੋਂ ਰੋਕਣ ਲਈ ਵਿਭਾਗ ਦੀਆਂ ਟੀਮਾਂ ਕੈਮਿਸਟਾਂ ਉਤੇ ਛਾਪੇ ਮਾਰਨਾ ਜਾਰੀ ਰੱਖਣਗੀਆਂ।

# ਕਰਤਾਰਪੁਰ ਸਾਹਿਬ ਦੀ ਕਾਰ ਸੇਵਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਹਵਾਲੇ

**ਅੰਮ੍ਰਿਤਸਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਤੇ ਔਕਾਫ਼ ਬੋਰਡ ਨੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਕਾਰ ਸੇਵਾ ਸ਼੍ਰੋਮਣੀ ਕਮੇਟੀ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਪੀ.ਜੀ.ਪੀ.ਸੀ. ਦੇ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਗੁਰਦੁਆਰੇ ਦੀ ਕਈ ਏਕੜ ਜ਼ਮੀਨ ਖਾਲੀ ਪਈ ਹੈ, ਜਿਥੇ ਯਾਤਰੂਆਂ ਵਾਸਤੇ ਸਰਾਂ ਬਣਾਉਣ ਦੀ ਤਜਵੀਜ਼ ਹੈ।

ਫ਼ੈਸਲੇ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਕਾਰ ਸੇਵਾ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਲਈ ਚਿਰੋਕਣੀ ਮੰਗ ਕੀਤੀ ਜਾ ਰਹੀ ਸੀ। ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਉਨ੍ਹਾਂ ਆਖਿਆ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਇਸ ਮੁੱਦੇ ਉਤੇ ਵਿਚਾਰ ਕਰਨ ਤੇ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਦੀ ਆਗਿਆ ਦਿੱਤੀ ਜਾਵੇ। ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ, ਜਿਨ੍ਹਾਂ ਆਪਣੀ ਜ਼ਿੰਦਗੀ ਦੇ ਆਖਰੀ 18 ਸਾਲ ਇਥੇ ਕਿਰਤ ਕਰਦਿਆਂ ਬਿਤਾਏ ਸਨ। ਇਹ ਗੁਰਦੁਆਰਾ ਭਾਰਤੀ ਸਰਹੱਦ ਤੋਂ ਸਿਰਫ਼ ਤਿੰਨ ਕਿਲੋਮੀਟਰ ਦੀ ਦੂਰੀ ਉਤੇ ਹੈ ਤੇ ਇਸ ਨੂੰ ਗੁਰਦੁਆਰਾ ਡੇਰਾ ਬਾਬਾ ਨਾਨਕ ਤੋਂ ਭਾਰਤ ਵਾਲੇ ਪਾਸਿਉਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਪੀ.ਜੀ.ਪੀ.ਸੀ. ਵੱਲੋਂ ਕੁਝ ਸਮਾਂ ਪਹਿਲਾਂ ਗੁਰਦੁਆਰਾ ਡੇਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦੀ ਸੇਵਾ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸੌਂਪੀ ਹੋਈ ਹੈ। ਸਰਨਾ ਭਰਾਵਾਂ ਵੱਲੋਂ ਇਹ ਕਾਰ ਸੇਵਾ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਰਾਹੀਂ ਕਰਾਈ ਜਾ ਰਹੀ ਹੈ। ਸਰਨਾ ਭਰਾਵਾਂ ਨੂੰ ਇਹ ਕਾਰ ਸੇਵਾ ਸੌਂਪੇ ਜਾਣ ਦਾ ਮੌਜੂਦਾ ਦਿੱਲੀ ਕਮੇਟੀ ਵੱਲੋਂ ਵਿਰੋਧ ਵੀ ਕੀਤਾ ਗਿਆ ਸੀ।

# ਅਸਾਮ ਵਿਚ ਬਣਾਇਆ ਜਾਵੇਗਾ ਸਿੱਖ ਮਿਸ਼ਨ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਛੇਤੀ ਹੀ ਅਸਾਮ ਦੀ ਰਾਜਧਾਨੀ ਗੁਹਾਟੀ ਵਿਚ ਵੀ ਸਿੱਖ ਮਿਸ਼ਨ ਦੀ ਸਥਾਪਨਾ ਕਰੇਗੀ। ਇਸ ਦਾ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸ਼ਿਲਾਂਗ ਵਿਚ ਸਥਿਤ ਸਿਟੀ ਗੁਰਦੁਆਰਾ ਬੜਾ ਬਾਜ਼ਾਰ ਦੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਦੇ ਕੰਮ ਦਾ ਰਸਮੀ ਉਦਘਾਟਨ ਕਰਦਿਆਂ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਗੁਰਦੁਆਰਾ ਦੀ ਨਵੀਂ ਇਮਾਰਤ ਉਸਾਰਨ ਲਈ 25 ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ ਹੈ।


ਇਸ ਮੌਕੇ ਜਥੇਦਾਰ ਮੱਕੜ ਨੇ ਕਿਹਾ ਕਿ ਦੇਸ਼ ਦੇ ਉੱਤਰ-ਪੂਰਬੀ ਰਾਜਾਂ ਦੇ ਸਿੱਖ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਨ੍ਹਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਫ਼ਤਹਿਗੜ੍ਹ ਸਾਹਿਬ ਵਿਚ ਉਕਤ ਰਾਜਾਂ ਦੇ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਵਾਲੇ ਹੋਣਹਾਰ ਸਿੱਖ ਵਿਦਿਆਰਥੀਆਂ ਲਈ ਪੰਜ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ ਜਿਨ੍ਹਾਂ ਦੀ ਪੜ੍ਹਾਈ ਦਾ ਸਮੁੱਚਾ ਖ਼ਰਚਾ ਸ਼੍ਰੋਮਣੀ ਕਮੇਟੀ ਆਪਣੇ ਤੌਰ ਉਤੇ ਕਰੇਗੀ। ਇਸੇ ਤਰ੍ਹਾਂ ਉਕਤ ਖਿੱਤੇ ਵਿਚ ਸ਼ਾਮਲ ਸਮੂਹ ਸੂਬਿਆਂ ਅੰਦਰ ਸਿੱਖ ਧਰਮ ਦੇ ਪ੍ਰਚਾਰ




ਤੇ ਪ੍ਰਸਾਰ ਲਈ ਸਥਾਨਕ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸਿੱਖਿਅਤ ਕਰਕੇ ਚੰਗੇ ਪ੍ਰਚਾਰਕ, ਗ੍ਰੰਥੀ, ਰਾਗੀ ਤੇ ਕਥਾ ਵਾਚਕ ਬਣਾਉਣ ਦਾ ਉਪਰਾਲਾ ਵੀ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੁਰਮਤਿ ਵਿੱਦਿਆ ਦੀ ਪੜ੍ਹਾਈ ਲਈ ਸਥਾਨਕ ਸਿੱਖ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਮਿਸ਼ਨਰੀ ਕਾਲਜਾਂ ਵਿਚ ਦਾਖ਼ਲਾ ਦੇ ਕੇ ਪੀ.ਐਚ.ਡੀ. ਦੇ ਪੈਟਰਨ ਉਤੇ ਗੁਰਬਾਣੀ ਤੇ ਗੁਰਮਤਿ ਤੇ ਸਿੱਖ ਇਤਿਹਾਸ ਦੀ ਖੋਜ ਵਿਧੀ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਨਵੀਨ ਤੇ ਢੁੱਕਵੀਆਂ ਵਿਧੀਆਂ ਰਾਹੀਂ ਆਪਣੇ ਰਾਜਾਂ ਅੰਦਰ ਸਿੱਖ ਧਰਮ ਦਾ ਕੁਸ਼ਲਤਾਪੂਰਵਕ ਪ੍ਰਚਾਰ ਕਰ ਸਕਣ। ਸਮਾਗਮ ਦੌਰਾਨ ਜਥੇਦਾਰ ਨੇ ਜੈਕਾਰਿਆਂ ਦੀ ਗੂੰਜ ਵਿਚ ਸਿਟੀ ਗੁਰਦੁਆਰਾ ਸ਼ਿਲਾਂਗ ਦੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 25 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸਿਟੀ ਗੁਰਦੁਆਰੇ ਦੇ ਜਰਨਲ ਸਕੱਤਰ ਗੁਰਜੀਤ ਸਿੰਘ ਨੂੰ ਸੌਂਪਿਆ ਤੇ ਇਮਾਰਤ ਦੀ ਨਵੀਂ ਉਸਾਰੀ ਦੇ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ।

# ਫੇਸਬੁਕ ਉਤੇ ਛਾਇਆ ਬੌਬੀ ਜਿੰਦਲ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਤੇ ਲੂਸੀਆਨਾ ਦੇ ਭਾਰਤੀ ਮੂਲ ਦੇ ਗਵਰਨਰ ਬੌਬੀ ਜਿੰਦਲ ਫੇਸਬੁੱਕ ਉਤੇ ਸਭ ਤੋਂ ਜ਼ਿਆਦਾ ਚਰਚਿਤ ਚਿਹਰਾ ਹੈ। ਫੇਸਬੁਕ ਦੇ ਮੁਤਾਬਕ ਤਕਰੀਬਨ 21 ਲੱਖ ਲੋਕਾਂ ਨੇ ਜਿੰਦਲ ਬਾਰੇ 49 ਲੱਖ ਵਾਰ ਚਰਚਾ ਕੀਤੀ।



ਹਲਾਂਕਿ ਬੌਬੀ ਜਿੰਦਲ ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰੀ ਲਈ ਪਹਿਲੀ ਬਹਿਸ ਵਿਚ ਆਪਣੀ ਥਾਂ ਨਹੀਂ ਬਣਾ ਸਕੇ ਪਰ ਇਸ ਦੇ ਬਾਵਜੂਦ ਅਮਰੀਕਾ ਵਿਚ ਉਸ ਦੀ ਲੋਕਪ੍ਰਿਅਤਾ ਘੱਟ ਨਹੀਂ ਹੋਈ ਹੈ। ਜਿੰਦਲ ਤੋਂ ਬਿਨਾਂ ਟੈਕਸਾਸ ਦੇ ਸਾਬਕਾ ਗਵਰਨਰ ਰਿਕ ਪੇਰੀ ਨੂੰ ਵੀ ਫੋਕਸ ਨਿਊਜ਼ ਵੱਲੋਂ ਬਹਿਸ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ। ਪੇਰੀ ਤੇ ਜਿੰਦਲ ਦੋਵੇਂ ਪੰਜ ਹੋਰ ਉਮੀਦਵਾਰਾਂ ਨਾਲ 'ਹੈਪੀ ਆਵਰ' ਡਿਬੇਟ ਵਿਚ ਸ਼ਾਮਲ ਹੋਏ। ਫੇਸਬੁਕ ਅਨੁਸਾਰ ਪੇਰੀ ਬਾਰੇ 24 ਲੱਖ ਲੋਕਾਂ ਨੇ ਕੁੱਲ 73 ਲੱਖ ਵਾਰ ਗੱਲਬਾਤ ਕੀਤੀ ਜਦੋਂਕਿ ਬੌਬੀ ਜਿੰਦਲ ਦੇ ਬਾਰੇ ਵਿਚ ਸਭ ਤੋਂ ਵੱਧ ਲੋਕਾਂ ਨੇ ਗੱਲਬਾਤ ਕੀਤੀ।


ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

# ਭਗਤ ਪੂਰਨ ਸਿੰਘ ਜੀ ਦੀ 23ਵੀਂ ਬਰਸੀ

# BHAGAT PURAN SINGH JI's 23rd BARSI

**ਹਰ ਸਾਲ ਵਾਂਗ ਸਮੂਹ ਮਿਡਵੈਸਟ ਦੀ ਸਾਧ ਸੰਗਤ ਵਲੋਂ ਭਗਤ ਪੂਰਨ ਸਿੰਘ ਜੀ ਨੂੰ ਉਹਨਾਂ ਦੀ ਬਰਸੀ ਤੇ ਮਿਡਵੈਸਟ ਦੇ ਵੱਖ ਵੱਖ ਗੁਰਦੁਆਰਿਆਂ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਯਾਦ ਕੀਤਾ ਜਾਵੇਗਾ।**

Sikh community of Midwest commemorating the Barsi (Death Anniversary) of Bhagat Puran Singh Ji at various Gurdwara Sahib.



## Program schedule:

**MILWAUKEE**
**Sunday Aug. 23, 11:00am**
Sikh Religious Society of Wisconsin
3675 N. Calhoun Road Brookfield, WI 53005
(262) 790-1600

**MILWAUKEE**
**Sunday Aug. 23, 11:00am**
Sikh Temple of Wisconsin
7512 South Howell St, Oak Creek WI 53154
(414) 764-7454

**CHICAGO**
**Sunday Aug. 30, 10:00am**
at Sikh Religious Society
1280 Winnetka St., Palatine IL. 60067
Phone: (847) 358-1117

**CHICAGO**
**Sunday Sept. 13, 10:00am**
Illinois Sikh Community Center
2131 Creekside Dr., Wheaton IL. 60187
Phone: (630) 655-0307

**CHICAGO**
**Sunday Sept. 20, 10:00am**
Gurdwara Sahib Chicago
2341 W. Devon Ave. Chicago IL. 60658
Phone: (773) 274-3133

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜਿੰਦਗੀ ਬਿਨਾਂ ਕਿਸੇ ਭਿੰਨ ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆ ਦੀ ਸੇਵਾ ਵਿੱਚ ਲਾ ਦਿੱਤੀ। ਉਹਨਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ।

ਪੰਜਾਬੀ ਵਿਰਾਸਤ ਸੰਸਥਾ ਵਲੋਂ ਸਮੁੱਚੇ ਭਾਈਚਾਰੇ ਨੂੰ ਸਨਿਮਰ ਬੇਨਤੀ ਹੈ ਕਿ ਭਗਤ ਪੂਰਨ ਸਿੰਘ ਜੀ ਵਲੋਂ ਸ਼ੁਰੂ ਕੀਤੇ ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਵੋ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੋ ਜੀ।

**ਸਾਧ ਸੰਗਤ ਆਪ ਜੀ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ।**

*more info* **Chicago:**
Harjit Singh Gill (847) 833-5340, Lakhbir Singh Sandhu (847) 975-3877,
Dr. Jasbir Kaur Saluja (847) 676-4576, Narinderpal Singh Marwaha (630) 313-9121,
Dr. Balwant Singh Hansra (847) 991-7761, Lakhwant Singh Komal (847) 674-9074, Jairam Singh Kahlon (224) 456-8096

*more info* **Milwaukee:**
**Brookfield:** Dr. Gurcharan Singh Grewal (414) 559-3434, Lali Sidhu (414) 788-9813
**Oak Creek:** Dr. Kulwant Singh Dhaliwal (262) 657-9390, Bikram Singh Sekhon (414) 687-8413,
Beant Singh Boparai (414) 349-3449

For more information on PINGALWARA visit: www.pingalwara.co

**ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ।**

PUNJABI HERITAGE ORGANIZATION OF CHICAGO
P.O. BOX 2556, PALATINE, IL. 60078
Web address: www.phochicago.org Email:phochicago@hotmail.com

# ਸਤੀਸ਼ ਦਾ '47...

ਪੰਜਾਬੀਆਂ ਦੇ ਪੱਛਾਂ 'ਤੇ ਰੱਖਿਆ ਸੁੱਚੇ ਰੰਗਾਂ ਦਾ ਫਹਿਆ

**ਕਲਾ ਪਰਿਕਰਮਾ**



1947 ਦੇ ਸਾਕੇ ਮੌਕੇ ਚਿੱਤਰਕਾਰ ਸਤੀਸ਼ ਗੁਜਰਾਲ (25 ਦਸੰਬਰ 1925) ਇੱਕੀ ਵਰ੍ਹਿਆਂ ਦਾ ਸੀ। ਇਸ ਸਾਕੇ ਨੇ ਉਸ ਦੇ ਜ਼ਿਹਨ ਵਿਚ ਬਹੁਤ ਖੌਰੂ ਪਾਇਆ। ਹੌਲੀ ਹੌਲੀ ਇਹ ਖੌਰੂ ਰੰਗਾਂ ਵਿਚ ਵਟਦਾ, ਕੈਨਵਸ ਉਤੇ ਆਣ ਟਿਕਿਆ। ਉਸ ਨੇ ਸੰਤਾਲੀ ਦੇ ਇਸ ਦਰਦ ਬਾਰੇ ਚਿੱਤਰਾਂ ਦੀ ਪੂਰੀ ਸੀਰੀਜ਼ ਤਿਆਰ ਕੀਤੀ ਅਤੇ ਉਜਾੜੇ ਦੀ ਮਾਰ ਹੇਠ ਆਏ ਲੋਕਾਂ ਦੇ ਦਰਦ ਨੂੰ ਕੈਨਵਸ ਉਤੇ ਸਾਕਾਰ ਕਰ ਦਿੱਤਾ। ਇਹ 'ਆਜ਼ਾਦੀ' ਦੇ ਦਿਨ ਸਨ!

ਵੰਡ ਤੋਂ ਐਨ ਪਹਿਲਾਂ ਸਤੀਸ਼ ਗੁਜਰਾਲ

**ਖੁਸ਼ਹਾਲ ਦੇਹਲ**


ਬੰਬੇ ਦੇ ਜੇ.ਜੇ. ਸਕੂਲ ਆਫ਼ ਆਰਟਸ ਵਿਚ ਪੜ੍ਹਾਈ ਖ਼ਤਮ ਕਰ ਕੇ ਅਜੇ ਲਾਹੌਰ ਪਰਤਿਆ ਹੀ ਸੀ ਕਿ ਇਹ ਭਾਣਾ ਵਰਤ ਗਿਆ ਜਿਸ ਨੇ ਉਸ ਦੇ ਜੀਵਨ ਵਿਚ ਸਦਾ ਲਈ ਆਪਣੀ ਥਾਂ ਮੱਲ ਲਈ। ਉਸ ਵੇਲੇ ਉਸ ਦਾ ਪਿਤਾ ਕਰਾਚੀ ਗਿਆ ਹੋਇਆ ਸੀ। ਉਸ ਵੇਲੇ ਦੇ ਲਾਹੌਰ ਬਾਰੇ ਸਤੀਸ਼ ਬਹੁਤ ਭਾਵੁਕ ਹੋ ਕੇ ਗੱਲਾਂ ਕਰਦਾ ਹੈ। ਉਹ ਦੱਸਦਾ ਹੈ ਕਿ ਜੁਲਾਈ ਵਿਚ ਜਦੋਂ ਲਾਰਡ ਮਾਊਂਟਬੇਟਨ ਲਾਹੌਰ ਪੁੱਜਾ, ਤਾਂ ਉਸ ਵੇਲੇ ਤੱਕ ਲਾਹੌਰ ਵਿਚ ਤਬਾਹੀ ਸ਼ੁਰੂ ਹੋ ਚੁੱਕੀ ਸੀ। ਸ਼ਹਿਰ ਦੀ ਤਕਰੀਬਨ ਅੱਧੀ ਹਿੰਦੂ ਵਸੋਂ ਉਜੜ ਗਈ ਸੀ। ਲੋਕ ਜਾਨ-ਮਾਲ ਦੀ ਰਾਖੀ ਲਈ ਮਾਰੇ ਮਾਰੇ ਫਿਰ ਰਹੇ ਸਨ। ਜਿਉਂ ਹੀ ਅਗਸਤ ਮਹੀਨਾ ਚੜ੍ਹਿਆ, ਇਹ ਸਪਸ਼ਟ ਹੋ ਗਿਆ ਕਿ ਲਾਹੌਰ ਪਾਕਿਸਤਾਨ ਵੱਲ ਹੀ ਜਾਵੇਗਾ। ਇਸ ਵੇਲੇ ਸਤੀਸ਼ ਆਪਣੇ ਸ਼ਹਿਰ ਲਾਹੌਰ ਵਿਚੋਂ ਨਿਕਲਣ ਲੱਗਾ ਤਾਂ ਉਸ ਵੇਲੇ ਉਸ ਦੀ ਜੇਬ





ਵਿਚ ਰੇਲ ਦਾ ਭਾੜਾ ਵੀ ਨਹੀਂ ਸੀ। ਉਸ ਦਿਨ ਉਹਦੇ ਜ਼ਿਹਨ ਵਿਚ ਮਨੁੱਖੀ ਤਰਾਸਦੀ ਬਹੁਤ ਡੂੰਘੀ ਉਤਰ ਕੇ ਬੈਠ ਗਈ। ਮੁਲਕ ਦੀ ਆਜ਼ਾਦੀ ਦੇ ਨਾਲ ਹੀ ਤਬਾਹੀ ਦੇ ਮੰਜ਼ਰ ਜੁੜ ਗਏ। ਅਗਲੇ 8 ਮਹੀਨੇ ਉਹ ਆਪਣੇ ਬਾਪ ਨਾਲ ਰਲ ਕੇ ਅਗਵਾ ਕੀਤੀਆਂ ਕੁੜੀਆਂ ਨੂੰ ਲੱਭਦਾ ਰਿਹਾ ਅਤੇ ਉਨ੍ਹਾਂ ਨੂੰ ਸਰਹੱਦ ਪਾਰ ਕਰਵਾਉਂਦਾ ਰਿਹਾ ਜੋ ਪੰਜਾਬੀਆਂ ਦੇ ਲਹੂ ਨਾਲ ਖਿੱਚੀ ਗਈ ਸੀ। ਇਨ੍ਹਾਂ ਵਕਤਾਂ ਦੀ ਵਿਡੰਬਨਾ ਦੇਖੋ, ਜਦੋਂ ਇਹ ਕੁੜੀਆਂ ਆਪੋ-ਆਪਣੇ ਘਰ ਪੁੱਜੀਆਂ ਤਾਂ ਘਰਦਿਆਂ ਨੇ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਹੀ ਨਾਂਹ ਕਰ ਦਿੱਤੀ। ਸਤੀਸ਼ ਦੇ ਕਾਲਜੇ ਦਾ ਮਾਨੋ ਰੁੱਗ ਭਰਿਆ ਗਿਆ। ਸ਼ਾਇਦ ਇਸੇ ਕਰ ਕੇ ਵੰਡ ਨਾਲ ਸਬੰਧਤ ਉਸ ਦੇ ਚਿੱਤਰਾਂ ਵਿਚ ਔਰਤਾਂ ਬਹੁਤ ਖਾਮੋਸ਼ ਬੈਠੀਆਂ ਆਪਣੀ ਦਰਦ ਕਹਾਣੀ ਕਹਿ ਰਹੀਆਂ ਪ੍ਰਤੀਤ ਹੁੰਦੀਆਂ ਹਨ!

ਸਤੀਸ਼ ਗੁਜਰਾਲ ਨੇ 1947 ਤੋਂ 1950 ਤੱਕ ਵੰਡ ਬਾਰੇ ਹੀ ਚਿੱਤਰ ਬਣਾਏ। ਚਿੱਤਰਾਂ ਵਿਚੋਂ ਜਿਹੜੀ ਹੂਕ ਨਿਕਲਦੀ ਸੁਣਾਈ ਦਿੰਦੀ ਹੈ, ਉਹ ਅਸਲ ਵਿਚ ਉਸ ਦੇ ਦਿਲ ਵਿਚੋਂ ਨਿਕਲੀ ਹੂਕ ਹੀ ਹੈ। ਇਨ੍ਹਾਂ ਚਿੱਤਰਾਂ ਵਿਚੋਂ ਪੰਜਾਬੀਆਂ ਦੀ ਪੱਛੀ ਹੋਈ ਮਾਨਸਿਕਤਾ ਦਿਖਾਈ ਦਿੰਦੀ ਹੈ। ਸਤੀਸ਼ ਦਾ ਕਹਿਣਾ ਹੈ ਕਿ ਉਹ ਖੁਦ ਉਨ੍ਹਾਂ ਵਕਤਾਂ ਨੂੰ ਯਾਦ ਕਰ ਕੇ ਬੇਹੱਦ ਬੇਵਸੀ ਮਹਿਸੂਸ ਕਰਦਾ ਰਿਹਾ ਹੈ। ਵੰਡ ਦੌਰਾਨ ਭਾਵੇਂ ਉਨ੍ਹਾਂ ਦਾ ਪਰਿਵਾਰ ਸੁੱਖੀਂ-ਸਾਂਦੀ ਪਾਕਿਸਤਾਨ ਛੱਡ ਆਇਆ ਸੀ, ਪਰ ਆਲੇ-ਦੁਆਲੇ ਦਾ ਮਾਹੌਲ ਇਨ੍ਹਾਂ ਗਮਗੀਨ ਅਤੇ ਦੁੱਖਾਂ ਨਾਲ ਭਰਿਆ ਹੋਇਆ ਸੀ ਕਿ ਅੱਜ ਤੱਕ ਉਸ ਨੂੰ ਇਨ੍ਹਾਂ ਦੁੱਖਾਂ ਦਾ ਚੇਤਾ ਨਹੀਂ ਭੁੱਲ ਸਕਿਆ। ਇਨ੍ਹਾਂ ਦੁੱਖਾਂ 'ਤੇ ਫਹਿਆ ਰੱਖਣ ਲਈ ਉਸ ਨੇ ਕੈਨਵਸ ਉਤੇ ਰੰਗਾਂ ਨੂੰ ਤਰਤੀਬ ਦੇਣੀ ਸ਼ੁਰੂ ਕੀਤੀ ਅਤੇ ਆਪਣੇ ਇਸ ਦੁੱਖ 'ਤੇ ਫਹਿਆ ਰੱਖਦਾ ਰੱਖਦਾ ਉਹ ਹਰ ਪੰਜਾਬੀ ਦੇ ਦੁੱਖਾਂ 'ਤੇ ਫਹਿਆ ਰੱਖਣ ਵਾਲਾ ਚਿੱਤਰਕਾਰ ਬਣ ਗਿਆ।



## ਰੰਗਾਂ ਦੀ ਆਵਾਜ਼ ਸੁਣਦੀ ਏ...

*ਸਤੀਸ਼ ਗੁਜਰਾਲ 8 ਕੁ ਵਰ੍ਹਿਆਂ ਦਾ ਹੋਵੇਗਾ ਜਦੋਂ ਪਹਿਲਗਾਮ (ਜੰਮੂ ਕਸ਼ਮੀਰ) ਵਿਚ ਆਪਣੇ ਘਰਦਿਆਂ ਨਾਲ ਛੁੱਟੀਆਂ ਮਨਾਉਣ ਗਿਆ ਦਰਿਆ ਵਿਚ ਰੁੜ੍ਹ ਗਿਆ। ਉਸ ਵੇਲੇ ਉਸ ਦੀ ਜਾਨ ਤਾਂ ਬਚ ਗਈ, ਪਰ ਉਸ ਦੀ ਇਕ ਲੱਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਅਤੇ ਅਗਲੇ 2 ਸਾਲ ਉਹਨੂੰ ਮੰਜੇ ਉਤੇ ਪੈਣਾ ਪੈ ਗਿਆ। ਫਿਰ ਪਤਾ ਲੱਗਿਆ ਕਿ ਉਸ ਨੂੰ ਤਾਂ ਸੁਣਨਾ ਵੀ ਬੰਦ ਹੋ ਗਿਆ ਹੈ। ਇਸ ਤੋਂ ਬਾਅਦ ਉਸ ਦੇ ਮਾਪਿਆਂ ਦਾ ਫਿਕਰ ਵਧ ਗਿਆ। ਉਸ ਨੂੰ ਗੂੰਗੇ-ਬੋਲਿਆਂ ਦੇ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ, ਪਰ ਉਥੇ ਜਾ ਕੇ ਉਸ ਦੀਆਂ ਤਕਲੀਫ਼ਾਂ ਹੋਰ ਵਧ ਗਈਆਂ। ਸਕੂਲ ਦੇ ਪ੍ਰਿੰਸੀਪਲ ਦੀ ਸਲਾਹ 'ਤੇ ਉਸ ਨੂੰ ਉਥੋਂ ਹਟਾ ਕੇ ਚਿੱਤਰਕਾਰੀ ਵਾਲੇ ਪਾਸੇ ਲਾ ਦਿੱਤਾ ਗਿਆ। ਸੁਣਨ ਤੋਂ ਆਰੀ ਸਤੀਸ਼ ਗੁਜਰਾਲ ਨੇ ਫਿਰ ਰੰਗਾਂ ਦੀ ਆਵਾਜ਼ ਸੁਣਨੀ ਆਰੰਭ ਕਰ ਦਿੱਤੀ ਅਤੇ ਛੇਤੀ ਹੀ ਉਸ ਦੀ ਚਰਚਾ ਚਿੱਤਰਕਾਰ ਵਜੋਂ ਹੋਣੀ ਸ਼ੁਰੂ ਹੋ ਗਈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਗਸਤ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-182



*ਤੂਤ ਦੀਆਂ ਛਟੀਆਂ ਦੇ ਵਾਂਗੂੰ, ਹੋਇਆ ਜਿਸਮ ਕਮਾਨ ਜਿਹਾ।*
*ਰੰਬੀ, ਕਹੀ ਤੇ ਦਾਤਰ ਨਾਲ, ਸੀਗਾ ਇੱਕ ਜਹਾਨ ਜਿਹਾ।*
*ਹਾਲੇ ਵੀ ਤਾਂ ਸੀਰੀ ਬਣ ਕੇ, ਵਕਤ ਟਪਾਉਂਦਾ ਰਹਿੰਦਾ ਹਾਂ।*
*ਪਹਿਲਾਂ ਸਿਰ 'ਤੇ ਢੋਇਆ ਟੋਕਰਾ, ਹੁਣ ਬਣਾਉਂਦਾ ਰਹਿੰਦਾ ਹਾਂ।*

## ਕੈਪਸ਼ਨ ਮੁਕਾਬਲਾ-180



ਬੋਟੀ ਬੋਟੀ ਤਨ ਦੀ ਕੀਤੀ
ਭੁਝੰਗੀ ਦਾ ਦਿਲ ਕੱਢ ਮੂੰਹ ਪਾਇਆ।
ਤੇਰਾ ਭਾਣਾ ਮਿੱਠਾ ਲੱਗੇ ਦਾ ਜਾਪ ਕੀਤਾ
ਨਾ ਗੁੱਸਾ ਮਨ 'ਚ ਹੰਢਾਇਆ।
ਸਿੱਖ ਇਤਿਹਾਸ ਦੇ ਖ਼ੂਨੀ ਵਰਕੇ
ਜਦੋਂ ਜਦੋਂ ਕਿਤਾਬਾਂ ਫੋਲਾਂਗੇ।
ਚੜ੍ਹਦੀ ਕਲਾ ਵਾਲੇ ਸਿੰਘ ਸੂਰਮਿਆਂ ਦੀਆਂ
ਕਹਾਣੀਆਂ ਸਦਾ ਹੀ ਟੋਹਲਾਂਗੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਆਪਣੇ ਪਿਆਰੇ ਦੇਸ਼ ਦੀ ਖਾਤਿਰ
ਜੋ ਸਿਰ ਧੜ ਦੀ ਬਾਜ਼ੀ ਲਾ ਜਾਂਦੇ।
ਜਿਨ੍ਹਾਂ ਦੇ ਸਿਰਾਂ ਦਾ ਮੁੱਲ ਹੈ ਪੈਂਦਾ
ਉਹ ਸਿੰਘ ਸੂਰਮੇ ਆਖਵਾ ਜਾਂਦੇ।
ਬੈਠ ਹਕੂਮਤ ਦੀ ਕੁਰਸੀ 'ਤੇ ਜੋ
ਇਨਸਾਨੀਅਤ ਨੂੰ ਦਿਲੋਂ ਭੁਲਾ ਜਾਂਦੇ।
ਆਪਣੀਆਂ ਹੀ ਨਸਲਾਂ ਦੀਆਂ ਉਹ
ਬੇੜੀਆਂ 'ਚ ਵੱਟੇ ਪਾ ਜਾਂਦੇ।

***-ਰਾਮ ਕੁਮਾਰ ਐਸ਼ ਜਾਜਾ***

ਖਾਲਸਾ ਨਾ ਝੁਕਿਆ ਜੁਲਮ ਦੇ ਵਾਰ ਅੱਗੇ
ਮਜ਼ਲੂਮਾਂ ਲਈ ਬਣ ਖੰਡੇ ਦੀ ਧਾਰ ਲੱਗੇ।
ਗੜ੍ਹੀ ਗੁਰਦਾਸ ਭਾਵੇਂ ਘਿਰ ਗਿਆ ਸ਼ੇਰ
ਸਦਾ ਰਹੀ ਬਾਜ਼ਾਂ ਵਾਲੇ ਦੀ ਮਿਹਰ।
ਪਿੰਜਰੇ 'ਚ ਬੇੜੀਆਂ, ਲਾਈਆਂ ਹੱਥਕੜੀਆਂ
ਖਾਲਸੇ ਦੀਆਂ ਚੜ੍ਹਾਈਆਂ ਰਹੀਆਂ ਬੜੀਆਂ।

***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

---

ਮੁਗਲ ਆਏ ਕੱਟੜ ਜਨੂੰਨੀ, ਚਾਹੁੰਦੇ,
ਉਨ੍ਹਾਂ ਦਾ ਧਰਮ ਸਭ ਦਾ ਧਰਮ।
ਗੈਰ-ਮੁਸਲਿਮਾਂ ਲਈ ਕੋਈ ਥਾਂ ਨਹੀਂ
ਦਿੱਤੇ ਤਸੀਹੇ ਧਰਮ ਤਬਦੀਲ ਲਈ।
ਤਸ਼ੱਦਦ ਰਿਹਾ ਹਰ ਤਰ੍ਹਾਂ ਭਾਰੂ
ਦੇ ਕੇ ਫਤਵਾ ਕਰ ਦਿੰਦੇ ਸਿਰ ਕਲਮ।

***-ਦਰਸ਼ਨਪਾਲ ਦੋਸਾਂਝ***

---

ਸਿੰਘਾਂ ਤੋਂ ਡਰਦੀ ਤੇ ਕੰਬਦੀ ਸੀ
ਮੁਗਲਾਂ ਦੀ ਸਰਕਾਰ।
ਇਕੋ ਇਕ ਸਿੱਖ ਕੌਮ
ਜਿਹੜੀ ਨਾ ਕਿਸੇ ਤੋਂ ਡਰਦੀ
ਅਤੇ ਨਾ ਹੀ ਕਿਸੇ ਨੂੰ ਡਰਾਉਂਦੀ।
ਮਿਹਨਤ ਕਰਦੇ, ਕਿਸੇ ਤੋਂ ਨਹੀਂ ਮੰਗਦੇ
ਸਿਰ ਉਚਾ ਕਰਕੇ ਜਿਉਂਦੀ।
ਕਹਿਣ ਮੁਗਲ ਸਿੰਘ ਕੋਈ
ਜਿਉਂਦਾ ਨਹੀਂ ਛੱਡਣਾ।
ਜਿਥੇ ਮਿਲੇ ਸਿੰਘ ਸਿਰੋਂ ਹੀ ਵੱਢਣਾ।

***-ਗੌਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਹੁਣ ਪ੍ਰਵਾਨਗੀ ਬਿਨਾਂ ਪਾਕਿਸਤਾਨ ਨਹੀਂ ਛੱਡ ਸਕਣਗੇ ਸਿੱਖ

**ਲਾਹੌਰ:** ਪਾਕਿਸਤਾਨ ਵਿਚ ਰਹਿਣ ਵਾਲੇ ਸਿੱਖਾਂ ਨੂੰ ਭਾਰਤ ਦੀ ਯਾਤਰਾ ਕਰਨ ਤੋਂ ਪਹਿਲਾਂ ਔਕਾਫ ਬੋਰਡ ਕੋਲੋਂ ਆਗਿਆ ਲੈਣੀ ਹੋਵੇਗੀ। ਇਹ ਨਿਯਮ ਖ਼ਾਸ ਤੌਰ ਉਤੇ ਭਾਰਤ ਤੇ ਹੋਰ ਦੇਸ਼ਾਂ ਦੀ ਯਾਤਰਾ ਉੱਤੇ ਲਾਗੂ ਹੋਵੇਗਾ। ਔਕਾਫ ਬੋਰਡ ਦੇ ਚੇਅਰਮੈਨ ਸਦੀਕੁਲ ਫ਼ਾਰੂਕ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਦੂਜੇ ਦੇਸ਼ ਜਾਣ ਦੀ ਆਗਿਆ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਲੈਣੀ ਹੋਵੇਗੀ। ਔਕਾਫ ਬੋਰਡ ਅਨੁਸਾਰ ਇਹ ਕਦਮ ਵਿਦੇਸ਼ ਜਾਣ ਵਾਲੇ ਸਿੱਖਾਂ ਦਾ ਰਿਕਾਰਡ ਰੱਖਣ ਲਈ ਚੁੱਕਿਆ ਗਿਆ ਹੈ।

ਔਕਾਫ ਬੋਰਡ ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰੇ ਦੇ ਧਾਰਮਿਕ ਸਥਾਨਾਂ ਦੀ ਦੇਖ ਭਾਲ ਕਰਦਾ ਹੈ। ਬੋਰਡ ਵੱਲੋਂ ਬਕਾਇਦਾ ਪਾਕਿਸਤਾਨ ਦੇ ਵੱਖ-ਵੱਖ ਹਿੱਸਿਆ ਵਿਚ ਆਗਿਆ ਲਈ ਦਫਤਰ ਖੋਲੇ ਜਾਣਗੇ। ਪਾਕਿਸਤਾਨ ਵਿਚ ਸਿੱਖਾਂ ਦੀ ਆਬਾਦੀ ਇਕ ਲੱਖ ਦੇ ਆਸ-ਪਾਸ ਹੈ। ਹਰ ਸਾਲ ਵੱਡੀ ਗਿਣਤੀ ਵਿਚ ਸਿੱਖ ਭਾਰਤ ਵਿਚ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਂਦੇ ਹਨ।

ਦੇਸ਼ ਛੱਡਣ ਵਾਲੇ ਸਿੱਖਾਂ ਨੂੰ ਆਪਣਾ ਮੁਕੰਮਲ ਰਿਕਾਰਡ ਦੇਣਾ ਪਏਗਾ। ਇਸ ਤੋਂ ਪਹਿਲਾਂ ਪਾਕਿਸਤਾਨੀ ਸਿੱਖਾਂ ਉਤੇ ਅਜਿਹੀ ਕੋਈ ਪਾਬੰਦੀ ਨਹੀਂ ਸੀ। ਸ੍ਰੀ ਫਾਰੂਕ ਨੇ ਕਿਹਾ ਕਿ ਆਨੰਦ ਕਾਰਜ ਤੇ ਪ੍ਰਬੰਧਕ ਕਮੇਟੀ ਦੇ ਨੇਮਾਂ ਸਬੰਧੀ ਦੋ ਵੱਖਰੀਆਂ ਕਮੇਟੀਆਂ ਬਣਾਈਆਂ ਗਈਆਂ ਹਨ।

ਇਕ ਕਮੇਟੀ ਦੀ ਅਗਵਾਈ ਪੀ.ਜੀ.ਐਸ.ਪੀ.ਸੀ. ਦੇ ਪ੍ਰਧਾਨ ਸ਼ਾਮ ਸਿੰਘ ਤੇ ਦੂਜੀ ਦੀ ਅਗਵਾਈ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਮੇਸ਼ ਸਿੰਘ ਅਰੋੜਾ ਕਰਨਗੇ। ਔਕਾਫ਼ ਬੋਰਡ ਨੇ ਲਾਹੌਰ ਵਿਚ ਗੁਰਦੁਆਰਾ ਤਾਰੂ ਸਿੰਘ ਨੇੜੇ ਰਿਹਾਇਸ਼ੀ ਅਪਾਰਟਮੈਂਟ ਉਸਾਰਨ ਦਾ ਵੀ ਐਲਾਨ ਕੀਤਾ ਹੈ।



## ਪਾਕਿਸਤਾਨ ਦੀ ਸਿੱਖ ਕੁੜੀ ਨੂੰ ਇਕ ਲੱਖ ਦਾ ਇਨਾਮ

**ਲਾਹੌਰ:** 10ਵੀਂ ਜਮਾਤ ਵਿਚ ਪਹਿਲੇ ਸਥਾਨ ਉਤੇ ਆਈ ਸਿੱਖ ਕੁੜੀ ਮਨਬੀਰ ਕੌਰ ਨੂੰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਗਿਆ ਹੈ। ਪੰਜਾਬ ਸੂਬੇ ਦੇ ਨਨਕਾਣਾ ਸਾਹਿਬ ਜ਼ਿਲ੍ਹੇ ਦੀ ਮਨਬੀਰ ਨੇ ਕੁੱਲ 1100 ਵਿਚੋਂ 1035 ਅੰਕ ਹਾਸਲ ਕੀਤੇ ਹਨ। ਕਮੇਟੀ ਨੇ ਹੁਸ਼ਿਆਰ ਸਿੱਖ ਵਿਦਿਆਰਥੀਆਂ ਲਈ ਫੰਡ ਸਥਾਪਤ ਕਰਨ ਦਾ ਵੀ ਐਲਾਨ ਕੀਤਾ ਹੈ ਤੇ ਸ਼ੁਰੂ ਵਿਚ



10 ਲੱਖ ਰੁਪਏ ਫੰਡ ਵਿਚ ਦਾਨ ਕੀਤੇ ਹਨ।

## ਪਛੜੇ ਸਿੱਖਾਂ ਦੀ ਭਲਾਈ ਲਈ ਵਿਸ਼ੇਸ਼ ਫੰਡ ਕਾਇਮ ਕੀਤਾ

ਪਾਕਿਸਤਾਨ ਸਰਕਾਰ ਵੱਲੋਂ ਇਥੇ ਰਹਿੰਦੇ ਸਿੱਖਾਂ ਦੇ ਪੱਛੜੇ ਸਮੂਹਾਂ ਦੀ ਭਲਾਈ ਲਈ ਵਿਸ਼ੇਸ਼ ਫੰਡ ਕਾਇਮ ਕਰਦਿਆਂ ਇਕ ਕਮੇਟੀ ਨਿਯਮਤ ਕੀਤੀ ਗਈ ਹੈ, ਜੋ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨ ਕਰੇਗੀ। ਲੰਬੇ ਸਮੇਂ ਤੋਂ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸਰਾਂ ਦੀ ਰੋਕੀ ਗਈ ਉਸਾਰੀ ਨੂੰ ਮਨਜ਼ੂਰੀ ਦਿੰਦਿਆਂ 200 ਕਮਰਿਆਂ ਦੀ ਸਰਾਂ ਬਨਾਉਣ ਦੀ ਤਜਵੀਜ਼ ਰੱਖੀ ਗਈ ਹੈ। ਪਾਕਿਸਤਾਨੀ ਸਿੱਖਾਂ ਦੇ ਧਾਰਮਿਕ ਤੇ ਸਮਾਜਿਕ ਮਸਲਿਆਂ ਉਤੇ ਵਿਚਾਰ ਲਈ ਦੋ ਵਿਸ਼ੇਸ਼ ਕਮੇਟੀਆਂ ਗਠਿਤ ਕੀਤੀਆਂ ਹਨ, ਜਿਨ੍ਹਾਂ ਵਿਚੋਂ ਇਕ ਦਾ ਕਨਵੀਨਰ ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ਾਮ ਸਿੰਘ, ਜਦ ਕਿ ਦੂਸਰੀ ਦਾ ਅਸੈਂਬਲੀ ਮੈਂਬਰ ਰਮੇਸ਼ ਸਿੰਘ ਅਰੋੜਾ ਨੂੰ ਬਣਾਇਆ ਗਿਆ ਹੈ। ਪਾਕਿ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੀ ਤਰਜ਼ ਉਤੇ ਪਾਕਿਸਤਾਨ ਗੁਰਦੁਆਰਾ ਕਮੇਟੀ ਨੂੰ ਵੀ ਭਾਰਤ ਵਿਚ ਸਿੱਖ ਜਥੇ ਭੇਜਣ ਲਈ ਆਪਣੇ ਪੱਧਰ ਉਤੇ ਪਾਸਪੋਰਟ ਤੇ ਹੋਰ ਲੋੜੀਂਦੀ ਘੋਖ ਕਰਨ ਦੇ ਅਧਿਕਾਰ ਦਿੱਤੇ ਹਨ। ਪਾਕਿ ਦੇ ਪੰਜ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਨੂੰ 14ਵੇਂ ਗ੍ਰੇਡ ਦੀ ਤਰੱਕੀ ਦਿੰਦਿਆਂ ਤਨਖਾਹਾਂ ਵਿਚ ਵੱਡਾ ਵਾਧਾ ਕੀਤਾ ਗਿਆ ਹੈ। ਔਕਾਫ਼ ਬੋਰਡ ਦੇ ਚੇਅਰਮੈਨ ਸਦੀਕ ਉਲ ਫਾਰੂਕ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਉਥੋਂ ਦੇ ਸਿੱਖਾਂ ਦੀ ਇਕੋ ਇਕ ਨਾਮਜ਼ਦ ਸੰਸਥਾ ਹੈ, ਜਿਸ ਦੇ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਵੇਗੀ।

# ਲੋਕ ਸਭਾ ਵਿਚ ਉਠਿਆ '84 ਦੇ ਕਤਲੇਆਮ ਦਾ ਮੁੱਦਾ

**ਨਵੀਂ ਦਿੱਲੀ:** ਕੇਂਦਰ ਦੀ ਐਨ.ਡੀ.ਏ. ਸਰਕਾਰ ਦਾ ਹਿੱਸਾ ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਵਿਚ 1984 ਦੇ ਸਿੱਖ ਕਤਲ-ਏ-ਆਮ ਦਾ ਮਾਮਲਾ ਉਠਾਇਆ ਤੇ ਇਹ ਜਾਣਨਾ ਚਾਹਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਹੁਣ ਤੱਕ ਕੀ ਕੰਮ ਕੀਤਾ ਹੈ ਤੇ ਸਰਕਾਰ ਵੱਲੋਂ ਪੀੜਤਾਂ ਨੂੰ 5-5 ਲੱਖ ਰੁਪਏ ਦੇ ਮੁਆਵਜ਼ੇ ਦੇ ਕੀਤੇ ਐਲਾਨ ਦਾ ਕੀ ਬਣਿਆ। ਇਸ ਦੇ ਨਾਲ ਹੀ ਅਕਾਲੀ ਦਲ ਨੇ ਦਿੱਲੀ ਵਿਚ ਹੋਏ ਇਸ ਕਤਲ-ਏ-ਆਮ ਲਈ ਕਾਂਗਰਸ ਦੀ ਜ਼ੋਰਦਾਰ ਆਲੋਚਨਾ ਕੀਤੀ।

ਸਿਫ਼ਰ ਕਾਲ ਦੌਰਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਇਹ ਮਾਮਲਾ ਚੁੱਕਦਿਆਂ ਦੋਸ਼ ਲਾਇਆ ਕਿ 1984 ਵਿਚ ਇਹ ਕਤਲ ਤੱਤਕਾਲੀ ਸਰਕਾਰ ਦੀ ਸ਼ਹਿ ਉਤੇ ਹੋਏ ਤੇ ਉਸ ਸਮੇਂ ਇਕ ਵੱਡੇ ਨੇਤਾ ਨੇ ਇਸ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਸੀ ਕਿ ਜਦੋਂ ਕੋਈ ਵੱਡਾ ਦਰਖੱਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਜਮਹੂਰੀਅਤ ਦਾ ਕਤਲ ਕੀਤਾ ਗਿਆ ਸੀ। ਉਨ੍ਹਾਂ ਸਰਕਾਰ ਤੋਂ ਸੁਆਲ ਕੀਤਾ ਕਿ ਇਸ ਕਤਲੇਆਮ 'ਚ ਸ਼ਾਮਲ ਲੋਕਾਂ ਬਾਰੇ ਕਈ ਕਮਿਸ਼ਨਾਂ ਨੇ ਜਿਹੜੇ ਲੋਕਾਂ ਦੀ ਸ਼ਨਾਖ਼ਤ ਕੀਤੀ ਹੈ ਤੇ ਉਨ੍ਹਾਂ ਨੂੰ ਸਜ਼ਾ ਦੇਣ ਬਾਰੇ ਕੀ ਕੀਤਾ ਜਾ ਰਿਹਾ ਹੈ।

ਸ. ਚੰਦੂਮਾਜਰਾ ਨੇ ਕਿਹਾ ਕਿ ਮੋਦੀ ਸਰਕਾਰ ਦਾ ਗਠਨ ਹੋਣ ਤੋਂ ਪਹਿਲਾਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਗੱਲ ਕੀਤੀ ਸੀ, ਉਸ ਵਿਚ ਕੀ ਪ੍ਰਗਤੀ ਹੋ ਰਹੀ ਹੈ? ਉਨ੍ਹਾਂ ਨੇ ਦੰਗਿਆਂ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਦਨ ਵਿਚ ਇਕ ਮਤਾ ਪਾਸ ਕਰਨ ਦੀ ਮੰਗ ਵੀ ਕੀਤੀ।

# ਗੁਰਦੁਆਰੇ ਦੀ ਜ਼ਮੀਨ ਗ੍ਰਹਿਣ ਮਾਮਲੇ ਬਾਰੇ ਕੇਂਦਰ ਸਰਕਾਰ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੇਂਦਰੀ ਟਰਾਂਸਪੋਰਟ ਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੂੰ ਪੱਤਰ ਲਿਖ ਕੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਅਲਾਦੀਨਪੁਰ ਦੇ ਇਤਿਹਾਸਕ ਗੁਰਦੁਆਰਾ ਬਾਬਾ ਹਜ਼ਾਰਾ ਸਿੰਘ ਤੇ ਬਾਬਾ ਹੁਕਮ ਸਿੰਘ ਦੀ ਜ਼ਮੀਨ ਗ੍ਰਹਿਣ ਨਾ ਕਰਨ ਦੀ ਮੰਗ ਕੀਤੀ ਹੈ।



ਜਥੇਦਾਰ ਨੇ ਕੇਂਦਰੀ ਮੰਤਰੀ ਨੂੰ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਬਾਬਾ ਹਜ਼ਾਰਾ ਸਿੰਘ ਤੇ ਬਾਬਾ ਹੁਕਮ ਸਿੰਘ ਵਾਕਿਆ ਪਿੰਡ ਅਲਾਦੀਨਪੁਰ, ਜ਼ਿਲ੍ਹਾ ਤਰਨਤਾਰਨ ਦੀ ਜ਼ਮੀਨ ਕੌਮੀ ਸ਼ਾਹਰਾਹ ਨੰਬਰ-15 ਨੂੰ ਚੌੜਾ ਕਰਨ ਵਾਸਤੇ ਗ੍ਰਹਿਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਗੁਰਦੁਆਰਾ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਪਹਿਲੇ ਸ਼ਹੀਦਾਂ ਦੀ ਯਾਦ ਵਿਚ ਬਣਾਇਆ ਗਿਆ ਸੀ।ਤੇ ਇਹ ਬਿਲਕੁਲ ਸੜਕ ਦੇ ਉੱਪਰ ਸੁਸ਼ੋਭਿਤ ਹੈ।

ਉਪਰੋਕਤ ਜ਼ਮੀਨ ਗੁਰਦੁਆਰਾ ਕੰਪਲੈਕਸ ਦਾ ਹਿੱਸਾ ਹੈ। ਸੰਗਤ ਦੀ ਇਸ ਧਾਰਮਿਕ ਅਸਥਾਨ ਵਿਚ ਬਹੁਤ ਸ਼ਰਧਾ ਹੈ। ਸੜਕ ਚੌੜੀ ਕਰਨ ਲਈ ਗੁਰਦੁਆਰੇ ਦੀ ਇਮਾਰਤ ਸੜਕ ਵਿਚ ਆਉਣ ਕਰਕੇ ਸੰਗਤ ਵਿਚ ਭਾਰੀ ਰੋਸ ਹੈ।

# ਬੱਬਰ ਖ਼ਾਲਸਾ ਦੇ ਖਾੜਕੂ ਸੁੱਖਾ ਚਿੜਾ ਨੂੰ ਆਰ.ਡੀ. ਐਕਸ. ਕੇਸ ਵਿਚ ਕੈਦ

**ਅੰਮ੍ਰਿਤਸਰ:** ਪੰਜਾਬ ਵਿਚ ਖਾੜਕੂਵਾਦ ਨੂੰ ਮੁੜ ਸੁਰਜੀਤ ਕਰਨ ਦੇ ਮਕਸਦ ਨਾਲ ਪਾਕਿਸਤਾਨ ਤੋਂ ਮੰਗਵਾਈ ਖ਼ਤਰਨਾਕ ਧਮਾਕਾਖੇਜ਼ ਸਮੱਗਰੀ ਆਰ.ਡੀ. ਐਕਸ ਤੇ ਹੋਰ ਮਾਰੂ ਹਥਿਆਰ ਬਰਾਮਦ ਹੋਣ ਦੇ ਚਰਚਿਤ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਬੱਬਰ ਖ਼ਾਲਸਾ ਦੇ ਖਾੜਕੂ ਸੁਖਦੇਵ ਸਿੰਘ ਉਰਫ ਸੁੱਖਾ ਚਿੜਾ ਨੂੰ ਅਦਾਲਤ ਵੱਲੋਂ ਸੱਤ ਸਾਲ ਕੈਦ ਤੇ ਪੰਜ ਹੋਰਾਂ ਨੂੰ ਛੇ-ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ।



ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੇ ਏ.ਆਈ.ਜੀ. ਮਨਮਿੰਦਰ ਸਿੰਘ ਨੇ ਦੱਸਿਆ ਕਿ ਉਕਤ ਖਾੜਕੂ ਸੁੱਖੇ ਚਿੜਾ ਉਸ ਵੇਲੇ ਚਰਚਾ ਵਿਚ ਆਇਆ ਜਦੋਂ ਪੁਲਿਸ ਨੇ ਰੇਲਵੇ ਸਟੇਸ਼ਨ ਨੇੜਿਓਂ ਇਕ ਮਾਰੂਤੀ ਕਾਰ ਬਰਾਮਦ ਕੀਤੀ, ਜਿਸ ਵਿਚ ਧਮਾਕਾਖੇਜ਼ ਸਮੱਗਰੀ ਆਰ.ਡੀ. ਐਕਸ ਭਰੀ ਹੋਈ ਸੀ। ਸੈੱਲ ਵੱਲੋਂ 15 ਜੂਨ, 2010 ਨੂੰ ਪਿੰਡ ਰਤਨਗੜ੍ਹ ਤੋਂ ਇਸ ਖਾੜਕੂ ਨੂੰ ਗ੍ਰਿਫਤਾਰ ਕੀਤਾ, ਜਿਸ ਪਾਸੋਂ ਇਕ ਕਿਲੋ 400 ਗ੍ਰਾਮ ਆਰ.ਡੀ. ਐਕਸ, ਇਕ ਏ.ਕੇ. 74 ਰਾਈਫ਼ਲ, ਇਕ ਸਬ ਮਸ਼ੀਨ ਗੰਨ, ਦੋ ਪਿਸਤੌਲ ਤੇ ਵੱਡੀ ਗਿਣਤੀ ਵਿਚ ਕਾਰਤੂਸ ਆਦਿ ਬਰਾਮਦ ਕੀਤੇ ਸਨ। ਅਦਾਲਤ ਵੱਲੋਂ ਧਮਾਕਾਖੇਜ਼ ਸਮੱਗਰੀ ਦੀਆਂ ਧਰਾਵਾਂ ਤਹਿਤ ਸੱਤ ਸਾਲ ਕੈਦ ਤੇ 10 ਹਜ਼ਾਰ ਜੁਰਮਾਨਾ, ਅਸਲਾ ਐਕਟ ਤਹਿਤ ਪੰਜ ਸਾਲ ਕੈਦ ਤੇ ਪੰਜ ਹਜ਼ਾਰ ਜੁਰਮਾਨਾ, ਗੈਰ ਕਾਨੂੰਨੀ ਗਤੀਵਿਧੀਆਂ ਲਈ ਛੇ ਸਾਲ ਤੇ 10 ਹਜ਼ਾਰ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਗ੍ਰਿਫਤਾਰ ਕੀਤੇ ਬਾਕੀਆਂ ਵਿਅਕਤੀਆਂ ਗੁਰਵਿੰਦਰ ਸਿੰਘ, ਸ਼ੇਰ ਸਿੰਘ, ਗੁਰਜੀਤ ਸਿੰਘ, ਗੁਰਮੀਤ ਸਿੰਘ ਤੇ ਜੋਗਾ ਸਿੰਘ ਨੂੰ ਛੇ-ਛੇ ਸਾਲ ਕੈਦ ਤੇ 10 ਹਜ਼ਾਰ ਜੁਰਮਾਨਾ ਕੀਤਾ ਗਿਆ। ਖਾੜਕੂ ਚਿੜਾ ਨੇ ਕਿਹਾ ਕਿ ਪੁਲਿਸ ਵੱਲੋਂ ਉਸ ਨੂੰ ਝੂਠੇ ਮਾਮਲੇ ਵਿਚ ਫ਼ਸਾਇਆ ਜਾ ਰਿਹਾ ਹੈ।

# ਤਾਰਾ ਵਿਰੁਧ ਅਦਾਲਤ ਵਿਚ ਵੱਖਰੀ ਸੁਣਵਾਈ 20 ਤੋਂ

**ਚੰਡੀਗੜ੍ਹ:** ਜਗਤਾਰ ਸਿੰਘ ਤਾਰਾ ਵਿਰੁੱਧ ਵੱਖਰੀ ਸੁਣਵਾਈ 20 ਅਗਸਤ ਤੋਂ ਸ਼ੁਰੂ ਹੋਵੇਗੀ। ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਮਾਡਲ ਜੇਲ੍ਹ ਬੁੜੈਲ ਦੇ ਸੁਪਰਡੈਂਟ ਨੇ ਅਦਾਲਤ ਨੂੰ ਇਕ ਪੱਤਰ ਲਿਖ ਕੇ ਤਾਰਾ ਵਿਰੁੱਧ ਕੇਸ ਚਲਾਉਣ ਦੀ ਮੰਗ ਕੀਤੀ ਸੀ। ਅਦਾਲਤੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ। ਜਗਤਾਰ ਸਿੰਘ ਤਾਰਾ ਪਹਿਲਾਂ ਹੀ ਕੇਸ ਨਾ ਲੜਨ ਦਾ ਐਲਾਨ ਕਰ ਚੁੱਕਾ ਹੈ। ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਇਕ ਹੋਰ ਪੱਤਰ ਲਿਖ ਕੇ ਕੇਸ ਨਾਲ ਸਬੰਧਤ ਰਿਕਾਰਡ ਭੇਜਣ ਵਾਸਤੇ ਕਹਿ ਦਿੱਤਾ ਗਿਆ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਪੰਜਾਬ ਸਕੱਤਰੇਤ ਮੂਹਰੇ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ। ਇਹ ਵਾਰਦਾਤ 31 ਅਗਸਤ 1995 ਦੀ ਹੈ। ਸੀ.ਬੀ.ਆਈ. ਵੱਲੋਂ ਕੇਸ ਦੇ ਨੌਂ ਮੁਲਜ਼ਮਾਂ ਵਿਰੁੱਧ ਕੇਸ ਚਲਾਇਆ ਗਿਆ ਸੀ ਤੇ ਅਦਾਲਤ ਵੱਲੋਂ ਅੱਠ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ। ਮੁਲਜ਼ਮ ਜਗਤਾਰ ਸਿੰਘ ਤਾਰਾ ਉਸ ਵੇਲੇ ਜੇਲ੍ਹ ਵਿਚੋਂ ਫਰਾਰ ਹੋ ਚੁੱਕਾ ਸੀ ਜਿਸ ਕਰਕੇ ਉਸ ਨੂੰ ਫੈਸਲੇ ਤੋਂ ਬਾਹਰ ਰੱਖਿਆ ਗਿਆ ਸੀ। ਉਂਜ ਬੇਅੰਤ ਕਤਲ ਕੇਸ ਦੀ ਸੁਣਵਾਈ ਸ਼ੁਰੂ ਹੋਣ ਵੇਲੇ ਤਾਰਾ ਵਿਰੁੱਧ ਵੀ ਕੇਸ ਸ਼ੁਰੂ ਕੀਤਾ ਗਿਆ ਸੀ। ਬੇਅੰਤ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਉਰਾ ਤੇ ਜਗਤਾਰ ਸਿੰਘ ਤਾਰਾ 22 ਜਨਵਰੀ ਦੀ ਰਾਤ ਨੂੰ ਜੇਲ੍ਹ ਵਿਚੋਂ ਫਰਾਰ ਹੋ ਗਏ ਸਨ।



# ਪੰਜਾਬ ਸਰਕਾਰ ਨੂੰ ਪਿਆ ਚੰਦਾ ਵਸੂਲੀ ਦਾ ਚਸਕਾ

**ਬਠਿੰਡਾ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਭਾਵੇਂ ਰੈੱਡ ਕਰਾਸ ਵਾਸਤੇ ਚੰਦਾ ਵਸੂਲੀ ਉਤੇ ਪਾਬੰਦੀ ਲਗਾਈ ਹੋਈ ਹੈ, ਪਰ ਹੁਣ ਕੁਝ ਜ਼ਿਲ੍ਹਿਆਂ ਵਿਚ ਮੁੜ ਇਸ ਦੀ ਸ਼ੁਰੂਆਤ ਹੋ ਗਈ ਹੈ। ਪ੍ਰਸ਼ਾਸਨ ਨੇ 10 ਜੁਲਾਈ ਤੋਂ ਨਵੇਂ ਅਸਲਾ ਲਾਇਸੈਂਸ ਫਾਰਮ ਦੀ ਫੀਸ 15 ਹਜ਼ਾਰ ਰੁਪਏ ਕਰ ਦਿੱਤੀ ਹੈ, ਜੋ ਕਿ ਪਹਿਲਾਂ 10 ਹਜ਼ਾਰ ਰੁਪਏ ਸੀ। ਮਾਨਸਾ ਪ੍ਰਸ਼ਾਸਨ ਨੇ ਇਸ ਸਾਲ 16 ਜੂਨ ਤੋਂ ਨਵੇਂ ਅਸਲਾ ਲਾਇਸੈਂਸ ਫਾਰਮ ਦੀ ਕੀਮਤ 15 ਹਜ਼ਾਰ ਰੁਪਏ ਕਰ ਦਿੱਤੀ ਹੈ ਜਦਕਿ ਪਹਿਲਾਂ ਇਹ ਕੀਮਤ 10 ਹਜ਼ਾਰ ਰੁਪਏ ਸੀ।

ਉਂਜ ਇਸ ਫਾਰਮ ਦੀ ਕੀਮਤ 20 ਰੁਪਏ ਵੀ ਨਹੀਂ ਬਣਦੀ। ਰੈੱਡ ਕਰਾਸ ਮਾਨਸਾ ਵੱਲੋਂ ਪ੍ਰਤੀ ਫਾਰਮ ਹੁਣ ਪੰਜ ਹਜ਼ਾਰ ਰੁਪਏ ਦਾ ਚੰਦਾ ਲਿਆ ਜਾਂਦਾ ਹੈ ਜਦਕਿ ਬਾਕੀ 10 ਹਜ਼ਾਰ ਰੁਪਏ ਸੁਵਿਧਾ ਸੈਂਟਰ ਦੇ ਖ਼ਜ਼ਾਨੇ ਵਿਚ ਚਲੇ ਜਾਂਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ ਵੀ ਦੋ ਮਹੀਨੇ ਪਹਿਲਾਂ ਅਸਲਾ ਲਾਇਸੈਂਸ ਫਾਰਮ ਦੀ ਫੀਸ 3500 ਤੋਂ ਵਧਾ ਕੇ ਪੰਜ ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਜ਼ਿਲ੍ਹਾ ਫਿਰੋਜ਼ਪੁਰ ਵਿਚ ਨਵੇਂ ਅਸਲਾ ਲਾਇਸੈਂਸ ਲੈਣ ਵਾਲਿਆਂ ਦੀ 10 ਹਜ਼ਾਰ ਰੁਪਏ ਦੀ ਪਰਚੀ ਕੱਟੀ ਜਾਂਦੀ ਹੈ। ਰੈੱਡ ਕਰਾਸ ਫਾਜ਼ਿਲਕਾ ਵੱਲੋਂ ਵੀ ਅਸਲਾ ਲਾਇਸੈਂਸ ਵਾਲਾ ਫਾਰਮ 10 ਹਜ਼ਾਰ ਰੁਪਏ ਵਿਚ ਦਿੱਤਾ ਜਾਂਦਾ ਹੈ।



ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ ਦਾ ਕਹਿਣਾ ਹੈ ਕਿ ਨਵੇਂ ਫਾਰਮਾਂ ਤੋਂ ਤਕਰੀਬਨ 15 ਲੱਖ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ। ਡਿਪਟੀ ਕਮਿਸ਼ਨਰ ਫਿਰੋਜ਼ਪੁਰ ਡੀ.ਪੀ.ਐਸ. ਖਰਬੰਦਾ ਦਾ ਕਹਿਣਾ ਸੀ ਕਿ ਲਾਇਸੈਂਸ ਫਾਰਮ ਦੀ ਕੋਈ ਫੀਸ ਨਹੀਂ ਹੈ ਤੇ ਨਾ ਹੀ ਰੈੱਡ ਕਰਾਸ ਦੀ ਪਰਚੀ ਕਟਾਉਣੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੀ ਖੁਸ਼ੀ ਨਾਲ ਰੈੱਡ ਕਰਾਸ ਨੂੰ ਡੋਨੇਸ਼ਨ ਦਿੰਦੇ ਹਨ। ਬਠਿੰਡਾ ਜ਼ਿਲ੍ਹੇ ਵਿਚ ਪਹਿਲਾਂ ਰੈੱਡ ਕਰਾਸ ਵੱਲੋਂ ਹਥਿਆਰਾਂ ਦੇ ਸ਼ੌਕੀਨਾਂ ਦੀ ਇਕ ਹਜ਼ਾਰ ਰੁਪਏ ਦੀ ਪਰਚੀ ਕੱਟੀ ਜਾਂਦੀ ਸੀ ਜੋ ਕਿ ਮਗਰੋਂ ਬੰਦ ਕਰ ਦਿੱਤੀ ਗਈ। ਦੂਜੇ ਪਾਸੇ ਲੁਧਿਆਣਾ, ਪਟਿਆਲਾ, ਬਰਨਾਲਾ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਆਦਿ ਜ਼ਿਲ੍ਹਿਆਂ ਵਿਚ ਇਸੇ ਫਾਰਮ ਦੀ ਕੀਮਤ 1250 ਰੁਪਏ ਹੈ। ਮੋਗਾ, ਸੰਗਰੂਰ ਤੇ ਮੋਹਾਲੀ ਜ਼ਿਲ੍ਹੇ ਵਿਚ ਇਸ ਫਾਰਮ ਦੀ ਕੀਮਤ ਪੰਜ-ਪੰਜ ਹਜ਼ਾਰ ਰੁਪਏ ਹੈ ਜਦਕਿ ਨਵਾਂ ਸ਼ਹਿਰ ਵਿਚ ਇਸ ਦੀ ਕੀਮਤ ਤਿੰਨ ਹਜ਼ਾਰ ਰੁਪਏ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਐਚ.ਸੀ.ਅਰੋੜਾ ਨੇ ਕਿਹਾ ਕਿ ਮਾਮੂਲੀ ਅਸਲਾ ਲਾਇਸੈਂਸ ਫਾਰਮ ਨੂੰ ਏਨਾ ਮਹਿੰਗਾ ਵੇਚ ਕੇ ਰੈੱਡ ਕਰਾਸ ਵਾਸਤੇ ਪੈਸਾ ਇਕੱਠਾ ਕਰਨਾ ਇਕ ਤਰ੍ਹਾਂ ਦਾ ਜਜ਼ੀਆ ਹੈ। ਉਨ੍ਹਾਂ ਕਿਹਾ ਕਿ ਖ਼ਜ਼ਾਨਾ ਭਰਨ ਲਈ ਲੋਕਾਂ ਦੀ ਜੇਬ੍ਹ ਉਤੇ ਬੋਝ ਪਾਉਣਾ ਜਾਇਜ਼ ਨਹੀਂ ਹੈ।

ਉਂਜ ਬਹੁਤੇ ਜ਼ਿਲ੍ਹਿਆਂ ਵਿਚ ਨਵੇਂ ਅਸਲਾ ਲਾਇਸੈਂਸ ਫਾਰਮ ਦੀ ਕੀਮਤ 1250 ਰੁਪਏ ਹੈ। ਮਾਲਵਾ ਖਿੱਤੇ ਵਿਚ ਹਥਿਆਰਾਂ ਦੇ ਸ਼ੌਕੀਨ ਵਧੇਰੇ ਹੋਣ ਕਰਕੇ ਪ੍ਰਸ਼ਾਸਨ ਇਸ ਦਾ ਲਾਹਾ ਲੈਣ ਲੱਗਾ ਹੈ। ਜਾਣਕਾਰੀ ਅਨੁਸਾਰ ਨਵਾਂ ਅਸਲਾ ਲਾਇਸੈਂਸ ਬਣਾਉਣ ਵਾਸਤੇ ਜੋ ਫਾਰਮ ਸਮੇਤ ਫਾਈਲ ਦਿੱਤੀ ਜਾਂਦੀ ਹੈ, ਉਸ ਵਾਸਤੇ ਇਹ ਮੋਟੀ ਫੀਸ ਤਾਰਨੀ ਪੈਂਦੀ ਹੈ। ਸੁਵਿਧਾ ਸੈਂਟਰ ਮਾਨਸਾ ਦੀ ਇੰਚਾਰਜ ਦੀਪਿਕਾ ਨੇ ਦੱਸਿਆ ਕਿ 15 ਹਜ਼ਾਰ ਫੀਸ ਵਿਚੋਂ ਪੰਜ ਹਜ਼ਾਰ ਰੁਪਏ ਰੈੱਡ ਕਰਾਸ ਦੇ ਖਾਤੇ ਵਿਚ ਜਾਂਦੇ ਹਨ। ਦੱਸਣਾ ਬਣਦਾ ਹੈ ਕਿ ਪੰਜਾਬ ਵਿਚ ਪਹਿਲਾਂ ਇਸ ਫਾਰਮ ਦੀ ਸਭ ਤੋਂ ਜ਼ਿਆਦਾ ਫੀਸ ਬਠਿੰਡਾ ਜ਼ਿਲ੍ਹੇ ਵਿਚ 10 ਹਜ਼ਾਰ ਰੁਪਏ ਸੀ, ਪਰ ਹੁਣ ਫਰੀਦਕੋਟ ਤੇ ਮਾਨਸਾ ਜ਼ਿਲ੍ਹੇ ਨੇ ਪੂਰੇ ਪੰਜਾਬ ਦਾ ਰਿਕਾਰਡ ਤੋੜ ਦਿੱਤਾ ਹੈ।

# ਪਾਕਿ 'ਚ ਹਿੰਦੁਸਤਾਨ ਨਾਲ ਦੋਸਤੀ ਦੇ ਚਾਹਵਾਨ

ਪਾਕਿਸਤਾਨ ਅੰਦਰਲੇ ਕਈ ਅਦਾਰਿਆਂ, ਖਾਸ ਕਰ ਕੇ ਮਜ਼ਹਬੀ ਤਬਕੇ ਨੂੰ, ਹਿੰਦ-ਪਾਕਿ ਦੋਸਤੀ ਦੀ ਗੱਲ ਸੁਣਦਿਆਂ ਹੀ ਬੁਖਾਰ ਚੜ੍ਹ ਜਾਂਦਾ ਹੈ, ਪਰ ਇਸ ਦੇ ਨਾਲ ਨਾਲ ਬਹੁਤ ਸਾਰੀਆਂ ਤਨਜ਼ੀਮਾਂ, ਸਿਆਸੀ ਜਮਾਤਾਂ, ਪ੍ਰਿੰਟ ਮੀਡੀਆ, ਬਿਜਲਈ ਮੀਡੀਆ ਦਾ ਵੱਡਾ ਹਿੱਸਾ ਅਜਿਹਾ ਵੀ ਹੈ ਜੋ ਦੋਵਾਂ ਮੁਲਕਾਂ ਵਿਚਕਾਰ ਦੋਸਤੀ, ਤਿਜਾਰਤ ਤੇ ਆਮ ਲੋਕਾਂ ਦੇ ਆਪਸੀ ਮੇਲ-ਜੋਲ ਦੀ ਹਮਾਇਤ ਕਰਦਾ ਹੈ।

ਹਿੰਦੁਸਤਾਨ ਨੂੰ ਵਪਾਰ ਲਈ ਪਸੰਦੀਦਾ ਮੁਲਕ ਕਰਾਰ ਦੇਣ ਅਤੇ ਉਸ ਨਾਲ ਤਿਜਾਰਤੀ ਤੁਅਲਕਾਤ ਵਧਾਉਣ ਦੇ ਹੱਕ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ, ਇਨ੍ਹਾਂ ਦੀਆਂ ਇਤਿਹਾਦੀ

**ਤਾਹਿਰ ਮਹਿਮੂਦ**

ਤੇ ਹਮਾਇਤੀ ਧਰਮ ਨਿਰਪੱਖ ਸਿਆਸੀ ਜਮਾਤਾਂ ਤੇ ਪਾਕਿਸਤਾਨ ਦਾ ਵੱਡਾ ਪੜ੍ਹਿਆ-ਲਿਖਿਆ ਤਬਕਾ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਵੀ ਨਵਾਜ਼ ਸ਼ਰੀਫ਼ ਦੀ ਹਿੰਦੁਸਤਾਨ ਨਾਲ ਦੋਸਤੀ ਵਧਾਉਣ ਤੇ ਤਿਜਾਰਤ ਕਰਨ ਦੀ ਸੋਚ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਅਲਤਾਫ਼ ਹੁਸੈਨ ਦੀ ਸਿਆਸੀ ਪਾਰਟੀ ਐਮ.ਕਿਊ.ਐਮ. (ਮੁਤਾਹਿਦਾ ਕੌਮੀ ਮੂਵਮੈਂਟ) ਵੀ ਇਸ ਦੇ ਹੱਕ ਵਿਚ ਹੈ। ਫ਼ਜ਼ਲ-ਉਰ-ਰਹਿਮਾਨ ਦਾ ਗਰੁੱਪ ਜੇ.ਯੂ.ਆਈ. (ਜਮਾਇਤ-ਉਲੇਮਾ-ਏ-ਇਸਲਾਮ) ਹਾਲਾਂਕਿ ਕੱਟੜ ਮਜ਼ਹਬੀ ਜਮਾਤ ਹੈ ਪਰ ਇਸ ਜਮਾਤ ਦੀ ਹਿੰਦੁਸਤਾਨ ਬਾਰੇ ਸੋਚ ਦੂਜੀਆਂ ਮਜ਼ਹਬੀ ਜਮਾਤਾਂ ਤੋਂ ਵੱਖਰੀ ਹੈ। ਇਹ ਮਜ਼ਹਬੀ ਸਿਆਸੀ ਜਮਾਤ ਵੀ ਹਿੰਦੁਸਤਾਨ ਨਾਲ ਦੋਸਤੀ ਤੇ ਇਸ ਖਿੱਤੇ 'ਚ ਅਮਨ ਦੀ ਸਮਰਥਕ ਹੈ। ਬਲੋਚ ਕੌਮਪ੍ਰਸਤ ਜੋ ਨਵਾਜ਼ ਸ਼ਰੀਫ਼ ਦੀ ਮੁਸਲਿਮ ਲੀਗ ਨਾਲ ਰਲ ਕੇ ਸੂਬਾ ਬਲੋਚਿਸਤਾਨ ਅੰਦਰ ਸੂਬਾਈ ਹਕੂਮਤ ਚਲਾ ਰਹੇ ਹਨ, ਵੀ ਹਿੰਦੁਸਤਾਨ ਨਾਲ ਨੇੜਲੇ ਸਬੰਧਾਂ ਲਈ ਪ੍ਰਧਾਨ ਮੰਤਰੀ ਦਾ ਸੱਜਾ ਹੱਥ ਬਣਨ ਲਈ ਤਿਆਰ ਹਨ।

ਮੀਡੀਆ ਦਾ ਇਕ ਖਾਸ ਹਿੱਸਾ ਵੀ ਹਿੰਦੁਸਤਾਨ ਨਾਲ ਮੋਹ ਭਰੇ ਸਬੰਧਾਂ ਲਈ ਦੋਸਤੀ ਦੇ ਦੀਵੇ ਬਾਲਣ ਤੇ ਮੁਹੱਬਤਾਂ ਦੇ ਗੀਤ ਗਾਉਣ ਲਈ ਤਿਆਰ ਹੈ। ਖ਼ਾਸ ਤੌਰ 'ਤੇ ਪਾਕਿਸਤਾਨ ਦਾ ਅੰਗਰੇਜ਼ੀ ਪ੍ਰੈੱਸ ਹਿੰਦੁਸਤਾਨ ਨਾਲ ਦੋਸਤੀ ਲਈ ਨਵਾਜ਼ ਸ਼ਰੀਫ਼ ਨਾਲ ਰਲ ਕੇ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਇਸ ਤੋਂ ਇਲਾਵਾ 'ਨਵਾਏ ਵਕਤ' ਅਖ਼ਬਾਰ ਨੂੰ ਛੱਡ ਕੇ ਪਾਕਿਸਤਾਨ ਦਾ ਉਰਦੂ ਪ੍ਰੈੱਸ ਵੀ ਹਿੰਦੁਸਤਾਨ ਨਾਲ ਝਗੜੇ ਦਾ ਸਬੱਬ ਬਣੇ ਮਾਮਲਿਆਂ ਦੇ ਹੱਲ ਲਈ ਨਵਾਜ਼ ਸਰਕਾਰ ਦੇ ਹੱਥ ਮਜ਼ਬੂਤ ਕਰਨ ਵਾਸਤੇ ਹਰ ਤਰ੍ਹਾਂ ਨਾਲ ਤਿਆਰ ਹੈ। ਖੱਬੇ ਪੱਖੀ ਨਜ਼ਰੀਆ ਰੱਖਣ ਵਾਲੇ ਲਿਖਾਰੀਆਂ ਦੀਆਂ ਹਮਦਰਦੀਆਂ ਵੀ ਹਿੰਦੁਸਤਾਨ ਨਾਲ ਮਿਸਾਲੀ ਦੋਸਤਾਨਾ ਸਬੰਧਾਂ ਲਈ ਯਤਨ ਕਰਨ ਵਾਲਿਆਂ ਦੇ ਨਾਲ ਹਨ। ਪਾਕਿਸਤਾਨ ਦੀਆਂ ਸਾਰੀਆਂ ਧਰਮ ਨਿਰਪੱਖ ਸਿਆਸੀ ਜਮਾਤਾਂ ਅਤੇ ਉਰਦੂ-ਅੰਗਰੇਜ਼ੀ ਪ੍ਰੈੱਸ ਦਾ ਵੱਡਾ ਹਿੱਸਾ ਕੱਟੜਪੰਥੀ ਧਾਰਮਿਕ ਜਮਾਤਾਂ, ਜਹਾਦੀ ਤਨਜ਼ੀਮਾਂ ਦੀ ਹਿੰਦੁਸਤਾਨ ਪ੍ਰਤੀ ਦੁਸ਼ਮਣੀ ਵਾਲੀ ਸੋਚ ਦਾ ਸਖ਼ਤ ਵਿਰੋਧ ਕਰਦਾ ਹੈ। ਖ਼ਾਸ ਤੌਰ 'ਤੇ ਮੁਸਲਿਮ ਆਬਾਦੀ ਜੋ ਹਿੰਦੁਸਤਾਨੀ ਪੰਜਾਬ ਤੇ ਦੂਜੇ ਸੂਬਿਆਂ ਵਿਚੋਂ ਵੀ ਹਿਜਰਤ ਕਰ ਕੇ ਲਹਿੰਦੇ ਪੰਜਾਬ ਤੇ ਸਿੰਧ 'ਚ ਆ ਕੇ ਆਬਾਦ ਹੋਈ ਹੈ, ਉਹ ਹਿੰਦੁਸਤਾਨ ਨਾਲ ਦੋਸਤੀ ਤੇ ਦੋਵਾਂ ਪਾਸਿਆਂ ਦੇ ਭਾਈਚਾਰੇ ਦੇ ਆਮ ਤੇ ਆਸਾਨ ਮੇਲ-ਜੋਲ ਲਈ ਬੇਹੱਦ ਮੋਹ ਭਰੇ ਨਿੱਘੇ ਜਜ਼ਬਾਤ ਤੇ ਆਸ ਰੱਖਦੀ ਹੈ। ਪਾਕਿਸਤਾਨ ਅੰਦਰ ਪਿਛਲੇ ਲੰਮੇ ਸਮੇਂ ਤੋਂ ਦੋਵਾਂ ਮੁਲਕਾਂ ਦੇ ਦੋਸਤਾਨਾ ਸਬੰਧਾਂ ਦੇ ਵਿਰੋਧੀ ਮੀਡੀਆ ਤੇ ਇਕ ਖ਼ਾਸ ਮਜ਼ਹਬੀ ਤਬਕੇ ਵੱਲੋਂ ਭਾਵੇਂ ਨਫ਼ਰਤ ਦੀ ਜ਼ਬਾਨ ਦੇ ਤੀਰ ਚਲਾਏ ਜਾ ਰਹੇ ਹਨ, ਪਰ ਅਮਨ ਦੀ ਆਸ ਰੱਖਣ ਵਾਲੇ ਬਹੁਗਿਣਤੀ ਪਾਕਿਸਤਾਨੀ ਅਜਿਹੀ ਜ਼ਹਿਨੀਅਤ ਰੱਖਣ ਵਾਲੇ ਮੀਡੀਆ ਤੇ ਇਸ ਦੇ ਹਾਮੀ ਤਬਕੇ ਤੋਂ ਤੰਗ ਆ ਚੁੱਕੇ ਹਨ।

ਦੂਜੇ ਪਾਸੇ ਅਮਨ ਦੀ ਆਸ਼ਾ ਰੱਖਣ ਵਾਲੇ ਮੀਡੀਆ ਤੇ ਇਸ ਦੀ ਹਮਾਇਤੀ ਸਿਵਲ ਸੁਸਾਇਟੀ ਦੀ ਇਹ ਸੋਚ ਹੈ ਕਿ ਬਹੁਤ ਕੁਝ ਝੱਲ ਲਿਆ ਹੈ, ਬਹੁਤ ਕੁਝ ਬਰਦਾਸ਼ਤ ਕਰ ਲਿਆ ਹੈ। ਅਸੀਂ ਕਦੋਂ ਤੱਕ ਬਹਾਰਾਂ, ਮੁਹੱਬਤਾਂ ਤੇ ਮਿਲਾਪ ਦੀਆਂ ਆਸਾਂ ਆਪਣੇ ਦਿਲਾਂ 'ਚ ਲਈ ਉਡੀਕਾਂ ਦੀ ਸੂਲੀ 'ਤੇ ਚੜ੍ਹੇ ਰਹਾਂਗੇ। ਸਾਨੂੰ ਨਫ਼ਰਤਾਂ ਭਰੇ ਪਿਛੋਕੜ ਤੋਂ ਜਾਨ ਛੁਡਾ ਲੈਣੀ ਚਾਹੀਦੀ ਹੈ। ਅਮਨ ਤੇ ਤਿਜਾਰਤ ਦੀਆਂ ਰਾਹਾਂ 'ਤੇ ਅੱਗੇ ਵਧਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਖ਼ਾਸ ਤੌਰ 'ਤੇ ਪੰਜਾਬ ਦੀ ਇਹ ਆਵਾਜ਼ ਹੈ। ਜਹਾਦੀ ਜਮਾਤਾਂ ਤੇ ਹਿੰਦੁਸਤਾਨ ਨਾਲ ਨਫ਼ਰਤ ਨੂੰ ਹਵਾ ਦੇਣ ਵਾਲੀਆਂ ਸੱਜੇ ਪੱਖੀ ਮਜ਼ਹਬੀ ਤੇ ਸਿਆਸੀ ਤਾਕਤਾਂ ਤੋਂ ਆਮ ਅਮਨ ਪਸੰਦ ਪੜ੍ਹਿਆ-ਲਿਖਿਆ ਪਾਕਿਸਤਾਨੀ ਤਬਕਾ ਬਹੁਤ ਦੁਖੀ ਹੈ। ਇਸ ਖਿੱਤੇ 'ਚ ਅਮਨ ਤੇ ਦੋਸਤੀ ਦੀ ਸੋਚ ਰੱਖਣ ਵਾਲੇ ਕਰੋੜਾਂ ਪਾਕਿਸਤਾਨੀ ਬਿਨਾਂ ਕਿਸੇ ਸ਼ਰਤ ਤੋਂ ਹਿੰਦੁਸਤਾਨੀ ਸਰਕਾਰ ਨਾਲ ਅਮਨ ਲਈ ਤੇ ਆਪਸੀ ਮਸਲਿਆਂ ਦੇ ਹੱਲ ਲਈ ਗੱਲਬਾਤ ਦੀ ਮੇਜ਼ 'ਤੇ ਬੈਠਣ ਅਤੇ ਇਸ ਲਈ ਪਾਕਿਸਤਾਨੀ ਹਕੂਮਤ ਦੀ ਹਰ ਤਰ੍ਹਾਂ ਨਾਲ ਹੌਸਲਾ ਅਫ਼ਜ਼ਾਈ ਕਰਨ ਲਈ ਤਿਆਰ ਹਨ। ਪਾਕਿਸਤਾਨੀ ਤਾਜਰਾਂ ਦਾ ਕਾਫੀ ਵੱਡਾ ਹਿੱਸਾ ਵੀ ਹਿੰਦੁਸਤਾਨ ਨਾਲ ਤਿਜਾਰਤ ਲਈ ਆਪਣੀ ਹਮਾਇਤ ਪੇਸ਼ ਕਰ ਰਿਹਾ ਹੈ। ਇਨ੍ਹਾਂ 'ਚੋਂ ਉਹ ਪਾਕਿਸਤਾਨੀ ਤਾਜਰ ਖ਼ਾਸ ਤੌਰ 'ਤੇ ਕਾਬਲੇ ਜ਼ਿਕਰ ਹਨ ਜਿਨ੍ਹਾਂ ਦੀ ਸੋਚ ਹੈ ਕਿ ਭਾਰਤੀ ਮਾਲ ਪਾਕਿਸਤਾਨੀ ਮੰਡੀਆਂ 'ਚ ਬਹੁਤ ਪਸੰਦ ਕੀਤਾ ਜਾਏਗਾ। ਇਹ ਮਾਲ



ਸਸਤਾ ਵੀ ਹੋਵੇਗਾ ਤੇ ਇੰਜ ਪਾਕਿਸਤਾਨੀ ਤਾਜਰਾਂ ਨੂੰ ਮੁਨਾਫ਼ਾ ਕਮਾਉਣ ਦਾ ਵੱਧ ਤੋਂ ਵੱਧ ਮੌਕਾ ਮਿਲੇਗਾ।

ਉਹ ਪਾਕਿਸਤਾਨੀ ਤਾਜਰ ਤੇ ਸਨਅਤਕਾਰ ਵੀ ਹਿੰਦ-ਪਾਕਿ ਆਪਸੀ ਤਿਜਾਰਤ ਦੀ ਬਹੁਤ ਹਮਾਇਤ ਕਰ ਰਹੇ ਹਨ ਜੋ ਅਜਿਹੀਆਂ ਵਸਤਾਂ ਬਣਾਉਂਦੇ ਹਨ ਜਿਨ੍ਹਾਂ ਦੀ ਹਿੰਦੁਸਤਾਨੀ ਮੰਡੀਆਂ 'ਚ ਬਹੁਤ ਮੰਗ ਹੈ। ਸੀਮੈਂਟ, ਕੱਪੜਾ, ਖ਼ਾਸ ਤੌਰ 'ਤੇ ਲਾਨ-ਕਾਟਨ ਤੇ ਇੰਜ ਦੀਆਂ ਬਹੁਤ ਸਾਰੀਆਂ ਹੋਰ ਵਸਤਾਂ ਹਨ ਜਿਨ੍ਹਾਂ ਨੂੰ ਹਿੰਦੁਸਤਾਨੀ ਜ਼ਰੂਰਤਮੰਦ ਬਹੁਤ ਪਸੰਦ ਕਰਦੇ ਹਨ। ਪਾਕਿਸਤਾਨੀ ਤਾਜਰਾਂ ਦਾ ਖਿਆਲ ਹੈ ਕਿ ਜੇ ਹਿੰਦੁਸਤਾਨ ਦਾ ਬਹੁਤ ਸਾਰਾ ਮਾਲ ਪਾਕਿਸਤਾਨੀ ਮਾਰਕੀਟ 'ਚ ਵਿਕੇਗਾ, ਇਸ ਦੇ ਨਾਲ ਨਾਲ ਪਾਕਿਸਤਾਨ ਦੀਆਂ ਵੀ ਬਹੁਤ ਸਾਰੀਆਂ ਵਸਤਾਂ ਹਿੰਦੁਸਤਾਨੀ ਮਾਰਕੀਟ 'ਚ ਵਿਕਣਗੀਆਂ ਤਾਂ ਢੇਰ ਸਾਰਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਉਂਜ ਵੀ ਹਿੰਦੁਸਤਾਨ ਬਹੁਤ ਵੱਡਾ ਮੁਲਕ ਹੋਣ ਕਾਰਨ ਰਕਬੇ ਤੇ ਆਬਾਦੀ ਦੇ ਲਿਹਾਜ਼ ਨਾਲ ਸੰਸਾਰ ਦੀ ਵੱਡੀ ਮੰਡੀ ਹੈ। ਇਸ ਵੱਡੀ ਮੰਡੀ ਤੋਂ ਪਾਕਿਸਤਾਨੀ ਤਾਜਰ ਬਹੁਤ ਜ਼ਿਆਦਾ ਫਾਇਦਾ ਉਠਾ ਸਕਦੇ ਹਨ ਜਿਸ ਦਾ ਪਾਕਿਸਤਾਨੀ ਤਾਜਰਾਂ ਨੂੰ ਅਹਿਸਾਸ ਵੀ ਹੈ ਤੇ ਉਹ ਚਾਹੁੰਦੇ ਵੀ ਹਨ। ਅਜਿਹੇ ਤਾਜਰ ਜੋ ਹਿੰਦੁਸਤਾਨੀ ਮਾਰਕੀਟ ਤੱਕ ਰਸਾਈ ਦੇ ਚਾਹਵਾਨ ਹਨ, ਉਹ ਪਾਕਿਸਤਾਨ ਅੰਦਰ ਹਰ ਉਸ ਤਹਿਰੀਕ ਦਾ ਭਰਪੂਰ ਸਾਥ ਦਿੰਦੇ ਹਨ ਜੋ ਹਿੰਦੁਸਤਾਨ ਨਾਲ ਦੋਸਤੀ ਤੇ ਤਿਜਾਰਤ ਲਈ ਚਲਾਈ ਜਾਂਦੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ਼ ਹਿੰਦੁਸਤਾਨ ਨਾਲ ਦੋਸਤਾਨਾ ਸਬੰਧਾਂ ਲਈ ਬੜੇ ਨਿੱਘੇ ਜਜ਼ਬਾਤ ਰੱਖਦੇ ਹਨ। ਉਹ ਆਪਣੇ ਦੋਸਤਾਂ ਨਾਲ ਆਪਣੀਆਂ ਜਾਤੀ ਮਹਿਫ਼ਲਾਂ ਤੇ ਆਪਣੀਆਂ ਇਤਿਹਾਦੀ ਸਿਆਸੀ ਪਾਰਟੀਆਂ ਦੇ ਲੀਡਰਾਂ ਨਾਲ ਗੱਲਬਾਤ ਕਰਦਿਆਂ ਇਸ ਗੱਲ 'ਤੇ ਬਹੁਤ ਜ਼ੋਰ ਦਿੰਦੇ ਹਨ ਕਿ ਹਿੰਦੁਸਤਾਨ ਨਾਲ ਦੋਸਤੀ ਦਾ ਮਜ਼ਬੂਤ ਰਿਸ਼ਤਾ ਤੇ ਆਪਸੀ ਮਜ਼ਬੂਤ ਤਿਜਾਰਤੀ ਸਬੰਧ ਬਹੁਤ ਜ਼ਰੂਰੀ ਹਨ। ਉਂਜ ਵੀ ਦਿਲ ਨੂੰ ਰਸਤਾ ਪੇਟ ਥਾਣੀਂ ਹੋ ਕੇ ਹੀ ਗੁਜ਼ਰਦਾ ਹੈ। ਇੰਜ ਹੀ ਇਸ ਖਿੱਤੇ 'ਚ ਖੁਸ਼ਹਾਲੀ ਦੀ ਬਰਸਾਤ ਤੇ ਅਮਨ ਦੀਆਂ ਬਹਾਰਾਂ ਆ ਸਕਦੀਆਂ ਹਨ। ਸਾਨੂੰ ਪੁਰਾਣਿਆਂ ਝਗੜਿਆਂ ਨੂੰ ਪਿੱਛੇ ਛੱਡ ਕੇ ਨਵੇਂ ਦੌਰ ਦਾ ਆਗਾਜ਼ ਕਰਨਾ ਚਾਹੀਦਾ ਹੈ। ਜੇ ਵਕਤੀ ਤੌਰ 'ਤੇ ਅਸੀਂ ਹਿੰਦੁਸਤਾਨ ਨੂੰ ਤਰਜੀਹੀ ਵਪਾਰ ਲਈ ਦਰਜਾ ਨਹੀਂ ਦੇ ਸਕਦੇ ਤਾਂ ਸਾਨੂੰ ਦੂਜਾ ਰਸਤਾ ਅਪਣਾ ਲੈਣਾ ਚਾਹੀਦਾ ਹੈ। ਹਿੰਦੁਸਤਾਨ ਨੂੰ ਖੁੱਲ੍ਹੀ-ਡੁੱਲ੍ਹੀ ਤਿਜਾਰਤੀ ਰਾਹਦਾਰੀ ਦੇ ਦੇਣੀ ਚਾਹੀਦੀ ਹੈ। ਇੰਜ ਪਾਕਿ-ਭਾਰਤ ਤਿਜਾਰਤ 'ਚ ਡਰਾਮਾਈ ਅੰਦਾਜ਼ ਨਾਲ ਬਹੁਤ ਜ਼ਿਆਦਾ ਇਜ਼ਾਫਾ ਹੋ ਜਾਏਗਾ।

ਹਿੰਦੁਸਤਾਨ ਅੰਦਰ ਚਲ ਰਹੀ ਨਰੇਂਦਰ ਮੋਦੀ ਦੀ ਸਰਕਾਰ ਹੇਠ ਪਾਕਿ-ਓ-ਹਿੰਦ ਵਿਚਕਾਰ ਤਲਖ਼ੀਆਂ ਤੇ ਰੰਜਿਸ਼ਾਂ ਵਧ ਰਹੀਆਂ ਹਨ। ਖ਼ਾਸ ਤੌਰ 'ਤੇ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਦੇ ਕੁਝ ਵਜ਼ੀਰਾਂ ਦੀ ਬਿਆਨਬਾਜ਼ੀ ਬਲਦੀ 'ਤੇ ਤੇਲ ਦਾ ਕੰਮ ਕਰ ਰਹੀ ਹੈ। ਨਫ਼ਰਤਾਂ ਵਧਾਉਣ ਦਾ ਇਹ ਅੰਦਾਜ਼ ਦੋਵਾਂ ਮੁਲਕਾਂ ਦਰਮਿਆਨ ਅਮਨ ਦੇ ਚੱਲ ਰਹੇ ਕਮਜ਼ੋਰ ਅਮਲ ਨੂੰ ਹੋਰ ਕਮਜ਼ੋਰ ਕਰ ਦੇਵੇਗਾ। ਸਾਨੂੰ ਨਫ਼ਰਤਾਂ ਦੀ ਤੀਲੀ ਨਾਲ ਅੱਗਾਂ ਲਾਉਣੀਆਂ ਨਹੀਂ, ਬਲਕਿ ਮੁਹੱਬਤਾਂ ਦੀ ਫੁਆਰ ਨਾਲ ਬੁਝਾਉਣੀਆਂ ਚਾਹੀਦੀਆਂ ਹਨ। ਦੋਵਾਂ ਮੁਲਕਾਂ ਵਿਚਕਾਰ ਅਮਨ, ਦੋਸਤੀ, ਤਿਜਾਰਤ ਤੇ ਆਮ ਮੇਲ-ਜੋਲ ਲਈ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਬਹੁਤ ਜਜ਼ਬਾਤੀ ਹਨ।

ਜੋ ਜ਼ਖ਼ਮ ਖਾਈ ਬੈਠੇ ਹੋਣ, ਮਰਹਮ ਉਹ ਹੀ ਮੰਗਦੇ ਹਨ। ਦੁਸ਼ਮਣੀਆਂ ਦੀ ਅੱਗ ਦੇ ਸੇਕ ਦਾ ਉਨ੍ਹਾਂ ਨੂੰ ਹੀ ਅਹਿਸਾਸ ਹੁੰਦਾ ਹੈ ਜੋ ਇਨ੍ਹਾਂ ਅੱਗਾਂ ਵਿਚ ਸੜ ਕੇ ਦੇਖ ਚੁੱਕੇ ਹੋਣ। ਮਰਿਆਂ ਦਾ ਦੁੱਖ ਉਹ ਹੀ ਦੁਖੀ ਬਹੁਤਾ ਮਹਿਸੂਸ ਕਰਦੇ ਹਨ ਜਿਨ੍ਹਾਂ ਦੇ ਆਪਣੇ ਪਿਆਰੇ ਤੇ ਦਿਲ ਦੇ ਜਾਨੀ ਮਰ ਗਏ ਹੋਣ। ਬਿਗਾਨੇ ਵਿਛੜਿਆਂ ਤੇ ਮੋਇਆਂ ਨੂੰ ਕੌਣ ਰੋਂਦਾ ਹੈ?

ਬਾਬਾ ਨਾਨਕ ਸਿੱਖਾਂ-ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਮਹਾਨ ਧਾਰਮਿਕ ਹਸਤੀ ਹਨ। ਅਸੀਂ ਸਿੱਖ, ਹਿੰਦੂ, ਮੁਸਲਮਾਨ ਆਪਣੇ ਆਪਣੇ ਅੰਦਾਜ਼ ਨਾਲ ਇਸ ਮਹਾਨ ਹਸਤੀ ਦੇ ਹਜ਼ੂਰ ਆਪਣੇ ਸਿਰ ਝੁਕਾਉਂਦੇ ਹਾਂ। ਮੈਂ ਵੀ ਇਸ ਮਹਾਨ ਨੂਰਾਨੀ ਤੇ ਰੂਹਾਨੀ ਹਸਤੀ ਨੂੰ 'ਸਲਾਮ' ਪੇਸ਼ ਕਰਨ ਗੁਰਦੁਆਰਾ 'ਦਰਬਾਰ ਸਾਹਿਬ' ਕਰਤਾਰਪੁਰ ਨਾਰੋਵਾਲ (ਪਾਕਿਸਤਾਨ) ਗਿਆ ਸੀ। ਤੁਹਾਡੀਆਂ ਮੁਹੱਬਤਾਂ ਨੇ ਮੈਨੂੰ ਰਾਵੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ। ਮੇਰੇ ਹੱਥਾਂ 'ਚ ਬਲਦਾ ਚਿਰਾਗ (ਦੀਵਾ) ਹੈ। ਤੁਹਾਡੀਆਂ ਯਾਦਾਂ ਤੇ ਮੁਹੱਬਤਾਂ ਦੇ ਚਿਰਾਗ ਸਾਡੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀਆਂ ਅੱਖਾਂ ਵਿਚ ਵੀ ਬਲ ਰਹੇ ਹਨ। ਦਿਲਾਂ ਵਿਚ ਵੀ ਮਿਲਣ ਦੀਆਂ ਆਸਾਂ ਦਾ 'ਮੇਲਾ ਚਿਰਾਗਾਂ' ਲੱਗਾ ਹੈ। ਇਹ ਮੇਲਾ ਅਸੀਂ ਤੁਹਾਡੇ ਮਨਾਂ ਵਿਚ ਵੀ ਲਾਵਾਂਗੇ ਤੇ ਇਹ ਮੇਲਾ ਸਾਰੇ ਰਲ ਕੇ ਲਾਵਾਂਗੇ। ਅਜਿਹੇ 'ਮੇਲਾ ਚਿਰਾਗਾਂ' ਵਿਚ ਹੀ ਅਸੀਂ ਇਕੱਠੇ ਹੋ ਕੇ ਇਕ ਹੋ ਸਕਦੇ ਹਾਂ। ਆਓ ਚਿਰਾਗਾਂ ਦੀ ਰੌਸ਼ਨੀ ਨਾਲ ਇਕ-ਦੂਜੇ ਵੱਲ ਤੁਰੀਏ; ਅਮਨ, ਮੁਹੱਬਤ ਤੇ ਟੁੱਟੀਆਂ ਸਾਂਝਾਂ ਨੂੰ ਜੋੜਨ ਖਾਤਰ ਇਹ ਚਿਰਾਗ ਬੁੱਝਣੇ ਨਹੀਂ ਚਾਹੀਦੇ।

# ਕਿੱਥੇ ਗਾਇਬ ਹੋ ਗਏ ਕਾਮਰੇਡ?

ਕੁਝ ਦਿਨ ਪਹਿਲਾਂ ਮਾਲਵਾ ਖਿੱਤੇ ਵਿਚਲੇ ਆਪਣੇ ਸਹਿਕਰਮੀਆਂ ਨੂੰ ਮਿਲਣ ਲਈ ਬਠਿੰਡਾ ਜਾਣ ਦਾ ਸਬੱਬ ਬਣਿਆ। ਪਹਿਲੀ ਵਾਰ ਮੈਨੂੰ ਦਿਹਾਤੀ ਪੰਜਾਬ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਰਾਹ ਵਿਚ ਦਿਹਾਤੀ ਖੁਸ਼ਹਾਲੀ ਦੀਆਂ ਝਲਕਾਂ ਤਾਂ ਦੇਖਣ ਨੂੰ ਮਿਲੀਆਂ, ਪਰ ਇਵੇਂ ਨਜ਼ਰ ਆ ਰਿਹਾ ਸੀ ਕਿ ਇਹ ਖੁਸ਼ਹਾਲੀ ਲੋਕਾਂ ਦੀ ਜ਼ਿੰਦਗੀ ਲਈ ਕਿਸੇ ਤਬਦੀਲੀ ਦਾ ਸੂਚਕ ਨਹੀਂ ਬਣ ਸਕੀ। ਸਹੂਲਤਾਂ ਦਾ ਸਮੁੱਚਾ ਬੁਨਿਆਦੀ ਢਾਂਚਾ ਬਿਨਾਂ ਸ਼ੱਕ ਕਿਤੇ ਬਿਹਤਰ ਬਣ ਸਕਦਾ ਸੀ। ਹਾਲਾਂਕਿ ਮਾਲਵਾ ਖਿੱਤਾ ਮੱਧ ਤੇ ਉਤਰੀ ਗੁਜਰਾਤ ਜਿੰਨਾ ਹੀ ਉਪਜਾਊ ਹੈ, ਪਰ ਗੁਜਰਾਤ ਨੇ



**ਹਰੀਸ਼ ਖਰੇ**

ਆਪਣੀ ਦਿਹਾਤੀ ਖੁਸ਼ਹਾਲੀ ਕਾਫ਼ੀ ਅਮਲ 'ਚ ਲਿਆਂਦਾ ਹੈ। ਹੋ ਸਕਦਾ ਹੈ ਕਿ ਇਸ ਦਾ ਕਾਰਨ ਇਹ ਹੋਵੇ ਕਿ ਗੁਜਰਾਤ ਵਿਚ ਪੰਜ ਦਹਾਕਿਆਂ ਤੋਂ ਸਹਿਕਾਰੀ ਪਰੰਪਰਾ ਚਲੀ ਆ ਰਹੀ ਹੈ ਅਤੇ ਉਥੋਂ ਦੀ ਸਿਵਲ ਸੁਸਾਇਟੀ ਵੀ ਭਰਵੀਂ ਅਤੇ ਵੱਧ ਜਵਾਬਦੇਹੀ ਮੰਗਣ ਵਾਲੀ ਹੈ।

ਬਠਿੰਡਾ ਤੇ ਪਟਿਆਲਾ ਮਾਲਵਾ ਖਿੱਤੇ ਦੇ ਦੋ ਵੱਡੇ ਸ਼ਹਿਰੀ ਕੇਂਦਰ ਹਨ ਅਤੇ ਦੋਵੇਂ ਹੀ ਨਿਘਾਰ, ਅਣਦੇਖੀ ਅਤੇ ਕੁ-ਪ੍ਰਬੰਧ ਦੇ ਸਾਰੇ ਲੱਛਣ ਉਜਾਗਰ ਕਰ ਰਹੇ ਹਨ। ਬਠਿੰਡਾ ਤਾਂ ਉਘੜ-ਦੁਘੜੇ ਵਿਕਾਸ ਦੀ ਹੂ-ਬ-ਹੂ ਤਸਵੀਰ ਹੈ ਜੋ ਕਿਸੇ ਯੋਜਨਾਕਾਰ ਦੇ ਸੰਕਲਪ ਦੀ ਬਜਾਏ ਪ੍ਰਾਪਰਟੀ ਡਿਵੈਲਪਰਾਂ ਦੀਆਂ ਗਿਣਤੀਆਂ-ਮਿਣਤੀਆਂ 'ਚੋਂ ਉਪਜਿਆ ਜਾਪਦੀ ਹੈ।

ਪਟਿਆਲੇ ਤੋਂ ਬਠਿੰਡਾ ਜਾਂਦਿਆਂ ਰਾਹ ਵਿਚ ਦਿਲਖਿੱਚਵਾਂ ਰੰਗਦਾਰ ਕੰਧ ਪੋਸਟਰ ਦੇਖਿਆ। ਇਹ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ (ਪਿਛਲੇ ਮਹੀਨੇ) ਲਈ ਰੱਖੇ ਸਮਾਰੋਹ ਦਾ ਜਨਤਕ ਸੱਦਾ ਸੀ। ਕੀ ਇਹ ਉਸ ਇਨਕਲਾਬੀ ਯੋਧੇ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਮਹਿਜ਼ ਰਸਮ ਸੀ, ਜਾਂ ਫਿਰ ਖਿੱਤੇ ਦੀ ਨਾਬਰੀ ਤੇ ਵਿਰੋਧ ਦੀ ਸੁਰ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਹੈ ਕੋਈ?

ਸੁਣਨ 'ਚ ਆਇਆ ਹੈ ਕਿ ਇਹ ਇਲਾਕਾ ਕਿਸੇ ਵੇਲੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦਾ ਗੜ੍ਹ ਹੁੰਦਾ ਸੀ। ਸਿਆਸੀ ਅਤੇ ਚੁਣਾਵੀ ਤੌਰ 'ਤੇ ਪਾਰਟੀ ਦੀ ਮਜ਼ਬੂਤ ਪਕੜ ਸੀ। ਤਦ ਹੀ ਖ਼ੁਦ-ਬ-ਖ਼ੁਦ ਇੱਕ ਸਵਾਲ ਜ਼ਿਹਨ ਵਿਚ ਉਭਰਿਆ ਕਿ ਸਾਰੇ ਕਾਮਰੇਡ ਆਖਰ ਕਿੱਥੇ ਚਲੇ ਗਏ? ਪੰਜਾਬ ਦੇ ਸਿਆਸੀ ਮੰਜ਼ਰ 'ਤੇ ਹੁਣ ਕੋਈ ਸਤਪਾਲ ਡਾਂਗ ਨਹੀਂ ਹੈ ਤੇ ਨਾ ਹੀ ਅਵਤਾਰ ਸਿੰਘ ਮਲਹੋਤਰਾ ਨਜ਼ਰ ਆਉਂਦਾ ਹੈ। ਕਮਿਊਨਿਸਟ ਹੁਣ ਨਾ ਤਿੰਨਾਂ ਵਿਚ ਹਨ, ਨਾ ਤੇਰ੍ਹਾਂ ਵਿਚ।

ਬਰਲਿਨ ਦੀ ਦੀਵਾਰ ਡਿੱਗਣ ਤੋਂ ਬਾਅਦ ਬਿਹਤਰ ਜ਼ਿੰਦਗੀ ਤੇ ਨਵੇਂ ਯੁੱਗ ਲਈ ਕਮਿਊਨਿਸਟਾਂ ਦੀ ਦਲੀਲ ਕਾਟਵੀਂ ਨਹੀਂ ਰਹੀ। ਪਿਛਲੇ ਕੁਝ ਦਹਾਕਿਆਂ ਦੌਰਾਨ ਚੀਨੀਆਂ ਨੇ ਭਾਵੇਂ ਅੰਨ੍ਹੇਵਾਹ ਢੰਗ ਨਾਲ ਹੀ ਸਹੀ, ਪਰ ਸਫ਼ਲ ਢੰਗ ਨਾਲ ਆਪਣੇ ਲਈ ਆਰਥਿਕ ਵਿਕਾਸ ਦਾ ਨਵਾਂ ਧਰਮ ਸਿਰਜ ਲਿਆ ਹੈ। ਮਾਓਵਾਦ ਨਾ ਹੁਣ ਚੀਨ ਵਿਚ ਹੈ ਤੇ ਨਾ ਹੀ ਭਾਰਤ ਵਿਚ ਲੋਕਾਂ ਨੂੰ ਪੋਂਹਦਾ ਹੈ। ਚੀਨ ਦੀ ਆਰਥਿਕ ਤਰੱਕੀ ਨੇ ਇਨਕਲਾਬੀ ਤਬਦੀਲੀ ਦੇ ਸੰਕਲਪ ਅੰਦਰਲਾ ਰੁਮਾਂਸ ਹੀ ਖ਼ਤਮ ਕਰ ਦਿੱਤਾ ਹੈ।

ਖਾੜਕੂਵਾਦ ਦੇ ਦੌਰ ਵਿਚ ਵੀ ਕਮਿਊਨਿਸਟਾਂ ਨੂੰ ਵੱਡੀ ਸੱਟ ਵੱਜੀ। ਖਾਲਿਸਤਾਨੀ ਲਹਿਰ ਨੇ ਲੋਕਾਂ ਦੀਆਂ ਸੰਵੇਦਨਾਵਾਂ ਵਲੂੰਧਰ ਕੇ ਰੱਖ ਦਿੱਤੀਆਂ ਅਤੇ ਹੁਣ ਉਹ ਕਿਸੇ ਸਮਾਨਤਾਵਾਦੀ ਸਮਾਜ ਸਿਰਜਣ ਦੇ ਸੁਪਨੇ ਦਾ ਪਿੱਛਾ ਕਰਨ ਦੀ ਹਿੰਮਤ ਜੁਟਾਉਣ ਜੋਗੇ ਨਹੀਂ ਰਹੇ। ਰਹਿੰਦੀ-ਖੂੰਹਦੀ ਕਸਰ ਬਾਦਲਾਂ ਨੇ ਪੂਰੀ ਕਰ ਦਿੱਤੀ ਜਿਨ੍ਹਾਂ ਕੇਂਦਰ ਦੇ ਵਿਰੋਧ ਨੂੰ ਇੱਕ ਨਵੇਂ ਧਰਮ 'ਚ ਤਬਦੀਲ ਕਰ ਦਿੱਤਾ ਹੈ। ਅਕਾਲੀ ਦਲ ਅਤੇ ਕਾਂਗਰਸ, ਪੰਜਾਬ ਦੀਆਂ ਲੋਕ-ਉਮਾਹਾਂ ਦਾ ਅਸਲ ਬਦਲ ਨਹੀਂ ਹਨ। ਕੁਦਰਤੀ ਤੌਰ 'ਤੇ ਇਹ ਸਿਆਸੀ ਖਲਾਅ ਆਮ ਆਦਮੀ ਪਾਰਟੀ ਨੂੰ ਪੂਰਨਾ ਚਾਹੀਦਾ ਸੀ; ਹਾਲਾਂਕਿ ਕਮਿਊਨਿਸਟ ਪਾਰਟੀ ਅਤੇ ਇਸ ਦੇ ਆਗੂ ਹਵਾ 'ਚ ਤੀਰ ਮਾਰਦੇ ਰਹਿੰਦੇ ਹਨ, ਪਰ ਉਹ ਸਿਆਸੀ ਇਖ਼ਲਾਕ ਦਾ ਪੂਰਨਾ ਜ਼ਰੂਰ ਪਾ ਕੇ ਗਏ ਹਨ। ਬਿਨਾਂ ਸ਼ੱਕ ਕਮਿਊਨਿਸਟਾਂ ਦੇ ਲਗਾਤਾਰ ਕਮਜ਼ੋਰ ਹੋਣ ਕਾਰਨ ਪੰਜਾਬ ਦਾ ਸਿਆਸੀ ਸੰਵਾਦ ਹੋਰ ਪੇਤਲਾ ਪੈਂਦਾ ਜਾ ਰਿਹਾ ਹੈ।




*ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ 'ਸ਼ਹੀਦ ਊਧਮ ਸਿੰਘ ਸਿੱਖ ਨੌਜਵਾਨ ਸਭਾ' ਵੱਲੋਂ ਲਾਏ ਪੋਸਟਰ ਦੀ ਝਲਕ*


ਸ਼ਾਇਦ ਪੰਜਾਬ ਵਿਚ ਕਾਮਰੇਡਾਂ ਨੂੰ ਨਵੇਂ ਸਿਰਿਉਂ ਪੈਰ ਟਿਕਾਉਣ 'ਚ ਕਾਫ਼ੀ ਦੇਰ ਹੋ ਗਈ ਹੈ, ਪਰ ਇਹ ਅੱਜ ਵੀ ਸੰਭਵ ਹੈ ਕਿ ਉਹ ਆਪਣਾ ਦਮ ਖ਼ਮ ਮੁੜ ਹਾਸਲ ਕਰ ਲੈਣ, ਬਸ਼ਰਤੇ ਉਹ ਨਵੇਂ ਭਾਰਤ ਦੀਆਂ ਹਕੀਕਤਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਣ ਦਾ ਤਹੱਈਆ ਕਰਨ।

**ਸ਼ਿਵ ਸੈਨਾ:** ਮੇਰੇ ਇੱਕ ਸਹਿਕਰਮੀ ਨੇ ਦੱਸਿਆ ਕਿ ਕੁਝ ਲੋਕ ਆਪਣੇ ਆਪ ਨੂੰ ਸ਼ਿਵ ਸੈਨਾ ਦੇ ਮੈਂਬਰ ਦੱਸਦੇ ਹੋਏ ਪਠਾਨਕੋਟ ਅਤੇ ਬਠਿੰਡਾ ਵਿਚ 'ਟ੍ਰਿਬਿਊਨ' ਖ਼ਿਲਾਫ਼ ਧਰਨਾ ਦੇ ਰਹੇ ਸਨ। ਜ਼ਾਹਿਰਾ ਤੌਰ 'ਤੇ ਉਹ ਅਖ਼ਬਾਰ ਵਿਚ ਛਪੀ ਖ਼ਬਰ ਤੋਂ ਖਫ਼ਾ ਸਨ ਜਿਹੜੀ ਦੀਨਾਨਗਰ ਵਿਚ ਹੋਏ ਅਤਿਵਾਦੀ ਹਮਲੇ ਦੇ ਪੇਸ਼ੇਨਜ਼ਰ ਪੁਲਿਸ ਦੀਆਂ ਕਮੀਆਂ-ਪੇਸ਼ੀਆਂ ਉਜਾਗਰ ਕਰਦੀ ਸੀ।

ਇਹ ਵਾਕਈ ਅਜੀਬ ਗੱਲ ਹੈ। ਜੇ ਇਸ ਰਿਪੋਰਟ ਤੋਂ ਸੱਚਮੁੱਚ ਕਿਸੇ ਨੂੰ ਨਾਖੁਸ਼ ਹੋਣਾ ਚਾਹੀਦਾ ਸੀ ਤਾਂ ਉਹ ਪੰਜਾਬ ਪੁਲਿਸ ਹੋਣੀ ਹੋਣੀ ਚਾਹੀਦੀ ਸੀ, ਪਰ ਪੰਜਾਬ ਪੁਲਿਸ ਕਿੱਥੇ ਪ੍ਰਵਾਹ ਕਰਦੀ ਹੈ। ਇਹ ਲੜਾਈਆਂ ਲੜ ਲੜ ਕੇ ਇੰਨੀ ਕਰੜੀ ਹੋ ਚੁੱਕੀ ਹੈ ਕਿ ਅਖ਼ਬਾਰੀ ਰਿਪੋਰਟਾਂ ਦੀ ਪ੍ਰਵਾਹ ਵੀ ਨਹੀਂ ਕਰਦੀ।

ਕਿਸੇ ਨੇ ਆਖਿਆ ਕਿ ਇਹ ਧਰਨਾ ਜਾਣ-ਬੁੱਝ ਕੇ ਲਗਵਾਇਆ ਗਿਆ ਸੀ ਪਰ ਮੈਨੂੰ ਇਹ ਗੱਲ ਜਚਦੀ ਨਹੀਂ। ਸਿਆਸੀ ਪਾਰਟੀਆਂ ਤੇ ਗਰੁੱਪਾਂ ਤੋਂ ਮਨਭਾਉਂਦਾ ਕੰਮ ਕਢਵਾਉਣਾ ਸੌਖਾ ਕੰਮ ਨਹੀਂ ਹੁੰਦਾ।

# ਗਾਇਕੀ ਦਾ ਹਾਕਮ ਤੇ ਸੁਭਾਅ ਦਾ ਸੱਚੀਂ ਸੂਫੀ ਸੀ ਹਾਕਮ ਸੂਫੀ




ਐਸ. ਅਸ਼ੋਕ ਭੌਰਾ
ਫੋਨ: 510-415-3315

ਜਿਸ ਤਰ੍ਹਾਂ ਦੇ ਇਸ ਵੇਲੇ ਸਿਆਸੀ ਹਾਲਾਤ ਨੇ, ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਹਾਕਮ ਸ਼ਬਦ ਨਾਲ ਸੂਫੀ ਜੁੜ ਸਕੇ ਕਿਉਂਕਿ ਇਨ੍ਹਾਂ ਦੋਹਾਂ ਵਿਚਲਾ ਫਾਸਲਾ ਕਸ਼ਮੀਰ ਅਤੇ ਕੰਨਿਆ ਕੁਮਾਰੀ ਵਾਲਾ ਹੈ। ਪਰ ਹਾਕਮ ਸੂਫੀ ਨੇ ਨਾ ਸਿਰਫ ਪੰਜਾਬੀ ਗਾਇਕੀ ਨੂੰ ਉਸ ਤਰ੍ਹਾਂ ਸ਼ਿੰਗਾਰਨ ਦੀ ਕੋਸ਼ਿਸ਼ ਕੀਤੀ ਜਿਵੇਂ 50 ਕੁ ਸਾਲ ਪਹਿਲਾਂ ਮੇਲੇ ਨੂੰ ਜਾਂਦੇ ਮੇਲੀ ਦੀ ਜੇਬ 'ਚ ਇੰਚ ਕੁ ਦੀ ਅਤਰ ਫਲੇਲ ਦੀ ਸ਼ੀਸ਼ੀ ਹੁੰਦੀ ਸੀ। ਜ਼ਿੰਦਗੀ ਨੂੰ ਬਹੁਤ ਸਾਰੇ ਲੋਕ ਪਤੰਗ ਵਾਂਗ ਉਚਾ ਉਡਾਉਣ ਦੀ ਕੋਸ਼ਿਸ਼ ਕਰ ਰਹੇ ਨੇ ਜਦੋਂ ਕਿ ਉਨ੍ਹਾਂ ਨੂੰ ਪਤਾ ਹੈ ਕਿ ਨਾ ਕਾਂਟੀਮਾਰਾਂ ਦੀ ਗਿਣਤੀ ਘੱਟ ਹੈ ਅਤੇ ਨਾ ਹੀ ਉਨ੍ਹਾਂ ਕੋਲ ਉਹ ਡੋਰ ਹੈ ਜਿਹੜੀ ਪਤੰਗ ਨੂੰ ਉਚਾ ਉਡਾ ਦੇਵੇ। ਮੰਨਣਾ ਪਵੇਗਾ ਕਿ ਜ਼ਿੰਦਗੀ ਦੀ ਮਿਣਤੀ ਵਾਲੀ ਡੋਰ ਹਰੇਕ ਬੰਦੇ ਕੋਲ ਗਿੱਠਾਂ ਨਾਲ ਮਿਣਨ ਵਾਲੀ ਹੁੰਦੀ ਹੈ। ਹਾਕਮ ਸੂਫੀ ਨੇ ਜ਼ਿੰਦਗੀ ਭਾਵੇਂ ਬਹੁਤ ਛੋਟੀ ਗੁਜ਼ਾਰੀ ਹੈ ਪਰ ਪੈੜ ਬੜੀ ਲੰਮੀ ਛੱਡੀ ਹੈ।

ਵੋਟਾਂ ਦੀ ਰਾਜਨੀਤੀ ਕਰਕੇ ਗਿੱਦੜਬਾਹਾ ਭਾਵੇਂ ਕਿੰਨਾ ਵੀ ਹੋਰ ਨਜ਼ਰੀਏ ਨਾਲ ਵੇਖਿਆ ਜਾਂਦਾ ਰਹੇ ਪਰ ਗਿੱਦੜਬਾਹਾ, ਗੁਰਦਾਸ ਮਾਨ, ਹਾਕਮ ਸੂਫੀ-ਇਨ੍ਹਾਂ ਨੂੰ ਉਸ ਤਿਕੋਣ ਵਾਂਗ ਮੰਨਿਆ ਜਾਵੇਗਾ ਜਿਸ ਦੇ ਸਾਰੇ ਕੋਣ ਬਰਾਬਰ ਹੁੰਦੇ ਹਨ। ਮੇਰੇ ਨਾਲ ਹਾਕਮ ਸੂਫੀ ਦਾ ਉਹੀ ਸਬੰਧ ਹੈ ਜਿਵੇਂ ਗਿੱਟੇ ਦਾ ਝਾਂਜਰ ਨਾਲ, ਛੈਣੇ ਦਾ ਘੁੰਗਰੂ ਨਾਲ, ਬਲਦ ਦਾ ਟੱਲੀ ਨਾਲ, ਤਬਲੇ ਦਾ ਥਾਪ ਨਾਲ ਹੁੰਦਾ ਹੈ। ਬਹੁਤ ਘੱਟ ਮੁਲਾਕਾਤਾਂ ਭਾਵੇਂ ਹਾਕਮ ਸੂਫੀ ਨਾਲ ਹੋਈਆਂ ਹੋਣ ਪਰ ਅਸੀਂ ਦੋਹਾਂ ਨੇ ਸਭ ਤੋਂ ਵੱਧ ਫਿਲਾਸਫੀ ਇਸ ਮੇਲ ਮਿਲਾਪ ਵਿਚ ਸਿਰਜੀ ਹੈ। ਭਾਵੇਂ ਕਈ ਲੋਕ ਇਹ ਕਹਿੰਦੇ ਨੇ ਕਿ ਗੁਰਦਾਸ ਮਾਨ ਦਾ ਗੁਰੂ ਹਾਕਮ ਸੂਫੀ ਹੈ ਪਰ ਜਦੋਂ ਕਿ ਇੱਦਾਂ ਦਾ ਕਿਤਿਓਂ ਵੀ ਕੋਈ ਹਵਾਲਾ ਨਹੀਂ ਜਿਸ ਨੂੰ ਪ੍ਰਮਾਣਿਤ ਕੀਤਾ ਜਾ ਸਕੇ ਤੇ ਨਾ ਹੀ ਗੁਰਦਾਸ ਨੇ ਕਦੇ ਇਸ ਗੱਲ ਨੂੰ ਸਵੀਕਾਰਿਆ ਹੈ ਤੇ ਨਾ ਹੀ ਹਾਕਮ ਸੂਫੀ ਨੇ ਕਿਤੇ ਇਹ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਦੋਹਾਂ ਦੀ ਸਾਂਝ ਕੀ ਹੈ? ਮੈਂ ਦੱਸਦੈਂ, ਜਿਸ ਸਕੂਲ ਵਿਚ ਹਾਕਮ ਸੂਫੀ ਪੜ੍ਹਿਐ, ਉਹੀ ਸਕੂਲ ਗੁਰਦਾਸ ਮਾਨ ਦਾ ਹੈ, ਗਿੱਦੜਬਾਹੇ ਦੇ ਸਕੂਲ ਦੇ ਜਿਸ ਅਧਿਆਪਕ ਤੋਂ ਹਾਕਮ ਨੇ ਝਿੜਕਾਂ ਖਾਧੀਆਂ ਉਸੇ ਤੋਂ ਗੁਰਦਾਸ ਨੇ, ਜਿਸ ਸਕੂਲ ਦੀ ਗਰਾਊਂਡ ਵਿਚ ਖੜ ਕੇ 'ਸੂਰਜਾ ਸੂਰਜਾ ਫੱਟੀ ਸੁਕਾ' ਦੀ ਹੇਕ ਹਾਕਮ ਨੇ ਲਾਈ, ਉਸੇ ਗਰਾਊਂਡ ਵਿਚ ਦਰਖਤ ਹੇਠ ਬੈਠ ਕੇ ਗੁਰਦਾਸ ਮਾਨ ਵੀ 'ਊੜਾ ਊਠ ਤੇ ਕੱਕਾ ਕਬੂਤਰ' ਉਚਾਰਦਾ ਰਿਹਾ, ਇਸੇ ਸਕੂਲ ਵਿਚ ਦੋਹਾਂ ਨੇ ਖੁਸਰਿਆਂ ਦੇ ਸਾਜ਼ ਡਫਲੀ ਨੂੰ ਵਜਾ ਕੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਦਿਵਾਈ। ਦੋਹਾਂ ਦਾ ਕੱਦ ਵੀ ਲਗਭਗ ਇਕੋ ਜਿਹਾ ਹੈ, ਉਮਰ ਦਾ ਹਾਣ ਮੰਗਲ ਵੀ, ਪਰ ਜੇ ਕੁਝ ਵੱਖਰਾ ਸੀ ਉਹ ਇਹ ਕਿ ਹਾਕਮ ਸੂਫੀ ਮੇਰੇ ਵਾਂਗ ਰੰਗ ਦਾ ਕਾਲਾ ਅਤੇ ਗੁਰਦਾਸ ਮਾਨ ਸਾਂਵਲੇ ਰੰਗ ਦਾ ਅਤੇ ਰਾਂਝੇ ਦੇ ਨੈਣ ਨਕਸ਼ਾਂ ਵਰਗਾ ਨਿਕਲਿਆ। ਕਲਾ ਨੂੰ ਪਿਆਰ ਕਰਨ ਵਾਲੇ ਗਿੱਦੜਬਾਹੇ ਦੇ ਲੋਕ ਭਾਵੇਂ ਬਾਦਲਾਂ ਜਾਂ ਰਾਜਨੀਤੀ ਕਰਕੇ ਇਕ ਦੂਜੇ ਵੱਲ ਗਹਿਰੀਆਂ ਅੱਖਾਂ ਕੱਢਦੇ ਰਹਿਣ ਪਰ ਇਸ ਗੱਲ ਨੂੰ ਮਾਣ ਨਾਲ ਕਹਿੰਦੇ ਰਹਿਣਗੇ ਕਿ ਹਾਕਮ ਅਤੇ ਗੁਰਦਾਸ ਸਾਡੇ ਸ਼ਹਿਰ ਦੇ ਹਨ।



*1991 ਦੇ ਪ੍ਰੋ. ਮੋਹਣ ਸਿੰਘ ਮੇਲੇ 'ਤੇ ਪੰਜਾਬੀ ਭਵਨ ਦੇ ਬਾਹਰ ਹਾਕਮ ਸੂਫੀ, ਅਜਾਇਬ ਔਜਲਾ, ਬਿੱਟੂ ਸੰਧੂ ਅਤੇ ਲੇਖਕ ਐਸ. ਅਸ਼ੋਕ ਭੌਰਾ।*

ਮੇਰੇ ਨਾਲ ਹਾਕਮ ਸੂਫੀ ਦਾ ਮੇਲ 1990ਵਿਆਂ ਦੇ ਗੇੜ ਵਿਚ ਹੋਇਆ। ਹਾਲਾਂਕਿ 'ਪਾਣੀ ਵਿਚ ਮਾਰਾਂ ਡੀਕਾਂ' ਵਰਗੇ ਗੀਤ ਪੰਜਾਬੀਆਂ ਦੇ ਲਬਾਂ 'ਤੇ ਉਵੇਂ ਸਨ ਜਿਵੇਂ ਨਵੀਂ ਬਹੂ ਦੀਆਂ ਤਲੀਆਂ 'ਤੇ ਮਹਿੰਦੀ ਰੰਗ ਕਾਫੀ ਗੂੜਾ ਹੁੰਦਾ ਹੈ। ਹਾਕਮ ਨੂੰ ਮਿਲਣ ਦਾ ਮੇਰਾ ਚਾਅ ਅਧੂਰਾ ਇਸ ਕਰਕੇ ਰਹਿ ਗਿਆ ਸੀ ਕਿ ਇਨ੍ਹਾਂ ਦਿਨ੍ਹਾਂ 'ਚ ਹੀ ਮੈਂ ਅਜੀਤ ਅਖਬਾਰ ਲਈ ਜਦੋਂ ਹਫਤਾਵਾਰੀ ਕਾਲਮ 'ਸੁਰ ਸੱਜਣਾਂ ਦੀ' ਲਿਖ ਰਿਹਾ ਸਾਂ ਤਾਂ ਹਾਕਮ ਸੂਫੀ ਨੂੰ ਸ਼ਾਮਿਲ ਨਹੀਂ ਕਰ ਸਕਿਆ ਕਿਉਂਕਿ ਗੱਲਾਂ ਮੈਂ ਸਾਰਿਆਂ ਦੀਆਂ ਘਰ ਵਾਲੀਆਂ ਤੋਂ ਕਹਾਉਣੀਆਂ ਹੁੰਦੀਆਂ ਸਨ ਪਰ ਉਨ੍ਹਾਂ ਦਿਨਾਂ ਵਿਚ ਹਾਕਮ ਮੈਨੂੰ ਕਹਿੰਦਾ ਰਿਹਾ ਕਿ ਹਾਲੇ ਮੈਂ ਵਿਆਹ ਨਹੀਂ ਕਰਵਾਇਆ ਜਦੋਂ ਕਰਾਵਾਂਗਾ ਉਦੋਂ ਦੱਸਾਂਗਾ। ਪਰ ਮੈਨੂੰ ਨਹੀਂ ਪਤਾ ਸੀ ਕਿ 'ਕੱਲਾ ਹੀ ਰਹੇਗਾ ਅਤੇ ਦੁਨੀਆਂ ਵਾਂਗ 'ਕੱਲਾ ਹੀ ਚਲਾ ਜਾਵੇਗਾ। ਪਰ ਜਿੰਨਾ ਕੁ ਮੈਂ ਹਾਕਮ ਨੂੰ ਜਾਣਦਾ ਹਾਂ ਜੇ ਕੋਈ ਸਵਰਗ ਹੋਇਆ, ਜਾਂ ਜੇਕਰ ਕੋਈ ਧਰਮਰਾਜ ਹੋਇਆ ਤੇ ਜਤੀ ਲੋਕਾਂ ਦੀ ਉਥੇ ਪੁੱਛ ਪ੍ਰਤੀਤ ਹੋਈ ਤਾਂ ਮੈਂ ਕਹਿ ਸਕਦਾਂ ਕਿ ਧਰਮ ਰਾਜ ਉਠ ਕੇ ਆਪ ਉਹਦੇ ਗਲੇ 'ਚ ਹਾਰ ਪਾਉਣ ਨੂੰ ਧੰਨ ਭਾਗ ਹੀ ਸਮਝੇਗਾ। ਊਂ ਮੇਰੇ ਵਾਂਗ ਤੁਸੀਂ ਵੀ ਜਾਣਦੇ ਹੋਵੋਗੇ ਕਿ ਇਸ ਦੁਨੀਆਂ ਵਿਚ ਪਤੀਵਰਤਾ ਔਰਤਾਂ ਦੀ ਗਿਣਤੀ ਤਾਂ ਕਾਫੀ ਹੈ ਪਰ ਪਤਨੀਵਰਤਾ ਮਰਦਾਂ 'ਤੇ ਸ਼ੱਕ ਕੀਤੀ ਜਾਣੀ ਸੁਭਾਵਿਕ ਹੀ ਹੈ।



*ਹਾਕਮ ਸੂਫੀ*

ਹਾਕਮ ਦੇ ਗਲੇ 'ਚ ਲਟਕਦਾ ਲੌਕੇਟ ਜਿਹਦੇ 'ਚ ਓਸ਼ੋ ਦੀ ਵੱਡੀ ਤਸਵੀਰ ਲੱਗੀ ਹੁੰਦੀ ਸੀ, ਆਮ ਬੋਲਚਾਲ ਵਾਲੇ ਲੋਕਾਂ ਨੂੰ ਇਹ ਦੱਸਦਾ ਰਿਹਾ ਕਿ ਹਾਕਮ ਦੇ ਗਲੇ 'ਚ ਸੁਰ, ਜ਼ਿੰਦਗੀ 'ਚ ਫਕੀਰੀ 'ਤੇ ਆਦਤ ਵਿਚ ਸੰਨਿਆਸ ਹੀ ਸੰਨਿਆਸ ਹੈ। ਇਸ ਗੱਲ ਨੂੰ ਤਸਦੀਕ ਹੀ ਕਰਾਂਗਾ ਕਿ ਉਹ ਓਸ਼ੋ ਦਾ ਭਗਤ ਰਿਹਾ ਤੇ ਇਕ ਦਰ ਦਾ ਹੋ ਕੇ ਬਹਿਣ ਵਾਂਗ ਉਹਦੀ ਜਿੰਨੀ ਕੁ ਸੀ, ਉਹ ਉਹਨੇ ਓਸ਼ੋ ਦੇ ਨਾਂ ਹੀ ਲਾਈ ਰੱਖੀ।

ਮਾਛੀਵਾੜੇ ਇਕ ਮੇਲਾ ਸੀ, ਇਸ ਮੇਲੇ ਦਾ ਸੰਚਾਲਕ ਸੀ ਗੁਰਮੁਖ ਦੀਪ, ਜੋ ਜੱਸੋਵਾਲ ਦੇ ਡੇਰੇ 'ਤੇ ਵੀ ਅਕਸਰ ਮਿਲਿਆ ਕਰਦਾ ਸੀ। ਕਮਜ਼ੋਰ ਔਰਤ ਦੇ ਗਲੇ ਵਿਚ ਪਾਏ ਰਾਣੀ ਹਾਰ ਵਾਂਗ ਗੁਰਮੁਖ ਨੇ ਵੀ ਓਸ਼ੋ ਦੀ ਫੋਟੋ ਹਿੱਕ ਦੇ ਐਨ ਵਿਚਾਲੇ ਲਟਕਾਈ ਹੋਈ ਸੀ। ਉਨ੍ਹਾਂ ਦਿਨਾਂ 'ਚ ਸ਼ੌਂਕੀ ਮੇਲੇ ਦੀ ਚੜ੍ਹਾਈ ਕਰਕੇ ਉਹਨੇ ਮੇਰਾ ਇਕ ਸਨਮਾਨ ਰੱਖ ਲਿਆ ਕਿ ਚਲੋ ਅਸ਼ੋਕ ਕਰਕੇ ਚਾਰ ਗਾਇਕ ਵੀ ਚੰਗੇ ਆ ਜਾਣਗੇ, 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ' ਨਾਲ ਉਦੋਂ ਕਮਲਜੀਤ ਨੀਲੋਂ ਵੀ ਟੀਸੀ ਵਾਲਾ ਬੇਰ ਤੋੜ ਰਿਹਾ ਸੀ, ਉਹਨੂੰ ਸਨਮਾਨ ਕਰਨ ਲਈ ਚੁਣ ਲਿਆ ਤੇ ਨਾਲ ਹੀ ਹਾਕਮ ਸੂਫੀ ਨੂੰ ਇਸ ਕਰਕੇ ਕਿ ਹਾਕਮ ਓਸ਼ੋ ਦਾ ਚੇਲਾ ਐ ਤੇ ਗੁਰਮੁਖ ਦਾ ਵੀ ਓਹੋ ਗੁਰੂ ਐ, ਤੇ ਉਹਦੇ ਮੁਫਤ 'ਚ ਆਉਣ ਦਾ ਫਾਰਮੂਲਾ ਫਿੱਟ ਰਹੇਗਾ। ਪਰ ਉਸ ਮੇਲੇ ਵਿਚ ਹਾਲਾਤ ਏਦਾਂ ਦੇ ਸਨ ਕਿ ਚਾਹ ਆਈ ਤਾਂ ਪਕੌੜੇ ਮੁੱਕ ਗਏ, ਜੇ ਪਕੌੜੇ ਆਏ ਤਾਂ ਚਾਹ ਲਈ ਦੁੱਧ ਮੁੱਕ ਗਿਆ ਤੇ ਉਹੀ ਹਾਲ ਦੁਪਹਿਰ ਦੇ ਖਾਣੇ ਦਾ ਰਿਹਾ ਕਿ ਸੰਗਤ ਤਾਂ ਸੀ ਤੇ ਪ੍ਰਸ਼ਾਦਾ ਵੀ, ਪਰ ਦਾਲ ਹੀ ਨਹੀਂ ਆਈ। ਹਾਕਮ ਸੂਫੀ ਦੇ ਸਨਮਾਨ ਵੇਲੇ ਉਹਨੂੰ ਗਿਆਰਾਂ ਸੌ ਦੀ ਰਾਸ਼ੀ ਦੇਣ ਦਾ ਖੂਬ ਖਿਲਾਰਾ ਪੈ ਗਿਆ। ਗੁਰਮੁਖ ਦੋ ਸੌ ਰੁਪਿਆ ਚੁੱਕੀ ਫਿਰੇ, ਮੇਰੇ ਤੋਂ ਸਨਮਾਨ ਕਰਵਾਉਣ ਦਾ ਡੇਢ ਸੌ ਲੈ ਲਿਆ, ਇਕ ਫਰੂਟ ਦੀ ਰੇੜ੍ਹੀ ਵਾਲੇ ਨੂੰ ਕਹੇ ਪੰਜਾਹ ਤੂੰ ਕੱਢ, ਨੀਲੋਂ ਨੂੰ ਪੁੱਛੀ ਜਾਵੇ ਤੇਰੀ ਜੇਬ ਵਿਚ ਕੁਝ ਹੈਗਾ? ਰਲਾ-ਮਿਲਾ ਕੇ ਚਾਰ ਸੌ ਸੱਠ ਰੁਪਏ 'ਕੱਠੇ ਤਾਂ ਕਰ ਲਏ ਪਰ ਹਾਕਮ ਸੂਫੀ ਨੇ ਉਸ ਦੀ ਤਰਸਯੋਗ ਹਾਲਤ ਦੇਖ ਕੇ ਸੌ ਜੇਬ 'ਚੋਂ ਕੱਢਿਆ ਅਤੇ ਪੰਜ ਸੌ ਸੱਠ ਰੁਪਏ ਗੁਰਮੁਖ ਨੂੰ ਫੜਾ ਕੇ ਕਿਹਾ, "ਮੈਂ ਤਾਂ ਵਿਆਹ ਕਰਵਾਇਆ ਨੀਂ, ਤੇਰੇ ਹੋਣ ਦੇ ਹਾਲਾਤ ਨਹੀਂ, ਤੂੰ ਇਨ੍ਹਾਂ ਪੰਜ ਸੌ ਸੱਠਾਂ ਨਾਲ ਅਗਲੇ ਸਾਲ ਮੇਲਾ ਲਾ ਲਈਂ।" ਇਉਂ ਇਕ ਫੱਕਰ ਦੀ ਫਕੀਰੀ ਨੇ ਸਿੱਧ ਕਰ ਦਿੱਤਾ ਕਿ ਜ਼ਿੰਦਗੀ ਮਾਨਣ ਲਈ ਹੁੰਦੀ ਹੈ, ਪੈਸੇ ਦੀਆਂ ਸ਼ਰਤਾਂ 'ਤੇ ਜਿਊਣ ਲਈ ਨਹੀਂ। ਹਾਲਾਤ ਤਾਂ ਭਾਵੇਂ ਖਿੱਚੋਤਾਣ ਜਿਹੀ ਵਾਲੇ ਹੀ ਸਨ ਤੇ ਗੁਰਮੁਖ ਦਾ ਮੇਲਾ ਵੀ ਖਿੰਡਿਆ-ਪੁੰਡਿਆ ਸੀ, ਆ ਜੱਸੋਵਾਲ ਵੀ ਗਿਆ ਸੀ, ਰਾਮ ਸਰੂਪ ਰਾਜਸਥਾਨੀ ਵੀ, ਪਰ ਹਾਕਮ ਨੇ ਮੁੜ ਕੇ ਇਸ ਮੇਲੇ ਵਿਚ ਪੈਰ ਨਾ ਧਰਿਆ। ਹਾਲਾਂਕਿ ਗੁਰਮੁਖ ਨੇ ਓਸ਼ੋ ਦਾ ਵਾਸਤਾ ਪਾ ਕੇ ਦੋਹਾਂ ਵਿਚਲੀ ਸਾਂਝ ਲਈ ਤਰਲੇ ਬਹੁਤ ਕੱਢੇ ਸਨ।

ਮੇਰਾ ਇਹ ਮਨ ਬਣਿਆ ਸੀ ਕਿ ਹਾਕਮ ਸੂਫੀ ਨੂੰ ਸ਼ੌਕੀ ਮੇਲੇ 'ਤੇ ਵੱਡਾ ਸਨਮਾਨ ਦਿੱਤਾ ਜਾਵੇ। ਪਰ ਕੁਝ ਕਾਰਨਾਂ ਕਰਕੇ ਇੱਦਾਂ ਹੋ ਨਾ ਸਕਿਆ ਤੇ 1991 ਵਿਚ ਮੋਹਣ ਸਿੰਘ ਮੇਲੇ ਦੌਰਾਨ ਉਹ ਮੈਨੂੰ ਪੰਜਾਬੀ ਭਵਨ ਦੇ ਨਾਲ ਲੱਗਦੀ ਗਰਾਊਂਡ ਵਿਚ ਖਿੱਚ ਕੇ ਲੈ ਗਿਆ। ਨਾਲ ਅਜੀਤ ਦਾ ਚੰਡੀਗੜ੍ਹ ਵਾਲਾ ਪੱਤਰਕਾਰ ਅਜਾਇਬ ਔਜਲਾ ਵੀ ਸੀ ਤੇ ਮਰਹੂਮ ਗਾਇਕਾ ਪਰਮਿੰਦਰ ਸੰਧੂ ਦਾ ਭਰਾ ਬਿੱਟੂ ਸੰਧੂ ਵੀ। ਹਾਕਮ ਮੈਨੂੰ ਕਹਿਣ ਲੱਗਾ ਕਿ ਇਹ ਮੇਲੇ ਲੱਗਦੇ ਰਹਿਣਗੇ, ਆਜਾ ਆਪਾਂ ਕੁਝ ਉਹ ਗੱਲਾਂ ਕਰੀਏ ਜੋ ਅੱਜ ਮੇਲੇ ਵਾਲੇ ਦਿਨ ਖਾਸ ਅਤੇ ਮਹੱਤਵਪੂਰਨ ਹੋ ਸਕਦੀਆਂ ਨੇ।



*ਅੰਤਿਮ ਸ਼ੌਕੀ ਮੇਲੇ (1996) 'ਤੇ ਮਾਹਿਲਪੁਰ ਵਿਖੇ ਹਾਕਮ ਸੂਫੀ ਦੇ ਸਨਮਾਨ ਦੀਆਂ ਭਾਵੁਕ ਘੜੀਆਂ।*

ਪਹਿਲੀ ਗੱਲ ਉਹਨੇ ਇਹ ਕਹੀ ਕਿ ਗ੍ਰਹਿਸਥ ਨੂੰ ਮੈਂ ਨਿੰਦਦਾ ਨਹੀਂ ਤੇ ਮੇਰਾ ਜਨਮ ਵੀ ਗ੍ਰਹਿਸਥ ਦਾ ਪ੍ਰਛਾਵਾਂ ਹੈ ਪਰ ਮੇਰੀ ਸੋਚ ਇਹ ਰਹੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਪੈਰਾਂ 'ਚ ਵਿਆਹ ਦੀਆਂ ਬੇੜੀਆਂ ਪਾ ਕੇ ਜ਼ਿੰਦਗੀ ਨੂੰ ਤੁਰਦੀ-ਫਿਰਦੀ ਜੇਲ੍ਹ ਬਣਾ ਲਿਆ ਜਾਵੇ ਕਿਉਂਕਿ 'ਵਹੁਟੀਆਂ ਹੱਥ ਸੋਟੀਆਂ' ਮੈਂ ਰੋਜ਼ ਵੇਖਦਾ ਹਾਂ, ਸੁਣਦਾ ਹਾਂ ਅਤੇ ਪੜ੍ਹਦਾ ਹਾਂ। ਊਂ ਉਹਨੂੰ ਪਤਾ ਸੀ 'ਕੱਲਿਆਂ ਕੋਲੋਂ ਜਾਂਦੀ ਜ਼ਿੰਦਗੀ ਨਹੀਂ ਗੁਜ਼ਾਰੀ ਔਖੀ ਹੈ' ਪਰ ਉਸ ਨੇ ਸਮਾਜ ਦੀਆਂ ਰਾਵਾਂ, ਸਲ੍ਹਾਵਾਂ ਨੂੰ ਸਵੀਕਾਰ ਹੀਂ ਨਹੀਂ ਕੀਤਾ ਤੇ ਇਕ ਬਲਦ ਵਾਲਾ ਹਲ ਬਣ ਕੇ ਸੰਗੀਤ ਦੀ ਦੁਨੀਆਂ 'ਚ ਆਪਣੇ ਡੂੰਘੇ ਸਿਆੜ ਕੱਢ ਕੇ ਗਿਆ ਹੈ। ਉਹਦੀ ਅਗਲੀ ਗੱਲ ਸੀ, 'ਪ੍ਰੋ. ਮੋਹਨ ਸਿੰਘ ਨਹੀਂ ਰਿਹਾ ਪਰ ਮੇਲਾ ਲੱਗ ਰਿਹਾ ਹੈ' ਮੈਨੂੰ ਲੱਗਦਾ ਜਿਸ ਦਿਨ ਜੱਸੋਵਾਲ ਗਿਆ, ਇਹ ਮੇਲਾ ਵੀ ਨਹੀਂ ਲੱਗਣਾ ਤੇ ਮੈਂ ਸੋਚਦਾਂ ਕਿ ਹਉਕਿਆਂ ਦਾ ਤਾਲ ਡਫਲੀ ਰਾਹੀਂ ਸਿਰਜਦਾ ਰਵਾਂ, ਮੇਰੀ ਥੋੜੀ ਹੈ, ਇਸੇ ਕਰਕੇ ਮੈਂ ਜੋੜੀ ਵੀ ਨਹੀਂ ਬਣਾਉਣੀ ਚਾਹੁੰਦਾਂ।

ਤੀਜੀ ਗੱਲ ਕਹਿ ਕੇ ਉਹਨੇ ਗੱਲ ਮੁੱਕਦੀ ਕਰ ਦਿੱਤੀ ਸੀ, ਗੁਰਦਾਸ ਬਾਬਾ ਹੈ ਅਤੇ ਬਾਬਿਆਂ ਨੂੰ ਸਲਾਮ ਹੀ ਹੁੰਦੀ ਹੈ। ਮੈਨੂੰ ਇੰਨਾ ਮਾਣ ਜ਼ਰੂਰ ਰਹੇਗਾ ਕਿ ਮੈਂ ਤੇ ਗੁਰਦਾਸ ਹਮਜੋਲੀ ਰਹੇ ਹਾਂ। ਦਰਦ ਦੀ ਪੀੜ੍ਹਾ ਸਮਝਦਿਆਂ ਮੈਂ ਵੀ ਇਸ ਗੱਲ ਨੂੰ ਕਹਿਣ ਵਿਚ ਝਿਜਕ ਮਹਿਸੂਸ ਨਹੀਂ ਕਰਦਾ ਕਿ ਜਿਵੇਂ ਅਲਜਬਰੇ ਦਾ ਫਾਰਮੂਲਾ ਹੁੰਦਾ ਹੈ ਕਿ 'ਉਤਰ ਦੀ ਪੜਚੋਲ ਕਰੋ' ਉਦਣ ਮੈਂ ਸਮਝ ਗਿਆ ਸਾਂ ਕਿ ਹਾਕਮ ਨਾਲ ਸੂਫੀ ਕਿਉਂ ਲੱਗਿਆ ਹੋਇਆ ਹੈ?

1993 ਦੀ ਇਕ ਕਹਾਣੀ ਉਸ ਮਿੰਨੀ ਕਹਾਣੀ ਵਰਗੀ ਹੈ ਜਿਸ ਦਾ ਸਿਰਲੇਖ ਵੀ 'ਹਾਕਮ ਸੂਫੀ' ਹੀ ਰੱਖਾਂਗਾ। ਮੈਂ ਗਿੱਦੜਬਾਹੇ ਦੇ ਨੇੜਿਓਂ ਲੰਘ ਰਿਹਾ ਸਾਂ। ਫੋਨ ਦੀ ਸਹੂਲਤ ਨਹੀਂ ਸੀ, ਸਮਾਂ ਸ਼ਾਮ ਦੇ ਚਾਰ ਕੁ ਵਜੇ ਦਾ ਸੀ। ਪੁੱਛਦਾ ਪੁਛਾਉਂਦਾ ਹਾਕਮ ਦੇ ਘਰੇ ਚਲਾ ਗਿਆ। ਅੰਦਰ ਵੜਿਆ ਤੇ ਫਾਂਟਾ ਵਾਲਾ ਕਛਿਹਰਾ ਪਾ ਕੇ ਬਨੈਣ ਪਾਈ ਹਾਕਮ ਚੌਂਕੜੀ ਮਾਰ ਕੇ ਵਾਣ ਵਾਲੇ ਮੰਜੇ 'ਤੇ ਬੈਠਾ ਸੀ। ਉਹ ਛਾਲ ਮਾਰ ਕੇ ਭੱਜਾ ਆਇਆ। ਤੇ ਭਾਵੁਕ ਹੋ ਕੇ ਤਿੰਨ ਚਾਰ ਵਾਰ ਮੇਰਾ ਮੱਥਾ ਚੁੰਮ ਕੇ ਕਹਿਣ ਲੱਗਾ, "ਅਸ਼ੋਕ ਤੂੰ ਸਾਡੇ ਘਰ? ਇੱਦਾਂ ਮੈਂ ਸੋਚਿਆ ਨਹੀਂ ਸੀ ਕਿ ਤੂੰ ਚੁੱਪ ਚਪੀਤਾ ਆ ਜਾਵੇਂਗਾ।" ਤੇ ਉਹ ਫਾਂਟਾ ਵਾਲੇ ਕਛਿਹਰੇ 'ਤੇ ਹੱਥ ਫੇਰ ਕੇ ਕਹਿਣ ਲੱਗਾ, "ਤੂੰ ਗਾਇਕਾਂ 'ਚ ਰਿਹੈਂ ਪਰ ਫਕੀਰਾਂ ਦੇ ਵਸਤਰ ਤੂੰ ਪਹਿਲੀ ਵਾਰ ਵੇਖੇ ਹੋਣੇ ਨੇ", ਤੇ ਨਾਲ ਹੀ ਹੱਸ ਪਿਆ ਕਿ ਕਾਲੀਆਂ ਲੱਤਾਂ ਤੇ ਚਿੱਟੀਆਂ ਫੱਟੀਆਂ ਵਾਲਾ ਕਛਿਹਰਾ ਊਂ ਫਬਦਾ ਤਾਂ ਚੰਗਾ ਪਰ ਮੈਂ ਜ਼ਿੰਦਗੀ ਦੀ ਉਹ ਤੂੰਬੀ ਵਜਾਈ ਐ ਜਿਹਦੀ ਤਾਰ ਤਾਂ ਮਜ਼ਬੂਤ ਸੀ ਪਰ ਤੂੰਬੀ ਦੀ ਘੋੜੀ ਲੱਭੀ ਹੀਂ ਨਹੀਂ ਸਾਰੀ ਉਮਰ। ਉਹ ਮੈਨੂੰ ਕਹਿੰਦਾ ਰਿਹਾ ਕਿ ਅੱਜ ਰਾਤ ਰੁਕ, ਆਪਾਂ ਗਾਇਕੀ ਦੇ ਮਹਾਂਭਾਰਤ ਦੀ ਗੱਲ ਕਰਾਂਗੇ। ਪਰ ਉਹ ਹਉਕਾ ਲੈ ਕੇ ਫਿਰ ਓਦਰ ਗਿਆ ਇਹ ਆਖ ਕੇ ਕਿ ਪੰਜਾਬੀ ਗਾਇਕੀ ਲਈ ਆਉਣ ਵਾਲਾ ਸਮਾਂ ਸਿਰਫ ਨੋਟਾਂ ਵਾਲਾ ਹੋਵੇਗਾ। ਤੇ ਜਿਸ ਕੰਮ ਲਈ ਸਿਰਫ ਪੈਸਾ ਮਿਲੇ, ਉਸ ਕੰਮ ਦਾ ਮਿਆਰ ਡਿੱਗ ਹੀ ਪੈਣਾ ਹੁੰਦਾ ਹੈ ਕਿਉਂਕਿ ਸੰਗੀਤ ਇਬਾਦਤ ਹੈ, ਵਪਾਰ ਨਹੀਂ। ਇਹ ਮੈਨੂੰ ਦੁੱਖ ਰਹੇਗਾ ਕਿ ਕਾਸ਼ ਉਦਣ ਮੈਂ ਰੁਕ ਜਾਂਦਾ ਤੇ ਕਹਿ ਸਕਦਾ ਕਿ ਮੈਂ ਵੀ ਹਾਕਮ ਦੇ ਘਰ ਦੀਆਂ ਖਾਧੀਆਂ।

1993 ਦੇ ਸ਼ੌਂਕੀ ਮੇਲੇ 'ਚ ਅਸੀਂ ਉਸ ਦਾ ਸਨਮਾਨ ਕਰਨ ਦਾ ਫੈਸਲਾ ਲਗਭਗ ਲੈ ਹੀ ਲਿਆ ਸੀ, ਪਰ ਚਰਨਜੀਤ ਆਹੂਜਾ ਦੇ ਇਸ ਮੇਲੇ 'ਚ ਆਉਣ ਕਰਕੇ ਕੁਝ ਸ਼ਰਤੀਆ ਸਮਝੌਤਾ ਮੈਨੂੰ ਕਰਨਾ ਪੈ ਗਿਆ। ਜਿਸ ਕਾਰਨ ਮਾਮਲਾ ਢਿੱਲਾ ਪੈ ਗਿਆ। ਹੁਸ਼ਿਆਰਪੁਰ ਦੇ ਤਤਕਾਲੀ ਡਿਪਟੀ ਕਮਿਸ਼ਨਰ ਗੁਰਮੇਲ ਸਿੰਘ ਬੈਂਸ ਹਾਕਮ ਸੂਫੀ ਦੇ ਕਾਫੀ ਉਪਾਸ਼ਕ ਸਨ ਤੇ ਉਨ੍ਹਾਂ ਦਾ ਵਾਰ ਵਾਰ ਇਸ ਮੇਲੇ 'ਤੇ ਹਾਕਮ ਨੂੰ ਲੈ ਕੇ ਆਉਣ ਬਾਰੇ ਕਹਿਣਾ ਮੇਰੇ ਲਈ ਨਾ ਸਿਰਫ ਹਾਕਮ ਨਾਲ ਮੁਹੱਬਤ ਦਾ ਪ੍ਰਤੀਕ ਸੀ ਸਗੋਂ ਮੇਲੇ ਦੀ ਵਡਿਆਈ ਦਾ ਵੀ ਖਾਸ ਮਹੱਤਵ ਸੀ।

ਮੇਲੇ 'ਚ ਤਾਂ ਉਹ ਨਹੀਂ ਆ ਸਕਿਆ ਪਰ ਉਹ ਮੇਰੇ ਕੋਲ ਫਿਰ ਘਰ ਆਇਆ। ਮਾਰਚ ਮਹੀਨਾ, ਚੌਦਾਂ ਤਰੀਕ, ਉਹ ਬੰਗੇ ਬੱਸ ਅੱਡੇ 'ਤੇ ਬੱਸੋਂ ਉਤਰਿਆ, ਉਹਦੇ ਹੱਥ 'ਚ ਨਿੱਕਾ ਜਿਹਾ ਬੈਗ ਸੀ, ਦੂਜੇ ਹੱਥ ਵਿਚ ਓਸ਼ੋ ਦੀ ਪੁਸਤਕ 'ਕੀ ਈਸ਼ਵਰ ਮਰ ਗਿਆ ਹੈ?' ਸੀ। ਉਹ ਕਿਤਾਬ ਸਣੇ ਮੇਰੇ ਗਲ ਲੱਗ ਕੇ ਮਿਲਿਆ ਤੇ ਇਸ ਤਰ੍ਹਾਂ ਦਾ ਕੋਈ ਅਹਿਸਾਸ ਨਹੀਂ ਹੋ ਰਿਹਾ ਸੀ ਕਿ ਮੈਂ ਆਪਣੇ ਸਕੂਟਰ 'ਤੇ ਕਿਸੇ ਗਾਇਕ ਨੂੰ ਲੈਣ ਆਇਆ ਹਾਂ ਸਗੋਂ ਇੱਦਾਂ ਲੱਗਦਾ ਸੀ, ਜਿਵੇਂ ਕੋਈ ਜੋਗੀ ਪਹਾੜੋਂ ਉਤਰਨ ਦੀ ਬਜਾਏ ਪਹਾੜ ਚੜ੍ਹਨ ਲੱਗ ਪਿਆ ਹੋਵੇ। ਫਿਰ ਮੇਰੇ ਕੋਲ ਉਹ ਚਾਰ ਦਿਨ ਰਿਹਾ। ਤੇ ਇਹ ਵੀ ਉਹੀ ਦਿਨ ਸਨ ਜਦੋਂ 'ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ, ਕਦੇ ਕਦੇ ਖੇਡ ਲਿਆ ਕਰੀਂ' ਵਾਲਾ ਨਿਰਮਲ ਸਿੱਧੂ ਵੀ ਅਖਬਾਰਾਂ ਅਤੇ ਦੂਰਦਰਸ਼ਨ 'ਤੇ ਬਰੇਕ ਲੈਣ ਲਈ ਕਈ ਕਈ ਦਿਨ ਸਾਡੇ ਘਰ ਆ ਕੇ ਠਹਿਰਦਾ ਹੁੰਦਾ ਸੀ।

ਹਾਕਮ ਕਿਉਂਕਿ ਡਰਾਇੰਗ ਟੀਚਰ ਸੀ, ਕਲਾ ਹੱਥਾਂ 'ਚ ਵੀ, ਰਗਾਂ 'ਚ ਵੀ ਜਾਂ ਇਉਂ ਕਿ ਉਹ ਗੱਲ ਸੱਚੀ ਹੋ ਰਹੀ ਹੋਵੇ ਕਿ 'ਅੰਦਰ ਤੂੰ ਏ ਬਾਹਰ ਤੂੰ ਏ' ਤੇ ਹਾਕਮ ਨੂੰ ਵੀ ਉਸ ਦਿਨ ਪਹਿਲੀ ਵਾਰ ਪਤਾ ਲੱਗਾ ਸੀ ਕਿ ਮੈਂ ਵੀ ਅਧਿਆਪਕ ਹਾਂ ਪਰ ਉਹ ਇਹ ਸੋਚ ਕੇ ਹੋਰ ਵੀ ਅਚੰਭੇ 'ਚ ਪੈ ਗਿਆ ਸੀ ਕਿ ਸ਼ਬਦਾਂ ਨਾਲ ਚੱਤੋਪਹਿਰ ਖੇਡਣ ਵਾਲਾ ਬੰਦਾ ਮਕੈਨੀਕਲ ਇੰਜੀਨੀਅਰਿੰਗ ਦਾ ਅਧਿਆਪਕ ਹੈ! ਮੈਂ ਉਹਨੂੰ ਹੱਸ ਕੇ ਕਿਹਾ ਕਿ 'ਕਈ ਰੋਟੀਆਂ ਤਵੇ 'ਤੇ ਨਹੀਂ ਪੱਕਦੀਆਂ ਹੁੰਦੀਆਂ, ਉਨ੍ਹਾਂ ਨੂੰ ਪਾਥੀਆਂ ਦੇ ਸਿੱਧੇ ਸੇਕ ਨਾਲ ਹੀ ਰਾੜ੍ਹਿਆ ਜਾਣਾ ਹੁੰਦਾ ਹੈ।'

ਖਾਸ ਗੱਲ ਇਹ ਸੀ ਕਿ ਉਹ ਜਿੰਨੇ ਦਿਨ ਮੇਰੇ ਕੋਲ ਰਿਹਾ, ਦੇਖੋ ਉਹਦੀ ਖੁਰਾਕ ਕੀ ਹੁੰਦੀ ਸੀ? ਸਵੇਰ ਨੂੰ ਚਾਹ ਨਾਲ ਇਕ ਪਰੌਂਠਾ ਤੇ ਉਤੇ ਅੰਬ ਦਾ ਆਚਾਰ, ਦੁਪਹਿਰ ਨੂੰ ਦੋ ਪ੍ਰਸ਼ਾਦੇ ਮਸਰਾਂ ਦੀ ਜਾਂ ਮਾਂਹ ਦੀ ਦਾਲ ਨਾਲ, ਰਾਤ ਨੂੰ ਚੌਲਾਂ ਦੀ ਬੁਰਕੀ। ਪਰ ਇਹ ਹੁੰਦਾ ਸੀ ਕਿ ਉਹ ਮਿੱਠੇ ਤੇ

*(ਬਾਕੀ ਅਗਲੇ ਸਫੇ ਉਤੇ)*

## ਗੱਲ ਬਣੀ ਕਿ ਨਹੀਂ


*-ਐਸ. ਅਸ਼ੋਕ ਭੌਰਾ*

### *ਅੱਜ ਕੱਲ*

**ਬੁੱਲ੍ਹਾਂ ਤੋਂ ਜੋ ਸ਼ਾਂਤ ਬੜੇ ਨੇ, ਆਹਰੇ ਲਾਉਂਦੇ ਅੱਖਾਂ ਨੂੰ,**
**ਤਾਹੀਓਂ ਅੱਜ ਕੱਲ ਮਚਣਾ ਪੈਂਦਾ, ਬਿਨ ਤੀਲੀ ਤੋਂ ਕੱਖਾਂ ਨੂੰ।**
**ਲੂਤੀ ਲਾਈ ਫਿਰ ਨਾ ਲੱਭੀ, ਊਂ ਤਾਂ ਬੜੀ ਸਿਆਣੀ ਸੀ,**
**ਭਾਨ ਟਕੇ ਦੀ, ਕਰਨ ਇਸ਼ਾਰੇ, ਲੱਗ ਪਈ ਅੱਜ ਕਲ ਲੱਖਾਂ ਨੂੰ।**
**ਨਰਮ ਗੰਨੇ ਦੀ ਪੋਰੀ ਵੀ ਹੁਣ, ਰਹਿੰਦੀ ਭਰੀ ਕੁੜੱਤਣ ਨਾਲ,**
**ਤਾਹੀਂਓ ਕਹਿਣ ਨੂੰ ਚਿੱਤ ਨ੍ਹੀਂ ਕਰਦਾ, ਕੌੜਾ ਅੱਜ ਕੱਲ ਅੱਕਾਂ ਨੂੰ।**
**ਹਉਮੈ ਦਾ ਜੋ ਚੜ੍ਹਿਆ ਤੇਈਆ, ਅੰਦਰੋਂ ਬੰਦੇ ਮਾਰ ਰਿਹਾ ਏ,**
**ਖੋਰਾ ਅੱਜ ਕਲ ਲੱਗ ਸਕਦਾ ਏ, ਉਸ ਡਾਢੇ ਦੀਆਂ ਰੱਖਾਂ ਨੂੰ।**
**ਕਤਲ ਕਿਸੇ ਦਾ ਮੁਜ਼ਰਮ ਕੋਈ, ਮੁਨਸਫ ਨੂੰ ਕੀ ਹੋ ਗਿਆ ਏ?**
**ਜਿਹੜਾ ਫਾਹੇ ਟੰਗਦਾ ਅੱਜ ਕੱਲ, ਬਿਨ ਘੋਖੇ ਹੀ ਪੱਖਾਂ ਨੂੰ।**
**ਆਪਣਾ ਦੀਨ ਇਮਾਨ ਨ੍ਹੀਂ ਕੋਈ, ਠੀਕਰੀ ਪਹਿਰਾ ਬੀਵੀ 'ਤੇ,**
**ਕਿਸ ਚੁੱਲ੍ਹੇ ਵਿਚ ਫੂਕ ਦਿਆਂਗੇ, ਅੱਜ ਕੱਲ ਐਸੀਆਂ ਸ਼ੱਕਾਂ ਨੂੰ।**
**ਮੱਖੀ ਦੇ ਹੀ ਬਹਿਣ 'ਤੇ 'ਭੌਰੇ', ਬੇਕਾਬੂ ਹੋ ਜਾਂਦੇ ਸੀ,**
**ਅੱਜ ਕੱਲ ਰਤਾ ਵੀ ਫਰਕ ਨ੍ਹੀਂ ਪੈਂਦਾ, ਐਸੇ ਮੂੰਹ ਤੇ ਨੱਕਾਂ ਨੂੰ।**

# ਚਾਚਾ ਨਿਜ਼ਾਮੁਦੀਨ

'ਪੰਜਾਬ ਟਾਈਮਜ਼' ਦੇ 8 ਅਗਸਤ ਵਾਲੇ ਅੰਕ ਵਿਚ ਸ. ਜਸਵੰਤ ਸਿੰਘ ਸੰਧੂ ਦੀ ਰੇਡੀਓ ਅਨਾਊਂਸਰ ਨਿਜ਼ਾਮੁਦੀਨ ਬਾਰੇ ਬੜੀ ਪਿਆਰੀ ਲਿਖਤ ਪੜ੍ਹ ਕੇ ਅਨੰਦ ਆ ਗਿਆ। ਕੋਈ ਕੋਈ ਸ਼ਖਸ ਹੁੰਦਾ ਹੈ ਜਿਹੜਾ ਹਮੇਸ਼ਾ ਵਾਸਤੇ ਦਿਲ ਉਪਰ ਉਕਰਿਆ ਜਾਏ; ਅਜਿਹਾ ਸੀ ਇਹ ਨਾਇਕ



ਚੌਧਰੀ ਨਿਜ਼ਾਮੁਦੀਨ

ਨਿਜ਼ਾਮੁਦੀਨ। ਅਮੀਰ ਲਫਜ਼ਾਂ ਨਾਲ ਲੱਦੀ ਹੋਈ ਦੇਸੀ ਪੰਜਾਬੀ; ਮਥੈਲ ਉਚਾਰਨ। ਸਾਡੇ ਕੰਨਾਂ ਦੇ ਪਿਆਲੇ ਉਸ ਦੀ ਸ਼ਰਾਬ ਵਾਸਤੇ ਨਿਰੰਤਰ ਉਡੀਕਵਾਨ ਰਹਿੰਦੇ। ਮੈਨੂੰ ਉਸ ਦੀਆਂ ਇਕ ਦੋ ਗੱਲਾਂ ਇਹ ਲੇਖ ਪੜ੍ਹਨ ਬਾਅਦ ਯਾਦ ਆ ਗਈਆਂ, ਜੋ ਪਾਠਕਾਂ ਦੀ ਨਜ਼ਰ ਹਨ,

ਚੌਧਰੀ ਨੇ ਪੁੱਛਿਆ-ਕੀ ਗੱਲ ਹੋਈ ਚਾਚਾ ਨਿਜ਼ਾਮੁਦੀਨ, ਅੱਜ ਕੁਝ ਵੱਲ ਨਹੀਂ ਲਗਦੇ ਮੈਨੂੰ।

ਨਿਜ਼ਾਮੁਦੀਨ: ਜੀ ਪਿੰਡੋਂ ਆਇਆਂ ਸਰਕਾਰੀ ਬਸ ਚੜ੍ਹ ਕੇ। ਸੜਕ ਉਪਰ ਟੋਏ, ਏਨੇ ਹੁਜਕੇ ਕਿ ਪਾਸੇ ਭੰਨੇ ਗਏ।

ਚੌਧਰੀ: ਪਰ ਮਾੜਾ ਮੋਟਾ ਹੁਜਕਾ ਕੀ ਆਖਦੈ ਤੁਹਾਡੇ ਜਿਹੇ ਮਜ਼ਬੂਤ ਸ਼ਖਸ ਨੂੰ?

ਨਿਜ਼ਾਮੁਦੀਨ: ਮਾੜਾ, ਮੋਟਾ ਹੁਜਕਾ? ਰੇਹੜੀ ਵਾਲਾ ਡੱਬੇ ਵਿਚ ਜਾਮਣਾਂ ਨੂੰ ਲੂਣ ਲਾਉਣ ਲਈ ਜਿਵੇਂ ਫੁਲਕਦੈ, ਏਸ ਤਰ੍ਹਾਂ ਸਵਾਰੀਆਂ ਭੁੜਕਦੀਆਂ ਰਹੀਆਂ ਸਾਰੇ ਰਾਹ।

ਸਬਜ਼ੀਆਂ ਦੀ ਕਾਸ਼ਤ ਹਰ ਕਿਸਾਨ ਕਰੇ, ਇਸ ਮਜਮੂਨ ਉਪਰ ਗੱਲ ਕਰਨ ਲਈ ਮਾਹਿਰ ਨੇ ਵਾਰਤਾ ਪੜ੍ਹਨੀ ਸੀ। ਗੱਲ ਇਥੋਂ ਸ਼ੁਰੂ ਕਰਨੀ ਸੀ-ਸਬਜ਼ੀਆਂ ਇਸ ਕਰ ਕੇ ਮਹਿੰਗੀਆਂ ਹਨ ਕਿਉਂਕਿ ਅਸੀਂ ਆਪ ਉਨ੍ਹਾਂ ਦੀ ਕਾਸ਼ਤ ਕਰਨੀ ਬੰਦ ਕਰ ਦਿੱਤੀ। ਚੌਧਰੀ ਨੇ ਕਿਹਾ-ਚਾਚਾ ਨਿਜ਼ਾਮੁਦੀਨ, ਕੀ ਗੱਲ, ਸਬਜ਼ੀਆਂ ਦੇ ਭਾਅ ਅਸਮਾਨੀ ਕਿਉਂ ਜਾ ਲੱਗੇ?

ਨਿਜ਼ਾਮੁਦੀਨ ਬੋਲਿਆ, ਸਬਜ਼ੀਆਂ ਵੇਚਣ ਵਾਲੇ ਹਕੂਮਤ ਕਰਨ ਲੱਗ ਜਾਣ ਤਾਂ ਸਬਜ਼ੀਆਂ ਦੇ ਭਾਅ ਉਪਰ ਚੜ੍ਹਨਗੇ ਈ ਚੜ੍ਹਨਗੇ।

ਜ਼ਿਆ-ਉਲ ਹੱਕ ਉਦੋਂ ਪ੍ਰੈਜ਼ੀਡੈਂਟ ਸੀ। ਉਹ ਜਲੰਧਰ ਜ਼ਿਲੇ ਦਾ ਅਰਾਈਂ ਸੀ। ਸਬਜ਼ੀਆਂ ਬੀਜਣ ਤੇ ਵੇਚਣ ਦਾ ਕੰਮ ਗਰੀਬ ਅਰਾਈਂ ਕਰਿਆ ਕਰਦੇ ਸਨ। ਇਸ ਟਿੱਪਣੀ ਸਦਕਾ ਉਸ ਨੂੰ ਨੌਕਰੀਓਂ ਮੁਅੱਤਲ ਕੀਤਾ ਗਿਆ।

ਇਕ ਦਿਨ ਚੌਧਰੀ ਨੇ ਕਿਹਾ-ਨਿਜ਼ਾਮੁਦੀਨ, ਫਸਲਾਂ ਵਾਹਵਾ ਹੋ ਰਹੀਆਂ ਨੇ ਹੁਣ ਪੰਜਾਬ ਵਿਚ, ਕਿਸਾਨੀ ਖੁਸ਼ਹਾਲ ਹੋ ਰਹੀ ਹੈ। ਇਸ ਦੀ ਵਜ੍ਹਾ?

ਨਿਜ਼ਾਮੁਦੀਨ ਦਾ ਜਵਾਬ ਸੀ: ਇਸ ਦੀ ਵਜ੍ਹਾ ਇਹ ਹੈ ਕਿ ਸੋਨਾ ਮਹਿੰਗਾ ਹੋ ਗਿਆ।

ਚੌਧਰੀ ਨੇ ਪੁੱਛਿਆ-ਜੀ ਇਸ ਦਾ ਸੋਨੇ ਦੀ ਮਹਿੰਗਾਈ ਨਾਲ ਤਅਲੁਕ?

ਜਵਾਬ ਸੀ: ਗੀਤ ਨਹੀਂ ਸੁਣਿਆ?

ਤੇਰੇ ਲੌਂਗ ਦਾ ਪਿਆ ਲਿਸ਼ਕਾਰਾ
ਹਾਲੀਆਂ ਨੇ ਹਲ ਡੱਕ ਲਏ।

ਹੁਣ ਸੋਨਾ ਹੋ ਗਿਆ ਬਹੁਤਾ ਮਹਿੰਗਾ, ਸੁਆਣੀਆਂ ਲੌਂਗ ਪਹਿਨ ਨਹੀਂ ਸਕਦੀਆਂ। ਨਾ ਲਿਸ਼ਕਾਰਾ ਪਵੇ, ਨਾ ਹਾਲੀ ਹਲ ਰੋਕਣ। ਬਸ ਵਾਹੀ ਕਰੀ ਜਾਂਦੇ ਨੇ ਤੇ ਫਸਲਾਂ ਖੂਬ ਹੁੰਦੀਆਂ ਨੇ।

ਚੌਧਰੀ ਨੇ ਖਬਰ ਸਾਂਝੀ ਕੀਤੀ ਕਿ ਹਿੰਦੁਸਤਾਨ ਵਿਚ ਕੁਰਾਨ ਸ਼ਰੀਫ ਦਾ ਹਿੰਦੀ ਤਰਜਮਾ ਛਪ ਗਿਐ। ਨਿਜ਼ਾਮੁਦੀਨ ਨੇ ਕਿਹਾ-ਜੀ ਪਾਕਿ ਕੁਰਾਨ ਦਾ ਤਰਜਮਾ ਦੁਨੀਆਂ ਦੀ ਕਿਸੇ ਜ਼ੁਬਾਨ ਵਿਚ ਵੀ ਸਹੀ ਨਹੀਂ ਹੋ ਸਕਦਾ, ਪਰ ਹਿੰਦੀ ਵਿਚ ਤਾਂ ਤਰਜਮਾ ਉਕਾ ਨ੍ਹੀਂ ਹੋ ਸਕਦਾ।

ਚੌਧਰੀ ਨੇ ਪੁੱਛਿਆ-ਕਿਉਂ?

ਨਿਜ਼ਾਮੁਦੀਨ ਬੋਲਿਆ, ਜੀ ਹਿੰਦੀ ਤੋਂ ਐਸੀ ਭਾਸ਼ਾ ਹੈ ਕਿ ਇਸਮੇਂ ਸਿਰਫ ਛਿਮਾ ਹੀ ਮਾਂਗੀ ਜਾ ਸਕਤੀ ਹੈ, ਕੁਰਾਨ ਸ਼ਰੀਫ ਦੀ ਗੱਲ ਕੀ ਕਰਨੀ।

ਵਾਰਸ ਸ਼ਾਹ ਅਤੇ ਮੁਹੰਮਦ ਇਕਬਾਲ ਦੀ ਸ਼ਾਇਰੀ ਦੰਗ ਕਰ ਦੇਣ ਦੀ ਹੱਦ ਤੱਕ ਉਸ ਨੂੰ ਯਾਦ ਸੀ। ਸਹੀ ਥਾਂ 'ਤੇ ਸਹੀ ਸ਼ਿਅਰ ਸੁਣਾ ਕੇ ਨਿਹਾਲ ਕਰ ਦਿੰਦਾ। ਕਦੀ ਕਦਾਈਂ ਉਸ ਦਾ ਬੋਲ ਇਉਂ ਹੁੰਦਾ-ਚੌਧਰੀ ਜੀ ਸੁੱਟਾਂ ਤੁਹਾਡੇ ਵਲ ਸ਼ਿਅਰ ਕੋਈ, ਬੋਚ ਲਓਗੇ?

ਮੰਡੀਆਂ ਦੇ ਭਾਅ ਦੱਸਣੇ ਸਨ। ਚੌਧਰੀ ਨੇ ਕਿਹਾ-ਲਓ ਚਾਚਾ! ਹੁਣ ਜਿਣਸਾਂ ਦੇ ਤਾਜ਼ਾ ਤਰੀਨ ਭਾਅ ਸੁਣੋ।

ਨਿਜ਼ਾਮੁਦੀਨ ਦਾ ਜਵਾਬ ਸੀ-ਸੁਣਾ ਲਓ ਜਿਸ ਨੂੰ ਸੁਣਾਣੇ ਨੇ। ਮੈਂ ਰਤਾ ਅੱਖ ਲਾ ਲੈਨਾ ਏਨੀ ਦੇਰ।

ਸਰੋਤਿਆਂ ਦੇ ਖਤਾਂ ਦਾ ਜਵਾਬ ਦਿੱਤਾ ਜਾ ਰਿਹਾ ਸੀ। ਇਕ ਦਾ ਖਤ ਸੀ-ਮੈਂ ਤੁਹਾਨੂੰ ਬੇਸ਼ੁਮਾਰ ਖਤ ਲਿਖ ਬੈਠਾਂ। ਇਕ ਖਤ ਦਾ ਵੀ ਜਵਾਬ ਨਹੀਂ ਦਿੱਤਾ ਤੁਸੀਂ। ਇਸ ਦਾ ਮਤਲਬ ਖਤ ਨਾ ਲਿਖਾਂ, ਜੇ ਖਤ ਲਿਖਣ ਦਾ ਕੋਈ ਫਾਇਦਾ ਹੀ ਨਹੀਂ।

ਨਿਜ਼ਾਮੁਦੀਨ ਨੇ ਕਿਹਾ-ਨਹੀਂ ਖਤ ਲਿਖਦੇ ਰਹੋ। ਖਤ ਲਿਖਣ ਦਾ ਬੜਾ ਫਾਇਦੈ। ਤੁਹਾਡੀ ਲਿਖਾਈ ਬੜੀ ਮਾੜੀ ਹੈ, ਪੜ੍ਹੀ ਨਹੀਂ ਜਾਂਦੀ। ਖਤ ਲਿਖਦੇ ਰਹੋਗੇ ਤਾਂ ਰਿਆਜ਼ ਕਰਦਿਆਂ ਕਰਦਿਆਂ ਲਿਖਾਈ ਸੌਰ ਜਾਏਗੀ।

ਵਿਦਵਾਨ ਨੇ ਪੰਜਾਬੀ ਜ਼ਬਾਨ ਦੀ ਅਮੀਰੀ ਉਪਰ ਸੁਹਣੀ ਵਾਰਤਾ ਪੜ੍ਹੀ। ਚੌਧਰੀ ਨੇ ਕਿਹਾ-ਚਾਚਾ ਇਸ ਪੁਰਨੂਰ ਗੁਫਤਗੂ ਵਿਚ ਤੁਸੀਂ ਬੋਲੇ ਈ ਨ੍ਹੀਂ। ਤੁਹਾਡੀ ਪੰਜਾਬੀ ਸੁਣ ਕੇ ਸਰੂਰ ਆ ਜਾਂਦੈ, ਫਿਰ ਖਾਮੋਸ਼ ਕਿਉਂ ਬੈਠੇ ਰਹੇ? ਨਿਜ਼ਾਮੁਦੀਨ ਬੋਲਿਆ, ਸਰਸ਼ਾਰ ਹੁੰਦਾ ਰਿਹਾ ਇਲਮ ਦੀਆਂ ਗੱਲਾਂ ਸੁਣਦਾ ਸੁਣਦਾ, ਸੋਚੀ ਗਿਆ-ਗਰਮ ਰੁੱਤੇ ਰਾਵੀ ਦੇ ਕਿਨਾਰੇ ਬੈਠਾ ਹੋਵਾਂ, ਸਾਰੀ ਸ਼ੀਰੀਂ ਪੰਜਾਬੀ ਜ਼ਬਾਨ ਇਸ ਵਿਚ ਘੋਲ ਕੇ ਪੀ ਜਾਵਾਂ, ਪਰ ਕਰਾਂ ਕੀ, ਹੱਥ ਨਈਂ ਆਂਵਦੀ।

-ਹਰਪਾਲ ਸਿੰਘ ਪੰਨੂ

## ਕੁਦਰਤ ਦਾ ਅਨੁਭਵ


ਕਿੰਨੀ ਤਲਖੀ ਸੀ ਅੱਜ ਅਸਮਾਨ 'ਚ
ਹਰ ਸ਼ੈਅ ਪਿਘਲਦੀ ਸੀ ਨਜ਼ਰ ਆ ਰਹੀ।
ਸ਼ਾਮ ਪਈ ਝੂਮਦੇ ਨਜ਼ਰ ਆਏ ਟਹਿਣ
ਜਾਣ ਥੱਲੇ ਨੂੰ ਫਿਰ ਉਤੇ ਉਠਦੇ
ਫਿਰ ਝੂਮਦੇ ਉਲਰ ਜਾਂਦੇ ਉਪਰ ਨੂੰ।
ਸਰੂਰ 'ਚ ਸ਼ਰਾਬੀ ਜਿਵੇਂ ਹੱਥ ਉਲਾਰਦਾ
ਨੱਚ ਨੱਚ ਭੰਗੜਾ ਪਾ ਰਹੇ ਦ੍ਰਿਸ਼ ਦਿਸਣ।
ਨੱਚਦੀ ਕੁਦਰਤ, ਸੰਘਣੀ ਥਾਂ ਦਿਸੇ
ਸੁਹਾਵਣੀ ਕਿੰਜ ਅੱਜ ਨਜ਼ਰ ਆ ਰਹੀ
ਤੇ ਸਭ ਪ੍ਰਵਾਨ ਅੱਖਾਂ ਸਾਹਮਣੇ।
ਪਤਝੜ ਖਤਮ ਹੁੰਦਿਆਂ ਹੀ
ਨਵਾਂ ਜੀਵਨ ਪੱਤਿਆਂ 'ਚ ਪਰਤਿਆ
ਸਿਰਫ ਇਕ ਟਾਹਣੀ ਨਹੀਂ
ਦਰਖਤ ਦੀ ਹਰ ਟਾਹਣੀ
ਝੂਮ ਝੂਮ ਜੋਬਨ ਦਿਖਾ ਰਹੀ।
ਵੰਗਾਰ ਰਹੀ ਸਾਨੂੰ ਵਾਰ ਵਾਰ
ਕਿ ਸੁੱਤੇ ਨਾ ਰਹੋ ਹੁਣ
ਉਠੋ, ਨਵੀਂ ਸਵੇਰ ਹੈ ਆ ਰਹੀ।

-ਦਰਸ਼ਨਪਾਲ ਦੋਸਾਂਝ

## ਸੰਪਾਦਕ ਦੀ ਡਾਕ

# ਮੋ ਕਉ ਇਹ ਬਿਧਿ ਕੋ ਸਮਝਾਵੈ

**ਗਉੜੀ ਮਾਲਾ ਮਹਲਾ ੫**
ਮੋ ਕਉ ਇਹ ਬਿਧਿ ਕੋ ਸਮਝਾਵੈ॥
ਕਰਤਾ ਹੋਇ ਜਨਾਵੈ॥੧॥ ਰਹਾਉ॥
ਅਨਜਾਨਤ ਕਿਛੁ ਇਨਹਿ ਕਮਾਨੋ
ਜਪ ਤਪ ਕਛੂ ਨ ਸਾਧਾ॥
ਦਹ ਦਿਸਿ ਲੈ ਇਹੁ ਮਨੁ ਦਉਰਾਇਓ
ਕਵਨ ਕਰਮ ਕਰਿ ਬਾਧਾ॥੧॥
ਮਨ ਤਨ ਧਨ ਭੂਮਿ ਕਾ ਠਾਕੁਰੁ
ਹਉ ਇਸ ਕਾ ਇਹੁ ਮੇਰਾ॥
ਭਰਮ ਮੋਹ ਕਛੁ ਸੂਝਸਿ ਨਾਹੀ
ਇਹ ਪੈਖਰ ਪਏ ਪੈਰਾ॥੨॥
ਤਬ ਇਹੁ ਕਹਾ ਕਮਾਵਨ ਪਰਿਆ
ਜਬ ਇਹੁ ਕਛੂ ਨ ਹੋਤਾ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ
ਸਭੁ ਕਿਛੁ ਆਪਹਿ ਕਰਤਾ॥੩॥



ਅਪਨੇ ਕਰਤਬ ਆਪੇ ਜਾਨੈ
ਜਿਨਿ ਇਹੁ ਰਚਨੁ ਰਚਾਇਆ॥
ਕਹੁ ਨਾਨਕ ਕਰਣਹਾਰੁ ਹੈ ਆਪੇ
ਸਤਿਗੁਰਿ ਭਰਮੁ ਚੁਕਾਇਆ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਅੰਦਰ ਸੰਸਾਰ ਦੇ ਜੀਵਾਂ ਨੂੰ ਉਪਦੇਸ਼ ਕਰਦੇ ਆਖ ਰਹੇ ਹਨ- ਮੋ ਕਉ ਇਹ ਬਿਧਿ ਕੋ ਸਮਝਾਵੈ, ਹੇ ਭਾਈ! ਮੈਨੂੰ ਕੋਈ ਇਹ ਵਿਧੀ ਜਾਂ ਤਰੀਕਾ ਸਮਝਾ ਸਕਦਾ ਹੈ; ਕਰਤਾ ਹੋਇ ਜਨਾਵੈ, ਇਹ ਵਿਧੀ ਤਾਂ ਮੈਨੂੰ ਉਹ ਹੀ ਸਮਝਾ ਸਕਦਾ ਹੈ ਜੋ ਪਹਿਲਾਂ ਆਪ ਉਸ ਕਰਤਾ ਪ੍ਰਭੂ ਵਰਗਾ ਹੀ ਹੋ ਗਿਆ ਹੋਵੇ, ਉਸ ਵਿਚ ਤੇ ਪ੍ਰਭੂ ਵਿਚ ਭਿੰਨ-ਭੇਦ ਨਾ ਹੋਵੇ।

ਅਨਜਾਨਤ ਕਿਛੁ ਇਨਹਿ ਕਮਾਨੋ
ਜਪ ਤਪ ਕਛੂ ਨ ਸਾਧਾ॥
ਦਹ ਦਿਸਿ ਲੈ ਇਹੁ ਮਨੁ ਦਉਰਾਇਓ
ਕਵਨ ਕਰਮ ਕਰਿ ਬਾਧਾ॥੧॥

ਸਤਿਗੁਰ ਆਖਦੇ ਹਨ, ਅਗਿਆਨਤਾ ਵਿਚ ਫਸੇ ਜੀਵ ਨੇ ਆਪਣੇ ਆਪ ਨੂੰ ਵਿਕਾਰਾਂ ਵੱਲੋਂ ਰੋਕਣ ਲਈ ਕੋਈ ਉਦਮ-ਉਪਰਾਲਾ ਨਹੀਂ ਕੀਤਾ, ਉਸ ਮਿਹਰਬਾਨ ਪ੍ਰਭੂ ਦਾ ਸਿਮਰਨ ਨਹੀਂ ਕੀਤਾ; ਦਹ ਦਿਸਿ ਲੈ ਇਹੁ ਮਨੁ ਦਉਰਾਇਓ, ਅਗਿਆਨਤਾ ਵਿਚ ਫਸਿਆ ਇਹ ਜੀਵ ਆਪਣੇ ਮਨ ਨੂੰ ਦਸੀਂ ਪਾਸੀਂ ਦੁੜਾਈ ਫਿਰਦਾ ਹੈ, ਇਸ ਨੇ ਕਦੀ ਸੋਚਿਆ ਹੀ ਨਹੀਂ ਕਿ ਨਾਮ ਸਿਮਰਨ ਛੱਡ ਕੇ ਇਹ ਕਿਹੜੇ ਕਰਮਾਂ ਵਿਚ ਲੱਗਾ ਹੈ।

ਮਨ ਤਨ ਧਨ ਭੂਮਿ ਕਾ ਠਾਕੁਰੁ
ਹਉ ਇਸ ਕਾ ਇਹੁ ਮੇਰਾ॥
ਭਰਮ ਮੋਹ ਕਛੁ ਸੂਝਸਿ ਨਾਹੀ

## ਗੁਰਬਾਣੀ ਗਿਆਨ

ਇਹ ਪੈਖਰ ਪਏ ਪੈਰਾ॥੨॥

ਮੋਹ ਮਾਇਆ ਵਿਚ ਫਸ ਕੇ ਇਹ ਜੀਵ ਹਰ ਵੇਲੇ ਇਹੋ ਆਖਦਾ ਹੈ ਕਿ ਮੈਂ ਆਪਣੀ ਜਿੰਦ-ਜਾਨ, ਸਰੀਰ, ਧਨ-ਦੌਲਤਾਂ ਤੇ ਧਰਤੀ ਦਾ ਮਾਲਕ ਹਾਂ; ਹਉ ਇਸ ਕਾ ਇਹੁ ਮੇਰਾ, ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਮਾਲਕ ਹਾਂ ਤੇ ਇਹ ਸਭ ਕੁਝ ਮੇਰਾ ਹੈ। ਇਨ੍ਹਾਂ ਭਰਮ-ਭੁਲੇਖਿਆਂ ਵਿਚ ਫਸੇ ਜੀਵ ਨੂੰ ਕੋਈ ਚੰਗਾ ਕੰਮ ਸੁੱਝਦਾ ਹੀ ਨਹੀਂ; ਇਹ ਪੈਖਰ ਪਏ ਪੈਰਾ, ਪਸ਼ੂ ਵਾਂਗ ਜੀਵ ਦੇ ਪੈਰਾਂ ਨੂੰ ਵੀ ਮਾਇਆ ਦੇ ਢੰਗੇ ਪਏ ਹੋਏ ਹਨ।

ਤਬ ਇਹੁ ਕਹਾ ਕਮਾਵਨ ਪਰਿਆ
ਜਬ ਇਹੁ ਕਛੂ ਨ ਹੋਤਾ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ
ਸਭੁ ਕਿਛੁ ਆਪਹਿ ਕਰਤਾ॥੩॥

ਗੁਰਦੇਵ ਆਖਦੇ ਹਨ, ਭਲਾ ਇਹ ਜੀਵ ਉਸ ਵੇਲੇ ਕੀ ਕਮਾਈਆਂ ਕਰਨ ਜੋਗਾ ਸੀ, ਜਦੋਂ ਇਸ ਦੀ ਕੋਈ ਹਸਤੀ ਹੀ ਨਹੀਂ ਸੀ, ਇਹ ਕੁਝ ਵੀ ਨਹੀਂ ਸੀ; ਜਬ ਏਕ ਨਿਰੰਜਨ ਨਿਰੰਕਾਰ ਪ੍ਰਭ, ਜਦੋਂ ਇਸ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਉਹ ਵਿਕਾਰਾਂ ਤੋਂ ਰਹਿਤ ਨਿਰਾਕਾਰ ਪ੍ਰਭੂ ਸਿਰਫ ਆਪ ਹੀ ਆਪ ਸੀ ਤੇ ਆਪ ਹੀ ਸਭ ਕੁਝ ਕਰਨ ਵਾਲਾ ਸੀ। ਇਹ ਗੱਲਾਂ ਗੁਰੂ ਤੋਂ ਬਿਨਾਂ ਕੌਣ ਦੱਸੇ।

ਅਪਨੇ ਕਰਤਬ ਆਪੇ ਜਾਨੈ
ਜਿਨਿ ਇਹੁ ਰਚਨੁ ਰਚਾਇਆ॥
ਕਹੁ ਨਾਨਕ ਕਰਣਹਾਰੁ ਹੈ ਆਪੇ
ਸਤਿਗੁਰਿ ਭਰਮੁ ਚੁਕਾਇਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਜਿਸ ਪ੍ਰਭੂ ਨੇ ਇਸ ਜਗਤ ਦੀ ਰਚਨਾ ਰਚੀ ਹੈ, ਉਹ ਆਪਣੇ ਕੌਤਕਾਂ ਨੂੰ ਆਪ ਹੀ ਵੇਖ ਰਿਹਾ ਹੈ ਤੇ ਆਪ ਹੀ ਉਨ੍ਹਾਂ ਨੂੰ ਜਾਣਦਾ ਹੈ। ਹੇ ਭਾਈ! ਉਹ ਕਰਨਹਾਰ ਕਰਤਾ ਸਭ ਕੁਝ ਕਰਨ ਦੇ ਸਮਰੱਥ ਹੈ, ਇਹ ਸਾਰਾ ਭਰਮ-ਭੁਲੇਖਾ ਸਤਿਗੁਰ ਨੇ ਦੂਰ ਕਰ ਦਿੱਤਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗਾਇਕੀ ਦਾ ਹਾਕਮ ਤੇ ਸੁਭਾਅ ਦਾ ਸੱਚੀਂ ਸੂਫੀ ਸੀ ਹਾਕਮ ਸੂਫੀ

(ਸਫਾ 21 ਦੀ ਬਾਕੀ)

ਪੀਲੇ ਰੰਗ ਦੇ ਚੌਲ ਖਾਣ ਦਾ ਸ਼ੌਕੀਨ ਸੀ ਅਤੇ ਆਖ ਦਿੰਦਾ ਸੀ, ਦੇਗ ਹੀ ਬਣਾ ਲਵੋ। ਅੱਜ ਇਸ ਭੇਦ ਨੂੰ ਵੀ ਖੋਲ੍ਹਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਇੰਨੇ ਦਿਨ ਰਹਿਣ ਦਾ ਉਹਦਾ ਮੁੱਖ ਮਕਸਦ ਮੈਨੂੰ ਓਸ਼ੋ ਦਾ ਚੇਲਾ ਬਣਾਉਣਾ ਸੀ। ਉਹ ਧੱਕੇ ਨਾਲ ਮੇਰੇ ਗਲ ਚਾਰ ਦਿਨ ਮਾਲਾ ਵੀ ਪਾਉਂਦਾ ਰਿਹਾ ਪਰ ਉਹ ਆਪਣੇ ਯਤਨਾਂ ਵਿਚ ਸਫਲ ਨਾ ਹੋ ਸਕਿਆ। ਹਾਲਾਂਕਿ 'ਇਕ ਓਂਕਾਰ' ਤੋਂ ਲੈ ਕੇ 'ਅਕਥ ਕਹਾਣੀ ਪ੍ਰੇਮ ਕੀ' ਤੇ 'ਸੰਭੋਗ ਤੋਂ ਸਮਾਧੀ ਤੱਕ' ਵਰਗੀਆਂ ਗਿਆਰਾਂ ਪੁਸਤਕਾਂ ਓਸ਼ੋ ਦੀਆਂ ਮੈਂ ਹਾਕਮ ਸੂਫੀ ਦੇ ਕਹਿਣ 'ਤੇ ਹੀ ਪੜ੍ਹੀਆਂ। ਓਸ਼ੋ ਦਾ ਨਾ ਵੀ ਅਸਰ ਹੋਇਆ ਹੋਵੇ ਪਰ ਜੀਵਨ ਫਿਲਾਸਫੀ ਦਾ ਇਕ ਵੱਖਰਾ ਰੰਗ ਇਨ੍ਹਾਂ ਕਿਤਾਬਾਂ 'ਚੋਂ ਮੈਂ ਸਿਰਫ ਹਾਕਮ ਕਰਕੇ ਹੀ ਹਾਸਲ ਕਰ ਸਕਿਆ ਹਾਂ।

1996 ਵਿਚ ਸ਼ੌਂਕੀ ਮੇਲੇ 'ਤੇ ਸਨਮਾਨ ਕਰਨ ਦਾ ਫੈਸਲਾ ਮੈਂ ਉਦੋਂ ਲੈ ਸਕਿਆ ਜਦੋਂ ਸ਼ੌਂਕੀ ਮੇਲੇ ਦੀਆਂ ਦੋਵੇਂ ਲੱਤਾਂ ਢਾਡੀ ਅਮਰ ਸਿੰਘ ਸ਼ੌਂਕੀ ਦੇ ਮੁੰਡੇ ਵਿਰੋਧੀਆਂ ਨੂੰ ਨਾਲ ਲੈ ਕੇ ਉਵੇਂ ਖਿੱਚਣ ਲੱਗ ਪਏ ਸਨ ਜਿਵੇਂ ਮਾੜੀ ਟੀਮ ਰੱਸਾ ਕਸ਼ੀ ਲਈ ਐਂਟਰੀ ਕਰਵਾ ਬਹਿੰਦੀ ਹੈ। ਮੈਨੂੰ ਯਾਦ ਹੈ, ਉਸ ਵੇਲੇ ਗੜ੍ਹਸ਼ੰਕਰ ਦੇ ਐਸ ਡੀ ਐਮ ਬਲਵਿੰਦਰ ਸਿੰਘ ਮੁਲਤਾਨੀ ਸਨ। ਮੈਂ ਮੇਲਾ ਛੱਡਣ ਦੇ ਰੌਂਅ 'ਚ ਸੀ ਪਰ ਮੈਨੂੰ ਮੁਲਤਾਨੀ ਕਹਿਣ ਲੱਗਾ ਕਿ "ਲੋਕਾਂ 'ਚ ਮੇਲਾ ਲਾਇਆ, ਤੈਨੂੰ ਲੋਕਾਂ 'ਚ ਜਾ ਕੇ ਹੀ ਛੱਡਣਾ ਚਾਹੀਦਾ।"

ਉਸ ਸਾਲ ਮੈਂ 28-29 ਦੀ ਥਾਂ ਮੈਂ 27 ਜਨਵਰੀ ਨੂੰ ਇਕ ਦਿਨਾ ਮੇਲਾ ਲਾਇਆ ਤੇ ਇਸ ਮੇਲੇ 'ਚ ਹਾਕਮ ਸੂਫੀ ਦਾ ਸਨਮਾਨ ਕਰਨ 'ਚ ਸਫਲ ਹੋ ਹੀ ਗਿਆ। ਖਾਸ ਗੱਲ ਇਹ ਸੀ ਕਿ ਇਸ ਮੇਲੇ 'ਚ ਸਰਦੂਲ ਸਕੰਦਰ ਵੀ ਆਇਆ, ਅਮਰ ਨੂਰੀ ਵੀ, ਕਮਲਜੀਤ ਨੀਰੂ ਵੀ, ਪੰਮੀ ਬਾਈ ਵੀ, ਤੇ ਗੁਰਕਿਰਪਾਲ ਸੂਰਾਪੁਰੀ ਵੀ। ਹਾਕਮ ਦੇ ਸਨਮਾਨ ਉਪਰੰਤ ਜਦੋਂ ਮੈਂ ਮੇਲਾ ਛੱਡਣ ਦੇ ਐਲਾਨ ਕਰਨ ਵੇਲੇ ਇਹ ਕਿਹਾ ਕਿ ਦਿੱਲੀ ਦਾ ਏਅਰਪੋਰਟ ਜੇ ਇੰਦਰਾ ਗਾਂਧੀ ਦੇ ਨਾਮ 'ਤੇ ਬਣਿਆ ਹੋਇਐ ਤਾਂ ਇਹ ਇਕ ਸ਼ਰਧਾ ਜਾਂ ਸਮਰਪਣ ਹੈ ਤੇ ਜੇ ਸੋਨੀਆਂ ਗਾਂਧੀ ਜਾਂ ਨਹਿਰੂ ਪਰਿਵਾਰ ਜਾ ਕੇ ਕਹੇ ਕਿ ਏਅਰਪੋਰਟ ਸਾਡਾ ਹੈ, ਸਾਨੂੰ ਦਿਓ ਤਾਂ ਮੈਂ ਸਮਝਦਾਂ ਕਿ ਲੋਕ ਮੂਰਖਤਾ ਦੇ ਹੱਕ 'ਚ ਰੱਜ ਕੇ ਤਾੜੀਆਂ ਵਜਾਉਣਗੇ, ਅੱਗੋਂ ਤੋਂ ਮੈਂ ਇਸ ਇਕੱਠ ਵਿਚ ਲੋਕਾਂ ਨੂੰ ਇਹ ਕਹਾਂਗਾ ਕਿ ਜੇ ਕੋਈ ਮੇਲਾ ਲਾਵੇ ਤਾਂ ਆਪੋ ਆਪਣੇ ਪਿਓ ਦੇ ਨਾਂ 'ਤੇ ਹੀ ਲਾ ਲੈਣਾ ਚਾਹੀਦਾ ਹੈ। ਜਿੰਨੀ ਮਿਹਨਤ ਮੈਂ ਇਸ ਮੇਲੇ ਲਈ ਕੀਤੀ ਹੈ, ਇਸ ਮੇਲੇ ਦਾ ਨਾਂ 'ਗਧਾ ਮੇਲਾ' ਵੀ ਰੱਖ ਲੈਂਦਾ ਤਾਂ ਵੀ ਸਫਲ ਹੋ ਜਾਣਾ ਸੀ।

ਮੈਨੂੰ ਭਾਵੁਕ ਹੋਏ ਨੂੰ ਵੇਖ ਕੇ ਹਾਕਮ ਪੰਡਾਲ ਵਿਚੋਂ ਸਿੱਧਾ ਸਟੇਜ 'ਤੇ ਆਇਆ। ਮਾਈਕ ਹੱਥ 'ਚੋਂ ਖਿੱਚ ਲਿਆ। ਉਹਦੇ ਸ਼ਬਦਾਂ ਦੀ ਇਬਾਰਤ ਦੇਖੋ, "ਸਾਡੇ ਵਰਗੇ ਫੱਕਰਾਂ ਨਾਲ ਰਹਿਣ ਵਾਲਾ ਅਸ਼ੋਕ ਅੱਜ ਮੈਂ ਪਹਿਲੀ ਵਾਰ ਓਦਰਿਆ ਵੇਖਿਆ ਹੈ। ਬਾਬਿਆਂ ਨੂੰ ਹੋ ਪਤਾ ਨਹੀਂ ਕੀ ਗਿਆ! ਪਰ ਜੇ ਅੱਗੇ ਤੋਂ ਵੀ ਮੇਲਾ ਲਾਉਣਾ ਚਾਹੇ ਤਾਂ ਮੈਂ ਤਾਂ ਕੀ ਹਰ ਰਾਗੀ, ਢਾਡੀ, ਗਵੱਈਆ, ਗੀਤਕਾਰ, ਸੰਗੀਤਕਾਰ ਤੇ ਸਾਜ਼ੀ-ਸਾਜਿੰਦਾ ਬਾਬਿਆਂ ਨਾਲ ਖੜਾ ਰਹੇਗਾ।" ਤੇ ਮਾਈਕ ਉਹਨੇ ਪਿੱਠ ਵੱਲ ਕਰਕੇ ਖੱਬੀ ਬਾਂਹ ਮੇਰੇ ਗਲ 'ਚ ਪਾ ਕੇ ਆਪਣੇ ਗਲ ਨਾਲ ਲਾ ਲਿਆ ਤੇ ਮੱਥਾ ਚੁੰਮ ਕੇ ਇਕ ਲੰਬੀ ਹੇਕ 'ਚ ਗੀਤ ਵਾਂਗ ਕਹਿਣ ਲੱਗਾ, "ਤੂੰ ਯਾਰ ਅਸਾਡਾ ਏਂ ਅਸੀਂ ਤੇਰੇ ਯਾਰ ਕਹਾਵਾਂਗੇ, ਜਿਥੇ ਵੀ ਆਖੇਂਗਾ ਜਿੰਦ ਘੋਲ ਘੁਮਾਵਾਂਗੇ।"

ਮੇਲਾ ਛੱਡਣ ਦੇ ਦੁੱਖ ਨਾਲੋਂ ਜਿਸ ਗੱਲ ਦਾ ਮੈਨੂੰ ਸਕੂਨ ਮਿਲਦਾ ਰਿਹਾ ਉਹ ਇਹ ਕਿ ਹਾਕਮ ਸੂਫੀ ਵਰਗੀਆਂ ਅਨੇਕਾਂ ਮਹਾਨ ਸੁਰਾਂ ਮੇਰੇ ਸੱਜੇ-ਖੱਬੇ ਹੀ ਨਹੀਂ ਅੱਗੜ-ਪਿੱਛੜ ਵੀ ਰਹੀਆਂ ਹਨ।

ਇਹ ਕਹਾਣੀ ਕੁਝ ਸਾਲ ਹੀ ਪੁਰਾਣੀ ਹੈ। ਹਾਕਮ ਨੇ ਇਕ ਗੀਤ ਰਿਕਾਰਡ ਕਰਵਾਇਆ 'ਵਟਣਾ' ਜਿਸ ਦਾ ਮੁਖੜਾ ਸੀ:

ਵਟਣਾ ਮਲ ਕੁੜੀਏ
ਤੇਰਾ ਰੂਪ ਨਿਖਰਦਾ ਜਾਵੇ
ਇਹ ਵਟਣਾ ਤੇਰੇ ਸੋਹਣੇ ਵਰਗਾ
ਮਹਿੰਦੀ ਵੀ ਸ਼ਰਮਾਵੇ...

ਇਸ ਗੀਤ ਨੂੰ ਜੇ ਹੁਣ ਵੀ ਧਿਆਨ ਨਾਲ ਸੁਣੋਗੇ ਤਾਂ ਥੋਨੂੰ ਲੱਗੇਗਾ ਕਿ ਵਰਤਮਾਨ ਯੁੱਗ ਵਿਚ ਪੰਜਾਬੀ ਗੀਤਾਂ ਨੂੰ ਲੋਕ ਗੀਤਾਂ ਵਾਂਗ ਜਿਉਂਦੇ ਰੱਖਣ ਦਾ ਉਹ ਸੰਕਲਪ ਹਾਕਮ ਸੂਫੀ ਦੇ ਇਸ ਗੀਤ 'ਚ ਹੈ। ਉਹ ਚਾਹੁੰਦਾ ਸੀ ਕਿ ਇਸ ਦਾ ਫਿਲਮਾਂਕਣ ਬਹੁਤ ਚੰਗੀ ਤਰ੍ਹਾਂ ਹੋਵੇ। ਪਰ ਜਿਵੇਂ ਕਹਿੰਦੇ ਨੇ ਕਿ ਗਰੀਬ ਦੇ ਪੈਰ 'ਚ ਕੋੜਾ ਨਿਕਲ ਆਵੇ ਤਾਂ ਸਫਰ ਵੀ ਤੇ ਜ਼ਿੰਦਗੀ ਵੀ-ਦੋਵੇਂ ਉਖੜ ਜਾਂਦੇ ਨੇ। ਇਸ ਗੀਤ ਦਾ ਫਿਲਮਾਂਕਣ ਤਾਂ ਹੋਇਆ ਪਰ ਉਵੇਂ ਜਿਵੇਂ ਰੱਜ ਕੇ ਸੁਨੱਖੀ ਕੁੜੀ ਨੂੰ ਡੋਲੀ ਤੋਰਨ ਵੇਲੇ ਲਾਲ ਸੂਟ ਨਾ ਨਸੀਬ ਹੋਇਆ ਹੋਵੇ। ਫੋਨ 'ਤੇ ਕਿਸੇ ਗੱਲਬਾਤ 'ਚ ਉਹ ਮੈਨੂੰ ਕਹਿੰਦਾ ਰਿਹਾ ਕਿ ਤੂੰ ਇਸ ਗੀਤ ਵੱਲ ਤਵੱਕੋਂ ਦੇਹ ਪਰ ਮੈਨੂੰ ਦੁੱਖ ਹੈ ਕਿ ਯਾਰ ਦੇ ਪਹਿਲੇ ਸਵਾਲ ਦਾ ਮੈਂ ਸਹੀ ਉਤਰ ਨਹੀਂ ਦੇ ਸਕਿਆ।

ਸ਼ੂਗਰ ਦੀ ਬਿਮਾਰੀ ਨੇ ਦੁਨੀਆਂ ਦੀ ਬਹੁਗਿਣਤੀ ਉਵੇਂ ਘੇਰ ਲਈ ਹੈ ਜਿਵੇਂ ਅਫਗਾਨਿਸਤਾਨ ਨੂੰ ਤਾਲਿਬਾਨਾਂ ਨੇ ਘੇਰ ਲਿਆ ਹੈ। ਕਿਉਂਕਿ ਇਹ ਉਹ ਬਿਮਾਰੀ ਹੈ ਜਿਹੜੀ ਬੰਦੇ ਨੂੰ ਅਦਰੋਂ ਵੀ ਤੇ ਬਾਹਰੋਂ ਵੀ ਖਾ ਜਾਂਦੀ ਹੈ, ਤੇ ਧਾਹ ਇਸ ਕਰਕੇ ਨਿਕਲਦੀ ਹੈ ਕਿ ਇਸੇ ਬਿਮਾਰੀ ਨੇ ਸਾਡੇ ਯਾਰ, ਸਾਡੇ ਮਿੱਤਰ, ਸਾਡੇ ਭਰਾ, ਇਕ ਸੰਤ, ਇਕ ਫਕੀਰ ਦੀ ਜ਼ਿੰਦਗੀ ਵਾਂਗ ਕਲਾ ਵੀ ਨਿਗਲ ਲਈ ਹੈ। ਜਿਸ ਦਿਨ ਉਸ ਨੇ ਆਖਰੀ ਸਾਹ ਲਿਆ, ਲਗਦਾ ਨਹੀਂ ਸੀ ਕਿ ਉਹ ਉਹੀ ਹਾਕਮ ਸੂਫੀ ਹੈ ਜਿਹੜਾ ਛੱਲਾ ਤੇ ਪਾਣੀ ਵਿਚ ਡੀਕਾਂ ਮਾਰਨ ਵਾਲੀਆਂ ਗੱਲਾਂ ਧੁਨਾਂ ਰਾਹੀਂ ਸੁਣਾਉਂਦਾ ਰਿਹਾ ਹੋਵੇ।

ਹਾਕਮ ਸੂਫੀ ਮੇਰੇ ਤੋਂ ਉਮਰ 'ਚ ਸਿਰਫ ਦਸ ਸਾਲ ਵੱਡਾ ਸੀ। ਪਰ ਮੈਂ ਸਿੱਖਿਆ ਉਹਦੇ ਤੋਂ ਉਹ ਕੁਝ ਹੈ ਜੋ ਕਈ ਸੌ ਸਾਲਾਂ ਦੀ ਉਮਰਾਂ ਵਾਲੇ ਲੋਕਾਂ ਤੋਂ ਹਾਸਲ ਹੁੰਦਾ ਹੈ।

ਕਈ ਵਾਰ ਰਾਹਾਂ 'ਚ ਲਿਖਿਆ ਹੁੰਦਾ ਹੈ, 'ਬਚ ਕੇ ਅੱਗੇ ਕੂਹਣੀ ਮੋੜ ਹੈ' ਪਰ ਧਰਾਤਲੀ ਰਸਤਿਆਂ ਤੋਂ ਤਾਂ ਤੁਸੀਂ ਸੰਭਲ ਸਕਦੇ ਹੋ ਪਰ ਮਨੁੱਖ ਨਹੀਂ ਜਾਣਦਾ ਕਿ ਜ਼ਿੰਦਗੀ ਰੋਜ਼ ਹੀ ਕੂਹਣੀ ਮੋੜ 'ਤੇ ਖੜੀ ਹੁੰਦੀ ਹੈ, ਪਤਾ ਨਹੀਂ ਮੌਤ ਦੀ ਗੱਡੀ ਕਿਧਰੋਂ ਆਣ ਕੇ ਟਕਰਾ ਜਾਵੇ। ਇਸੇ ਕੂਹਣੀ ਮੋੜ ਦਾ ਸ਼ਿਕਾਰ ਹਾਕਮ ਸੂਫੀ ਹੋ ਗਿਐ ਉਹ ਵੀ ਉਸ ਉਮਰੇ ਜਿਸ ਉਮਰੇ ਕਿਸੇ ਦੇ ਜਾਣ ਦੀਆਂ ਸੰਭਾਵਨਾਵਾਂ ਘੱਟ ਹੀ ਹੁੰਦੀਆਂ ਨੇ। ਕਹਿ ਸਕਦੇ ਹਾਂ ਕਿ ਰੱਬ ਜਾਂ ਧਰਮਰਾਜ ਗੁਣਵਾਨ ਤੇ ਕਲਾਕਾਰ ਲੋਕਾਂ ਨੂੰ ਵੀ 'ਖਾਸ ਰਿਆਇਤਾਂ' ਨਹੀਂ ਦਿੰਦਾ।

ਮੈਨੂੰ ਮਾਣ ਰਹੇਗਾ ਕਿ ਉਸ ਹਾਕਮ ਸੂਫੀ ਦੀ ਗੱਲ ਕਰਕੇ ਹਟਿਆ ਹਾਂ, ਉਸ ਹਾਕਮ ਸੂਫੀ ਨਾਲ ਰਹਿੰਦਾ ਰਿਹਾਂ ਹਾਂ, ਜਿਹਨੂੰ ਨਾਵਾਕਿਫ ਲੋਕ ਉਹਦੇ ਗੀਤਾਂ ਕਰਕੇ ਵੀ ਜਾਣਦੇ ਹਨ, ਤੇ ਸਹਿਜ ਸੁਭਾਅ 'ਮਲਕ ਦੇਣੀ' ਕਹਿ ਦਿੰਦੇ ਨੇ ਹਾਕਮ ਗੁਰਦਾਸ ਦਾ ਉਸਤਾਦ ਹੈ।

ਹਾਕਮ ਸੂਫੀ ਜ਼ਿੰਦਾ ਹੈ ਅਤੇ ਜ਼ਿੰਦਾਬਾਦ ਰਹੇਗਾ। ਮੌਤ ਨੇ ਸਰੀਰਾਂ ਨੂੰ ਤਾਂ ਖਾਣਾ ਹੀ ਹੁੰਦਾ ਹੈ।

# ਮਰਤਬਾਨ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਜਿਸ ਕਿਸੇ ਨੇ ਰੋਟੀ ਨਾਲ ਅਚਾਰ ਖਾਧਾ ਹੈ ਜਾਂ ਰੋਟੀ ਖਾਧੀ ਹੀ ਅਚਾਰ ਨਾਲ ਹੈ, ਉਸ ਨੇ ਚੀਨੀ ਮਿੱਟੀ ਦੇ ਬਣੇ ਮਰਤਬਾਨ ਜ਼ਰੂਰ ਵਰਤੇ ਜਾਂ ਦੇਖੇ ਹੋਣਗੇ। ਮੈ 'ਦੇਖੇ' ਇਸ ਲਈ ਕਿਹਾ ਹੈ ਕਿ ਕਈ, ਖਾਸ ਤੌਰ 'ਤੇ ਗਰੀਬ ਘਰਾਂ ਵਿਚ ਮਰਤਬਾਨ ਦੀ ਅਣਹੋਂਦ ਵਿਚ ਅਚਾਰ ਚਾਟੀ ਵਿਚ ਵੀ ਪਾਇਆ ਜਾਂਦਾ ਹੈ। ਉਂਜ ਅਚਾਰ ਤੇ ਮਰਤਬਾਨ ਦਾ ਜੋੜ ਕੁਝ ਇਸ ਤਰ੍ਹਾਂ ਲਗਦਾ ਹੈ ਜਿਵੇਂ ਦੋਵੇਂ ਇਕ ਦੂਜੇ ਲਈ ਹੀ ਬਣੇ ਹੋਣ। ਪਰ ਇਹ ਵੀ ਸੱਚ ਹੈ ਕਿ ਜਿਵੇਂ ਜਿਵੇਂ ਸਭਿਅਤਾ ਦਾ ਵਿਕਾਸ ਹੁੰਦਾ ਗਿਆ, ਮਰਤਬਾਨ ਅਲੋਪ ਹੁੰਦਾ ਗਿਆ!

ਹੋਰ ਪੁਰਾਤਨ ਉਪਯੋਗੀ ਚੀਜ਼ਾਂ ਵਾਂਗ ਮਰਤਬਾਨ ਵੀ ਸਜਾਵਟੀ ਵਸਤੂ ਬਣ ਕੇ ਰਹਿ ਗਏ ਹਨ। ਅੱਜ ਕਲ੍ਹ ਕਈ ਆਕਾਰਾਂ ਤੇ ਰੰਗਾਂ ਨਾਲ ਰੰਗੇ ਸਜਾਵਟੀ ਮਰਤਬਾਨ ਲੋਕਾਂ ਨੇ ਆਪਣੇ ਘਰੀਂ ਰੱਖੇ ਹੋਏ ਹਨ। ਖਾਣ-ਪੀਣ ਦੇ ਪਦਾਰਥ ਪਾਉਣ ਲਈ ਹੁਣ ਹੋਰ ਤਰ੍ਹਾਂ ਦੇ ਕੱਚ ਜਾਂ ਚੀਨੀ ਦੇ ਜਾਰ, ਕੈਨ, ਬੋਤਲਾਂ, ਡੱਬੇ ਆ ਗਏ ਹਨ। ਕੁਝ ਵੀ ਹੋਵੇ, ਭਾਰੀ ਪੇਂਦੇ, ਚੌੜੇ ਦਲ ਅਤੇ ਮੋਟੀ ਕਾਇਆ ਵਾਲੇ ਰੁਹਬਦਾਰ ਮਰਤਬਾਨਾਂ ਅੱਗੇ ਸਭ ਚੀਂਗਰਪੋਟ ਲਗਦੇ ਹਨ। ਮਰਤਬਾਨ ਵਿਚ ਆਮ ਤੌਰ 'ਤੇ ਅਚਾਰ ਤੋਂ ਬਿਨਾਂ ਮੁਰੱਬੇ, ਗੁਲਕੰਦ ਅਤੇ ਹੋਰ ਰਸਾਇਣ ਵੀ ਪਾਏ ਜਾਂਦੇ ਹਨ। ਬਹੁਤੇ ਪਦਾਰਥ ਅਰਬੀ-ਯੂਨਾਨੀ ਹਿਕਮਤ ਨਾਲ ਸਬੰਧ ਰਖਦੇ ਹਨ। ਇਸ ਲਈ ਇਹ ਵੀ ਕਿਹਾ ਜਾਂਦਾ ਹੈ ਕਿ ਭਾਂਡੇ ਦੇ ਨਾਲ ਸ਼ਬਦ ਮਰਤਬਾਨ ਵੀ ਅਰਬ ਤੋਂ ਹੀ ਆਇਆ ਹੈ।

ਕੁਝ ਥਾਂਵਾਂ 'ਤੇ ਮਰਤਬਾਨ ਨੂੰ ਇੰਮ੍ਰਿਤਬਾਨ ਵਜੋਂ ਵੀ ਉਚਾਰਿਆ ਜਾਂਦਾ ਹੈ ਇਸ ਲਈ ਇਹ ਵਿਚਾਰ ਵੀ ਪ੍ਰਚਲਿਤ ਹੈ ਕਿ ਮਰਤਬਾਨ ਅਸਲ ਵਿਚ ਅੰਮ੍ਰਿਤ ਰੱਖਣ ਵਾਲਾ ਭਾਂਡਾ ਹੀ ਹੈ। ਚੌਧਵੀਂ ਸਦੀ ਵਿਚ ਮਰਾਕੋ ਤੋਂ ਭਾਰਤ ਆਏ ਇਬਨਬਤੂਤਾ ਨੇ ਲਿਖਿਆ ਹੈ, "ਸ਼ਹਿਜ਼ਾਦੀ ਨੇ ਮੈਨੂੰ ਕਪੜੇ, ਦੋ ਹਾਥੀਆਂ ਦਾ ਲੱਦ ਚੌਲ, ਚਾਰ ਭਾਂਡੇ ਸ਼ਰਬਤ ਦੇ, ਦਸ ਭੇਡਾਂ, ਦੋ ਝੋਟੇ ਅਤੇ ਚਾਰ ਮਰਤਬਾਨ ਭੇਟ ਕੀਤੇ। ਇਨ੍ਹਾਂ ਮਰਤਬਾਨਾਂ ਵਿਚ ਕਾਲੀ ਮਿਰਚ ਅਤੇ ਅੰਬ ਭਰੇ ਹੋਏ ਸਨ।" ਲਿਖਤ ਵਿਚ ਮਰਤਬਾਨ ਸ਼ਬਦ ਦੀ ਇਹ ਸਭ ਤੋਂ ਪੁਰਾਣੀ ਵਰਤੋਂ ਦੱਸੀ ਜਾਂਦੀ ਹੈ।

ਮਰਤਬਾਨ ਨੂੰ ਅਰਬੀ ਸ੍ਰੋਤ ਵਾਲਾ ਸ਼ਬਦ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਇਸ ਸ਼ਬਦ ਦਾ ਮੂਲ ਹੈ ਅਰਬੀ 'ਮਥਾਬਾਨ' ਜਿਸ ਦਾ ਸਾਬਦਿਕ ਅਰਥ ਹੁੰਦਾ ਹੈ 'ਬੈਠੀ ਹੋਈ ਮੁਦਰਾ' ਅਰਥਾਤ ਗੱਦੀ 'ਤੇ ਬੈਠਾ ਰਾਜਾ। ਇਸ ਤੋਂ ਅੰਗਰੇਜ਼ੀ ਦਾ ਇਕ ਸ਼ਬਦ ਬਣਿਆ 'ਮਾਰਜ਼ੀਪੈਨ' ਜੋ ਖੰਡ, ਬਦਾਮ ਅਤੇ ਸ਼ਹਿਦ ਦੀ ਬਣੀ ਹੋਈ ਇਕ ਮਠਿਆਈ ਨੂੰ ਆਖਦੇ ਹਨ। ਇਹ ਮਠਿਆਈ ਆਮ ਤੌਰ 'ਤੇ ਕਿਸੇ ਜਾਨਵਰ ਆਦਿ ਦੀ ਸ਼ਕਲ ਵਿਚ ਬਣਾਈ ਜਾਂਦੀ ਹੈ ਤਾਂ ਕਿ ਬੱਚੇ ਇਸ ਵੱਲ ਖਿੱਚੇ ਆਉਣ। ਇਸੇ ਤੱਥ ਕਾਰਨ ਇਸ ਦਾ ਸਬੰਧ ਉਪਰੋਕਤ ਮਥਾਬਾਨ ਨਾਲ ਜੋੜਿਆ ਜਾਂਦਾ ਹੈ। ਲਾਤੀਨੀ ਵਿਚ ਜਾ ਕੇ ਇਹ ਸ਼ਬਦ 'ਸਿੰਘਾਸਣ 'ਤੇ ਬੈਠੇ ਈਸਾ' ਵਾਲੇ ਸਿੱਕੇ ਲਈ ਰੂੜ੍ਹ ਹੋ ਗਿਆ। ਅਜਿਹੇ ਸਿੱਕੇ ਸਜਾਵਟੀ ਡੱਬਿਆਂ ਵਿਚ ਰੱਖੇ ਜਾਂਦੇ ਸਨ। ਪੰਦਰਵੀਂ ਸਦੀ ਵਿਚ ਇਹ ਸਿੱਕੇ ਚੱਲਣੋਂ ਬੰਦ ਹੋ ਗਏ ਤਾਂ ਇਨ੍ਹਾਂ ਡੱਬਿਆਂ ਨੂੰ ਵਧੀਆ ਕਿਸਮ ਦੀਆਂ ਖਾਣ ਵਾਲੀਆਂ ਗੋਲੀਆਂ ਰੱਖਣ ਲਈ ਵਰਤਿਆ ਜਾਣ ਲੱਗਾ। ਇਥੋਂ ਹੀ ਇਹ ਸ਼ਬਦ ਡੱਬਿਆਂ ਜਾਂ ਪਾਤਰਾਂ ਦੇ ਭਾਵ ਤੋਂ ਬਦਾਮਾਂ ਆਦਿ ਦੀ ਮਿਠਾਈ ਵਜੋਂ ਵਰਤਿਆ ਜਾਣ ਲੱਗਾ। ਉਂਜ ਇਸ ਸ਼ਬਦ ਦੀਆਂ ਅਨੇਕਾਂ ਹੋਰ ਵਿਉਤਪਤੀਆਂ ਸੁਝਾਈਆਂ ਗਈਆਂ ਹਨ।

ਗੌਰਤਲਬ ਹੈ ਕਿ ਭਾਂਡੇ ਦੇ ਨਾਂ ਤੋਂ ਭਾਂਡੇ ਵਿਚਲੀ ਚੀਜ਼ ਦਾ ਨਾਂ ਪੈ ਜਾਣਾ ਕੋਈ ਅਲੋਕਾਰ ਗੱਲ ਨਹੀਂ। ਪਾਣੀ ਪਾਉਣ ਵਾਲੇ ਬਰਤਨ ਨੂੰ ਬਾਲਟੀ ਆਖਦੇ ਹਨ ਪਰ ਬਾਲਟੀ ਸ਼ਬਦ ਹੁਣ ਇਕ ਪ੍ਰਕਾਰ ਦੇ ਕੜ੍ਹੀ ਜਿਹੇ ਪਕਵਾਨ ਲਈ ਵੀ ਵਰਤਿਆ ਜਾਂਦਾ ਹੈ। ਦੇਗ਼ ਇਕ ਬਰਤਨ ਵੀ ਹੈ, ਕੜਾਹ ਦਾ ਸੂਚਕ ਵੀ ਹੈ। ਥਾਲੀ ਦਾ ਅਰਥ ਖਾਣਾ ਰੱਖਣ ਵਾਲੇ ਭਾਂਡੇ ਤੋਂ ਇਲਾਵਾ ਖਾਣਾ ਵੀ ਹੈ ਜਿਵੇਂ 'ਗੁਜਰਾਤੀ ਥਾਲੀ'।



*ਬੰਦਰਗਾਹ 'ਤੇ ਲਿਜਾਣ ਲਈ ਗੱਡੇ 'ਤੇ ਲੱਦਿਆ ਜਾ ਰਿਹਾ ਮਰਤਬਾਨ*

ਮਰਤਬਾਨ ਬਾਰੇ ਤਸੱਲੀਬਖਸ਼ ਖੋਜ ਦਸਦੀ ਹੈ ਕਿ ਇਹ ਮੁਢਲੇ ਤੌਰ 'ਤੇ ਬਰਮਾ ਵਿਚ ਬਣਾਏ ਜਾਂਦੇ ਸਨ। ਇਰਾਵਦੀ ਨਦੀ ਦੇ ਡੈਲਟਾ ਦੇ ਪੂਰਬ ਵਿਚ ਪੇਗੂ ਟਾਪੂ ਦੀ ਖਾੜੀ ਕੋਲ ਇਕ ਤੇਲੰਗ ਨਾਂ ਦੀ ਬੰਦਰਗਾਹ ਸੀ ਜਿਸ ਦਾ ਬਾਅਦ ਵਿਚ ਨਾਂ 'ਮੁੱਤ-ਤਾ-ਵਾਨ' ਪ੍ਰਚਲਿਤ ਹੋ ਗਿਆ। ਇਹ ਨਦੀ ਜਿਸ ਥਾਂ ਸਮੁੰਦਰ ਵਿਚ ਮਿਲਦੀ ਸੀ ਉਥੇ ਪੇਗੂ ਦੇ ਰਾਜਪੁੱਤਰ 'ਮੋਇਰਾਮਿਆ' ਦਾ ਇਹ ਕਸਬਾ ਸੀ। ਇਹ ਕਸਬਾ ਅੱਜ ਮਿਆਂਨਮਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਰਮਾ ਦੇਸ਼ ਦਾ ਸਰਕਾਰੀ ਨਾਂ ਵੀ ਅੱਜ ਕਲ੍ਹ ਇਹੋ ਹੀ ਹੈ। 1514 ਵਿਚ ਇਹ 'ਮੁੱਤ-ਤਾ-ਵਾਨ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਯੂਰਪ ਦੇ ਯਾਤਰੂਆਂ ਅਨੁਸਾਰ ਇਹ ਲੋਕ ਹਿਸਾਬ ਕਿਤਾਬ ਰੱਖਣ ਦੇ ਮਾਹਿਰ ਸਨ। ਇਥੋਂ ਲਾਖ ਅਤੇ ਕਪੜਾ ਬਰਾਮਦ ਕੀਤੇ ਜਾਂਦੇ ਸਨ। ਇਨ੍ਹਾਂ ਵਪਾਰੀਆ ਨੇ ਹੀ ਇਸ ਦਾ ਨਾਂ ਬਦਲ ਕੇ ਮਰਤਬਾਨ ਰੱਖ ਦਿੱਤਾ। ਇਸ ਦਾ ਜ਼ਿਕਰ ਮਰਤਬਾਨੋ ਅਤੇ ਮਾਰਤੌਨ ਵਜੋਂ ਵੀ ਹੈ। ਇਸ ਸ਼ਹਿਰ ਵਿਚ ਚੀਨੀ ਮਿੱਟੀ ਦੇ ਭਾਂਡੇ ਬਣਦੇ ਸਨ ਜੋ ਵਿਦੇਸ਼ਾਂ ਨੂੰ ਬਰਾਮਦ ਕੀਤੇ ਜਾਂਦੇ ਸਨ। ਮਰਤਬਾਨ ਸ਼ਹਿਰ ਤੋਂ ਆਉਣ ਕਾਰਨ ਵਿਦੇਸ਼ੀਆਂ ਨੇ ਇਨ੍ਹਾਂ ਭਾਂਡਿਆਂ ਦਾ ਨਾਂ ਵੀ ਮਰਤਬਾਨ ਹੀ ਗ੍ਰਹਿਣ ਕਰ ਲਿਆ। 'ਅਲਫ਼ ਲੈਲਾ' ਵਿਚ ਇਨ੍ਹਾਂ ਨੂੰ ਬਰਤਮਾਨ ਕਿਹਾ ਗਿਆ ਹੈ।

ਹੁਣ ਆਈਏ, ਇਸ ਸ਼ਬਦ ਦੀ ਵਿਉਤਪਤੀ 'ਤੇ। ਹਿੰਦੀ ਦੇ ਪ੍ਰਸਿੱਧ ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਇਹ ਮੰਨਦੇ ਹੋਏ ਕਿ ਮਰਤਬਾਨ ਸ਼ਬਦ ਅਰਬੀ ਦਾ ਨਹੀਂ, ਸੁਝਾਅ ਦਿੰਦੇ ਹਨ ਕਿ ਇਹ ਮੁਢਲੇ ਤੌਰ 'ਤੇ ਭਾਰਤੀ ਹੈ। ਬਰਮਾ ਇਤਿਹਾਸਕ ਤੌਰ 'ਤੇ ਭਾਰਤ ਦਾ ਹਿੱਸਾ ਰਿਹਾ ਹੈ। ਬਰਮੀ ਭਾਸ਼ਾ ਵਿਚ ਮਿੱਟੀ ਦੇ ਭਾਂਡਿਆਂ ਨੂੰ 'ਮ੍ਰਿਦਾਂਡ' (ਮ੍ਰਿਦ = ਮਿੱਟੀ + ਭਾਂਡ = ਭਾਂਡਾ) ਕਿਹਾ ਜਾਂਦਾ ਹੈ। ਮਿੱਟੀ ਤੋਂ ਹੀ ਮਟਕਾ ਬਣਿਆ ਹੈ। ਮਿੱਟੀ ਸ਼ਬਦ ਸੰਸਕ੍ਰਿਤ ਮ੍ਰਿਦ ਤੋਂ ਬਣਿਆ ਹੈ। ਇਸ ਤਰ੍ਹਾਂ ਮਿੱਟੀ ਦੇ ਬਣੇ ਇਨ੍ਹਾਂ ਭਾਂਡਿਆਂ ਵਿਚ ਘਰ ਦੇ ਪਾਣੀ ਰੱਖਣ ਤੋਂ ਇਲਾਵਾ ਹੋਰ ਚੀਜ਼ਾਂ ਵੀ ਰੱਖੀਆਂ ਜਾਂਦੀਆਂ ਸਨ। ਵਡਨੇਰਕਰ ਦਾ ਵਿਚਾਰ ਹੈ ਕਿ ਹੋ ਸਕਦਾ ਹੈ ਮਰਤਬਾਨ ਸ਼ਹਿਰ ਦਾ ਨਾਂ ਇਥੇ ਮਰਤਬਾਨ ਬਣਨ ਕਰਕੇ ਪਿਆ ਹੋਵੇ ਨਾ ਕਿ ਇਸ ਤੋਂ ਉਲਟ ਗੱਲ, ਅਤੇ ਹੋ ਸਕਦਾ ਹੈ ਮਰਤਬਾਨ ਸ਼ਬਦ 'ਮ੍ਰਿਦਭਾਂਡ' ਸ਼ਬਦ ਦਾ ਵਿਗੜਿਆ ਰੂਪ ਹੋਵੇ। ਮਿੱਟੀ-ਸ਼ਿਲਪ ਦੇ ਧਨੀ ਬਰਮਾ ਦੇ ਇਕ ਸਥਾਨ ਦਾ ਨਾਂ ਹੀ ਮਿਰਦਾਂਡ ਹੈ। ਦੂਸਰੀ ਗੱਲ ਇਹ ਕਿ ਬਰਮਾ ਪ੍ਰਾਚੀਨ ਕਾਲ ਤੋਂ ਹੀ ਵਡੇਰੇ ਭਾਰਤ ਦਾ ਹਿੱਸਾ ਰਿਹਾ ਹੈ। ਬਰਮਾ ਦਾ ਨਾਂ ਹੀ ਭਾਰਤੀ ਮੂਲ ਦੇ 'ਬ੍ਰਹਮ' ਤੋਂ ਬਣਿਆ ਹੈ। ਪਰ ਅਜਿਤ ਵਡਨੇਰਕਰ ਦੀ ਦਲੀਲ ਬਹੁਤੀ ਗਲੇ ਨਹੀਂ ਉਤਰਦੀ। ਬਰਮੀ ਭਾਸ਼ਾ ਹਿੰਦ-ਯੂਰਪੀ ਭਾਸ਼ਾ ਪਰਿਵਾਰ ਤੋਂ ਬਿਲਕੁਲ ਵੱਖਰੀ ਚੀਨੀ-ਤਿੱਬਤੀ ਭਾਸ਼ਾ ਪਰਿਵਾਰ ਨਾਲ ਸਬੰਧ ਰੱਖਦੀ ਹੈ। 1326 ਦੇ ਇਕ ਸ਼ਿਲਾਲੇਖ ਵਿਚ ਮਰਤਬਾਨ ਸ਼ਹਿਰ ਦਾ ਨਾਂ ਪਹਿਲੀ ਵਾਰੀ ਮੁੱਤਮਾ ਵਜੋਂ ਦਰਜ ਹੋਇਆ ਮਿਲਦਾ ਹੈ। ਇਸ ਤੋਂ ਬਾਅਦ ਵੀ ਜ਼ਰਾ ਜਿੰਨੇ ਫਰਕ ਨਾਲ ਇਸੇ ਤਰ੍ਹਾਂ ਦਾ ਨਾਂ ਮਿਲਦਾ ਹੈ।

ਮੌਰਿਸ ਕੌਲਿਸ ਨਾਂ ਦੇ ਵਿਦਵਾਨ ਦਾ ਸੁਝਾਅ ਹੈ ਕਿ ਮਰਤਬਾਨ ਸ਼ਬਦ ਦੋ ਥਾਂਵਾਂ ਦੇ ਨਾਂਵਾਂ 'ਮਰਗੂਈ' ਅਤੇ 'ਤੇਨਾਸਰਿਮ' ਦੇ ਛੋਟੇ ਰੂਪਾਂ 'ਮਰਿਤ' ਅਤੇ 'ਤਨਾਉ' ਦੇ ਸੰਯੋਗ (ਮਰਿਤ+ਤਨਾਉ) ਤੋਂ ਬਣਿਆ ਹੋ ਸਕਦਾ ਹੈ। ਇਨ੍ਹਾਂ ਦੋਹਾਂ ਸਥਾਨਾਂ ਦੇ ਆਰ-ਪਾਰ ਦਾ ਇਲਾਕਾ ਮਰਤਬਾਨ-ਸ਼ਿਲਪ ਲਈ ਮਸ਼ਹੂਰ ਹੈ। ਘਟੋ ਘਟ ਇਸ ਤੱਥ ਤੋਂ ਕਿ ਮਰਤਬਾਨ ਸ਼ਹਿਰ ਦਾ ਪ੍ਰਾਚੀਨਤਮ ਉਪਲਭਦ ਨਾਂ 'ਮੁੱਤਮਾ' ਸੀ, ਵਡਨੇਰਕਰ ਦਾ ਇਹ ਕਿਆਫਾ ਰੱਦ ਹੋ ਜਾਂਦਾ ਹੈ ਕਿ ਮਰਤਬਾਨ ਸ਼ਬਦ ਅਸਲ ਵਿਚ 'ਮ੍ਰਿਦਾਂਡ' (ਮ੍ਰਿਦ = ਮਿੱਟੀ + ਭਾਂਡ = ਭਾਂਡਾ) ਹੈ। ਕੁਝ ਵੀ ਹੋਵੇ, ਇਕ ਗੱਲ ਤਾਂ ਸਪੱਸ਼ਟ ਹੈ ਕਿ ਪੁਰਾਣੇ ਜ਼ਮਾਨਿਆਂ ਤੋਂ ਹੀ ਮਰਤਬਾਨ ਬਰਮਾ ਤੋਂ ਹੀ ਬਣਾ ਕੇ ਦੁਨੀਆਂ ਭਰ ਵਿਚ ਬਰਾਮਦ ਕੀਤੇ ਜਾਂਦੇ ਸਨ। ਇਕ 'ਮਰਤਬਾਨ ਦੀ ਖਾੜੀ' ਵੀ ਹੈ ਜੋ ਬਰਮਾ ਦੇ ਦੱਖਣ ਵਿਚ ਸਥਿਤ ਅੰਡੇਮਾਨ ਸਾਗਰ ਦੀ ਇਕ ਸ਼ਾਖਾ ਹੈ। ਇਸ ਖਾੜੀ ਦਾ ਇਹ ਨਾਂ ਪਿਛੇ ਜ਼ਿਕਰ ਕੀਤੇ ਮਰਤਬਾਨ ਨਾਮਕ ਨਗਰ ਤੋਂ ਹੀ ਪਿਆ ਹੈ ਤੇ ਜਿਸ ਦਾ ਇਕ ਹੋਰ ਨਾਂ ਮੁਤਾਮਾ ਸੀ।

---

# ਕੰਧ ਐਰੇ 'ਤੇ ਹੀ ਜਾਸੀ




ਚਿੱਤ ਚੇਤਾ

ਕਾਨਾ ਸਿੰਘ

ਫੋਨ:+91-95019-44944


***'ਕੰਧ ਐਰੇ 'ਤੇ ਹੀ ਜਾਸੀ' ਨਾਂ ਦੇ ਇਸ ਲੇਖ ਵਿਚ ਕਾਨਾ ਸਿੰਘ ਨੇ ਲੋਕ ਮੁਹਾਵਰਿਆਂ ਅਤੇ ਅਖਾਣਾਂ ਦੇ ਜ਼ਰੀਏ ਆਪਣੀਆਂ ਕੁਝ ਪਸੰਦੀਦਾ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ। ਉਹ ਅਖਾਣ ਦੀ ਇਕ ਲੜੀ ਫੜ ਕੇ ਉਸ ਦੇ ਆਲੇ-ਦੁਆਲੇ ਆਪਣੇ ਸ਼ਬਦਾਂ ਦਾ ਤਾਣਾ ਬੁਣਦੀ ਚਲੀ ਜਾਂਦੀ ਹੈ। ਅਜਿਹਾ ਕਰਦਿਆਂ ਉਸ ਦਾ ਸਹਿਜ ਅਤੇ ਸੁਹਜ ਦੇਖਣ ਹੀ ਵਾਲਾ ਹੁੰਦਾ ਹੈ। ਉਹ ਆਪਣੀ ਹਰ ਰਚਨਾ ਵਿਚ ਇਸੇ ਸੁਹਜ ਤੇ ਸਹਿਜ ਦੇ ਗੂੜ੍ਹੇ ਰੰਗ ਭਰਦੀ ਹੈ ਅਤੇ ਆਪਣੇ ਪਾਤਰਾਂ ਤੇ ਘਟਨਾਵਾਂ ਨੂੰ ਤਰਤੀਬ ਦਿੰਦੀ ਹੈ। ਇਸ ਤਰਤੀਬ ਵਿਚ ਮੌਲਦੀ-ਧੜਕਦੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਇਹੀ ਕਾਨਾ ਸਿੰਘ ਦੀਆਂ ਰਚਨਾਵਾਂ ਦੀ ਖੂਬਸੂਰਤੀ ਹੈ। -ਸੰਪਾਦਕ***

ਬੇਜੀ ਦਾ ਇਕ ਅਖਾਣ ਹੁੰਦਾ ਸੀ, 'ਚੇਤੇ-ਮਚੇਤੇ ਤੈ ਹੁਣ ਆ ਗਏ ਨੁ, ਸਾੜ੍ਹੇ ਵੇਲੇ ਤੈ ਘੀਸੀਆਂ ਹੀ ਸੀਆਂ।' ਨਵੇਂ ਨਵੇਂ ਹੀਆ ਟਿਕੇ ਸਾਂ ਵਤਨੋਂ ਉਜੜ ਕੇ ਅਸੀਂ ਆ ਵੱਸੇ ਦਿੱਲੀ-ਸ਼ਾਹਦਰੇ ਵਿਚ। ਭਾਂਤ ਭਾਂਤ ਦੀ ਲੱਕੜੀ। ਕੋਈ ਬਹਾਵਲਪੁਰੀਆ, ਤੇ ਕੋਈ ਲਾਹੌਰੀਆ ਪਰਿਵਾਰ। ਨਾਲੋ-ਨਾਲ ਮੂਲ-ਵਸਨੀਕਾਂ ਦੇ ਹਿੰਦੀ ਭਾਸ਼ੀ ਪਰਿਵਾਰਾਂ ਨਾਲ ਮੇਲ-ਜੋਲ, ਉੱਠ-ਬੈਠ ਵੀ ਸੁਭਾਵਕ ਹੀ ਸੀ।

ਸਿਰਾਂ ਤੋਂ ਚੁੰਨੀਆਂ ਖਿਸਕਣ ਲੱਗੀਆਂ। ਪੀਢੀ-ਪੱਕੀ ਇਕ ਗੁੱਤ ਦੋ ਗੁੱਤਾਂ ਵਿਚ ਵੰਡੀਣ ਲੱਗੀ। ਨਾਸ਼ਤੇ ਵਿਚ ਪਰੌਂਠਿਆਂ ਦੀ ਥਾਂ 'ਤੇ ਡਬਲਰੋਟੀ-ਮੱਖਣ ਵਧੇਰੇ ਪਸੰਦ ਹੋਣ ਲੱਗਾ। ਚਟਕਾਰੇ ਲਾ ਕੇ ਅਸਾਂ ਬਾਲਕਾਂ ਨੂੰ ਖਾਂਦੇ ਵੇਖ ਕੇ ਬੇਜੀ ਦੇ ਮੂੰਹੋਂ ਸਹਿਜ ਸੁਭਾਅ ਹੀ ਆਖ ਹੋ ਜਾਂਦਾ:

'ਚੇਤੇ-ਮਚੇਤੇ ਤੈ ਹੁਣ ਆ ਗਏ ਨੁ, ਸਾੜ੍ਹੇ ਵੇਲੇ ਤੈ ਘੀਸੀਆਂ ਹੀ ਸੀਆਂ।'

"ਬੇਜੀ ਜੀ ਇਸਨਾ ਕੇ ਮਤਬਲ?"

ਉਦੋਂ ਇਹ ਅਖਾਣ ਸਾਡੇ ਪੱਲੇ ਨਹੀਂ ਸੀ ਪੈਂਦਾ। ਜੇ ਪੈਂਦਾ ਵੀ ਸੀ ਤਾਂ ਅੱਧ-ਪਚੱਧਾ ਹੀ, ਪਰ ਹੁਣ ਖ਼ਿਆਲ ਆਉਂਦਾ ਹੈ ਕਿ ਇਸ ਵਿਚ ਤਾਂ ਸਾਡੇ ਸਮਾਜਕ ਵਰਤਾਰੇ ਦਾ ਪੂਰਾ ਇਤਿਹਾਸ ਲੁਕਿਆ ਪਿਆ ਹੈ। ਅੱਜ ਤੋਂ ਸੌ ਸਵਾ ਸੌ ਸਾਲ ਪਹਿਲਾਂ ਗਰਾਵਾਂ-ਮੋਹੜਿਆਂ ਵਿਚ ਰਹਿੰਦੇ ਸਾਡੇ ਵੱਡੇ ਵਡੇਰੇ ਜੰਗਲ-ਪਾਣੀ ਲਈ ਬਾਹਰ ਹੀ ਤਾਂ ਜਾਇਆ ਕਰਦੇ ਸਨ। ਹੁਣ ਵੀ ਬਥੇਰੇ ਜਾਂਦੇ ਨੇ। ਪਿੰਡਾਂ ਵਿਚ ਹੀ ਨਹੀਂ, ਸ਼ਹਿਰਾਂ ਅਤੇ ਮਹਾਂਨਗਰਾਂ ਵਿਚ ਵੀ। ਜ਼ਰਾ ਰੇਲ ਦਾ ਸਫ਼ਰ ਕਰ ਕੇ ਤਾਂ ਵੇਖੋ।

ਹੁਣ ਬੇਸ਼ਕ ਪਿੰਡਾਂ ਵਿਚ ਵੀ ਸ਼ਹਿਰੀ ਸਹੂਲਤਾਂ ਉਪਲਬਧ ਹਨ, ਪਰ ਬੇਜੀ ਦਾ ਜ਼ਮਾਨਾ ਤਾਂ ਸਵਾ-ਸਦੀ ਤੋਂ ਵੀ ਪਹਿਲਾਂ ਦਾ ਹੈ। ਜੰਗਲ-ਪਾਣੀ ਜਾਂਦਿਆਂ ਪਾਣੀ ਦਾ ਲੋਟਾ ਵੀ ਘੱਟ-ਵੱਧ ਹੀ ਕੋਈ ਲਿਜਾਂਦਾ ਹੋਵੇਗਾ। ਦੂਰ ਦੂਰ, ਵਿਰਲੀਆਂ ਵਿਰਲੀਆਂ ਬਸਤੀਆਂ ਦੇ ਵਸਨੀਕ, ਨਦੀ, ਨਹਿਰ ਜਾਂ ਕੂਲ੍ਹ-ਕੱਸੀ ਦੇ ਲਾਗੇ ਚਾਗੇ ਹੀ ਫਾਰਗ ਹੁੰਦੇ ਹੋਣੇ ਨੇ। ਜੇ ਨੇੜੇ-ਤੇੜੇ ਪਾਣੀ ਨਾ ਵਗਦਾ ਹੋਵੇ ਤਾਂ ਰੇਤ-ਮਿੱਟੀ ਵਿਚ ਹੀ ਘੀਸੀ ਕਰ ਲੈਂਦੇ ਹੋਣੇ ਨੇ। ਅੱਜ ਵੀ ਤਾਂ ਅਜਿਹੇ ਹਾਲ ਵਿਚ ਕੋਈ ਇੰਜ ਹੀ ਕਰੇਗਾ।

ਅਸਾਂ ਤਾਂ ਬਾਲ-ਵਰੇਸ ਵਿਚ ਆਪਣੇ ਗੁਜਰਖਾਨ ਦੇ ਪੱਕੇ ਘਰਾਂ ਦੇ ਧੁਰ-ਕੋਠਿਆਂ ਉਤੇ ਪੱਕੀਆਂ ਟੱਟੀਆਂ ਦਾ ਇਸਤੇਮਾਲ ਹੀ ਵੇਖਿਆ ਸੀ ਜਿਨ੍ਹਾਂ ਨੂੰ ਹਰ ਰੋਜ਼ ਮਿਹਤਰ ਦੂਹਰੀਆਂ ਤ੍ਰੇਹੜੀਆਂ ਪੌੜੀਆਂ ਚੜ੍ਹ ਕੇ ਹੂੰਝਣ ਜਾਂਦਾ ਸੀ, ਪਰ ਬੇਜੀ ਦਾ ਬਚਪਨ ਤਾਂ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ ਦਾ ਸੀ। ਉਸ ਮੁਤਾਬਕ ਉਨ੍ਹਾਂ ਦਾ ਅਖਾਣ ਸਹੀ ਹੀ ਸੀ, 'ਚੇਤੇ-ਮਚੇਤੇ ਤੈ ਹੁਣ ਆ ਗਏ ਨੁ, ਸਾੜ੍ਹੇ ਵੇਲੇ ਤੈ ਘੀਸੀਆਂ ਹੀ ਸੀਆਂ।'

ਆਂਦੀ ਹਾਂ, ਜਾਂਦੀ ਹਾਂ, ਖਾਵਾਂਗਾ-ਪੀਵਾਂਗਾ, ਹੈਗਾ-ਨੀਘਾ, ਆਤਾ-ਜਾਤਾ, 'ਕੇ' ਦੀ ਥਾਂ 'ਕੀ' 'ਕਿਆ', ਮੁਝੇ-ਤੁਝੇ। ਪੋਠੋਹਾਰੀ, ਮਾਂ-ਬੋਲੀ ਦੀ ਥਾਂ ਤੇ ਠੇਠ ਪੰਜਾਬੀ ਜਾਂ ਦਿੱਲੀ ਵਾਲੀ ਹਿੰਦੀ-ਉਰਦੂ ਦੀ ਲਫ਼ਾਜ਼ੀਅਤ ਅਸਾਂ ਬਾਲਕਾਂ ਦੇ ਮੂੰਹੋਂ ਸੁਣ ਕੇ ਬੇਜੀ ਲੋਹੇ-ਲਾਖ਼ੇ ਹੋ ਜਾਂਦੇ ਜਦ ਕਿ ਉਂਜ ਹਸੂੰ ਹਸੂੰ ਕਰਦੇ, ਖੁਸ਼-ਰਹਿਣੇ, ਨਿਰਾ ਪਿਆਰ ਹੀ ਪਿਆਰ ਸਨ ਉਹ। ਅਜਿਹੇ ਵੇਲੇ ਉਹ ਸਾਨੂੰ ਮੱਤਾਂ ਦਿੰਦੇ ਹੋਏ ਆਖਦੇ, 'ਜਾਤ ਵਟਾਈ ਚੰਗੀ ਤੈ ਬੋਲੀ ਵਟਾਈ ਮੰਦੀ।' ਵਿਗਿਆਨਕ ਪੱਖੋਂ ਵੀ ਅੰਤਰਜਾਤੀ ਵਿਆਹ ਹੀ ਸਹੀ ਮੰਨੇ ਜਾਂਦੇ ਹਨ ਨਾ, ਤੇ ਬੋਲੀ ਨਾਲੋਂ ਟੁੱਟਿਆ ਬੰਦਾ ਅਨਜੜ੍ਹਿਆ ਰੁੱਖ।

ਮਾਂ-ਦਾਦੀ ਦਾ ਇਕ ਹੋਰ ਚਹੇਤਾ ਅਖਾਣ ਹੁੰਦਾ ਸੀ, 'ਮਾਂ ਨਾ ਸੂਈ ਮਾਸੀ ਸੂਈ।' ਮਤਲਬ, ਮਾਸੀ ਤੇ ਮਾਂ ਵਿਚ ਕੋਈ ਫਰਕ ਨਹੀਂ। ਕੀ ਹੋਇਆ ਜੇ ਮਾਂ ਸਾਡੇ ਕੋਲ ਨਹੀਂ ਤਾਂ। ਮਾਸੀ ਤਾਂ ਹੈ, ਹਰ ਮਰਜ਼ ਦੀ ਦਵਾ। ਜੇ ਮਾਂ ਦੀ ਕੁੱਖੋਂ ਹੋਰ ਬਾਲ ਨਹੀਂ ਪੈਦਾ ਹੋ ਸਕਦਾ ਤਾਂ ਮਾਸੀ ਆਪਣਾ ਬਾਲਕ ਦੇ ਦੇਵੇਗੀ, ਜਾਂ ਉਹਦੀ ਖ਼ਾਤਰ ਇਕ ਹੋਰ ਵਿਅੰਮ ਕੱਟ ਲਵੇਗੀ।

ਕਿਸੇ ਵੱਡੀ ਭੈਣ ਦੇ ਤੁਰ ਜਾਣ 'ਤੇ ਜੀਜੇ ਨਾਲ ਸਾਲੀ ਦਾ ਵਿਆਹ ਕਰ ਦੇਣਾ ਸਾਡੇ ਸਭਿਆਚਾਰ ਦਾ ਪ੍ਰਚੱਲਤ ਦਸਤੂਰ ਹੈ। ਮਾਸੀ, ਮਾਂ ਮਹਿੱਟਰਾਂ ਦੀ ਸਕੀ ਮਾਂ ਹੋ ਨਿੱਤਰਦੀ ਹੈ।

ਮਤਰੇਈ ਇੰਨੀ ਮਤਰੇਈ ਹੁੰਦੀ ਨਹੀਂ ਜਿੰਨੀ ਬਣਾ ਦਿੱਤੀ ਜਾਂਦੀ ਹੈ। ਮਤਰੇਈ ਦੇ ਸਫ਼ਰ ਦੀ ਸ਼ੁਰੂਆਤ ਹੀ 'ਸੰਦੇਹ' ਤੋਂ ਹੁੰਦੀ ਹੈ। ਸਾਡੇ ਮਹਾਂਕਾਵਿ, ਮਹਾਂਭਾਰਤ, ਰਮਾਇਣ ਅਤੇ ਕਿੱਸਾ-ਕਾਵਿ (ਪੂਰਨ), ਲੋਕ-ਸਾਹਿਤ, ਬਾਤਾਂ ਆਦਿ ਮਤਰੇਈ ਨੂੰ ਅਤਿ ਦੀ ਅਮਾਨਵੀ ਜਾਂ ਰਾਕਸ਼ੀ ਜਿਹਾ ਦਰਸਾਉਂਦੀਆਂ ਹਨ।

ਮਤਰੇਏਪਣ ਨੂੰ ਜੇ ਕੋਈ ਠੁੰਮਣਾ ਮਿਲਿਆ ਹੈ ਤਾਂ ਸਿਰਫ਼ ਤੇ ਸਿਰਫ਼ ਮਾਸੀ ਯਾਨਿ ਮਾ...ਸੀ... ਅਰਥਾਤ ਮਾਂ ਜਿਹੀ ਤੋਂ ਹੀ।



*ਕਾਨਾ ਸਿੰਘ ਦੇ ਬੇਜੀ ਅਤੇ ਭੈਣਜੀ।*

'ਮਾਂ ਨਾ ਸੂਈ ਮਾਸੀ ਸੂਈ।'

ਠੀਕ ਹੀ ਤਾਂ ਕਹਿੰਦੇ ਸਨ ਬੇਜੀ। ਇਸ ਨਾਲ ਜੁੜਦਾ ਇਕ ਹੋਰ ਅਖਾਣ ਵੀ ਚੜ੍ਹਿਆ ਹੋਇਆ ਸੀ ਬੇਜੀ ਦੇ ਮੂੰਹ 'ਤੇ। ਉਹ ਸੀ:

ਜਿਹੀ ਮਾਂ ਤੈ ਜਿਹੀ ਮਾਸੀ<br>
ਕੰਧ ਐਰੇ ਤੈ ਹੀ ਜਾਸੀ

ਜੇ ਬਚਪਨ ਤੋਂ ਹੀ ਮੈਂ ਕਸੀਦੇ-ਕਢਾਈਆਂ ਤੇ ਕਰੋਸ਼ੀਏ ਦੀਆਂ ਬੁਣਤੀਆਂ ਵਾਲੇ ਮਾਂ ਦੇ ਸ਼ੌਕਾਂ ਵਲ ਰੁਚਿਤ ਹੋ ਗਈ ਸਾਂ ਤਾਂ ਮਾਸੀ ਵਾਂਗ ਛੰਦ-ਬੰਦੀ ਵਿਚ ਛੇੜ-ਛਾੜ ਵੀ ਮੇਰਾ ਸ਼ੁਗਲ ਸੀ। ਮੇਰੀ ਜਿਹੜੀ ਵੀ ਸਿਫ਼ਤ ਅ-ਸਿਫ਼ਤ ਬੇਜੀ ਮੇਰੀ ਮਾਂ-ਮਾਸੀ ਨਾਲ ਮੇਲ ਖਾਂਦੀ ਵੇਖਦੇ ਤਾਂ ਤੱਤ ਖੜੱਤ ਉਚਰਦੇ:

ਜੇਹੀ ਮਾਂ ਤੈ ਜੇਹੀ ਮਾਸੀ<br>
ਕੰਧ ਐਰੇ (ਨੀਹਾਂ) ਤੈ ਹੀ ਜਾਸੀ

ਕਿਸੇ ਕੰਧ ਦੀ ਉਸਾਰੀ ਤਾਂ ਉਸ ਦੀਆਂ ਨੀਂਹਾਂ ਮੁਤਾਬਕ ਹੀ ਹੋਵੇਗੀ। ਆਦਤਾਂ, ਚਾਲ-ਢਾਲ, ਵਿਚਾਰ ਜਾਂ ਲੱਛਣ ਸਹਿਜ-ਸੁਭਾਅ ਹੀ ਧੀ ਆਪਣੀ ਮਾਂ ਤੋਂ ਗ੍ਰਹਿਣ ਕਰਦੀ ਹੈ। ਮਾਂ ਨਾਲ ਮਾਸੀ ਤੋਂ ਵੱਧ ਹੋਰ ਕੌਣ ਮੇਲ ਖਾ ਸਕਦਾ ਹੈ?

ਮਾਸੀ ਦੀਆਂ ਬਾਤਾਂ, ਕਹਾਣੀਆਂ, ਖੇਡਾਂ, ਟੋਟਕੇ, ਤੋਹਫ਼ੇ, ਹੈ ਕੋਈ ਅੰਤ? ਨਾਨਕੇ ਘਰ 'ਚੋਂ ਮਾਸੀ ਨੂੰ ਮਨਫ਼ੀ ਕਰ ਕੇ ਤਾਂ ਵੇਖੋ, ਕੀ ਰਹਿ ਜਾਂਦਾ ਹੈ ਬਾਕੀ ਭਲਾ।

ਅੱਜ ਦੇ ਖਪਤ ਸੰਸਾਰ ਵਿਚ ਬੇਸ਼ੱਕ ਕਾਫ਼ੀ ਹੱਦ ਤੱਕ ਮਾਂ ਨੂੰ ਵੀ ਪਿਉ ਵਾਂਗ ਘਰੋਂ ਬਾਹਰ ਰਹਿਣਾ ਪੈਂਦਾ ਹੈ, ਫਿਰ ਵੀ ਗੁਣਾਤਮਕ ਤੇ ਗਿਣਾਤਮਕ ਪੱਖ ਤੋਂ ਬਾਲਕ ਨੂੰ ਪਿਉ ਨਾਲੋਂ ਮਾਂ ਦੀ ਸੰਗਤ ਹੀ ਵਧੇਰੇ ਪ੍ਰਾਪਤ ਹੁੰਦੀ ਹੈ। ਸ਼ਾਇਦ ਇਹੀ ਕਾਰਨ ਹੋਵੇਗਾ ਕਿ ਪਰਿਵਾਰ ਦੇ ਮੁੰਡਿਆਂ ਦੇ ਪ੍ਰਸੰਗ ਵਿਚ ਬੇਜੀ ਦਾ ਅਖਾਣ ਹੁੰਦਾ ਸੀ:

ਪਿਉ ਤੈ ਪੁੱਤਰ ਤੁਖਮ ਤੈ ਘੋੜਾ<br>
ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ

ਜਿੱਥੇ ਧੀ ਦੇ ਸੁਭਾਅ, ਆਚਰਨ ਜਾਂ ਆਦਤਾਂ ਵਿਚ ਮਾਂ ਦੀ ਸ਼ਮੂਲੀਅਤ ਕੰਧ ਦੀ ਨੀਂਹ ਵਰਗੀ ਸਮਝਦੇ ਸਨ ਬੇਜੀ, ਉਥੇ ਪੁੱਤਰ ਦੀ ਪਛਾਣ ਵਿਚ ਪਿਤਾ-ਪੁਰਖੀ, ਨਸਲ ਨੂੰ ਤਰਜੀਹ ਦਿੰਦੇ। ਬਹੁਤੀ ਨਹੀਂ ਤਾਂ ਥੋੜ੍ਹੀ ਹੀ ਸਹੀ, ਪਰ ਕਿਉਂ? ਕਿਉਂਕਿ ਪਿਤਾ ਦਾ ਬਾਹਲਾ ਕਾਰ-ਵਿਹਾਰ ਤੇ ਸੰਸਾਰ ਘਰ ਤੋਂ ਬਾਹਰਲੇ ਸਮਾਜ ਨਾਲ ਸਬੰਧਤ ਹੁੰਦਾ ਹੈ। ਪੁੱਤਰ ਵੀ ਜ਼ਿਆਦਾ ਕਰ ਕੇ ਘਰੋਂ ਬਾਹਰ ਵਿਚਰਦੇ ਹਨ, ਗਲੀ-ਮੁਹੱਲੇ ਦੇ ਦੋਸਤ-ਮਿੱਤਰਾਂ ਨਾਲ ਤੇ ਵੱਡੇ ਹੋ ਕੇ ਕਾਰੋਬਾਰ ਵਿਚ ਵੀ।

ਮਾਂ ਪਿਉ ਦੀ 'ਘਰਵਾਲੀ' ਹੁੰਦੀ ਹੈ। ਬਾਲਕ ਦਾ ਮਾਂ ਨਾਲ ਹਰ ਪਲ ਦਾ ਸਾਥ ਹੁੰਦਾ ਹੈ ਤੇ ਪਿਉ ਨਾਲ ਪਲ ਦੋ ਪਲ ਦਾ। ਚਾਲ-ਢਾਲ, ਆਵਾਜ਼ ਤੇ ਅੰਦਾਜ਼ ਵਿਚ ਪੁੱਤਰ ਅੰਦਰ ਪਿਉ ਦੇ ਨਸਲੀ ਗੁਣ ਆਉਣੇ ਸੁਭਾਵਕ ਹਨ, ਭਾਵੇਂ ਉਨ੍ਹਾਂ ਦਾ ਮੇਲ ਕਦੇ-ਕਦਾਈਂ ਹੀ ਹੋਵੇ ਜਾਂ ਅਸਲੋਂ ਹੀ ਨਾ ਹੋਇਆ ਹੋਵੇ। ਸੱਚ ਹੀ ਤਾਂ ਕਹਿੰਦੇ ਸਨ ਬੇਜੀ:

ਪਿਉ 'ਤੇ ਪੁੱਤਰ ਤੁਖਮ 'ਤੇ ਘੋੜਾ<br>
ਬਹੁਤਾ ਨਹੀਂ ਪਰ ਥੋੜ੍ਹਾ ਥੋੜ੍ਹਾ।

ਜੇ ਪੁੱਤਰ ਵਿਚ ਵਿਰਸੇ ਦਾ ਪੱਖ ਭਾਰੂ ਹੈ ਤਾਂ ਧੀ ਵਿਚ ਵਿਰਸਾ ਜਮ੍ਹਾ ਨੇੜਤਾ ਦਾ ਕੰਧ ਅਤੇ 'ਐਰੇ' ਦਾ। ਜਿੱਥੋਂ ਤੱਕ ਮੇਰੇ ਨਿੱਜ ਦਾ ਸਬੰਧ ਹੈ, ਜਿਹੀ ਮਾਂ ਤੇ ਜਿਹੀ ਦਾਦੀ... ਨਾ ਕਹੀਏ?

ਹਿੰਦੀ ਕਹਾਣੀ

**ਸਾਕਾ 1947 ‘ਤੇ ਵਿਸ਼ੇਸ਼**

# ਅੰਨ੍ਹੇ ਰਾਹ

***1947 ਵਿਚ ਮੁਲਕ ਦੀ ਵੰਡ ਪੰਜਾਬ ਦੇ ਪਿੰਡੇ ਉਤੇ ਜ਼ਖਮ ਬਣ ਕੇ ਉਕਰੀ ਗਈ ਸੀ। ਪਤਾ ਨਹੀਂ ਕਿੰਨੀਆਂ ਜਾਨਾਂ ਉਸ ਵੇਲੇ ਉਠੇ ਫਿਰਕੂ ਜਨੂੰਨ ਦੇ ਲੇਖੇ ਲਗ ਗਈਆਂ ਅਤੇ ਕਿੰਨੀਆਂ ਜਿੰਦੜੀਆਂ ਰੁਲਣ ਤੇ ਸੰਤਾਪ ਝੱਲਣ ਲਈ ਬਚ ਰਹੀਆਂ ਸਨ। ਇਸ ਤੱਦੀ ਦਾ ਦਰਦ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਬਿਆਨ ਕੀਤਾ ਹੈ। ਹਿੰਦੀ ਵਿਚ ਲਿਖਣ ਵਾਲੇ ਪੰਜਾਬੀ ਲੇਖਕ ਭੀਸ਼ਮ ਸਾਹਨੀ ਦੀ ਰਚਨਾ ‘ਤਮਸ’ ਵਿਚ ਮਾਨਵਤਾ ਦੀ ਡੋਰੀ ਟੁੱਟਦੀ ਨਹੀਂ। ਇਸੇ ਪਿਛੋਕੜ ਵਿਚ ਲਿਖੀ ਕਹਾਣੀ ‘ਅੰਨ੍ਹੇ ਰਾਹ’ ਵਿਚ ਵੀ ਉਨ੍ਹਾਂ ਅਜਿਹੀ ਹੀ ਇਕ ਘਟਨਾ ਬਿਆਨ ਕੀਤੀ ਹੈ ਜਿਸ ਵਿਚ ਉਸ ਦੌਰ ਦਾ ਸਮੁੱਚਾ ਸੱਚ ਸਾਹਮਣੇ ਆ ਜਾਂਦਾ ਹੈ। ਇਹ ਉਹ ਦੌਰ ਸੀ ਜਦੋਂ ਬੇਵਸਾਹੀ ਦਾ ਡੰਗਿਆ ਮਨੁੱਖ, ਮਨੁੱਖ ਨਹੀਂ ਸੀ ਰਹਿ ਗਿਆ। ਉਸ ਦੌਰ ਦੀ ਦਹਿਸ਼ਤ ਬਾਰੇ ਸੋਚਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। -ਸੰਪਾਦਕ***

**ਭੀਸ਼ਮ ਸਾਹਨੀ**

ਹਰਨਾਮ ਸਿੰਘ ਨੇ ਦੂਜੀ ਵਾਰ ਕੁੰਡਾ ਖੜਕਾਇਆ ਤਾਂ ਅੰਦਰੋਂ ਕਿਸੇ ਤੀਵੀਂ ਦੀ ਆਵਾਜ਼ ਆਈ, “ਘਰੇ ਨਹੀਂ ਨੇ, ਸਾਰੇ ਮਰਦ ਬਾਹਰ ਗਏ ਨੇ।” ਹਰਨਾਮ ਸਿੰਘ ਠਿਠਕਿਆ ਖੜ੍ਹਾ ਰਿਹਾ। ਬੰਤੋ ਸੱਜੇ ਖੱਬੇ ਵੇਖ ਰਹੀ ਸੀ ਕਿ ਲਾਗੇ-ਚਾਗੇ ਕਿਸੇ ਨੇ ਉਨ੍ਹਾਂ ਨੂੰ ਦੇਖਿਆ ਤਾਂ ਨਹੀਂ।

“ਤੂੰ ਬੂਹਾ ਖੋਲ੍ਹਣ ਨੂੰ ਕਹਿ ਬੰਤੋ, ਅੰਦਰ ਔਰਤਾਂ ਨੇ।” ਤੇ ਹਰਨਾਮ ਸਿੰਘ ਇਕ ਪਾਸੇ ਹਟ ਗਿਆ। ਬੰਤੋ ਨੇ ਦਰਵਾਜ਼ਾ ਖੜਕਾਇਆ ਤੇ ਨਾਲ ਹੀ ਉਚੀ ਦੇਣੇ ਬੋਲੀ, “ਕਰਮਾਂ ਵਾਲਿਓ ਦਰਵਾਜ਼ਾ ਖੋਲ੍ਹੋ, ਅਸੀਂ ਮੁਸੀਬਤ ਦੇ ਮਾਰੇ ਆਏ ਹਾਂ।”

ਆਪਣੀ ਪਤਨੀ ਦੀ ਆਵਾਜ਼ ਸੁਣ ਕੇ ਇਕ ਛਿਣ ਲਈ ਹਰਨਾਮ ਸਿੰਘ ਦੀਆਂ ਅੱਖਾਂ ਝੁਕ ਗਈਆਂ। ਇਹ ਵਕਤ ਵੀ ਕਿਸਮਤ ਵਿਚ ਵੇਖਣਾ ਲਿਖਿਆ ਸੀ ਕਿ ਉਸ ਦੀ ਪਤਨੀ ਆਸਰਾ ਮੰਗਣ ਲਈ ਗਿੜਗਿੜਾਏਗੀ। ਦਰਵਾਜ਼ੇ ਪਿੱਛੋਂ ਕਦਮਾਂ ਦੀ ਪੈੜਚਾਲ ਸੁਣਾਈ ਦਿੱਤੀ, ਫਿਰ ਅੰਦਰੋਂ ਕਿਸੇ ਨੇ ਕੁੰਡਾ ਖੋਲ੍ਹਿਆ। ਉਨ੍ਹਾਂ ਦੇ ਸਾਹਮਣੇ ਉਚੀ ਲੰਮੀ ਵੱਡੀ ਉਮਰ ਦੀ ਦਿਹਾਤੀ ਤੀਵੀਂ ਖਲੋਤੀ ਸੀ। ਉਸ ਦੇ ਦੋਵੇਂ ਹੱਥ ਗੋਹੇ ਨਾਲ ਭਰੇ ਹੋਏ ਸਨ ਅਤੇ ਦੁਪੱਟਾ ਸਿਰ ਤੋਂ ਲੱਥਾ ਹੋਇਆ ਸੀ। ਉਸ ਦੇ ਪਿੱਛੇ ਉਲਝੇ ਵਾਲਾਂ ਵਾਲੀ ਛੋਟੀ ਉਮਰ ਦੀ ਤੀਵੀਂ ਖੜ੍ਹੀ ਸੀ। ਉਸ ਨੇ ਵੀ ਬਾਹਵਾਂ ਟੁੰਗੀਆਂ ਹੋਈਆਂ ਸਨ ਜਿਸ ਤੋਂ ਜਾਹਰ ਸੀ ਕਿ ਉਹ ਗਾਂ-ਮੱਝ ਲਈ ਗੁਤਾਵਾ ਕਰ ਰਹੀ ਸੀ।

“ਕੌਣ ਹੋ? ਕੀ ਕੰਮ ਏ?” ਵੱਡੀ ਉਮਰ ਦੀ ਔਰਤ ਨੇ ਪੁੱਛਿਆ ਜਦ ਕਿ ਉਹ ਇਕ ਨਜ਼ਰ ਵਿਚ ਹੀ ਉਨ੍ਹਾਂ ਦੀ ਸਥਿਤੀ ਸਮਝ ਗਈ ਸੀ।

“ਬਦਨਸੀਬ ਹਾਂ, ਢੱਕ ਇਲਾਹੀ ਬਖਸ਼ੋਂ ਆਏ ਹਾਂ। ਉਥੇ ਫਸਾਦੀ ਆ ਗਏ ਸਨ। ਸਾਡਾ ਘਰ-ਬਾਰ ਲੁੱਟ ਲਿਆ, ਅਸੀਂ ਸਾਰੀ ਰਾਤ ਤੁਰਦੇ ਰਹੇ ਹਾਂ।”

ਪਲ ਭਰ ਲਈ ਉਹ ਔਰਤ ਹੈਰਾਨ ਹੋਈ ਖੜ੍ਹੀ ਰਹੀ। ਇਹ ਫੈਸਲੇ ਦਾ ਵੇਲਾ ਸੀ ਜਦ ਮਨੁੱਖ ਆਪਣੇ ਸੰਸਕਾਰਾਂ, ਵਿਚਾਰਾਂ, ਮਾਨਤਾਵਾਂ ਅਤੇ ਪ੍ਰਭਾਵਾਂ ਦੇ ਆਧਾਰ ‘ਤੇ ਕੋਈ ਨਿਰਣਾ ਕਰਦਾ ਹੈ। ਔਰਤ ਕੁਝ ਦੇਰ ਦੇਖਦੀ ਰਹੀ, ਫਿਰ ਦਰਵਾਜ਼ਾ ਖੋਲ੍ਹ ਦਿੱਤਾ, “ਆ ਜਾਓ, ਲੰਘ ਆਓ।”

ਹਰਨਾਮ ਸਿੰਘ ਤੇ ਬੰਤੋ ਦੀਆਂ ਪਲਕਾਂ ਉਠੀਆਂ ਅਤੇ ਦੋਵੇਂ ਬਰੂਹਾਂ ਲੰਘ ਕੇ ਵਿਹੜੇ ਵਿਚ ਆ ਗਏ। ਉਨ੍ਹਾਂ ਦੇ ਅੰਦਰ ਆ ਜਾਣ ‘ਤੇ ਔਰਤਾਂ ਨੇ ਬਾਹਰ ਝਾਕ ਕੇ ਸੱਜੇ-ਖੱਬੇ ਦੇਖਿਆ, ਫਿਰ ਝੱਟ ਦੇਣੀ ਕੁੰਡਾ ਮਾਰ ਦਿੱਤਾ। ਛੋਟੀ ਉਮਰ ਦੀ ਤੀਵੀਂ ਇਕ ਟੱਕ ਉਨ੍ਹਾਂ ਵੱਲ ਵੇਖ ਰਹੀ ਸੀ, ਅੱਖਾਂ ਵਿਚ ਵਹਿਮ ਤੇ ਅਵਿਸ਼ਵਾਸ ਸੀ। ਵੱਡੀ ਉਮਰ ਦੀ ਔਰਤ ਨੇ ਉਸ ਨੂੰ ਕਿਹਾ, “ਮੰਜੀ ਡਾਹ ਦੇ ਇਕਰਾਂ” ਆਖ ਉਹ ਮੁੜ ਪਾਥੀਆਂ ਪੱਥਣ ਲੱਗੀ।

ਇਕਰਾਂ ਕੋਠੜੀ ਵਿਚੋਂ ਮੋਢਿਆਂ ‘ਤੇ ਪੱਲਾ ਲੈਂਦੀ ਹੋਈ ਤੁਰ ਗਈ ਤੇ ਕੰਧ ਨਾਲ ਲੱਗੀ ਮੰਜੀ ਡਾਹ ਦਿੱਤੀ।

“ਢੱਕ ਇਲਾਹੀ ਬਖ਼ਸ਼ ਵਿਚ ਸਾਰੀ ਉਮਰ ਕੱਟੀ ਏ। ਉਥੇ ਹੀ ਦੁਕਾਨ ਤੇ ਸਾਡਾ ਘਰ ਸੀ। ਪਹਿਲਾਂ ਤਾਂ ਸਭ ਨੇ ਕਿਹਾ, ਇਥੇ ਬੈਠੇ ਰਹੋ, ਕੁਝ ਨਹੀਂ ਹੋਵੇਗਾ। ਫਿਰ ਕੱਲ੍ਹ ਕਰੀਮ ਖਾਨ ਨੇ ਸਲਾਹ ਦਿੱਤੀ, ਇਥੇ ਰਹਿਣ ਵਿਚ ਖਤਰਾ ਏ, ਤੁਸੀਂ ਚਲੇ ਜਾਓ। ਉਸ ਨੇ ਠੀਕ ਹੀ ਕਿਹਾ। ਪਿੱਠ ਮੋੜਨ ਦੀ ਦੇਰੀ ਸੀ ਕਿ ਹਮਲਾਵਰ ਆ ਗਏ। ਦੁਕਾਨ ਵੀ ਲੁੱਟ ਲਈ ਤੇ ਉਸ ਨੂੰ ਅੱਗ ਵੀ ਲਾ ਦਿੱਤੀ।” ਹਰਨਾਮ ਸਿੰਘ ਨੇ ਕਿਹਾ। ਔਰਤ ਚੁੱਪ ਰਹੀ। ਇਸੇ ਦੌਰਾਨ ਬੰਤੋ ਮੰਜੀ ਤੋਂ ਉਠ ਕੇ ਹੇਠਾਂ ਆ ਗਈ ਤੇ ਉਸ ਔਰਤ ਕੋਲ ਬਹਿ ਗਈ।

ਇਕਰਾਂ ਆਈ ਤੇ ਵੱਡੇ ਤਸਲੇ ਵਿਚ ਰੱਖੀਆਂ ਪਾਥੀਆਂ ਚੁੱਕ ਕੇ ਲੈ ਗਈ ਤੇ ਇਕ-ਇਕ ਕਰ ਕੇ ਵਿਹੜੇ ਦੀ ਕੰਧ ‘ਤੇ ਲਾਉਣ ਲੱਗੀ। ਔਰਤ ਚੁੱਪ-ਚਾਪ ਗੋਹੇ ਪਾਥੀਆਂ ਪੱਥਦੀ ਰਹੀ। ਮੂੰਹੋਂ ਕੁਝ ਨਾ ਬੋਲੀ।

“ਮਰਦ ਕਿਥੇ ਗਏ?” ਹਰਨਾਮ ਸਿੰਘ ਨੇ ਪੁੱਛਿਆ।

ਔਰਤ ਨੇ ਇਕ ਵਾਰ ਘੁੰਮ ਕੇ ਹਰਨਾਮ ਸਿੰਘ ਵੱਲ ਦੇਖਿਆ, ਪਰ ਉਸ ਦੇ ਸਵਾਲ ਦਾ ਜਵਾਬ ਨਾ ਦਿੱਤਾ। ਹਰਨਾਮ ਸਿੰਘ ਨੂੰ ਅਚਾਨਕ ਸਮਝ ਆ ਗਈ ਕਿ ਮਰਦ ਕਿਥੇ ਗਏ ਹੋਣਗੇ ਅਤੇ ਉਸ ਦਾ ਸਾਰਾ ਸਰੀਰ ਝੁਣ-ਝੁਣਾ ਉਠਿਆ। ਫਿਰ ਬੋਲਿਆ, “ਅਸੀਂ ਇਨ੍ਹਾਂ ਦੋ ਕੱਪੜਿਆਂ ਵਿਚ ਨਿਕਲ ਆਏ ਹਾਂ, ਭਲਾ ਹੋਵੇ ਕਰੀਮ ਬਖ਼ਸ਼ ਦਾ, ਉਸ ਨੇ ਸਾਡੀ ਜਾਨ ਬਚਾ ਲਈ ਅਤੇ ਸਲਾਮਤ ਰਹੇਂ ਤੂੰ ਭੈਣੈ, ਜਿਹਨੇ ਸਾਨੂੰ ਆਸਰਾ ਦਿੱਤਾ।”

ਘਰ ਵਿਚ ਅਜੀਬ ਜਿਹੀ ਚੁੱਪ ਛਾਈ ਹੋਈ ਸੀ ਜਿਸ ਕਰ ਕੇ ਹਰਨਾਮ ਸਿੰਘ ਕੁਝ ਕਹਿੰਦਾ ਕਹਿੰਦਾ ਚੁੱਪ ਹੋ ਜਾਂਦਾ। ਇਕਰਾਂ ਅੰਦਰ ਚਲੇ ਗਈ। ਹਰਨਾਮ ਸਿੰਘ ਨੂੰ ਵਾਰ ਵਾਰ ਲੱਗਦਾ ਜਿਵੇਂ ਉਹ ਕੋਠੜੀ ਦੇ ਹਨੇਰੇ ਵਿਚ ਖੜ੍ਹੀ ਉਨ੍ਹਾਂ ਵੱਲ ਘੂਰ ਰਹੀ ਹੈ। ਔਰਤ ਉਠ ਖਲੋਤੀ ਤੇ ਤਸਲੇ ਵਿਚ ਰੱਖੇ ਪਾਣੀ ਨਾਲ ਹੱਥ ਧੋ ਕੇ ਇਕ ਬੰਨੇ ਚਲੀ ਗਈ ਜਿਥੇ ਰਸੋਈ ਦੇ ਭਾਂਡੇ ਰੱਖੇ ਸਨ। ਫਿਰ ਉਹਨੇ ਛੰਨਾ ਚੁੱਕਿਆ ਤੇ ਉਸ ਵਿਚ ਲੱਸੀ ਪਾ ਲਿਆਈ। ਹਰਨਾਮ ਸਿੰਘ ਨੇ ਅਜੇ ਵੀ ਬੰਦੂਕ ਮੋਢੇ ਨਾਲ ਲਟਕਾਈ ਹੋਈ ਸੀ। ਕਾਰਤੂਸਾਂ ਦੀ ਪੇਟੀ ਪਸੀਨੇ ਨਾਲ ਭਰੀ ਹੋਈ ਸੀ ਤੇ ਕਮੀਜ਼ ਸਰੀਰ ਨਾਲ ਚਿਪਕੀ ਹੋਈ ਸੀ।

“ਲਓ, ਲੱਸੀ ਪੀਓ, ਰਾਤ ਭਰ ਕੇ ਥੱਕੇ ਹੋਏ ਹੋ।”

ਛੰਨਾ ਔਰਤ ਦੇ ਹੱਥ ਵਿਚ ਦੇਖ ਕੇ ਹਰਨਾਮ ਸਿੰਘ ਫੁੱਟ ਫੁੱਟ ਕੇ ਰੋ ਪਿਆ। ਰਾਤ ਭਰ ਦੀ ਥਕਾਵਟ, ਤਰ੍ਹਾਂ ਤਰ੍ਹਾਂ ਦੇ ਡਰ ਤੇ ਸੋਚਾਂ ਇਕਦਮ ਫੁੱਟ ਕੇ ਵਹਿ ਤੁਰੇ ਤੇ ਉਹ ਬੱਚਿਆਂ ਵਾਂਗ ਵਿਲਕ ਪਿਆ। ਆਖਰ ਖਾਂਦਾ-ਪੀਂਦਾ ਦੁਕਾਨਦਾਰ ਸੀ, ਲੱਕ ਨਾਲ ਦੋ ਸੌ ਰੁਪਏ ਵੀ ਬੰਨ੍ਹ ਕੇ ਲਿਆਇਆ ਸੀ। ਸਾਰੀ ਉਮਰ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ ਅਤੇ ਹੁਣ ਇਕ ਦਿਨ ਵਿਚ ਦਰ ਦਰ ਦੀਆਂ ਠੋਕਰਾਂ ਖਾਣ ਲੱਗਾ ਸੀ।

“ਇਥੇ ਉਚੀ ਉਚੀ ਨਾ ਰੋਵੋ ਸਰਦਾਰ ਜੀ, ਗਲੀ-ਮੁਹੱਲੇ ਵਾਲੇ ਸੁਣਨਗੇ ਤਾਂ ਭੱਜੇ ਆਉਣਗੇ, ਚੁੱਪ ਬੈਠੇ ਰਹੋ।”

ਹਰਨਾਮ ਸਿੰਘ ਸਿਸਕੀਆਂ ਦਬਾ ਕੇ ਚੁੱਪ ਹੋ ਗਿਆ ਤੇ ਪਗੜੀ ਦੇ ਲੜ ਨਾਲ ਹੰਝੂ ਪੂੰਝਣ ਲੱਗਾ, “ਭਲਾ ਹੋਵੇ ਤੁਹਾਡਾ ਭੈਣੇ, ਤੁਹਾਡਾ ਕੀਤਾ ਅਸੀਂ ਕਦੇ ਨਹੀਂ ਉਤਾਰ ਸਕਾਂਗੇ।”

“ਰੱਬ ਘਰੋਂ ਬੇਘਰ ਕਿਸੇ ਨੂੰ ਨਾ ਕਰੇ। ਰੱਬ ਦੀ ਮਿਹਰ ਹੋਈ ਤਾਂ ਸਭ ਠੀਕ ਹੋ ਜਾਵੇਗਾ।”

ਔਰਤ ਹਾਲੇ ਵੀ ਲੱਸੀ ਦਾ ਛੰਨਾ ਲਈ ਬੰਤੋ ਦੇ ਸਾਹਮਣੇ ਖੜ੍ਹੀ ਸੀ। ਲੱਸੀ ਦਾ ਛੰਨਾ ਵੇਖ ਕੇ ਬੰਤੋ ਦੁਬਿਧਾ ਵਿਚ ਪੈ ਗਈ। ਉਸ ਨੇ ਅੱਖਾਂ ਚੁੱਕ ਕੇ ਪਤੀ ਵੱਲ ਦੇਖਿਆ। ਉਹ ਉਸ ਵੱਲ ਦੇਖ ਰਿਹਾ ਸੀ। ਮੁਸਲਮਾਨ ਦੇ ਹੱਥੋਂ ਕਟੋਰਾ ਕਿਵੇਂ ਲੈ ਲਵੇ? ਉਧਰ ਰਾਤ ਭਰ ਦੀ ਥਕਾਵਟ ਨਾਲ ਸੰਘ ਸੁੱਕ ਰਿਹਾ ਸੀ। ਉਸ ਦੀ ਝਿਜਕ ਨੂੰ ਮਾਲਕਣ ਸਮਝ ਗਈ। “ਤੁਹਾਡੇ ਕੋਲ ਕੋਈ ਆਪਣਾ ਭਾਂਡਾ ਹੋਵੇ ਤਾਂ ਉਸ ਵਿਚ ਪਾ ਲਓ। ਪਿੰਡ ਵਿਚ ਇਕ ਪੰਡਿਤ ਦੀ ਦੁਕਾਨ ਏ। ਘਰ ਹੋਇਆ ਤਾਂ ਉਸ ਕੋਲੋਂ ਮੈਂ ਤੁਹਾਡੇ ਲਈ ਦੋ ਭਾਂਡੇ ਲੈ ਆਊਂ, ਪਰ ਕੀ ਪਤਾ, ਉਹ ਮਿਲੇਗਾ ਕਿ ਨਹੀਂ। ਸਾਡੇ ਹੱਥ ਦਾ ਨਾ ਲਓ ਪਰ ਦਿਨ ਭਰ ਭੁੱਖੇ ਕਿਥੇ ਪਏ ਰਹੋਗੇ?”

ਹਰਨਾਮ ਸਿੰਘ ਨੇ ਹੱਥ ਅੱਗੇ ਕਰ ਕੇ ਛੰਨਾ ਲੈ ਲਿਆ, “ਤੇਰੇ ਹੱਥ ਦਾ ਦਿੱਤਾ ਅੰਮ੍ਰਿਤ ਬਰਾਬਰ ਏ ਭੈਣਾਂ, ਅਸੀਂ ਤੇਰਾ ਕੀਤਾ ਕਦੇ ਨਹੀਂ ਭੁਲ ਸਕਦੇ।” ਧੁੱਪ ਨਿਕਲ ਆਈ ਸੀ ਤੇ ਲਾਗੇ-ਚਾਗੇ ਦੇ ਘਰਾਂ ਵਿਚੋਂ ਆਵਾਜ਼ਾਂ ਆਉਣ ਲੱਗੀਆਂ ਸਨ। ਹਰਨਾਮ ਸਿੰਘ ਨੇ ਅੱਧੀ ਲੱਸੀ ਪੀ ਕੇ ਛੰਨਾ ਬੰਤੋ ਵੱਲ ਕਰ ਦਿੱਤਾ।

“ਸੁਣੋ ਸਰਦਾਰ ਜੀ, ਮੈਂ ਤੁਹਾਡੇ ਕੋਲੋਂ ਕੁਝ ਨਹੀਂ ਲੁਕਾਵਾਂਗੀ”, ਘਰ ਦੀ ਮਾਲਕਣ ਬੋਲੀ, “ਮੇਰੇ ਘਰਵਾਲਾ ਤੇ ਪੁੱਤਰ, ਦੋਵੇਂ ਪਿੰਡ ਵਾਲਿਆਂ ਨਾਲ ਬਾਹਰ ਗਏ ਹੋਏ ਨੇ। ਉਹ ਹੁਣ ਮੁੜਨ ਵਾਲੇ ਹੀ ਹੋਣਗੇ। ਮੇਰੇ ਘਰਵਾਲਾ ਤਾਂ ਰੱਬ ਤੋਂ ਡਰਨ ਵਾਲਾ ਬੰਦਾ ਏ, ਤੁਹਾਨੂੰ ਕੁਝ ਨਹੀਂ ਕਹੇਗਾ, ਪਰ ਪੁੱਤਰ ਲੀਗੀ ਏ ਤੇ ਉਸ ਦੇ ਨਾਲ ਦੇ ਵੀ ਲੀਗੀ ਨੇ। ਤੁਹਾਡੇ ਨਾਲ ਉਹ ਕਿਹੋ ਜਿਹਾ ਸਲੂਕ ਕਰਨਗੇ, ਮੈਨੂੰ ਨਹੀਂ ਪਤਾ। ਤੁਸੀਂ ਆਪਣਾ ਨਫ਼ਾ ਨੁਕਸਾਨ ਸੋਚ ਲਓ।”

ਹਰਨਾਮ ਸਿੰਘ ਦਾ ਦਿਲ ਬੈਠ ਗਿਆ। ਹੁਣੇ ਹੁਣੇ ਤਾਂ ਇਹ ਔਰਤ ਅਲੱਗ ਭਾਂਡੇ ਦੇਣ ਦੀ ਗੱਲ ਕਰ ਰਹੀ ਸੀ ਅਤੇ ਹੁਣ ਕੁਝ ਹੋਰ ਸੁਣਾਉਣ ਲੱਗੀ ਏ। ਉਸ ਨੇ ਹੱਥ ਜੋੜ ਦਿੱਤੇ, “ਇਸ ਵੇਲੇ ਦਿਨ ਦਿਹਾੜੇ ਅਸੀਂ ਕਿੱਥੇ ਜਾਈਏ?”

“ਮੈਨੂੰ ਕੀ ਪਤਾ? ਭਲੇ ਦਿਨ ਹੁੰਦੇ ਤਾਂ ਕੋਈ ਗੱਲ ਨਹੀਂ ਸੀ, ਹੁਣ ਕੋਈ ਕਿਸੇ ਦੀ ਨਹੀਂ ਸੁਣਦਾ। ਮੈਂ ਦੱਸ ਦਿੱਤਾ ਏ ਕਿ ਮਰਦ ਬਾਹਰ ਗਏ ਹੋਏ ਨੇ ਤੇ ਆਉਣ ਵਾਲੇ ਨੇ, ਉਹ ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕਰਨਗੇ, ਮੈਨੂੰ ਨਹੀਂ ਪਤਾ। ਜੇ ਕੋਈ ਚੰਗੀ-ਮੰਦੀ ਹੋ ਗਈ ਤਾਂ ਮੈਨੂੰ ਨਾ ਕਹਿਣਾ।”

ਹਰਨਾਮ ਸਿੰਘ ਬੜੀ ਦੇਰ ਗਹਿਰੀ ਸੋਚ ਵਿਚ ਡੁੱਬਾ ਬੈਠਾ ਰਿਹਾ, ਫਿਰ ਮਾੜੀ ਜਿਹੀ ਆਵਾਜ਼ ਵਿਚ ਬੋਲਿਆ, “ਸੱਤ ਬਚਨ, ਜੋ ਵਾਹਿਗੁਰੂ ਨੂੰ ਮਨਜ਼ੂਰ, ਉਹੋ ਹੋਵੇਗਾ। ਤੇਰੇ ਦਿਲ ਵਿਚ ਰਹਿਮ ਜਾਗਿਆ, ਤੂੰ ਦਰਵਾਜ਼ਾ ਖੋਲ੍ਹ ਦਿੱਤਾ। ਹੁਣ ਤੂੰ ਕਹੇਂਗੀ ਬਾਹਰ ਚਲੇ ਜਾਓ ਤਾਂ ਅਸੀਂ ਚਲੇ ਜਾਵਾਂਗੇ। ਚੱਲ ਬੰਤੋ, ਉਠ...।”



*ਚਿੱਤਰਕਾਰ ਪ੍ਰਾਣ ਨਾਥ ਮਾਗੋ ਵੱਲੋਂ ਸੰਤਾਲੀ ਦੀ ਵੰਡ ਬਾਰੇ 1947 ਵਿਚ ਬਣਾਈ ਪੇਂਟਿੰਗ ‘ਮਾਤਮ ਮਨਾਉਣ ਵਾਲੇ’।*

ਹਰਨਾਮ ਸਿੰਘ ਨੇ ਬੰਦੂਕ ਸੰਭਾਲੀ ਅਤੇ ਦੋਵੇਂ ਪਤੀ-ਪਤਨੀ ਦਰਵਾਜ਼ੇ ਵੱਲ ਵਧੇ। ਉਹਨੂੰ ਪਤਾ ਸੀ ਕਿ ਦਰਵਾਜ਼ਿਓਂ ਬਾਹਰ ਪਰਲੋ ਮੂੰਹ ਅੱਡੀ ਖਲੋਤੀ ਏ, ਪਰ ਚਾਰਾ ਵੀ ਕੋਈ ਨਹੀਂ ਸੀ। ਔਰਤ ਵਿਹੜੇ ਵਿਚ ਉਵੇਂ ਹੀ ਖੜ੍ਹੀ ਉਨ੍ਹਾਂ ਵੱਲ ਦੇਖਦੀ ਰਹੀ। ਜਦ ਹਰਨਾਮ ਸਿੰਘ ਨੇ ਕੁੰਡੀ ਖੋਲ੍ਹਣ ਲਈ ਹੱਥ ਚੁੱਕਿਆ ਤਾਂ ਔਰਤ ਬੋਲ ਉਠੀ, “ਨਾ ਜਾਓ ਜੀ, ਰੁਕ ਜਾਓ, ਕੁੰਡੀ ਮਾਰ ਦਿਓ, ਤੁਸੀਂ ਮੇਰੇ ਘਰ ਦਾ ਬੂਹਾ ਖੜਕਾਇਆ ਏ, ਦਿਲ ਵਿਚ ਆਸ ਲੈ ਕੇ ਆਏ ਓ, ਜੋ ਹੋਊ ਵੇਖੀ ਜਾਊ, ਤੁਸੀਂ ਪਰਤ ਆਓ।”

ਪਿੱਛੇ ਹਨੇਰੀ ਕੋਠੜੀ ਦੀ ਸਰਦਲ ‘ਤੇ ਖੜ੍ਹੀ ਇਕਰਾਂ ਆਪਣੀ ਸੱਸ ਵੱਲ ਦੇਖ ਰਹੀ ਸੀ। ਉਸ ਨੂੰ ਬੋਲਦੇ ਦੇਖ ਕੇ ਅੱਗੇ ਵਧ ਆਈ, “ਜਾਣ ਦੇ ਮਾਂ, ਅਸੀਂ ਮਰਦਾਂ ਨੂੰ ਪੁੱਛਿਆ ਵੀ ਤਾਂ ਨਹੀਂ ਏ। ਉਨ੍ਹਾਂ ਨੂੰ ਬਹੁਤ ਬੁਰਾ ਲੱਗੂ।”

“ਮੈਂ ਜਵਾਬ ਦੇ ਲਊਂ। ਤੂੰ ਜਾ ਅੰਦਰੋਂ ਪੌੜੀ ਚੁੱਕ ਲਿਆ, ਜਲਦੀ ਕਰ। ਘਰ ਆਇਆਂ ਨੂੰ ਕੱਢ ਦਿਆਂ ਹੁਣ? ਅੱਲ੍ਹਾ ਦੀ ਦਰਗਾਹ ਵਿਚ ਸਭ ਨੇ ਜਾਣਾ ਏ। ਜਾਹ ਵੀ...ਖਲੋਤੀ ਮੇਰਾ ਮੂੰਹ ਕੀ ਵੇਖ ਰਹੀ ਏਂ, ਅੰਦਰੋਂ ਪੌੜੀ ਚੁੱਕ ਲਿਆ।”

ਹਰਨਾਮ ਸਿੰਘ ਤੇ ਉਸ ਦੀ ਪਤਨੀ ਬੂਹੇ ਤੋਂ ਮੁੜ ਆਏ। ਹਰਨਾਮ ਸਿੰਘ ਨੇ ਫਿਰ ਹੱਥ ਜੋੜ ਦਿੱਤੇ, “ਵਾਹਿਗੁਰੂ ਤੈਨੂੰ ਸਲਾਮਤ ਰੱਖੇ ਭੈਣਾਂ, ਤੂੰ ਸਾਨੂੰ ਜਿਵੇਂ ਕਹੇਂਗੀ, ਅਸੀਂ ਉਵੇਂ ਹੀ ਕਰਾਂਗੇ।”

ਦਿਨ ਨਿਕਲ ਆਇਆ ਸੀ। ਆਂਢ-ਗੁਆਂਢ ਦੀਆਂ ਤੀਵੀਆਂ ਇਕ-ਦੂਜੇ ਦੇ ਘਰ ਆਉਣ-ਜਾਣ ਲੱਗੀਆਂ ਸਨ। ਥਾਂ-ਥਾਂ ਫਸਾਦਾਂ ਦੀ ਚਰਚਾ ਹੋ ਰਹੀ ਸੀ। ਇਸ ਪਿੰਡ ਵਿਚੋਂ ਵੀ ਪਿਛਲੀ ਸ਼ਾਮ ਬਹੁਤ ਸਾਰੇ ਮਰਦ ਨਾਹਰੇ ਲਾਉਂਦੇ, ਬਰਛੇ-ਕੁਹਾੜੇ ਹਵਾ ਵਿਚ ਲਹਿਰਾਉਂਦੇ ਤੇ ਢੋਲ ਵਜਾਉਂਦੇ ਪਿੰਡ ਵਿਚ ਘੁੰਮਦੇ ਰਹੇ ਸਨ ਤੇ ਬਾਅਦ ਵਿਚ ਪੂਰਬ ਵੱਲ ਨਿਕਲ ਗਏ ਸਨ। ਪਤਾ ਨਹੀਂ ਕਿਥੇ ਘੁੰਮਦੇ ਰਹੇ ਸਨ, ਸਾਰੀ ਰਾਤ ਕੀ ਕਰਦੇ ਰਹੇ ਸਨ, ਪਰ ਹੁਣ ਦਿਨ ਚੜ੍ਹ ਆਇਆ ਸੀ ਤੇ ਘਰ ਵਿਚ ਉਨ੍ਹਾਂ ਦੀ ਉਡੀਕ ਸੀ।

ਇਕਰਾਂ ਪੌੜੀ ਲੈ ਆਈ। ਉਸ ਦੀ ਸੱਸ ਨੇ ਪੌੜੀ ਉਹਦੇ ਹੱਥੋਂ ਲੈ ਲਈ ਅਤੇ ਕੰਧ ਨਾਲ ਲਾ ਦਿੱਤੀ, ਜਿਥੋਂ ਕੋਠੜੀ ਉਤੇ ਛੋਟੀ ਜਿਹੀ ਮਿਆਨੀ ਸੀ। ਔਰਤ ਨੇ ਕਿਹਾ, “ਇਧਰ ਆਓ ਜੀ, ਤੁਸੀਂ ਦੋਵੇਂ ਉਪਰ ਚੜ੍ਹ ਕੇ ਮਿਆਨੀ ਵਿਚ ਬਹਿ ਜਾਓ, ਬੋਲਣਾ ਨਹੀਂ। ਕਿਸੇ ਨੂੰ ਪਤਾ ਨਾ ਲੱਗੇ ਕਿ ਤੁਸੀਂ ਇਥੇ ਹੋ, ਅੱਗੇ ਅੱਲ੍ਹਾ ਮਾਲਕ!”

ਹਰਨਾਮ ਸਿੰਘ ਨੂੰ ਚੜ੍ਹਨ ਵਿਚ ਮੁਸ਼ਕਿਲ ਪੇਸ਼ ਆਈ। ਇਕ ਤਾਂ ਭਾਰੀ ਦੇਹ, ਦੂਜੇ ਮੋਢਿਆਂ ‘ਤੇ ਲਟਕਦੀ ਭਾਰੀ ਬੰਦੂਕ ਵਾਰ ਵਾਰ ਉਸ ਦੀਆਂ ਲੱਤਾਂ ਵਿਚ ਉਲਝ ਰਹੀ ਸੀ। ਜਿਵੇਂ ਕਿਵੇਂ ਹਫ਼ਦਾ ਉਹ ਉਪਰ ਪਹੁੰਚ ਗਿਆ, ਪਿੱਛੇ ਪਿੱਛੇ ਬੰਤੋ ਵੀ ਚੜ੍ਹ ਗਈ। ਮਿਆਨੀ ਛੋਟੀ ਸੀ, ਮੁਸ਼ਕਿਲ ਨਾਲ ਕੁੰਗੜ ਕੇ ਬਹਿਣ ਦੀ ਜਗ੍ਹਾ ਸੀ। ਹੋਰ ਸਾਮਾਨ ਵੀ ਭਰਿਆ ਪਿਆ ਸੀ। ਜਦ ਹਰਨਾਮ ਸਿੰਘ ਨੇ ਖਿੜਕੀ ਬੰਦ ਕਰ ਦਿੱਤੀ ਤਾਂ ਅੰਦਰ ਹਨੇਰਾ ਹੋ ਗਿਆ। ਦੋਵੇਂ ਚੁੱਪ-ਚਾਪ ਬੈਠੇ ਹਨੇਰੇ ਵਿਚ ਅੱਖਾਂ ਪਾੜ-ਪਾੜ ਕੇ ਦੇਖ ਰਹੇ ਸਨ। ਨਾ ਕੁਝ ਸੋਚਣ ਨੂੰ ਸੀ, ਨਾ ਕੁਝ ਕਹਿਣ ਨੂੰ। ਬੱਸ, ਪਤਲੀ ਜਿਹੀ ਡੋਰੀ ਦੇ ਸਹਾਰੇ ਕਿਸਮਤ ਲਟਕ ਰਹੀ ਸੀ।

ਦੇਰ ਤੱਕ ਹਰਨਮ ਸਿੰਘ ਹਫ਼ਦਾ ਰਿਹਾ। ਮਿਆਨੀ ਅੰਦਰ ਹੁੰਮਸ ਸੀ, ਹਨੇਰਾ ਵੀ ਸੀ। ਕੁਝ ਦੇਰ ਤੱਕ ਬੈਠੇ ਰਹਿਣ ਪਿੱਛੋਂ ਲਾਚਾਰ ਹੋ ਕੇ ਹਰਨਾਮ ਸਿੰਘ ਨੇ ਤਾਕੀ ਨੂੰ ਥੋੜ੍ਹਾ ਜਿਹਾ ਖੋਲ੍ਹ ਦਿੱਤਾ ਤਾਂ ਕਿ ਕੁਝ ਹਵਾ ਤੇ ਲੋਅ ਅੰਦਰ ਆ ਸਕੇ। ਉਸ ਨੂੰ ਪਤਲੀ ਜਿਹੀ ਝੀਤ ਵਿਚੋਂ ਥੋੜ੍ਹਾ ਜਿਹਾ ਵਿਹੜਾ ਤੇ ਬੂਹਾ ਦਿਸ ਰਿਹਾ ਸੀ। ਹੇਠਾਂ ਚੁੱਪ ਬਿਖਰੀ ਹੋਈ ਸੀ। ਲੱਗਿਆ ਜਿਵੇਂ ਸੱਸ-ਨੂੰਹ ਵਿਹੜੇ ਵਿਚੋਂ ਚਲੀਆਂ ਗਈਆਂ ਹਨ।

“ਜੇ ਕੋਈ ਬੁਰੀ ਗੱਲ ਹੋ ਗਈ ਬੰਤੋ, ਸਾਡੀ ਜਾਨ ਖਤਰੇ ਵਿਚ ਪੈ ਗਈ ਤਾਂ ਮੈਂ ਪਹਿਲਾਂ ਤੇਰੇ ਗੋਲੀ ਮਾਰਾਂਗਾ, ਤੈਨੂੰ ਆਪਣੇ ਹੱਥਾਂ ਨਾਲ ਖਤਮ ਕਰ ਦਿਆਂਗਾ...।” ਹਰਨਾਮ ਸਿੰਘ ਨੇ ਫੁਸ-ਫੁਸਾ ਕੇ ਤੀਜੀ ਵਾਰ ਕਿਹਾ, “ਜੇ ਅਸੀਂ ਫੜੇ ਗਏ ਤਾਂ ਹੋਰ ਕੋਈ ਚਾਰਾ ਨਹੀਂ।”

ਬੰਤੋ ਚੁੱਪ ਰਹੀ। ਉਹ ਇਕ ਇਕ ਇਕ ਪਲ ਗਿਣ ਰਹੀ ਸੀ ਕਿ ਹੁਣ ਕੀ ਹੋਵੇਗਾ, ਉਸ ਦੀ ਸੋਚ ਇਸ ਤੋਂ ਅਗੇਰੇ ਜਾ ਹੀ ਨਹੀਂ ਰਹੀ ਸੀ।

ਹੇਠਾਂ, ਪਿਛਲੀ ਕੋਠੜੀ ਵਿਚ ਸੱਸ-ਨੂੰਹ ਵਿਚਕਾਰ ਇਕਦਮ ਬਹਿਸ ਸ਼ੁਰੂ ਹੋ ਗਈ। ਇਕਰਾਂ ਨੇ ਮੂੰਹ ਸੁਜਾਇਆ ਹੋਇਆ ਸੀ, “ਕਾਫ਼ਰਾਂ ਨੂੰ ਪਨਾਹ ਦੇਣੇ ਓ, ਬਹੁ ਮਾੜਾ ਕਰਨੇ ਓ, ਮਰਦ ਤੈਨੂੰ ਪੁੱਛਣਗੇ।”

“ਤੂੰ ਚੁੱਪ ਰਹਿ। ਬਦਨਸੀਬ ਕੋਈ ਆਏ ਤੇ ਮੈਂ ਧੱਕਾ ਦੇ ਦੇਵਾਂ?”

“ਨਾ ਜਾਣ ਨਾ ਪਛਾਣ। ਇਹ ਸਾਡੇ ਕੀ ਲੱਗਦੇ ਨੇ? ਕਿੰਨਾ ਬੁਰਾ ਲੱਗੇਗਾ ਅੱਬਾ ਨੂੰ ਤੇ ਰਮਜ਼ਾਨ ਨੂੰ ਵੀ। ਉਪਰ ਦੋਵੇਂ ਚੜ੍ਹ ਬੈਠੇ ਨੇ ਅਤੇ ਸਿੱਖੜੇ ਦੇ ਹੱਥ ਵਿਚ ਬੰਦੂਕ ਏ। ਜੇ ਮਰਦ ਆਇਆ ਤੇ ਉਸ ਨੇ ਗੋਲੀ ਚਲਾ ਦਿੱਤੀ ਤਾਂ? ਤੂੰ ਤਾਂ ਇਤਬਾਰ ਕਰ ਕੇ ਉਨ੍ਹਾਂ ਨੂੰ ਉਥੇ ਬੈਠਾ ਦਿੱਤਾ।”

ਸੱਸ ਇਕਰਾਂ ਦੇ ਚਿਹਰੇ ਵੱਲ ਦੇਖਦੀ ਰਹਿ ਗਈ। ਉਸ ਦੀ ਗੱਲ ਵਿਚ ਦਮ ਸੀ। ਜੇ ਗੱਲ ਵਿਗੜ ਜਾਵੇ, ਮਰਦਾਂ ਦੇ ਪਰਤਣ ਤੇ, ਉਨ੍ਹਾਂ ਨੂੰ ਪਤਾ ਲੱਗ ਜਾਵੇ ਅਤੇ ਇਨ੍ਹਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋ ਜਾਵੇ, ਗਾਲੀ ਗਲੋਚ ਹੋ ਜਾਵੇ, ਰਮਜ਼ਾਨ ਤਾਂ ਉਂਜ ਵੀ ਕਿੰਨੇ ਦਿਨਾਂ ਤੋਂ ਬੁਖਲਾਇਆ ਹੋਇਆ ਹੈ, ਤੇ ਇਹ ਉਪਰ ਬੈਠਾ ਗੋਲੀ ਚਲਾ ਦੇਵੇ ਤਾਂ ਕੀ ਹੋਵੇਗਾ? ਹੇਠਾਂ ਖਲੋਤੇ ਆਦਮੀ ਨੂੰ ਤਾਂ ਮਾਰ ਹੀ ਸੁੱਟੇਗਾ। ਕਿਸੇ ਨੂੰ ਪਨਾਹ ਦੇਣਾ ਹੋਰ ਗੱਲ ਹੈ ਅਤੇ ਆਪਣੇ ਪੁੱਤਰ ਜਾਂ ਘਰਵਾਲੇ ਦੀ ਜਾਨ ਜੋਖਮ ਵਿਚ ਪਾਉਣਾ ਹੋਰ ਗੱਲ। ਇਸ ਵਿਚ ਕੀ ਅਕਲਮੰਦੀ ਹੈ? ਇਹ ਗੱਲ ਉਸ ਨੇ ਸੋਚੀ ਕਿਉਂ ਨਹੀਂ? ਉਹ ਉਠ ਕੇ ਮਿਆਨੀ ਦੇ ਹੇਠਾਂ ਜਾ ਖੜ੍ਹੀ।

“ਸੁਣੋ ਸਰਦਾਰ ਜੀ ਮੇਰੀ ਗੱਲ।” ਉਸ ਨੇ ਦੱਬੀ ਆਵਾਜ਼ ਵਿਚ ਕਿਹਾ। ਹਰਨਾਮ ਸਿੰਘ ਤਾਕੀ ਦੇ ਨੇੜੇ ਨੂੰ ਹੋ ਕੇ ਬੋਲਿਆ, “ਕੀ ਏ ਭੈਣਾਂ?”

“ਆਪਣੀ ਬੰਦੂਕ ਮੈਨੂੰ ਦੇ ਦੇ। ਬੰਦੂਕ ਲੈ ਕੇ ਤੂੰ ਉਪਰ ਨਹੀਂ ਬਹਿ ਸਕਣਾਂ।”

ਫਿਰ ਦੋਵਾਂ ਵਿਚਕਾਰ ਚੁੱਪ ਛਾ ਗਈ। ਬੰਦੂਕ ਦੇਣ ਦਾ ਮਤਲਬ ਸੀ, ਆਪਣੀ ਜਾਨ ਉਨ੍ਹਾਂ ਦੇ ਹੱਥ ਦੇ ਦੇਣੀ। ਜੇ ਉਹ ਨਾਂਹ ਕਰ ਦੇਵੇ ਤਾਂ ਉਹ ਫੌਰਨ ਆਪਣੇ ਘਰੋਂ ਕੱਢ ਸਕਦੀ ਸੀ ਅਤੇ ਬਾਹਰ ਦਿਨ ਦਿਹਾੜੇ, ਬੰਦੂਕ ਮੋਢੇ ‘ਤੇ ਲਟਕ ਵੀ ਰਹੀ ਹੋਵੇ, ਤਾਂ ਵੀ ਹਿਫ਼ਾਜ਼ਤ ਨਹੀਂ।

“ਸੁਣਦੇ ਹੋ ਸਰਦਾਰ ਜੀ, ਬੰਦੂਕ ਦੇ ਦਿਓ। ਮੇਰੇ ਘਰ ਰਹਿੰਦਿਆਂ ਬੰਦੂਕ ਦੀ ਕੀ ਲੋੜ ਏ?”

“ਬੰਦੂਕ ਦੇ ਕੇ ਮੈਂ ਬਿਲਕੁਲ ਨਿਹੱਥਾ ਹੋ ਜਾਵਾਂਗਾ ਭੈਣਾਂ, ਕਿਥੇ ਮਾਰਿਆ ਮਾਰਿਆ ਫਿਰਾਂਗਾ? ਇਸ ਦਾ ਤਾਂ ਮੈਨੂੰ ਹੌਸਲਾ ਏ।”

“ਤੂੰ ਬੰਦੂਕ ਏਧਰ ਲਟਕਾ ਦੇ, ਜਦੋਂ ਜਾਵੇਂਗਾ ਤਾਂ ਮੈਂ ਬੰਦੂਕ ਤੈਨੂੰ ਵਾਪਸ ਕਰ ਦੇਵਾਂਗੀ।”

ਹਰਨਾਮ ਸਿੰਘ ਨੇ ਆਪਣੀ ਪਤਨੀ ਦੇ ਚਿਹਰੇ ਵੱਲ ਵੇਖਿਆ ਤੇ ਫਿਰ ਚੁੱਪ-ਚਾਪ ਬੰਦੂਕ ਹੇਠਾਂ ਲਟਕਾ ਦਿੱਤੀ। ਬੰਦੂਕ ਦੇਣ ਤੋਂ ਬਾਅਦ ਹਰਨਾਮ ਸਿੰਘ ਨੂੰ ਇਸ ਗੱਲ ਦਾ ਧਿਆਨ ਆਇਆ ਕਿ ਦੇਣ ਤੋਂ ਪਹਿਲਾਂ ਉਸ ਵਿਚੋਂ ਗੋਲੀਆਂ ਤਾਂ ਕੱਢ ਲੈਂਦਾ। ਭਰੀ ਹੋਈ ਬੰਦੂਕ ਉਸ ਦੇ ਹੱਥ ਵਿਚ ਦੇ ਦਿੱਤੀ। ਫਿਰ ਉਸ ਨੇ ਸਿਰ ਨੂੰ ਝਟਕਾ ਦਿੱਤਾ, “ਜਿਥੇ ਜ਼ਿੰਦਗੀ ਬੇਯਕੀਨੀ ਵਿਚ ਲਟਕ ਰਹੀ ਹੈ, ਉਥੇ ਕੀ ਫਰਕ ਪੈਂਦਾ ਹੈ ਕਿ ਬੰਦੂਕ ਵਿਚੋਂ ਗੋਲੀਆਂ ਕੱਢ ਲਈਆਂ ਜਾਂ ਨਹੀਂ। ਕੱਢ ਲੈਂਦਾ ਤਾਂ ਮੌਤ ਦਾ ਇਕ ਬਹਾਨਾ ਘੱਟ ਹੋ ਜਾਂਦਾ, ਨਹੀਂ ਕੱਢੀਆਂ ਤਾਂ ਮੌਤ ਦੇ ਹਜ਼ਾਰਾਂ ਬਹਾਨਿਆਂ ਵਿਚ ਇਕ ਹੋਰ ਬਹਾਨਾ ਜਾ ਮਿਲਿਆ ਹੈ।” ਸੋਚਦਿਆਂ ਉਸ ਨੇ ਠੰਢਾ ਸਾਹ ਲਿਆ, ਇੰਨਾ ਡੂੰਘਾ ਕਿ ਬੰਤੋ ਨੂੰ ਲੱਗਾ ਕਿ ਹੇਠਾਂ ਖਲੋਤੀ ਔਰਤ ਤੇ ਉਸ ਦੀ ਨੂੰਹ ਨੇ ਸੁਣ ਲਿਆ ਹੋਵੇਗਾ।

ਮਿਆਨੀ ਵਿਚ ਫਿਰ ਹਨੇਰਾ ਛਾ ਗਿਆ।

ਕੀ ਤੋਂ ਕੀ ਹੋ ਗਿਆ। ਕੱਲ੍ਹ ਇਸ ਵੇਲੇ ਬੰਤੋ ਆਪਣੇ ਘਰ ਸੰਦੂਕ ਵਿਚ ਕੱਪੜੇ ਸਾਂਭ ਰਹੀ ਸੀ ਤੇ ਅੱਜ ਪਤੀ ਪਤਨੀ ਚੂਹਿਆਂ ਵਾਂਗ ਹਨੇਰੀ ਮਿਆਨੀ ਵਿਚ ਬੈਠੇ ਸਨ। ਕੱਲ੍ਹ ਹਰਨਾਮ ਸਿੰਘ ਤੇ ਕਰੀਮ ਖਾਨ ਇਨ੍ਹਾਂ ਫਸਾਦਾਂ ਨੂੰ ਬੁਰਾ ਭਲਾ ਕਹਿ ਰਹੇ ਸਨ, ਉਨ੍ਹਾਂ ਲੋਕਾਂ ਨੂੰ ਬੁਰਾ ਭਲਾ ਕਹਿ ਰਹੇ ਸਨ ਜਿਨ੍ਹਾਂ ਦੀਆਂ ਅੱਖਾਂ ਵਿਚੋਂ ਦੀਦ ਉਡ ਗਿਆ ਸੀ। ਹੁਣ ਉਹ ਆਪ ਫਸਾਦਾਂ ਦੇ ਇਕ ਝੌਂਕੇ ਨਾਲ ਕਿਤੇ ਦੇ ਕਿਤੇ ਪਟਕ ਦਿੱਤੇ ਗਏ ਸਨ।

ਅਚਾਨਕ ਇਹ ਸੋਚ ਕੇ ਉਸ ਦਾ ਦਿਲ ਡੁੱਬ ਗਿਆ ਕਿ ਬੰਦੂਕ ਹੱਥੋਂ ਨਿਕਲ ਗਈ ਹੈ ਅਤੇ ਹੁਣ ਉਹ ਉਸ ਨੂੰ ਵਾਪਸ ਨਹੀਂ ਮਿਲੇਗੀ। ਇਹ ਮੈਂ ਕੀ ਕਰ ਬੈਠਾ? ਆਪਣੇ ਹੱਥੀਂ ਆਪਣੇ ਹੱਥ ਵੱਢ ਲਏ। ਬੰਦੂਕ ਤਾਂ ਮੇਰੇ ਲਈ ਅੰਨ੍ਹੇ ਦੀ ਲਾਠੀ ਵਾਂਗ ਸੀ। ਹੁਣ ਉਹ ਮੈਨੂੰ ਕਿਥੇ ਮਿਲੇਗੀ?

*(ਬਾਕੀ ਅਗਲੇ ਸਫੇ ’ਤੇ)*

ਸੋਚਦਿਆਂ ਹਰਨਾਮ ਸਿੰਘ ਦੇ ਪਸੀਨੇ ਛੁੱਟ ਗਏ। ਉਸ ਨੂੰ ਪਤਨੀ ਦੀ ਹਾਲਤ ਆਪਣੇ ਤੋਂ ਵੀ ਜ਼ਿਆਦਾ ਤਰਸਯੋਗ ਲੱਗੀ। ਹੁਣ ਮੈਂ ਇਸ ਨੂੰ ਕਿਸ ਦੇ ਆਸਰੇ ਲੈ ਕੇ ਜਾਵਾਂਗਾ? ਹੁਣ ਤਾਂ ਲੋਕ ਪੱਥਰ ਮਾਰ ਮਾਰ ਕੇ ਮਾਰ ਦੇਣਗੇ। ਭਗਤੀ, ਗਿਆਨ ਤੇ ਮਾਨਵ ਪ੍ਰੇਮ ਦੀ ਵਰ੍ਹਿਆਂ ਦੀ ਕਮਾਈ ਹਰਨਾਮ ਸਿੰਘ ਸੱਚ ਦੇ ਇਕ ਥਪੇੜੇ ਵਿਚ ਗਵਾ ਬੈਠਾ ਸੀ।

"ਜਸਬੀਰੋ ਦਾ ਕੁਝ ਪਤਾ ਲੱਗ ਜਾਂਦਾ।" ਅਚਾਨਕ ਬੰਤੋ ਬੋਲੀ।

ਹਰਨਾਮ ਸਿੰਘ ਚੁੱਪ ਰਿਹਾ। ਬੋਲਦਾ ਵੀ ਕੀ? ਰਹਿ ਰਹਿ ਕੇ ਕਿਸੇ ਵੇਲੇ ਅੰਦਰੋਂ ਮਾਂ ਬੋਲਣ ਲੱਗਦੀ ਸੀ। ਰਾਤ ਨੂੰ ਨਾਲੇ ਦੇ ਕੰਢੇ ਚੱਲਦੇ ਚੱਲਦੇ ਉਸ ਨੇ ਇਕ-ਦੋ ਵਾਰ ਆਪਣੇ ਬੱਚਿਆਂ ਨੂੰ ਯਾਦ ਕੀਤਾ ਸੀ, ਹੁਣ ਫਿਰ ਕਰਨ ਲੱਗੀ ਸੀ। ਜਦ ਵੀ ਕੁਝ ਦੇਰ ਲਈ ਸਿਰ ਤੋਂ ਖਤਰੇ ਦਾ ਸਾਇਆ ਟਲ ਜਾਂਦਾ, ਉਸ ਨੂੰ ਆਪਣੇ ਬੱਚਿਆਂ ਦੀ ਯਾਦ ਸਤਾਉਣ ਲੱਗਦੀ।

ਪਿੰਡ ਵਿਚ ਰੌਲਾ ਪੈ ਗਿਆ। ਰੌਲਾ ਵਧਦਾ ਜਾ ਰਿਹਾ ਸੀ। ਮਰਦ ਤੇ ਤੀਵੀਆਂ ਗੱਲਾਂ ਕਰਦੇ ਸੁਣਾਈ ਦੇਣ ਲੱਗੇ। ਤਦੇ ਕਿਸੇ ਨੇ ਬੂਹਿਆਂ ਨੂੰ ਜ਼ੋਰ ਜ਼ੋਰ ਨਾਲ ਖੜਕਾਇਆ ਅਤੇ ਕਿਸੇ ਔਰਤ ਦੀ ਆਵਾਜ਼ ਆਈ, "ਨੀ ਇਕਰਾਂ, ਆ ਬਾਹਰ, ਵੇਖ ਉਹ ਲੋਕ ਆ ਰਹੇ ਨੇ।"

ਇਕਰਾਂ ਦੀ ਕਿਸੇ ਸਹੇਲੀ ਦੀ ਆਵਾਜ਼ ਸੀ। ਇਕਰਾਂ ਭੱਜਦੀ ਹੋਈ ਦਰਵਾਜ਼ਾ ਖੋਲ੍ਹਣ ਬਾਹਰ ਚਲੇ ਗਈ। ਉਪਰ ਬੈਠੇ ਹਰਨਾਮ ਸਿੰਘ ਦਾ ਦਿਲ ਫਿਰ ਧੜਕਣ ਲੱਗਾ। ਬੰਤੋ ਨੇ ਅੱਖਾਂ ਚੁੱਕ ਕੇ ਆਪਣੇ ਪਤੀ ਦੇ ਚਿਹਰੇ ਵੱਲ ਦੇਖਿਆ। ਰੋਜ਼ ਚਮਕਦਾ ਰਹਿਣ ਵਾਲਾ ਚਿਹਰਾ ਪੀਲਾ ਪੈ ਚੁੱਕਾ ਸੀ ਅਤੇ ਕੱਪੜੇ ਵੱਟੋ-ਵੱਟ ਤੇ ਮੈਲੇ ਹੋ ਗਏ ਸਨ। ਅੱਧ-ਖੁੱਲ੍ਹੀ ਮਿਆਨੀ ਦੀ ਖਿੜਕੀ ਰਾਹੀਂ ਹਰਨਾਮ ਸਿੰਘ ਨੂੰ ਘਰ ਦੀ ਮਾਲਕਣ ਨਜ਼ਰ ਆਈ। ਵਿਹੜੇ ਦੇ ਖੁੱਲ੍ਹੇ ਬੂਹੇ ਸਾਹਮਣੇ ਲੱਕ 'ਤੇ ਦੋਵੇਂ ਹੱਥ ਰੱਖੀ ਖੜ੍ਹੀ ਸੀ। ਉਸ ਦਾ ਉਚਾ ਲੰਮਾ ਕੱਦ ਅਤੇ ਸਿੱਧਾ ਸਾਦਾ ਸਰੀਰ ਵੇਖ ਕੇ ਉਸ ਦਾ ਮਨ ਸੰਭਲ ਗਿਆ। ਉਸ ਦਾ ਵਿਸ਼ਵਾਸ ਜਿਵੇਂ ਫਿਰ ਪਰਤ ਆਇਆ ਹੋਵੇ। ਇਸ ਔਰਤ ਦੇ ਹੁੰਦਿਆਂ ਸਭ ਕੁਝ ਨਹੀਂ ਗਿਆ, ਸਭ ਕੁਝ ਖਤਮ ਨਹੀਂ ਹੋ ਗਿਆ!

"ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਵਾਲ ਵਿੰਗਾ ਨਹੀਂ ਹੋਵੇਗਾ। ਤੁਸੀਂ ਤਾਂ ਭਗਤ ਹੋ, ਤੁਹਾਨੂੰ ਕਿਸ ਗੱਲ ਦਾ ਡਰ?" ਬੰਤੋ ਨੇ ਆਪਣੇ ਪਤੀ ਨੂੰ ਹੌਸਲਾ ਦਿੰਦਿਆਂ ਕਿਹਾ। ਹਰਨਾਮ ਸਿੰਘ ਚੁੱਪ ਰਿਹਾ।

ਬਾਹਰੋਂ ਆਵਾਜ਼ਾਂ ਵਧਣ ਲੱਗੀਆਂ। ਹਾਸੇ ਮਜ਼ਾਕ ਦੀਆਂ ਆਵਾਜ਼ਾਂ ਸਨ। ਵਧਦੇ ਕਦਮਾਂ ਦਾ ਸ਼ੋਰ ਸੀ। ਵਿਹੜੇ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਤਦੇ ਇਕਰਾਂ ਦੇ ਬੋਲਣ ਤੇ ਉਚਾ-ਉਚਾ ਹੱਸਣ ਦੀ ਆਵਾਜ਼ ਆਈ। ਹਰਨਾਮ ਸਿੰਘ ਸਮਝ ਗਿਆ ਕਿ ਮਰਦ ਰਾਤ ਦੀ ਕਾਰਗੁਜ਼ਾਰੀ ਮਗਰੋਂ ਮੁੜ ਆਏ ਸਨ। ਕੁਝ ਦੇਰ ਬਾਅਦ ਇਕਰਾਂ ਤੇ ਉਸ ਦਾ ਸਹੁਰਾ ਵੱਡਾ ਸਾਰਾ ਕਾਲੇ ਰੰਗ ਦਾ ਟਰੰਕ ਚੁੱਕੀ ਵਿਹੜੇ ਅੰਦਰ ਆਏ। ਸਹੁਰੇ ਦੇ ਸਿਰ ਦੀ ਪਗੜੀ ਬੈਠੀ ਹੋਈ ਸੀ, ਲੱਗਦਾ ਸੀ ਕਿ ਟਰੰਕ ਨੂੰ ਪਿੰਡ ਤੱਕ ਸਿਰ 'ਤੇ ਹੀ ਚੁੱਕ ਕੇ ਲਿਆਇਆ ਸੀ। ਹਰਨਾਮ ਸਿੰਘ ਨੇ ਹੱਥ ਵਧਾ ਕੇ ਪਤਨੀ ਦੇ ਗੋਡੇ ਨੂੰ ਛੂਹਿਆ ਤੇ ਕਿਹਾ, "ਇਹ ਤਾਂ ਸਾਡਾ ਟਰੰਕ ਏ, ਵੱਡਾ ਕਾਲਾ ਟਰੰਕ। ਸਾਡੀ ਦੁਕਾਨ ਲੁੱਟਦੇ ਰਹੇ ਨੇ।" ਪਰ ਬੰਤੋ ਨੇ ਵਿਹੜੇ ਵਿਚ ਦੇਖਣ ਦੀ ਕੋਸ਼ਿਸ਼ ਤੱਕ ਨਾ ਕੀਤੀ।

"ਹਾਲੇ ਤੱਕ ਜਿੰਦਰਾ ਲੱਗਾ ਹੋਇਆ ਏ।" ਹਰਨਾਮ ਸਿੰਘ ਬੁੜਬੁੜਾਇਆ।

ਇਕਰਾਂ ਦਾ ਸਹੁਰਾ ਟਰੰਕ 'ਤੇ ਬਹਿ ਗਿਆ ਸੀ ਤੇ ਪੱਗ ਲਾਹ ਕੇ ਮੱਥੇ ਦਾ ਪਸੀਨਾ ਪੂੰਝ ਰਿਹਾ ਸੀ। ਉਸ ਦੀ ਪਤਨੀ ਨੇ ਅੱਗੇ ਵਧ ਕੇ ਘਰ ਦਾ ਬੂਹਾ ਬੰਦ ਕਰ ਦਿੱਤਾ।

"ਰਮਜ਼ਾਨਾ ਨਹੀਂ ਆਇਆ?"

"ਰਮਜ਼ਾਨਾ ਲੀਗੀਆਂ ਨਾਲ ਗਿਆ ਏ।"

ਉਪਰ ਬੈਠੇ ਹਰਨਾਮ ਸਿੰਘ ਨੇ ਫਿਰ ਹੱਥ ਵਧਾ ਕੇ ਆਪਣੀ ਪਤਨੀ ਦਾ ਗੋਡਾ ਛੂਹਿਆ, "ਅਹਿਸਾਨ ਅਲੀ ਏ, ਮੈਂ ਇਹਨੂੰ ਜਾਣਦਾਂ। ਇਹਦਾ ਮੇਰੇ ਨਾਲ ਲੈਣ-ਦੇਣ ਰਿਹਾ ਏ।"

"ਬੰਦ ਦਾ ਬੰਦ ਟਰੰਕ ਚੁੱਕ ਲਿਆਏ ਹੋ ਅੱਬਾ, ਕੀ ਪਤਾ ਇਹਦੇ ਵਿਚ ਕੁਝ ਹੈ ਵੀ ਕਿ ਨਹੀਂ।" ਇਕਰਾਂ ਨੇ ਫਿਕਰ ਜ਼ਾਹਰ ਕੀਤਾ।

"ਕਿਉਂ? ਇੰਨਾ ਭਾਰਾ ਸੀ, ਮੇਰਾ ਤਾਂ ਲੱਕ ਦੂਹਰਾ ਹੋ ਗਿਆ। ਕੱਪੜਿਆਂ ਦਾ ਟਰੰਕ ਏ, ਕੁਝ ਨਾ ਕੁਝ ਤਾਂ ਜ਼ਰੂਰ ਹੋਏਗਾ।"

"ਬੱਸ, ਟਰੰਕ ਹੀ ਲਿਆਏ ਓ? ਰਮਜ਼ਾਨਾ ਵੀ ਕੁਝ ਲਿਆਇਆ ਏ?"

"ਉਹੋ ਇਹ ਖਿੱਚ ਕੇ ਬਾਹਰ ਲਿਆਇਆ ਸੀ। ਸਬੂਤੇ ਦਾ ਸਬੂਤਾ ਟਰੰਕ ਚੁੱਕ ਲਿਆਏ ਹਾਂ, ਹੋਰ ਤੁਹਾਨੂੰ ਕੀ ਚਾਹੀਦਾ ਏ?"

"ਲਿਆਓ ਇਹਨੂੰ ਖੋਲ੍ਹਦੇ ਆਂ, ਇਹਦਾ ਜਿੰਦਰਾ ਭੰਨੀਏਂ?" ਇਕਰਾਂ ਨੇ ਕਿਹਾ ਤੇ ਭੱਜ ਕੇ ਕੋਠੜੀ ਵਿਚੋਂ ਹਥੌੜੀ ਚੁੱਕ ਲਿਆਈ। ਚੋਰੀ ਦਾ ਮਾਲ ਦੇਖਦੇ ਹੀ ਉਤਸੁਕਤਾ ਵਿਚ ਉਹ ਆਪਣੇ ਸਹੁਰੇ ਨੂੰ ਮਿਆਨੀ ਵਿਚ ਲੁਕੇ ਕਰਾੜਾਂ ਬਾਰੇ ਦੱਸਣਾ ਭੁੱਲ ਗਈ ਸੀ। ਉਸ ਦੀ ਸੱਸ ਅਜੇ ਵੀ ਚੁੱਪ-ਚਾਪ ਖੜ੍ਹੀ ਸੀ।

"ਲੱਸੀ ਪਿਆ ਰਾਜੋ, ਪਿਆਸ ਲੱਗੀ ਏ।" ਸਹੁਰੇ ਨੇ ਕਿਹਾ ਤੇ ਉਸ ਦੀ ਘਰਵਾਲੀ, ਰਾਜੋ ਉਨ੍ਹੀਂ ਪੈਰੀਂ ਲੱਸੀ ਲੈਣ ਚਲੇ ਗਈ।

ਟਰੰਕ ਦੇ ਜਿੰਦਰੇ 'ਤੇ ਠੱਕ ਠੱਕ ਸ਼ੁਰੂ ਹੋ ਗਈ।

ਅਹਿਸਾਨ ਅਲੀ ਛੰਨਾ ਫੜੀ ਲੱਸੀ ਪੀ ਰਿਹਾ ਸੀ ਜਦ ਰਾਜੋ ਨੇ ਉਹਨੂੰ ਦੱਸਿਆ ਕਿ ਉਹਨੇ ਘਰ ਵਿਚ ਇਕ ਸਿੱਖ ਤੇ ਉਹਦੀ ਘਰਵਾਲੀ ਨੂੰ ਪਨਾਹ ਦੇ ਰੱਖੀ ਹੈ। ਤਦੇ ਹਰਨਾਮ ਸਿੰਘ ਨੇ ਖਿੜਕੀ ਖੋਲ੍ਹ ਦਿੱਤੀ ਤੇ ਧੌਣ ਕੱਢ ਕੇ ਬੋਲਿਆ, "ਜਿੰਦਰਾ ਕਿਉਂ ਤੋੜਦੀ ਏਂ ਧੀਏ, ਅਹਿ ਲੈ ਚਾਬੀ। ਇਹ ਟਰੰਕ ਸਾਡਾ ਈ ਏ।" ਫਿਰ ਉਹ ਅਹਿਸਾਨ ਅਲੀ ਨੂੰ ਸੰਬੋਧਨ ਹੋ ਕੇ ਬੋਲਿਆ, "ਅਹਿਸਾਨ ਅਲੀ, ਮੈਂ ਹਰਨਾਮ ਸਿੰਘ, ਤੇਰੀ ਘਰਵਾਲੀ ਨੇ ਸਾਨੂੰ ਪਨਾਹ ਦਿੱਤੀ ਏ, ਗੁਰੂ ਮਹਾਰਾਜ ਤੁਹਾਨੂੰ ਸਲਾਮਤ ਰੱਖੇ। ਇਹ ਟਰੰਕ ਸਾਡਾ ਏ, ਪਰ ਹੁਣ ਇਸ ਨੂੰ ਆਪਣਾ ਹੀ ਸਮਝੋ, ਚੰਗਾ ਹੋਇਆ ਜੋ ਇਹ ਤੁਹਾਡੇ ਹੱਥ ਲੱਗ ਗਿਆ, ਕਿਸੇ ਦੂਜੇ ਦੇ ਹੱਥ ਨਹੀਂ ਲੱਗਾ।"

ਅਹਿਸਾਨ ਅਲੀ ਨੇ ਨਜ਼ਰ ਉਤਾਂਹ ਚੁਕੀ ਪਰ ਝਿਪ ਗਿਆ, ਜਿਵੇਂ ਉਹ ਚੋਰੀ ਕਰਦਾ ਫੜਿਆ ਗਿਆ ਹੋਵੇ। ਇਕਰਾਂ ਦੇ ਹੱਥ ਵੀ ਰੁਕ ਗਏ ਤੇ ਉਹ ਉਚੀ ਆਵਾਜ਼ ਵਿਚ ਬੋਲੀ, "ਅੰਮਾ ਨੇ ਇਨ੍ਹਾਂ ਨੂੰ ਪਨਾਹ ਦਿੱਤੀ ਏ, ਮੈਂ ਕਿਹਾ ਵੀ ਸੀ, ਕਾਫਿਰ ਨੇ, ਇਨ੍ਹਾਂ ਨੂੰ ਅੰਦਰ ਨਾ ਵਾੜ, ਪਰ ਅੰਮਾ ਨੇ ਮੇਰੀ ਇਕ ਨਾ ਸੁਣੀ।"

ਇਕਰਾਂ ਸਹੁਰੇ ਨੂੰ ਖੁਸ਼ ਕਰਨ ਲਈ ਕਹਿ ਰਹੀ ਸੀ, ਪਰ ਅਹਿਸਾਨ ਅਲੀ ਅਜੇ ਵੀ ਠਿਠਕਿਆ ਖੜ੍ਹਾ ਸੀ ਤੇ ਅਟਪਟਾ ਜਿਹਾ ਮਹਿਸੂਸ ਕਰ ਰਿਹਾ ਸੀ। ਕਿਸੇ ਸਮੇਂ ਦੋਹਾਂ ਦੇ ਵਧੀਆ ਸਬੰਧ ਰਹੇ ਸਨ, ਚੰਗੀ ਜਾਣ-ਪਛਾਣ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਹਰਨਾਮ ਸਿੰਘ ਨਾਲ ਕਿਹੋ ਜਿਹਾ ਸਲੂਕ ਕਰੇ। ਅਜਿਹੇ ਟਾਕਰੇ ਵਿਚ ਗਰਮਜੋਸ਼ੀ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ। ਉਸ ਦੇ ਖੂਨ ਵਿਚ ਅਜਿਹੀ ਗਰਮਜੋਸ਼ੀ ਵੀ ਨਹੀਂ ਸੀ ਕਿ ਕਿਸੇ ਹਿੰਦੂ ਜਾਂ ਸਿੱਖ ਨੂੰ ਦੇਖ ਕੇ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਜਾਵੇ।

"ਹਰਨਾਮ ਸਿੰਘ ਹੇਠਾਂ ਆ ਜਾ।" ਫਿਰ ਆਪਣੀ ਚੋਰੀ ਨੂੰ ਅਹਿਸਾਨ ਦੀ ਓਟ ਵਿਚ ਛੁਪਾਉਂਦੇ ਹੋਏ, ਜੋ ਰਾਜੋ ਨੇ ਇਨ੍ਹਾਂ ਦੋਵਾਂ ਉਤੇ ਕੀਤਾ ਸੀ, ਥੋੜ੍ਹੀ ਜਿਹੀ ਦਲੇਰੀ ਨਾਲ ਬੋਲਿਆ, "ਖੈਰ ਮਨਾਓ ਜੋ ਤੁਸੀਂ ਮੇਰੇ ਘਰ ਵਿਚ ਪਨਾਹ ਲਈ। ਹੋਰ ਕਿਸੇ ਦੇ ਘਰ ਜਾਂਦੇ ਤਾਂ ਇਸ ਵੇਲੇ ਜਾਨ ਤੋਂ ਵੀ ਹੱਥ ਧੋ ਚੁੱਕੇ ਹੁੰਦੇ।"

ਇਕਰਾਂ ਤਾਲਾ ਖੋਲ੍ਹਣ ਲਈ ਉਤਾਵਲੀ ਹੋ ਰਹੀ ਸੀ, ਪਰ ਰਾਜੋ ਨੇ ਉਸ ਦੇ ਹੱਥੋਂ ਚਾਬੀ ਲੈ ਲਈ ਅਤੇ ਵਾਰ ਵਾਰ ਮੰਗਣ 'ਤੇ ਵੀ ਨਹੀਂ ਸੀ ਦੇ ਰਹੀ।

"ਮੈਂ ਤਾਂ ਤੁਹਾਨੂੰ ਕੁਝ ਨਹੀਂ ਕਹਾਂਗਾ ਹਰਨਾਮ ਸਿੰਘ, ਤੁਸੀਂ ਮੇਰੇ ਘਰ ਆਏ ਹੋ, ਪਰ ਹੁਣ ਤੁਸੀਂ ਇਥੋਂ ਚਲੇ ਜਾਓ। ਮੇਰੇ ਬੇਟੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਹੋ, ਤਾਂ ਉਹ ਤੁਹਾਡੇ ਨਾਲ ਚੰਗਾ ਸਲੂਕ ਨਹੀਂ ਕਰੇਗਾ। ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਅਸੀਂ ਤੁਹਾਨੂੰ ਪਨਾਹ ਦਿੱਤੀ ਏ ਤਾਂ ਸਾਡੇ ਲਈ ਵੀ ਬਹੁਤ ਬੁਰਾ ਹੋਵੇਗਾ।"

"ਸਾਨੂੰ ਸਭ ਕੁਝ ਮਨਜ਼ੂਰ ਏ ਅਹਿਸਾਨ ਅਲੀ। ਸਾਡਾ ਕੀ ਕੋਈ ਵੱਸ ਚੱਲ ਸਕਦਾ ਏ? ਪਰ ਇਸ ਵੇਲੇ ਦਿਨ ਦਿਹਾੜੇ ਬਹਾਰ ਜਾਵਾਂਗੇ ਤਾਂ ਸਾਨੂੰ ਕੌਣ ਛੱਡੇਗਾ?" ਹਰਨਾਮ ਸਿੰਘ ਨੇ ਅਹਿਸਾਨ ਅਲੀ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ। ਅਹਿਸਾਨ ਅਲੀ ਚੁੱਪ ਕਰ ਗਿਆ ਤੇ ਆਪਣੀ ਬੀਵੀ ਵੱਲ ਦੇਖਣ ਲੱਗਾ, ਜਿਵੇਂ ਕਹਿ ਰਿਹਾ ਹੋਵੇ ਕਿ ਇਹ ਸਾਰਾ ਬਖੇੜਾ ਤੇਰਾ ਹੀ ਖੜ੍ਹਾ ਕੀਤਾ ਹੋਇਆ ਹੈ। ਉਹ ਹਰਨਾਮ ਸਿੰਘ ਵੱਲ ਘੁੰਮਿਆ, "ਕੱਲ੍ਹ ਵੀ ਲੋਕ ਤੁਹਾਨੂੰ ਲੱਭ ਰਹੇ ਸਨ...ਹੁਣ ਜੇ ਕਿਸੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਲੁਕੇ ਬੈਠੇ ਹੋ ਤਾਂ ਲੋਕ ਸਾਨੂੰ ਨਹੀਂ ਛੱਡਣਗੇ। ਤੁਹਾਡਾ ਵੀ ਇਸ ਵਿਚ ਹੀ ਭਲਾ ਏ ਅਤੇ ਸਾਡਾ ਵੀ ਕਿ ਤੁਸੀਂ ਇਥੋਂ ਚਲੇ ਜਾਓ।"



*1947 ਦੇ ਸਾਕੇ ਬਾਰੇ ਚਿੱਤਰਕਾਰ ਸਤੀਸ਼ ਗੁਜਰਾਲ ਦੀ ਪੇਂਟਿੰਗ*

ਇਕਰਾਂ ਨੇ ਆਪਣੇ ਆਪ ਪੌੜੀ ਚੁੱਕੀ ਤੇ ਮਿਆਨੀ ਨੂੰ ਲਾ ਦਿੱਤੀ। ਦੋਵੇਂ ਪਤੀ ਪਤਨੀ ਚੁੱਪ-ਚਾਪ ਹੇਠਾਂ ਉਤਰ ਆਏ। ਦੋਵੇਂ ਬਲੀ ਦੇ ਬੱਕਰੇ ਨਜ਼ਰ ਆ ਰਹੇ ਸਨ। ਹੁਣ ਫਿਰ ਉਹੋ ਨਾਟਕ ਸ਼ੁਰੂ ਹੋ ਗਿਆ, ਜਿਹੜਾ ਸਵੇਰ ਵੇਲੇ ਹੋਇਆ ਸੀ। ਜਿਵੇਂ ਰਾਜੋ ਉਸ ਨੂੰ ਚਲੇ ਜਾਣ ਲਈ ਕਹਿ ਰਹੀ ਸੀ, ਹੁਣ ਅਹਿਸਾਨ ਅਲੀ ਘਰੋਂ ਕੱਢ ਰਿਹਾ ਸੀ। ਰਾਜੋ ਲੱਕ 'ਤੇ ਹੱਥ ਰੱਖੀ ਖੜ੍ਹੀ ਸੀ। ਹਰਨਾਮ ਸਿੰਘ ਨੇ ਸੋਚ ਲਿਆ ਕਿ ਹੁਣ ਜਾਣਾ ਹੀ ਪੈਣੈ। ਉਸ ਨੇ ਆਪਣੀ ਬੰਦੂਕ ਮੰਗਣ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਅਹਿਸਾਨ ਅਲੀ ਬੋਲਿਆ, "ਰਾਜੋ, ਇਨ੍ਹਾਂ ਨੂੰ ਤੂੜੀ ਵਾਲੀ ਕੋਠੜੀ ਵਿਚ ਬਿਠਾ ਦੇ, ਤੇ ਬਾਹਰੋਂ ਜਿੰਦਰਾ ਮਾਰ ਦੇ। ਲੈ ਇਹੋ ਜਿੰਦਰਾ ਖੋਲ੍ਹ ਲੈ, ਜਾ ਜਲਦੀ ਕਰ।" ਫਿਰ ਹਰਨਾਮ ਸਿੰਘ ਉਤੇ ਅਹਿਸਾਨ ਜਤਾਉਂਦਿਆਂ ਬੋਲਿਆ, "ਇਹ ਤਾਂ ਅੱਖ ਦੀ ਸ਼ਰਮ ਏ ਹਰਨਾਮ ਸਿੰਘ, ਪਰ ਜੋ ਕੁਝ ਕਾਫ਼ਰਾਂ ਨੇ ਸ਼ਹਿਰ ਵਿਚ ਕੀਤਾ ਏ, ਖੁਦਾ ਕਸਮ! ਉਸ ਨੂੰ ਯਾਦ ਕਰ ਕੇ ਤਾਂ ਖੂਨ ਖੌਲ ਉਠਦਾ ਏ।"

ਅੱਗੇ ਅੱਗੇ ਰਾਜੋ ਚੱਲ ਰਹੀ ਸੀ ਤੇ ਪਿੱਛੇ ਪਿੱਛੇ ਬੰਤੋ ਤੇ ਹਰਨਾਮ ਸਿੰਘ। ਵਿਹੜਾ ਲੰਘ ਕੇ ਘਰ ਦੇ ਪਿੱਛੇ ਉਹ ਹਨੇਰੇ ਜਿਹੇ ਦਲਾਨ ਵਿਚ ਪਹੁੰਚੇ ਜਿਥੋਂ ਗੋਹਾ, ਚਾਰਾ ਅਤੇ ਜਾਨਵਰਾਂ ਦੀ ਤਿੱਖੀ ਬਦਬੋ ਆ ਰਹੀ ਸੀ। ਇਥੇ ਹੀ ਰਾਜੋ ਨੇ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ, "ਇਧਰ ਬੈਠ ਜਾਓ, ਮੇਰਾ ਆਦਮੀ ਭਲਾ ਲੋਕ ਏ। ਮੈਨੂੰ ਨਹੀਂ ਪਤਾ ਸੀ ਕਿ ਤੁਹਾਡੀ ਆਪਸ ਵਿਚ ਜਾਣ ਪਛਾਣ ਏਂ, ਜਿਵੇਂ-ਕਿਵੇਂ ਵਕਤ ਕੱਟ ਲਓ।"

ਹਰਨਾਮ ਸਿੰਘ ਤੇ ਬੰਤੋ ਇਥੇ ਵੀ ਉਸੇ ਤਰ੍ਹਾਂ ਬੈਠ ਗਏ ਜਿਵੇਂ ਮਿਆਨੀ ਵਿਚ ਬੈਠੇ ਸਨ। ਇਥੇ ਰਾਜੋ ਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਬਾਹਰੋਂ ਕੁੰਡਾ ਲਾ ਦਿੱਤਾ।

ਵਕਤ ਬੀਤਣ ਲੱਗਾ। ਦੋਹਾਂ ਦਾ ਕੁਝ ਕੁਝ ਹੌਸਲਾ ਵਧ ਰਿਹਾ ਸੀ ਕਿ ਇਥੇ ਸ਼ਾਮ ਤੱਕ ਪਨਾਹ ਮਿਲੀ ਰਹੇਗੀ। ਦਿਨ ਵਿਚ ਕਿਸੇ ਵੇਲੇ ਰਾਜੋ ਰੋਟੀਆਂ ਤੇ ਲੱਸੀ ਵੀ ਦੇ ਗਈ। ਦੋਹਾਂ ਦੇ ਢਿੱਡ ਵਿਚ ਰੋਟੀ ਗਈ ਤਾਂ ਕੁਝ ਆਸਰਾ ਹੋਇਆ। ਦੇਰ ਤੱਕ ਦੋਵੇਂ ਅੱਖਾਂ ਪਾੜ ਪਾੜ ਕੇ ਹਨੇਰੇ ਵਿਚ ਬੇਮਕਸਦ ਝਾਕਦੇ ਰਹੇ। ਬੰਤੋ ਨੇ ਹਰਨਾਮ ਸਿੰਘ ਨੂੰ ਫਿਰ ਪੁੱਛਿਆ, "ਤੁਸੀਂ ਕੀ ਸੋਚਦੇ ਹੋ, ਇਕਬਾਲ ਸਿੰਘ ਪਿੰਡ ਵਿਚ ਹੀ ਹੋਵੇਗਾ ਜਾਂ ਉਥੋਂ ਭੱਜ ਗਿਆ ਹੋਵੇਗਾ?"

"ਜੇ ਵਾਹਿਗੁਰੂ ਨੂੰ ਮਨਜ਼ੂਰ, ਕੋਈ ਭਲਾ ਲੋਕ ਉਹਨੂੰ ਵੀ ਮਿਲ ਜਾਵੇ ਤੇ ਉਹਦੀ ਜਾਨ ਬਚ ਜਾਵੇ।"

"ਜਸਬੀਰੋ ਇਕੱਲੀ ਨਹੀਂ ਏ, ਇਹ ਚੰਗਾ ਏ, ਪਿੰਡ ਵਿਚ ਆਪਣੀ ਸੰਗਤ ਦੇ ਲੋਕ ਬਹੁਤ ਨੇ, ਸਭ ਇਕੋ ਥਾਂ ਇਕੱਠੇ ਹੋ ਗਏ ਹੋਣਗੇ।"

ਹਰਨਾਮ ਸਿੰਘ ਸੋਚਾਂ ਵਿਚ ਡੁੱਬਿਆ ਪੁੱਛਣ ਲੱਗਾ, "ਇਹ ਲੋਕ ਸਾਡੀ ਬੰਦੂਕ ਵਾਪਸ ਕਰ ਵੀ ਦੇਣਗੇ? ਤੈਨੂੰ ਕੀ ਲੱਗਦਾ ਏ? ਪਰ ਮੇਰਾ ਦਿਲ ਨਹੀਂ ਮੰਨਦਾ।"

ਉਹ ਬੜੀ ਦੇਰ ਤੱਕ ਗੱਲਾਂ ਕਰਦੇ ਰਹੇ। ਕੋਠੜੀ ਬੰਦ ਸੀ, ਪਰ ਇਥੇ ਉਨੀ ਹੁੰਮਸ ਨਹੀਂ ਸੀ ਜਿੰਨੀ ਮਿਆਨੀ ਵਿਚ ਸੀ। ਚਾਰੇ ਦੀਆਂ ਭਰੀਆਂ ਨਾਲ ਢੋਅ ਲਾਈ ਬੈਠਿਆਂ ਦੋਵਾਂ ਦੀ ਅੱਖ ਲੱਗਣ ਲੱਗੀ। ਰਾਤ ਭਰ ਦਾ ਥਕੇਵਾਂ ਤਾਂ ਹੈ ਹੀ ਸੀ, ਕੁਝ ਦੇਰ ਬਾਅਦ ਦੋਹਾਂ ਨੂੰ ਝਪਕੀ ਆ ਗਈ।

ਦਰਵਾਜ਼ੇ ਉਤੇ ਹੋਏ ਭਿਆਨਕ ਖੜਕੇ ਨਾਲ ਉਨ੍ਹਾਂ ਦੀ ਨੀਂਦ ਖੁੱਲ੍ਹ ਗਈ। ਦਰਵਾਜ਼ੇ 'ਤੇ ਕੁਹਾੜੇ ਪੈ ਰਹੇ ਸਨ ਅਤੇ ਕੋਈ ਚੀਕਦਾ ਹੋਇਆ ਕਹਿ ਰਿਹਾ ਸੀ, "ਨਿਕਲੋ ਓਏ ਬਾਹਰ। ਕਿਥੇ ਵੜੇ ਬੈਠੇ ਓ? ਤੁਹਾਡੀ ਮਾਂ ਦੀ...! ਨਿਕਲੋ ਬਾਹਰ, ਤੁਹਾਡੀ ਭੈਣ ਦੀ...!"

ਹਰਨਾਮ ਸਿੰਘ ਤੇ ਬੰਤੋ ਹੜਬੜਾ ਕੇ ਇਕਦਮ ਉਠ ਖੜ੍ਹੇ ਜਿਵੇਂ ਕੋਈ ਭਿਆਨਕ ਸੁਪਨਾ ਦੇਖ ਰਹੇ ਹੋਣ। ਦਰਵਾਜ਼ੇ ਉਪਰ ਕੁਹਾੜੇ ਦੇ ਵਾਰ ਲਗਾਤਾਰ ਹੋ ਰਹੇ ਸਨ। ਉਹ ਦੋਵੇਂ ਪੈਰਾਂ ਤੋਂ ਸਿਰਾਂ ਤੱਕ ਕੰਬਣ ਲੱਗੇ।

"ਕੱਢ ਚਾਬੀ, ਕਾਫ਼ਰਾਂ ਨੂੰ ਪਨਾਹ ਹੀ ਕਿਉਂ ਦਿੱਤੀ? ਤੁਹਾਡੀ ਕਾਫਰਾਂ ਦੀ ਤਾਂ ਮੈਂ ਮਾਂ...।"

"ਹੌਲੀ ਬੋਲ ਰਮਜ਼ਾਨਾ।" ਇਹ ਕਿਸੇ ਔਰਤ ਦੀ ਆਵਾਜ਼ ਸੀ। ਸ਼ਾਇਦ ਇਕਰਾਂ ਆਪਣੇ ਪਤੀ ਨੂੰ ਹੌਲੀ ਬੋਲਣ ਲਈ ਕਹਿ ਰਹੀ ਸੀ। ਦਰਵਾਜ਼ੇ 'ਤੇ ਕੁਹਾੜਾ 'ਤੇ ਕੁਹਾੜਾ ਪੈ ਰਿਹਾ ਸੀ। ਦਰਵਾਜ਼ਾ ਉਪਰੋਂ ਪਾਟ ਗਿਆ ਜਿਸ ਨਾਲ ਰੋਸ਼ਨੀ ਲਈ ਇਕ ਹੋਰ ਝੀਤ ਹੋ ਗਈ। ਫਿਰ ਕਿਸੇ ਹੋਰ ਔਰਤ ਦੀ ਆਵਾਜ਼ ਸੁਣਾਈ ਦਿੱਤੀ।

"ਕਿਉਂ ਭੌਂਕ ਰਿਹਾ ਏਂ ਤੂੰ? ਕੀ ਹੋਇਆ ਏ?" ਰਾਜੋ ਦੀ ਆਵਾਜ਼ ਸੀ, "ਕਿਥੇ ਏ ਇਹ ਚੁੜੇਲ? ਤੇਰੀ ਮੈਂ ਜੀਭ ਨਾ ਖਿੱਚ ਲਈ ਤਾਂ ਕਹੀਂ! ਹਰਾਮਜ਼ਾਦੀ! ਤੈਨੂੰ ਮਨ੍ਹਾ ਕੀਤਾ ਸੀ ਕਿ ਇਹਨੂੰ ਨਹੀਂ ਦੱਸਣਾ, ਕਿਉਂ ਦੱਸਿਆ? ਤੇਰੇ ਢਿੱਡ ਵਿਚ ਗੱਲ ਨਹੀਂ ਪਚਦੀ? ਰਮਜ਼ਾਨਾ, ਤੂੰ ਕੀ ਚਾਹੁੰਨਾ ਏ? ਘਰ ਵਿਚ ਖੂਨ ਕਰੇਂਗਾ? ਘਰ ਵਿਚ ਪਨਾਹ ਲੈਣ ਵਾਲੇ ਨੂੰ ਮਾਰੇਂਗਾ? ਇਹ ਆਦਮੀ ਸਾਡੀ ਜਾਣ ਪਛਾਣ ਦਾ ਏ, ਅਸੀਂ ਇਹਦੇ ਦੇਣਦਾਰ ਹਾਂ।"

"ਬਹੁਤੀ ਬਕ ਬਕ ਨਾ ਕਰ ਮਾਂ। ਸ਼ਹਿਰ ਵਿਚ ਇਨ੍ਹਾਂ ਕਾਫ਼ਰਾਂ ਨੇ ਦੋ ਸੌ ਮੁਸਲਮਾਨ ਮਾਰ ਸੁੱਟੇ ਨੇ।" ਕੁਹਾੜੇ ਦਾ ਇਕ ਵਾਰ ਹੋਰ ਹੋਇਆ, "ਨਿਕਲੋ ਬਾਹਰ ਕਾਫ਼ਰੋ! ਤੁਹਾਡੀ...!"

ਅਗਲੀ ਵਾਰ ਵਿਚ ਕੁੰਡਾ ਟੁੱਟ ਗਿਆ ਤੇ ਦਰਵਾਜ਼ਾ ਚੌੜ-ਚੁਪੱਟ ਖੁੱਲ੍ਹ ਗਿਆ। ਢੇਰ ਰੌਸ਼ਨੀ ਇਕੱਠੀ ਅੰਦਰ ਆ ਗਈ। ਰਮਜ਼ਾਨ ਨੂੰ ਸਾਹ ਚੜ੍ਹਿਆ ਹੋਇਆ ਸੀ। ਕੁਹਾੜਾ ਉਸ ਦੇ ਹੱਥ ਵਿਚ ਸੀ, ਇਕਰਾਂ ਕੋਲ ਖੜ੍ਹੀ ਸੀ, ਪੀਲਾ ਭੂਕ ਸਹਿਮਿਆ ਹੋਇਆ ਚਿਹਰਾ ਲਈ ਇਕ ਪਾਸੇ ਰਾਜੋ ਖੜ੍ਹੀ ਸੀ, ਉਸ ਦੇ ਦੋਵੇਂ ਹੱਥ ਲੱਕ 'ਤੇ ਸਨ।

"ਬਾਹਰ ਨਿਕਲੋ ਕਾਫ਼ਰੋ...।"

ਰਮਜ਼ਾਨ ਨੇ ਅੰਦਰ ਝਾਕ ਕੇ ਦੇਖਿਆ। ਹਰਨਾਮ ਸਿੰਘ ਤੇ ਬੰਤੋ ਖੂੰਜੇ ਵਿਚ ਇਕ-ਦੂਜੇ ਨਾਲ ਚੁੰਬੜੇ ਸਹਿਮੇ ਹੋਏ ਬੈਠੇ ਸਨ। ਦਰਵਾਜ਼ਾ ਖੁੱਲ੍ਹਣ 'ਤੇ ਹਰਨਾਮ ਸਿੰਘ ਬਾਹਰ ਆ ਗਿਆ। ਉਹ ਆਪਣੀ ਖੋਖਲੀ ਜਿਹੀ ਆਵਾਜ਼ ਵਿਚ ਬੋਲਿਆ, "ਮਾਰ ਦੇ, ਲੈ ਮਾਰ ਸੁੱਟ।"

"ਤੇਰੀ ਤਾਂ ਮੈਂ ਮਾਂ ਦੀ...!" ਰਮਜ਼ਾਨ ਬੋਲਿਆ ਤੇ ਖੱਬਾ ਹੱਥ ਵਧਾ ਕੇ ਹਰਨਾਮ ਸਿੰਘ ਨੂੰ ਧੌਣੋਂ ਫੜ ਲਿਆ ਤੇ ਖਿੱਚ-ਧੂਹ ਕਰਨ ਲੱਗਾ। ਹਰਨਾਮ ਸਿੰਘ ਦੀ ਕਮੀਜ਼ ਦਾ ਉਪਰ ਵਾਲਾ ਬਟਣ ਟੁੱਟ ਕੇ ਡਿੱਗ ਪਿਆ। ਇਕ ਝਟਕੇ ਨਾਲ ਹੀ ਉਸ ਦੀ ਪੱਗ ਵੀ ਢਿੱਲੀ ਹੋ ਗਈ। ਫਿਰ ਜਿਸ ਤੇਜ਼ੀ ਨਾਲ ਰਮਜ਼ਾਨ ਨੇ ਉਸ ਦਾ ਗਲ ਫੜਿਆ ਸੀ, ਉਸੇ ਤੇਜ਼ੀ ਨਾਲ ਛੱਡ ਦਿੱਤਾ। ਧੌਣ 'ਤੇ ਉਂਗਲਾਂ ਦੇ ਲਾਲ ਲਾਲ ਨਿਸ਼ਾਨ ਪੈ ਗਏ।

ਹਰਨਾਮ ਸਿੰਘ ਨੇ ਉਸ ਨੂੰ ਪਛਾਣ ਲਿਆ ਸੀ। ਉਸ ਦੀ ਦੁਕਾਨ 'ਤੇ ਇਕ-ਦੋ ਵਾਰ ਉਹਨੇ ਚਾਹ ਪੀਤੀ ਸੀ। ਉਹਦੀ ਦਾੜ੍ਹੀ ਹੁਣ ਕੁਝ ਕੁ ਚਿੱਟੀ ਜ਼ਰੂਰ ਹੋ ਗਈ ਸੀ, ਸਰੀਰ ਵੀ ਕੁਝ ਪਤਲਾ ਹੋ ਗਿਆ ਸੀ।

ਰਮਜ਼ਾਨ ਨੇ ਦੋ-ਤਿੰਨ ਵਾਰ ਹਰਨਾਮ ਸਿੰਘ ਵੱਲ ਕੁਹਾੜਾ ਉਲਾਰਨ ਦੀ ਕੋਸ਼ਿਸ਼ ਕੀਤੀ, ਪਰ ਜਿਵੇਂ ਕਿਸੇ ਤਾਕਤ ਨੇ ਉਸ ਦਾ ਹੱਥ ਰੋਕ ਦਿੱਤਾ ਹੋਵੇ। ਕਾਫ਼ਰ ਨੂੰ ਮਾਰਨਾ ਬਹੁਤ ਆਸਾਨ ਗੱਲ ਸੀ, ਪਰ ਆਪਣੇ ਘਰ ਦੇ ਅੰਦਰ, ਜਾਣ-ਪਛਾਣ ਵਾਲੇ ਪਨਾਹਗੀਰ ਨੂੰ ਮਾਰਨਾ ਹੋਰ ਗੱਲ। ਉਹਦਾ ਖੂਨ ਕਰਨਾ ਪਹਾੜ ਦੀ ਟੀਸੀ ਪਾਰ ਕਰਨ ਤੋਂ ਵੀ ਮੁਸ਼ਕਿਲ ਕੰਮ ਦਿੱਸ ਰਿਹਾ ਸੀ। ਮਜ਼ਹਬੀ ਜਨੂੰਨ ਅਤੇ ਨਫ਼ਰਤ ਦੇ ਇਸ ਮਾਹੌਲ ਵਿਚ ਪਤਲੀ ਜਿਹੀ ਲਕੀਰ ਕਿਤੇ ਅਜੇ ਵੀ ਖਿੱਚੀ ਹੋਈ ਸੀ ਜਿਸ ਨੂੰ ਪਾਰ ਕਰਨਾ ਬਹੁਤ ਮੁਸ਼ਕਿਲ ਸੀ। ਰਮਜ਼ਾਨ ਉਸ ਲਕੀਰ ਨੂੰ ਪਾਰ ਨਹੀਂ ਸੀ ਕਰ ਪਾ ਰਿਹਾ। ਉਹ ਹਫ਼ਦਾ ਹੋਇਆ ਖੜ੍ਹਾ ਹਾਲੇ ਵੀ ਗਾਲ਼ਾਂ ਕੱਢ ਰਿਹਾ ਸੀ। ਫਿਰ ਉਵੇਂ ਹੀ ਗੰਦ ਬਕਦਾ ਬਾਹਰ ਨਿਕਲ ਗਿਆ।

ਲਗਭਗ ਅੱਧੀ ਰਾਤ ਦਾ ਵਕਤ ਹੋਵੇਗਾ ਜਦ ਉਚੀ ਲੰਮੀ ਰਾਜੋ ਅੱਗੇ ਤੁਰੀ ਜਾ ਰਹੀ ਸੀ ਅਤੇ ਹਰਨਾਮ ਸਿੰਘ ਤੇ ਬੰਤੋ ਉਸ ਦੇ ਪਿੱਛੇ ਪਿੱਛੇ। ਰੁੱਖਾਂ ਦੇ ਝੁਰਮਟ ਦੇ ਨਾਲ ਨਾਲ ਰਾਜੋ ਉਨ੍ਹਾਂ ਦੀ ਅਗਵਾਈ ਕਰਦੀ ਤੁਰੀ ਜਾ ਰਹੀ ਸੀ। ਚੰਨ ਰੁੱਖਾਂ ਦੇ ਝੁਰਮਟ ਉਪਰ ਖਿਲਰਿਆ ਪਿਆ ਸੀ ਤੇ ਉਸ ਦੇ ਚਾਨਣ ਵਿਚ ਚੌਗਿਰਦਾ ਝਿਲਮਿਲਾ ਰਿਹਾ ਸੀ। ਫਿਰ ਉਹੀ ਅਲੌਕਿਕ, ਰਹੱਸਪੂਰਨ ਤੇ ਸੁਪਨਮਈ ਦ੍ਰਿਸ਼, ਫਿਰ ਉਹੀ ਚਾਂਦਨੀ ਅਤੇ ਹਨੇਰਾ ਆਪਸ ਵਿਚ ਲੁਕਣਮੀਟੀ ਖੇਡਦੇ ਹੋਏ। ਰੁੱਖਾਂ ਦੇ ਇਸ ਝੁਰਮਟ ਅਤੇ ਉਸ ਦੇ ਪਾਰ ਫੈਲਿਆ ਹੋਇਆ ਅਸੀਮ ਪ੍ਰਸਾਰ ਫਿਰ ਤੋਂ ਰਹੱਸਪੂਰਨ ਅਤੇ ਡਰਾਉਣਾ ਨਜ਼ਰ ਆਉਣ ਲੱਗਾ ਸੀ।

ਅੱਗੇ ਜਾਂਦੀ ਜਾਂਦੀ ਰਾਜੋ ਦੀ ਕਾਇਆ ਬੜੀ ਗੰਭੀਰ ਲੱਗ ਰਹੀ ਸੀ। ਰਾਜੋ ਨੇ ਹੱਥ ਵਿਚ ਦੁਨਾਲੀ ਚੁੱਕੀ ਹੋਈ ਸੀ।

ਉਹ ਫਿਰ ਨਦੀ ਦੇ ਪਾਰ ਵੱਲ ਉਤਰ ਰਹੇ ਸਨ। ਖੱਬੇ ਬੰਨੇ ਦੂਰ ਆਕਾਸ਼ ਲਾਲ ਹੋ ਰਿਹਾ ਸੀ। ਹਰਨਾਮ ਸਿੰਘ ਨੇ ਹੌਲੀ ਜਿਹੀ ਬੰਤੋ ਦਾ ਹੱਥ ਦਬਾ ਕੇ ਕਿਹਾ, "ਖੱਬੇ ਬੰਨੇ ਵੇਖ, ਵੇਖਿਆ? ਕੋਈ ਪਿੰਡ ਸੜ ਰਿਹਾ ਏ।"

"ਵਾਹਿਗੁਰੂ, ਵਾਹਿਗੁਰੂ।" ਬੰਤੋ ਬੁੜਬੁੜਾਈ, "ਕਿਹੜਾ ਪਿੰਡ ਸੜ ਰਿਹਾ ਏ? ਅਹੁ ਦੇਖੋ, ਇਕ ਓਧਰ ਵੀ...।"

ਹਰਨਾਮ ਸਿੰਘ ਨੇ ਕੋਈ ਜਵਾਬ ਨਾ ਦਿੱਤਾ। ਉਸ ਨੇ ਘੁੰਮ ਕੇ ਦੂਜੇ ਪਾਸੇ ਦੇਖਿਆ। ਚਾਨਣੀ ਵਿਚ ਵੀ ਚਪਟੇ ਮਿੱਟੀ ਦੇ ਘਰ ਖਲੋਤੇ ਦਿੱਸ ਰਹੇ ਸਨ। ਕਿਸੇ ਕਿਸੇ ਘਰ ਵਿਚ ਦੀਵਾ ਜਗ ਰਿਹਾ ਸੀ। ਘਰਾਂ ਦੇ ਬਾਹਰ ਰੂੜੀ ਦੇ ਉਚੇ ਉਚੇ ਢੇਰ, ਕਿਤੇ ਕਿਤੇ ਕੋਈ ਗੱਡਾ ਖੜ੍ਹਾ ਦਿੱਸ ਰਿਹਾ ਸੀ। ਰੁੱਖਾਂ ਦੇ ਝੁਰਮਟ ਵਿਚ ਨੌਗਜ਼ੇ ਦੀ ਚਿੱਟੀ ਕਬਰ ਨਜ਼ਰ ਆਈ। ਉਸ ਉਤੇ ਦੀਵਾ ਨਹੀਂ ਸੀ ਬਲ ਰਿਹਾ। ਅੱਜ ਦੇ ਦਿਨ ਉਸ 'ਤੇ ਦੀਵਾ ਜਗਾਉਣਾ ਲੋਕ ਭੁੱਲ ਗਏ ਸਨ।

ਰਾਜੋ ਝੁਰਮਟ ਦੇ ਕੰਢੇ ਚੱਲਦੀ ਜਾ ਰਹੀ ਸੀ। ਫਿਰ ਝੁਰਮਟ ਦਾ ਸਿਰਾ ਆ ਗਿਆ ਅਤੇ ਉਹ ਢਲਾਣ ਆ ਗਈ ਜਿਸ ਨੂੰ ਚੜ੍ਹ ਕੇ ਉਸੇ ਸਵੇਰੇ ਹਰਨਾਮ ਸਿੰਘ ਤੇ ਬੰਤੋ ਇਸ ਪਿੰਡ ਵਿਚ ਵੜੇ ਸਨ। ਰਾਜੋ ਰੁਕ ਗਈ। ਉਸ ਨੇ ਆਪਣੇ ਹੱਥ ਵਿਚ ਫੜੀ ਬੰਦੂਕ ਹਰਨਾਮ ਸਿੰਘ ਦੇ ਹੱਥ ਵਿਚ ਦੇ ਦਿੱਤੀ ਤੇ ਬੋਲੀ, "ਜਾਓ, ਹੁਣ ਰੱਬ ਰਾਖਾ! ਸਿੱਧੇ ਕੰਢੇ ਕੰਢੇ ਤੁਰਦੇ ਜਾਓ, ਅੱਗੇ ਤੁਹਾਡੀ ਕਿਸਮਤ!" ਉਸ ਨੇ ਮਮਤਾ ਭਰੀ ਆਵਾਜ਼ ਵਿਚ ਆਖਿਆ।

"ਤੂੰ ਸਾਡੇ 'ਤੇ ਬੜਾ ਅਹਿਸਾਨ ਕੀਤਾ ਏ ਰਾਜੋ ਭੈਣਾਂ, ਅਸੀਂ ਕਦੇ ਵੀ ਨਹੀਂ ਭੁੱਲ ਸਕਦੇ।" ਬੰਤੋ ਨੇ ਕਿਹਾ।

"ਜੇ ਜ਼ਿੰਦਗੀ ਰਹੀ ਤਾਂ ਤੇਰਾ ਦੇਣਾ...।" ਹਰਨਾਮ ਸਿੰਘ ਦੀ ਆਵਾਜ਼ ਲੜਖੜਾ ਗਈ।

"ਮੈਂ ਕੀ ਜਾਣਾ ਭਰਾਵਾ, ਪਤਾ ਨਹੀਂ ਨਸੀਬਾਂ ਦਾ! ਚੌਹੀਂ ਪਾਸੀਂ ਤਾਂ ਅੱਗ ਲੱਗੀ ਏ।" ਕਹਿੰਦਿਆਂ ਰਾਜੋ ਨੇ ਆਪਣਾ ਹੱਥ ਕੁੜਤੇ ਦੀ ਜੇਬ ਵਿਚ ਪਾਇਆ ਤੇ ਸਫੈਦ ਕੱਪੜੇ ਵਿਚ ਲਿਪਟੀ ਛੋਟੀ ਜਿਹੀ ਗਹਿਣਿਆਂ ਦੀ ਪੋਟਲੀ ਕੱਢ ਲਈ, "ਇਹ ਲਓ, ਇਹ ਤੁਹਾਡੀ ਚੀਜ਼ ਏ।"

"ਇਹ ਕੀ ਏ ਰਾਜੋ ਭੈਣਾਂ?"

"ਤੁਹਾਡੀ ਹੀ ਚੀਜ਼ ਏ, ਤੁਹਾਡੇ ਟਰੰਕ ਵਿਚੋਂ ਮਿਲੇ ਸੀ, ਮੈਂ ਕੱਢ ਲਿਆਈ ਹਾਂ। ਤੁਹਾਡੇ ਉਪਰ ਔਖਾ ਵਕਤ ਆ ਪਿਆ ਏ, ਜੇ ਕੋਲ ਹੋਵੇ ਤਾਂ ਆਸਰਾ ਮਿਲੇਗਾ।"

"ਵਾਹਿਗੁਰੂ ਤੈਨੂੰ ਸਲਾਮਤ ਰੱਖੇ ਭੈਣਾਂ, ਚੰਗੇ ਕਰਮ ਕੀਤੇ ਸੀ ਜੋ ਤੇਰੇ ਨਾਲ ਮੇਲ ਹੋਇਆ।" ਕਹਿੰਦੀ ਬੰਤੀ ਰੋ ਪਈ।"

"ਜਾਓ ਰੱਬ ਰਾਖਾ! ਦੇਰ ਹੋ ਰਹੀ ਹੈ।" ਰਾਜੋ ਨੇ ਕਿਹਾ। ਇਸ ਤੋਂ ਜ਼ਿਆਦਾ ਉਸ ਨੇ ਕੁਝ ਨਾ ਕਿਹਾ। ਕਹਿ ਵੀ ਨਹੀਂ ਸੀ ਸਕਦੀ। ਉਹ ਉਨ੍ਹਾਂ ਨੂੰ ਇਹ ਨਹੀਂ ਸੀ ਦੱਸ ਸਕਦੀ ਕਿ ਉਹ ਕਿਸ ਦਿਸ਼ਾ ਵਿਚ ਜਾਣ, ਕਿਸ ਪਿੰਡ ਵੱਲ ਜਾਣ, ਕਿਸ ਘਰ ਦਾ ਬੂਹਾ ਖੜਕਾਉਣ, ਉਸ ਲਈ ਕੁਝ ਵੀ ਕਹਿਣਾ ਔਖਾ ਸੀ।

ਦੋਵੇਂ ਪਤੀ-ਪਤਨੀ ਢਲਾਣ ਉਤਰਨ ਲੱਗੇ। ਰਾਜੋ ਟਿੱਬੇ ਉਤੇ ਖੜ੍ਹੀ ਰਹੀ ਅਤੇ ਉਨ੍ਹਾਂ ਨੂੰ ਜਾਂਦਿਆਂ ਦੇਖਦੀ ਰਹੀ। ਉਹੀ ਊਬੜ-ਖਾਬੜ ਤੇ ਪੱਥਰਾਂ ਨਾਲ ਭਰਿਆ ਰਸਤਾ ਸੀ। ਉਪਰ ਚੰਨ ਚਮਕ ਰਿਹਾ ਸੀ ਜਿਸ ਨਾਲ ਸਾਰਾ ਮੈਦਾਨ ਕਾਲੇ ਤੇ ਸਫੈਦ ਦ੍ਰਿਸ਼ਾਂ ਨਾਲ ਵੰਡਿਆ ਪਿਆ ਸੀ। ਕਿਤੇ ਹਨੇਰਾ ਸੀ ਤੇ ਕਿਤੇ ਪਾਰੇ ਵਾਂਗ ਚਮਕਦੀ ਚਾਨਣੀ। ਥੋੜ੍ਹੀ ਦੂਰ ਜਾਣ ਪਿੱਛੋਂ ਉਨ੍ਹਾਂ ਘੁੰਮ ਕੇ ਦੇਖਿਆ, ਰਾਜੋ ਹਾਲੇ ਵੀ ਟਿੱਬੇ 'ਤੇ ਖੜ੍ਹੀ ਸੀ ਤੇ ਅਣਜਾਣੇ ਰਾਹਾਂ ਵੱਲ ਵਧ ਰਹੇ ਉਨ੍ਹਾਂ ਦੇ ਕਦਮਾਂ ਨੂੰ ਜਿਵੇਂ ਦੇਖ ਰਹੀ ਹੋਵੇ। ਫਿਰ ਉਨ੍ਹਾਂ ਦੇ ਚੁਫ਼ੇਰੇ ਫੈਲੀ ਵੀਰਾਨੀ ਉਨ੍ਹਾਂ ਦੋਹਾਂ ਲਈ ਹੋਰ ਵੀ ਜ਼ਿਆਦਾ ਭਿਆਨਕ ਹੋ ਉਠੀ।

# ਅਫ਼ਸਾਨਾ-ਏ-ਅਫ਼ਗਾਨਿਸਤਾਨ



*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਿਹਾਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

ਦੂਜੀ ਸੰਸਾਰ ਜੰਗ ਖਤਮ ਹੋਈ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ- ਸ਼ਾਇਦ ਹੁਣ ਦੁਨੀਆਂ ਵਿਚ ਕਦੇ ਵੀ ਲੜਾਈ ਨਾ ਹੋਵੇ, ਪਰ ਇਹ ਭੁਲੇਖਾ ਹੀ ਸੀ। ਦੂਜੀ ਵੱਡੀ ਜੰਗ ਦਾ ਖਾਤਮਾ ਇੱਕ ਹੋਰ ਜੰਗ ਦੀ ਸ਼ੁਰੂਆਤ ਸੀ। ਇਹ ਨਵੀਂ ਜੰਗ ਸੀ ਕੋਲਡ ਵਾਰ ਜਾਂ ਸੀਤ ਯੁੱਧ।

ਦੂਜੀ ਸੰਸਾਰ ਜੰਗ ਦੇ ਖਾਤਮੇ ਉਪਰੰਤ, ਦੋ ਤਾਕਤਾਂ ਸੰਸਾਰ ਵਿਚ ਉਭਰ ਕੇ ਸਾਹਮਣੇ ਆਈਆਂ। ਇੱਕ ਅਮਰੀਕਾ ਅਤੇ ਦੂਜੀ ਸੋਵੀਅਤ ਰੂਸ। ਇਨ੍ਹਾਂ ਤਾਕਤਾਂ ਵਿਚ ਨਵੀਂ ਦੌੜ ਲੱਗ ਚੁੱਕੀ ਸੀ। ਇਹ ਦੌੜ ਸੀ ਦੁਨੀਆਂ ਦੀ ਇੱਕੋ ਇੱਕ ਸੁਪਰ ਪਾਵਰ ਬਣਨ ਦੀ। ਮੁਲਕਾਂ 'ਚ ਧੜੇਬੰਦੀ ਸ਼ੁਰੂ ਹੋ ਗਈ। ਅਮਰੀਕਾ ਵਲੋਂ ਵੀਅਤਨਾਮ ਵਿਚ ਮਨੁੱਖਤਾ ਦਾ ਘਾਣ ਇਸੇ ਧੜੇਬੰਦੀ ਦਾ ਨਤੀਜਾ ਸੀ। ਰੂਸ ਵੀ ਆਲੇ ਦੁਆਲੇ ਦੇ ਮੁਲਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਆਪਣੇ ਨਾਲ ਰਲਾਉਣ 'ਚ ਲੱਗਿਆ ਹੋਇਆ ਸੀ। ਅਫਗਾਨਿਸਤਾਨ ਨੂੰ ਆਪਣੇ ਗਲਬੇ ਹੇਠ ਲੈਣ



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਦੀ ਰੂਸ ਦੀ ਚਿਰੋਕਣੀ ਚਾਹਤ ਸੀ। ਉਹ ਕਿਸੇ ਸਹੀ ਮੌਕੇ ਦੀ ਤਾੜ ਵਿਚ ਸੀ। ਸੱਤਰਵਿਆਂ 'ਚ ਜਦੋਂ ਅਫਗਾਨਿਸਤਾਨ ਅੰਦਰ, ਰਾਜਾਸ਼ਾਹੀ ਦਾ ਅੰਤ ਹੋਣ ਲੱਗਿਆ ਤਾਂ ਰੂਸ ਨੂੰ ਆਪਣੀ ਚਾਹਤ ਪੂਰੀ ਕਰਨ ਦਾ ਮੌਕਾ ਮਿਲ ਗਿਆ। ਉਸ ਪਿੱਛੋਂ ਉਥੇ ਜੋ ਵੀ ਹੋਇਆ, ਉਹ ਦੁਨੀਆਂ ਦੇ ਸਾਹਮਣੇ ਹੈ।

ਕਰੀਬ ਢਾਈ ਲੱਖ ਵਰਗ ਮੀਲ ਵਿਚ ਫੈਲੇ ਅਫਗਾਨਿਸਤਾਨ ਦਾ ਕੋਈ ਵੀ ਪਾਸਾ ਸਮੁੰਦਰ ਨਾਲ ਨਹੀਂ ਲੱਗਦਾ। ਹਿੰਦੂਕੁਸ਼ ਪਹਾੜੀਆਂ ਨੇ ਇਸ ਨੂੰ ਉਤਰ ਅਤੇ ਦੱਖਣ ਦੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਦੱਖਣ ਵੱਲ ਰਹਿਣ ਵਾਲੇ ਜ਼ਿਆਦਾ ਲੋਕ ਪਖਤੂਨ ਹਨ ਅਤੇ ਉਤਰ ਵੱਲ ਦੇ ਹਜ਼ਾਰਾ, ਤਾਜਿਕ, ਉਜ਼ਬੇਕ, ਤੁਰਕ ਤੇ ਫਾਰਸੀ ਵਗੈਰਾ। ਕਾਬਲ, ਹਿੰਦੂਕੁਸ਼ ਪਹਾੜਾਂ ਦੇ ਦੱਖਣ ਵੱਲ ਪੈਂਦਾ ਹੈ। ਦੱਖਣ-ਪੱਛਮੀ ਹਿੱਸੇ ਦੇ ਉਤਰ ਵੱਲ ਇਰਾਨ ਦੀ ਲੰਬੀ ਚੌੜੀ ਸਰਹੱਦ ਰਹਿ ਜਾਂਦੀ ਹੈ। ਇੱਧਰ ਦਾ ਬਹੁਤਾ ਇਲਾਕਾ ਭਿਆਨਕ ਰੇਗਿਸਤਾਨ ਹੈ ਅਤੇ ਦੁਨੀਆਂ ਦਾ ਸਭ ਤੋਂ ਵੱਡਾ ਰੇਗਿਸਤਾਨ ਇਹੋ ਹੀ ਹੈ। ਹਿੰਦੂਕੁਸ਼ ਦੇ ਉਤਰ ਵੱਲੋਂ ਸ਼ੁਰੂ ਹੁੰਦੀ ਨੀਮ ਪਹਾੜੀ ਤੇ ਲੰਬੀ ਚੌੜੀ ਪੱਟੀ ਧੁਰ ਸਾਈਬੇਰੀਆ ਤੱਕ ਪਹੁੰਚ ਜਾਂਦੀ ਹੈ। ਊਬੜ-ਖਾਬੜ ਇਲਾਕਾ ਹੋਣ ਕਾਰਨ ਇੱਥੇ ਦੇ ਲੋਕ ਪੁੱਜ ਕੇ ਲੜਾਕੇ ਅਤੇ ਸਖਤਜਾਨ ਹਨ। ਪੂਰਬ ਵੱਲ ਸੁਲੇਮਾਨ ਪਹਾੜੀਆਂ ਤੋਂ ਪਾਰ ਪਾਕਿਸਤਾਨ ਹੈ ਅਤੇ ਇਸ ਦੇ ਦੋਨੋਂ ਪਾਸੇ ਪਖਤੂਨਾਂ ਦੇ ਗੜ੍ਹ ਹਨ। ਇਨ੍ਹਾਂ ਪਹਾੜਾਂ ਵਿਚ ਹੀ ਦੱਰਾ ਖੈਬਰ ਪੈਂਦਾ ਹੈ ਜਿਸ ਨੂੰ ਪਾਰ ਕਰ ਕੇ ਸਦੀਆਂ ਤੋਂ ਇੱਧਰਲੇ ਧਾੜਵੀ ਹਿੰਦੁਸਤਾਨ ਨੂੰ ਪੈਰਾਂ ਥੱਲੇ ਰੋਂਦਦੇ ਰਹੇ। ਅਫਗਾਨਿਸਤਾਨ ਦੀ 15-20 ਪ੍ਰਤੀਸ਼ਤ ਧਰਤੀ ਹੀ ਖੇਤੀ ਯੋਗ ਹੈ। ਬਾਕੀ ਸਭ ਊਬੜ-ਖਾਬੜ ਹੈ। 20ਵੀਂ ਸਦੀ ਦੇ 7ਵੇਂ ਦਹਾਕੇ ਤੱਕ ਖੇਤੀ ਤੋਂ ਇਲਾਵਾ ਬਹੁਤ ਸਾਰੇ ਲੋਕ, ਟੱਪਰੀਵਾਸ ਅਤੇ ਵਣਜਾਰਿਆਂ ਵਾਲੀ ਜ਼ਿੰਦਗੀ ਜਿਉਂਦੇ ਤੇ ਭੇਡਾਂ-ਬੱਕਰੀਆਂ-ਊਠ ਵਗੈਰਾ ਪਾਲਦੇ ਸਨ। ਹਰ ਸਾਲ ਇਹ ਅਗਾਂਹ ਦੀ ਅਗਾਂਹ ਤੁਰਦੇ ਇਰਾਨ, ਪਾਕਿਸਤਾਨ ਤੇ ਦੂਰ ਦੇ ਇਲਾਕਿਆਂ ਤੱਕ ਹਜ਼ਾਰਾਂ ਮੀਲ ਗਾਹ ਮਾਰਦੇ। ਰੂਸ ਨਾਲ ਲੜਾਈ ਦੌਰਾਨ ਇਨ੍ਹਾਂ ਵਣਜਾਰਿਆਂ ਦਾ ਸਾਰਾ ਸਭਿਆਚਾਰ ਤਹਿਸ ਨਹਿਸ ਹੋ ਗਿਆ। ਪਿੱਛੋਂ ਜਾ ਕੇ ਇਨ੍ਹਾਂ 'ਚੋਂ ਹੀ ਬਹੁਤੇ ਲੋਕ ਡਰਾਈਵਰੀ ਦੇ ਕਿੱਤੇ ਵਿਚ ਆ ਗਏ।

ਅਫਗਾਨਿਸਤਾਨ ਬਹੁਤ ਸਾਰੇ ਸਭਿਆਚਾਰਾਂ ਦਾ ਮਿਲਗੋਭਾ ਹੈ। ਇੱਥੇ ਜੋ ਵੀ ਆਇਆ, ਨਾਲ ਆਪਣਾ ਸਭਿਆਚਾਰ ਲੈ ਕੇ ਆਇਆ। ਆਪਸ ਵਿਚ ਵਿਆਹ-ਸ਼ਾਦੀਆਂ ਹੋਣ ਕਰ ਕੇ ਹਰ ਇੱਕ ਦੀਆਂ ਇੱਥੇ ਜੜ੍ਹਾਂ ਰਹਿ ਗਈਆਂ। ਪਹਿਲਾਂ ਇਹ ਇਲਾਕਾ ਬੁੱਧ ਧਰਮ ਦਾ ਗੜ੍ਹ ਸੀ। ਇੱਥੋਂ ਹੀ ਸਿਲਕ ਰਸਤੇ (ਸਿਲਕ ਰੂਟ) ਹੁੰਦਾ ਹੋਇਆ ਬੁੱਧ ਧਰਮ, ਵਪਾਰੀਆਂ ਰਾਹੀਂ ਚੀਨ ਅਤੇ ਜਪਾਨ ਤੱਕ ਪਹੁੰਚਿਆ। ਇਸਲਾਮ ਨੇ ਇੱਧਰ ਦਾ ਰੁਖ ਪਹਿਲੀ ਵਾਰ ਸੱਤਵੀਂ ਸਦੀ ਦੇ ਅੱਧ ਜਿਹੇ ਵਿਚ ਕੀਤਾ। ਉਦੋਂ ਹੀ ਅਰਬ ਫੌਜਾਂ ਦੇ ਨਾਲ ਉਨ੍ਹਾਂ ਦੇ ਮਜ਼ਹਬੀ ਰਹਿਨੁਮਾ ਇੱਧਰ ਆਏ ਤੇ ਉਨ੍ਹਾਂ ਨੇ ਦੁਨੀਆਂ ਦਾ ਨਵਾਂ ਚੱਲਿਆ ਧਰਮ ਇਸਲਾਮ ਆਪਣੇ ਨਾਲ ਲਿਆਂਦਾ ਜਿਸ ਵਿਚ ਬਰਾਬਰੀ, ਇਨਸਾਫ ਅਤੇ ਹੋਰ ਖੂਬੀਆਂ ਦਰਸਾ ਕੇ ਲੋਕਾਂ ਨੂੰ ਇਸਲਾਮ ਧਾਰਨ ਕਰਨ ਲਈ ਪ੍ਰੇਰਿਆ। ਇਹੀ ਮੌਕਾ ਸੀ ਜਦੋਂ ਪਹਿਲੀ ਵਾਰ ਇਸਲਾਮ ਇਸ ਖਿੱਤੇ 'ਚ ਦਾਖਲ ਹੋਇਆ।

ਅਫਗਾਨਿਸਤਾਨ ਵਿਚੋਂ ਲੰਘਦੇ ਰਾਹ ਰਸਤੇ ਦੂਰ-ਦੁਰਾਡੇ ਦੇ ਦੇਸ਼ਾਂ ਨੂੰ ਜਾਣ ਲਈ ਸਦੀਆਂ ਤੋਂ ਮਸ਼ਹੂਰ ਹਨ। ਮੱਧ ਪੂਰਬ ਦੇ ਹਮਲਾਵਰਾਂ ਤੋਂ ਲੈ ਕੇ ਮਹਾਨ ਸਿਕੰਦਰ ਤੱਕ ਇਸੇ ਰਸਤੇ ਲੰਘ ਕੇ ਹਿੰਦੁਸਤਾਨ 'ਤੇ ਧਾਵੀ ਹੋਏ। ਸਿਕੰਦਰ ਨੇ 329 ਈਸਵੀ ਪੂਰਵ ਵਿਚ ਮੱਧ ਏਸ਼ੀਆ 'ਤੇ ਕਬਜ਼ੇ ਪਿੱਛੋਂ ਅਫਗਾਨਿਸਤਾਨ ਸਰ ਕੀਤਾ। ਫਿਰ ਹਿੰਦੁਸਤਾਨ ਵੱਲ ਉਹ ਅਗਾਂਹ ਲੰਘਿਆ।

ਫਾਰਸੀ ਫੌਜਾਂ ਦਾ ਅਫਗਾਨਿਸਤਾਨ 'ਤੇ ਅਰਬ ਗਲਬਾ ਨੌਵੀਂ ਸਦੀ ਦੇ ਅਖੀਰ ਤੱਕ ਰਿਹਾ। ਪਿੱਛੋਂ ਇੱਥੇ ਗਜ਼ਨੀਵਾਦ ਆ ਗਿਆ ਜਿਸ ਨੇ ਪੰਜਾਬ ਵਿਚੋਂ ਦੀ ਲੰਘ ਕੇ ਅੱਗੇ ਦਿੱਲੀ ਤੱਕ ਜਾ ਮੱਲਾਂ ਮਾਰੀਆਂ। ਫਿਰ 1219 ਈਸਵੀ ਵਿਚ ਚੰਗੇਜ਼ ਖਾਂ ਦੀਆਂ ਫੌਜਾਂ ਨੇ ਮੌਜੂਦਾ ਉਜ਼ਬੇਕਿਸਤਾਨ ਦੇ ਸਮਰਕੰਦ ਤੋਂ ਇੱਧਰ ਨੂੰ ਕੂਚ ਕੀਤਾ। ਉਹ ਲਾਸ਼ਾਂ ਦੇ ਢੇਰ ਲਾਉਂਦਾ ਤੇ ਮਨੁੱਖਤਾ ਦੀ ਤਬਾਹੀ ਕਰਦਾ ਹਿੰਦੁਸਤਾਨ ਤੱਕ ਗਿਆ। ਇਸ ਦੇ ਸੌ ਸਾਲ ਪਿੱਛੋਂ ਉਸੇ ਦੇ ਖਾਨਦਾਨ 'ਚੋਂ ਤੈਮੂਰ ਨੇ ਇਹ ਇਲਾਕਾ ਆਪਣੇ ਕਬਜ਼ੇ ਹੇਠ ਲੈਂਦਿਆਂ ਕੁਝ ਦੇਰ ਇੱਥੇ ਰਾਜ ਕੀਤਾ। ਪਿੱਛੋਂ ਚੌਦਵੀਂ ਸਦੀ ਦੇ ਅਖੀਰ ਤੱਕ ਇੱਥੇ ਵੱਖ ਵੱਖ ਕਬੀਲੇ ਰਾਜ ਕਰਦੇ ਰਹੇ। ਉਸ ਵੇਲੇ ਦਿੱਲੀ ਤਖਤ 'ਤੇ ਅਫਗਾਨਿਸਤਾਨ ਦੇ ਲੋਧੀ ਖਾਨਦਾਨ ਦਾ ਰਾਜ ਸੀ। ਉਦੋਂ ਜਿਹੇ ਹੀ ਮੌਜੂਦਾ ਉਜ਼ਬੇਕਿਸਤਾਨ ਦੀ ਫਰਗਾਨਾ ਘਾਟੀ ਦੇ ਬਾਬਰ ਜੋ ਮੰਗੋਲ ਸੀ ਤੇ ਚੰਗੇਜ਼ ਖਾਂ ਦੇ ਖਾਨਦਾਨ ਵਿਚੋਂ ਸੀ, ਨੂੰ ਉਸ ਦੇ ਵਿਰੋਧੀਆਂ ਨੇ ਰਾਜਸੱਤਾ 'ਤੋਂ ਬਾਹਰ ਕੱਢ ਦਿੱਤਾ ਤਾਂ ਉਸ ਨੇ ਇੱਧਰ ਦਾ ਰੁੱਖ ਕੀਤਾ। ਛੇਤੀ ਹੀ ਉਸ ਨੇ ਕਾਬਲ 'ਤੇ ਕਬਜ਼ਾ ਕਰ ਕੇ ਇੱਥੇ ਆਪਣਾ ਰਾਜ ਕਾਇਮ ਕਰ ਲਿਆ। ਇੱਥੇ ਪੱਕੇ ਪੈਰੀਂ ਹੋਣ ਪਿੱਛੋਂ ਉਸ ਨੇ ਹਿੰਦੁਸਤਾਨ ਵੱਲ ਕੂਚ ਕੀਤਾ। ਫਿਰ 1526 ਈਸਵੀ ਵਿਚ ਉਸ ਨੇ ਪਾਣੀਪਤ ਦੇ ਮੈਦਾਨ ਅੰਦਰ ਇਬਰਾਹਿਮ ਲੋਧੀ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ।

ਇੱਥੋਂ ਹੀ ਹਿੰਦੁਸਤਾਨ ਵਿਚ ਮੁਗਲ ਰਾਜ ਸ਼ੁਰੂ ਹੋਇਆ ਜੋ ਅਗਲੇ ਤਿੰਨ ਸਵਾ ਤਿੰਨ ਸੌ ਸਾਲ ਤੱਕ ਜਾਰੀ ਰਿਹਾ, ਜਾਂ ਇਉਂ ਕਹਿ ਲਵੋ ਕਿ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਮੁਗਲ ਸਾਮਰਾਜ ਦਾ ਆਖਰੀ ਬਾਦਸ਼ਾਹ ਹੋ ਨਿਬੜਿਆ। ਉਸ ਪਿੱਛੋਂ ਹਿੰਦੁਸਤਾਨ, ਪੂਰਨ ਰੂਪ ਵਿਚ ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ।


ਉਧਰ, ਸੋਲਵੀਂ ਸਦੀ ਤੱਕ ਅਫਗਾਨਿਸਤਾਨ ਮੁਗਲਾਂ ਹੱਥੋਂ ਨਿਕਲ ਗਿਆ ਸੀ ਤੇ ਇੱਥੇ ਫਿਰ ਤੋਂ ਫਾਰਸੀਆਂ ਦਾ ਦਬਦਬਾ ਸ਼ੁਰੂ ਹੋ ਗਿਆ ਸੀ। ਇਸ ਪਿੱਛੋਂ ਵੀ ਉਥੇ ਪੱਕੇ ਤੌਰ 'ਤੇ ਕਿਸੇ ਇੱਕ ਦਾ ਕਬਜ਼ਾ ਨਾ ਰਿਹਾ। ਕੋਈ ਆਇਆ, ਕੋਈ ਗਿਆ। 17ਵੀਂ ਸਦੀ ਦੇ ਸ਼ੁਰੂ ਵਿਚ ਇਸ ਦੇ ਪੱਛਮ ਵੱਲ ਦਾ ਇਲਾਕਾ ਸਾਫੀਵਾਦ ਦੇ ਕਬਜ਼ੇ ਹੇਠ ਸੀ ਤੇ ਦੂਜਾ ਪਾਸਾ ਪਖਤੂਨਾਂ ਦੇ। ਅੱਗੇ ਪਖਤੂਨ ਕਬੀਲੇ ਦੋ ਧੜਿਆਂ ਵਿਚ ਵੰਡੇ ਹੋਏ ਸਨ। ਇਹ ਸਨ ਗਿਲਜੀ ਅਤੇ ਅਬਦਾਲੀ। ਅਬਦਾਲੀ ਬਾਅਦ ਵਿਚ ਆਪਣੇ ਆਪ ਨੂੰ ਦੁਰਾਨੀ ਕਹਾਉਣ ਲੱਗ ਪਏ। ਦੋਹਾਂ ਧੜਿਆਂ 'ਚ ਨਿੱਤ ਸਿਰ ਵੱਢਵੀਂ ਲੜਾਈ ਹੁੰਦੀ ਸੀ। ਇਸ ਵੇਲੇ ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ ਸੀ। ਉਸ ਨੇ ਇਰਾਨ ਨਾਲ ਲੱਗਦੇ ਅਫਗਾਨਿਸਤਾਨ ਦੇ ਕਾਫੀ ਸਾਰੇ ਇਲਾਕੇ ਆਪਣੇ ਅਧੀਨ ਰੱਖੇ ਹੋਏ ਸਨ। ਇਨ੍ਹਾਂ ਇਲਾਕਿਆਂ ਵਿਚੋਂ ਹੀ ਇਕ ਵਿਚ ਰਹਿੰਦੇ ਵੱਡੇ ਦੁਰਾਨੀ ਕਬੀਲੇ ਦਾ ਅਹਿਮਦ ਸ਼ਾਹ ਉਸ ਦੀ ਫੌਜ ਵਿਚ ਅਫਸਰ ਸੀ। ਅਹਿਮਦ ਸ਼ਾਹ ਜੋ ਬਾਅਦ ਵਿਚ ਅਹਿਮਦ ਸ਼ਾਹ ਅਬਦਾਲੀ ਅਖਵਾਇਆ, ਨਾਦਰ ਸ਼ਾਹ ਦੇ ਹਿੰਦੁਸਤਾਨ 'ਤੇ ਹਮਲੇ ਵੇਲੇ ਉਸ ਦੇ ਨਾਲ ਆਇਆ ਸੀ। ਕੁਝ ਸਾਲ ਪਿੱਛੋਂ ਜਦੋਂ ਨਾਦਰ ਸ਼ਾਹ ਦਾ ਕਤਲ ਹੋ ਗਿਆ ਤਾਂ ਅਹਿਮਦ ਸ਼ਾਹ ਦੇ ਕਬੀਲੇ ਵਾਲਿਆਂ ਅਤੇ ਹੋਰ ਨੇੜਲੇ-ਤੇੜਲਿਆਂ ਨੇ ਆਪਣੇ ਆਪ ਨੂੰ ਇਰਾਨ ਤੋਂ ਵੱਖ ਕਰ ਲੈਣ ਦਾ ਫੈਸਲਾ ਕੀਤਾ। ਇਸ ਲਈ ਉਨ੍ਹਾਂ ਨੇ ਕਬੀਲਿਆਂ ਦੇ ਵਡੇਰਿਆਂ ਦਾ ਇਕੱਠ ਕੀਤਾ ਜਿਸ ਨੂੰ ਕਿ ਲੋਇਆ ਜਿਰਗਾ ਕਿਹਾ ਗਿਆ। ਉਹ ਪਹਿਲਾ ਲੋਇਆ ਜਿਰਗਾ, ਭਾਵ ਵਡੇਰਿਆਂ ਦਾ ਇਕੱਠ ਸੀ। ਇੱਥੋਂ ਹੀ ਉਥੇ ਲੋਇਆ ਜਿਰਗਾ ਦੀ ਪਿਰਤ ਪਈ। ਇਸ ਲੋਇਆ ਜਿਰਗਾ ਵਿਚ ਅਫਗਾਨਿਸਤਾਨ 'ਤੇ ਆਪਣਾ ਕਬਜ਼ਾ ਪੱਕਾ ਰੱਖਣ ਲਈ ਵੱਖ ਵੱਖ ਫੈਸਲੇ ਕੀਤੇ ਗਏ ਅਤੇ ਇਸੇ ਵੇਲੇ ਹੀ ਅਹਿਮਦ ਸ਼ਾਹ ਅਬਦਾਲੀ ਨੂੰ ਆਪਣਾ ਰਾਜਾ ਬਣਾਇਆ ਗਿਆ। ਸਾਰੇ ਕਬੀਲਿਆਂ ਨੇ ਉਸ ਪ੍ਰਤੀ ਵਫਾਦਾਰੀ ਦਾ ਹਲਫ ਲੈਂਦਿਆਂ ਉਸ ਦੇ ਸਿਰ 'ਤੇ ਆਪਣੀ ਆਪਣੀ ਪੱਗ ਬੰਨ੍ਹੀ।

ਉਸ ਵੇਲੇ ਅਬਦਾਲੀ ਛੱਬੀ ਸਾਲਾਂ ਦਾ ਤੇਜ਼ ਤਰਾਰ ਨੌਜਵਾਨ ਸੀ। ਅਫਗਾਨਿਸਤਾਨ ਵਿਚ ਪੱਕੇ ਪੈਰੀਂ ਹੋਣ ਪਿੱਛੋਂ ਆਲੇ-ਦੁਆਲੇ ਦੇ ਇਲਾਕੇ ਜਿੱਤਦਾ ਉਹ ਹਿੰਦੁਸਤਾਨ ਵੱਲ ਵਧਿਆ ਅਤੇ ਮਰਾਠਿਆਂ ਨੂੰ ਹਰਾਇਆ। ਇਹ ਉਹੀ ਵਕਤ ਸੀ ਜਦੋਂ ਅਬਦਾਲੀ ਦੀਆਂ ਪੰਜਾਬ 'ਚੋਂ ਲੰਘਦਿਆਂ ਸਿੱਖਾਂ ਨਾਲ ਲੜਾਈਆਂ ਹੁੰਦੀਆਂ ਸਨ। ਉਸ ਨੇ ਦਿੱਲੀ ਤੱਕ ਦਾ ਰਾਜ ਫਤਿਹ ਕੀਤਾ, ਪਰ ਆਪਣੀ ਆਖਰੀ ਉਮਰ ਵਿਚ ਉਹ ਇੱਧਰ ਪੱਕਾ ਕਬਜ਼ਾ ਨਾ ਰੱਖ ਸਕਿਆ। ਉਦੋਂ ਹੀ ਪੰਜਾਬ ਵਿਚ ਸਿੱਖ ਰਾਜ ਬਣਨ ਦੇ ਮੌਕੇ ਪੈਦਾ ਹੋਣ ਲੱਗੇ ਤੇ ਅੱਗੇ ਚੱਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਖਾਲਸਾ ਰਾਜ ਸਥਾਪਤ ਹੋਇਆ।

ਅਬਦਾਲੀ ਦੀ ਮੌਤ ਮਗਰੋਂ ਉਸ ਨੂੰ ਕੰਧਾਰ ਵਿਚ ਦਫਨਾਇਆ ਗਿਆ। ਅਫਗਾਨ ਲੋਕ ਉਸ ਨੂੰ ਆਪਣੇ ਮੁਲਕ ਦਾ ਪਿਤਾਮਾ ਮੰਨਦੇ ਹਨ ਅਤੇ ਅੱਜ ਤੱਕ ਉਸ ਦੀ ਕਬਰ 'ਤੇ ਸਿਜਦਾ ਕਰਨ ਜਾਂਦੇ ਹਨ। ਅਬਦਾਲੀ ਦੀ ਮੌਤ ਪਿੱਛੋਂ ਕੋਈ ਕਾਬਲ ਸ਼ਖਸ ਨਾ ਹੋਣ ਕਰ ਕੇ ਅਫਗਾਨਿਸਤਾਨ ਦਾ ਰਾਜ ਕਮਜ਼ੋਰ ਹੋ ਗਿਆ। ਕਮਜ਼ੋਰ ਅਫਗਾਨਿਸਤਾਨ ਨੂੰ ਪੂਰਬ ਵੱਲ ਬਰਤਾਨਵੀ ਰਾਜ ਅਤੇ ਉਤਰ ਵਲ ਰੂਸ ਦੇ ਧੱਕੇ ਸਹਿਣੇ ਪਏ। 19ਵੀਂ ਸਦੀ 'ਚ ਰੂਸ ਦੇ ਇੱਧਰ ਵਧਣ ਦੇ ਡਰੋਂ ਅੰਗਰੇਜ਼ਾਂ ਨੇ ਅਫਗਾਨਿਸਤਾਨ ਨੂੰ ਆਪਣੇ ਕਬਜ਼ੇ 'ਚ ਲੈਣ ਲਈ ਕਈ ਲੜਾਈਆਂ ਲੜੀਆਂ, ਪਰ ਉਹ ਕਾਮਯਾਬ ਨਾ ਹੋ ਸਕੇ। ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਹੀ ਨਹੀਂ ਖਾਣੀ ਪਈ, ਸਗੋਂ ਅੰਤਾਂ ਦਾ ਨੁਕਸਾਨ ਵੀ ਹੋਇਆ। ਅੰਗਰੇਜ਼ ਸਮਝ ਗਏ ਕਿ ਅਫਗਾਨਿਸਤਾਨ ਦੇ ਭੂਗੋਲਿਕ ਹਾਲਾਤ ਅਤੇ ਇਸ ਦੇ ਲੋਕਾਂ ਦੇ ਸੁਭਾਅ ਕਾਰਨ ਉਹ ਕਦੇ ਵੀ ਇੱਥੇ ਆਪਣਾ ਰਾਜ ਪੱਕਾ ਨਹੀਂ ਰੱਖ ਸਕਦੇ। ਇਸ ਪਿੱਛੋਂ ਉਨ੍ਹਾਂ ਇੱਕ ਹੋਰ ਲੂੰਬੜ ਚਾਲ ਚੱਲੀ। ਇਹ ਸੀ, ਭ੍ਰਿਸ਼ਟਾਚਾਰ। ਉਨ੍ਹਾਂ ਅਫਗਾਨਿਸਤਾਨ ਦੇ ਵੱਡੇ ਲੀਡਰਾਂ ਅਤੇ ਕਬੀਲਿਆਂ ਦੇ ਸਰਦਾਰਾਂ ਨੂੰ ਪੈਸੇ ਨਾਲ ਖਰੀਦ ਲਿਆ। ਇਸ ਤਰ੍ਹਾਂ ਉਨ੍ਹਾਂ ਪਰਦੇ ਪਿੱਛੇ ਰਹਿੰਦਿਆਂ ਅਫਗਾਨਿਸਤਾਨ ਵਿਚ ਆਪਣਾ ਅਸਰ ਰਸੂਖ ਕਾਇਮ ਕਰ ਲਿਆ।

ਉਧਰ, ਇਹੀ ਚਾਲ ਰੂਸ ਨੇ ਚੱਲੀ। ਇਸ ਤਰ੍ਹਾਂ ਅਫਗਾਨਿਸਤਾਨ ਦੋ ਵੱਡੀਆਂ ਸ਼ਕਤੀਆਂ ਵਿਚਕਾਰ ਸੈਂਡਵਿਚ ਬਣ ਕੇ ਰਹਿ ਗਿਆ। ਰਾਜ ਅਤੇ ਫੌਜ ਅੰਦਰ ਅੰਗਰੇਜ਼ਾਂ ਦੇ ਖਰੀਦੇ ਹੋਏ ਬਹੁਤ ਸਾਰੇ ਵੱਡੇ ਅਫਸਰ ਸਨ। ਪੂਰਬ ਵੱਲ ਪਖਤੂਨਾਂ ਦਾ ਦਬਦਬਾ ਹੋਣ ਕਰ ਕੇ ਉਤਰ ਵੱਲ ਦੇ ਗੈਰ-ਪਖਤੂਨ ਲੋਕਾਂ 'ਚ ਬਿਗਾਨਗੀ ਦੀ ਭਾਵਨਾ ਪਨਪਣ ਲੱਗੀ ਅਤੇ ਉਹ ਆਪਣੇ ਇਲਾਕੇ ਲਈ ਵੱਧ ਹੱਕ ਮੰਗਣ ਲੱਗੇ। ਇੱਥੇ ਅੰਗਰੇਜ਼ ਨੇ ਪਖਤੂਨਾਂ ਨੂੰ ਕਮਜ਼ੋਰ ਕਰਨ ਲਈ ਇੱਕ ਹੋਰ ਚਾਲ ਚੱਲੀ। ਉਨ੍ਹਾਂ ਅਫਗਾਨਿਸਤਾਨ ਦੇ ਪੂਰਬ ਵੱਲ ਦੇ ਇਲਾਕੇ ਨੂੰ ਵੰਡ ਕੇ ਵਿਚਕਾਰ ਲਾਈਨ ਖਿੱਚ ਕੇ ਉਪਰਲੇ ਇਲਾਕੇ ਨੂੰ ਬ੍ਰਿਟਿਸ਼ ਇੰਡੀਆ ਵਿਚ ਮਿਲਾ ਦਿੱਤਾ ਜੋ ਪਿੱਛੋਂ ਜਾ ਕੇ ਪਾਕਿਸਤਾਨ ਦੇ ਪਿਸ਼ਾਵਰ ਵੱਲ ਦਾ ਇਲਾਕਾ ਅਖਵਾਇਆ। ਇਸ ਵੰਡ ਲਾਈਨ ਨੂੰ ਡੂਰੈਂਡ ਲਾਈਨ ਕਿਹਾ ਜਾਂਦਾ ਹੈ। ਇਹ ਲਾਈਨ ਬਾਅਦ ਵਿਚ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਝਗੜੇ ਦਾ ਕਾਰਨ ਬਣੀ।


ਅਫਗਾਨਾਂ ਨੂੰ ਇਸ ਗੱਲ ਦਾ ਤਾਂ ਮਾਣ ਹੈ ਕਿ ਉਹ ਕਦੇ ਅੰਗਰੇਜ਼ਾਂ ਦੇ ਗੁਲਾਮ ਨਹੀਂ ਰਹੇ, ਪਰ ਖਰੀਦੋ-ਫਰੋਖ਼ਤ ਦੀ ਜਿਹੜੀ ਰਾਜਨੀਤੀ ਅੰਗਰੇਜ਼ਾਂ ਨੇ ਸ਼ੁਰੂ ਕੀਤੀ, ਉਹ ਅੱਜ ਤੱਕ ਬਿਮਾਰੀ ਬਣ ਕੇ ਅਫਗਾਨ ਸਮਾਜ ਵਿਚ ਫੈਲੀ ਹੋਈ ਹੈ। ਫਿਰ ਅਫਗਾਨਿਸਤਾਨ ਵਿਚ ਜਦੋਂ ਕਦੇ ਵੀ ਹਕੂਮਤ



ਜ਼ਹੀਰ ਸ਼ਾਹ



ਮੁਹੰਮਦ ਦਾਊਦ ਖਾਨ



ਨੂਰ ਮੁਹੰਮਦ ਤਰਾਕੀ



ਬਬਰਾਕ ਕਰਮਾਲ

(ਬਾਕੀ ਅਗਲੇ ਸਫੇ 'ਤੇ)

# ਸਾਂਝ ਅਤੇ ਜਾਗਰੂਪਤਾ ਦਾ ਪ੍ਰਤੀਕ:ਜਾਗੋ

**ਸਾਡਾ ਵਿਰਸਾ**

ਵਿਆਹ ਵਿਚ ਮੁਟਿਆਰਾਂ ਨੂੰ ਸਭ ਤੋਂ ਵੱਧ ਚਾਅ ਜਾਗੋ ਕੱਢਣ ਦਾ ਹੁੰਦਾ ਹੈ। ਜਾਗੋ ਵਿਆਹ ਦੀ ਇਕ ਅਜਿਹੀ ਮਨਮੋਹਕ ਰਸਮ ਹੈ ਜੋ ਨਾਨਕਾ ਮੇਲ ਵਲੋਂ ਮੁੰਡੇ-ਕੁੜੀ ਦੇ ਵਿਆਹ 'ਤੇ ਬੜੇ ਚਾਅ ਨਾਲ ਨਿਭਾਈ ਜਾਂਦੀ ਹੈ। ਪੁਰਾਤਨ ਸਮੇਂ ਤੋਂ ਹੀ ਜਾਗੋ ਕੱਢਣ ਦਾ ਰਿਵਾਜ ਹੈ। ਇਹ ਰਾਤ ਸਮੇਂ ਕੱਢੀ ਜਾਂਦੀ ਹੈ। ਰਵਾਇਤਨ ਦਿਨ ਵੇਲੇ ਪਿੱਤਲ ਦੀ ਵਲਟੋਹੀ 'ਤੇ ਆਟੇ ਦੇ ਦੀਵੇ ਬਣਾ ਕੇ ਚਿਪਕਾ ਦਿੱਤੇ ਜਾਂਦੇ ਹਨ ਅਤੇ ਰਾਤੀਂ ਉਨ੍ਹਾਂ ਵਿਚ ਰੂੰ ਦੀਆਂ

ਸੁਖਦੇਵ ਮਾਦਪੁਰੀ
ਫੋਨ: 094630-34472

ਬੱਤੀਆਂ ਰੱਖ ਕੇ ਤੇ ਸਰ੍ਹੋਂ ਦਾ ਤੇਲ ਪਾ ਕੇ ਮਘਾ ਦਿੱਤਾ ਜਾਂਦਾ ਹੈ। ਇਸ ਜਗਦੀ ਹੋਈ ਵਲਟੋਹੀ ਨੂੰ ਜਾਗੋ ਆਖਦੇ ਹਨ।

ਨਾਨਕੇ ਮੇਲ ਨਾਲ ਆਈ ਵਿਆਹੁੰਦੜ ਦੀ ਪੰਜਾਬੀ ਪਹਿਰਾਵੇ ਵਿਚ ਫੱਬੀ ਮਾਮੀ ਸੱਗੀ ਫੁੱਲਾਂ ਨਾਲ ਗੁੰਦੇ ਸਿਰ ਉਤੇ ਮਲਕੜੇ ਜਿਹੇ ਜਗਮਗਾਉਂਦੇ ਦੀਵਿਆਂ ਵਾਲੀ ਵਲਟੋਹੀ ਨੂੰ ਟਿਕਾਉਂਦੀ ਹੈ ਅਤੇ ਫਿਰ ਵਿਆਹ ਵਾਲੇ ਘਰ ਵਿਚ ਸ਼ਗਨ ਵਜੋਂ ਪਹਿਲਾਂ ਗਿੱਧੇ ਦੀਆਂ ਕੁਝ ਬੋਲੀਆਂ ਪਾਈਆਂ ਜਾਂਦੀਆਂ ਹਨ। ਜਾਗੋ ਵਾਲੀ ਮਾਮੀ ਵਲਟੋਹੀ ਨੂੰ ਹੱਥ ਲਾਏ ਬਿਨਾਂ ਗਿੱਧੇ ਵਿਚ ਨੱਚਦੀ ਆਪਣੀ ਕਲਾ ਦਿਖਾਉਂਦੀ ਹੈ। ਗਹਿਣੇ-ਗੱਟਿਆਂ ਅਤੇ ਝਿਲਮਲ-ਝਿਲਮਲ ਕਰਦੀਆਂ ਰੇਸ਼ਮੀ ਪੁਸ਼ਾਕਾਂ ਨਾਲ ਫੱਬੀਆਂ ਮੇਲਣਾਂ ਅਤੇ ਸ਼ਰੀਕੇ ਦੀਆਂ ਮੁਟਿਆਰਾਂ-ਸੁਆਣੀਆਂ ਦੇ ਚਿਹਰਿਆਂ 'ਤੇ ਪੈਂਦੀ ਜਾਗੋ ਦੀ ਰੋਸ਼ਨੀ ਕਹਿਰਾਂ ਦਾ ਰੂਪ ਚਾੜ੍ਹ ਦੇਂਦੀ ਹੈ ਅਤੇ ਉਨ੍ਹਾਂ ਦੇ ਨੈਣਾਂ ਵਿਚੋਂ ਖ਼ੁਸ਼ੀ ਦੀਆਂ ਫੁਹਾਰਾਂ ਵਹਿ ਤੁਰਦੀਆਂ ਹਨ। ਉਹ ਜਾਗੋ ਦੇ ਗੀਤ ਗਾਉਂਦੀਆਂ ਹੋਈਆਂ ਅਦਭੁੱਤ ਨਜ਼ਾਰਾ ਪੇਸ਼ ਕਰਦੀਆਂ ਹਨ। ਇਨ੍ਹਾਂ ਮੁਟਿਆਰਾਂ ਦਾ ਜਲੌ ਵੇਖਣ ਵਾਲਾ ਹੁੰਦਾ ਹੈ। ਕੋਈ ਹੁੰਦੜਹੇਲ ਮੁਟਿਆਰ ਖੂੰਡੇ 'ਤੇ ਘੁੰਗਰੂ ਬੰਨ੍ਹ ਕੇ ਖੂੰਡਾ ਖੜਕਾਉਂਦੀ ਜਾਗੋ ਦੇ ਅੱਗੇ-ਅੱਗੇ ਤੁਰਦੀ ਹੈ- ਇਹ ਜਾਗੋ ਪਿੰਡ ਵਿਚ ਸ਼ਰੀਕੇ ਦੇ ਘਰਾਂ ਵਿਚ ਲੈ ਜਾ ਕੇ ਜਾਗੋ ਦਾ ਗਿੱਧਾ ਪਾਇਆ ਜਾਂਦਾ ਹੈ-ਜਾਗੋ ਕਢਦੀਆਂ ਸੁਆਣੀਆਂ ਪਿੰਡ ਦੀਆਂ ਗਲੀਆਂ ਵਿਚ ਤੁਰਦੀਆਂ ਸਮੂਹਿਕ ਰੂਪ ਵਿਚ ਜਾਗੋ ਅਤੇ 'ਆਉਂਦੀਏ ਕੁੜੀਏ, ਜਾਂਦੀਏ ਕੁੜੀਏ' ਦੇ ਗੀਤ ਰੂਪ ਗਾਉਂਦੀਆਂ ਹਨ:

ਜਾਗੋ ਕਢਣੀ ਮੜਕ ਨਾਲ ਤੁਰਨਾ
ਬਈ ਵਿਆਹ ਕਰਤਾਰੇ ਦਾ

ਜਾਗੋ ਵਾਲੀਆਂ ਘਰੋਂ ਤੁਰਨ ਸਮੇਂ ਮੰਗਲਾਚਰਨ ਵਜੋਂ ਗੁਰੂਆਂ ਪੀਰਾਂ ਨੂੰ ਧਿਆਉਂਦੀਆਂ ਹਨ:

ਆਉਂਦੀਏ ਕੁੜੀਏ, ਜਾਂਦੀਏ ਕੁੜੀਏ
ਚੱਕ ਲਿਆ ਬਾਜ਼ਾਰ ਵਿਚੋਂ ਕਾਨਾ
ਭਗਤੀ ਦੋ ਕਰ'ਗੇ
ਗੁਰੂ ਨਾਨਕ ਤੇ ਬਾਬਾ ਮਰਦਾਨਾ
ਬਈ ਭਗਤੀ ਦੋ ਕਰ'ਗੇ

ਉਹ ਜਨ-ਸਾਧਾਰਨ ਵਿਚ ਜਾਗਰੂਕਤਾ ਦਾ ਸੁਨੇਹਾ ਦੇਣ ਲਈ ਹੋਕਾ ਦੇਂਦੀਆਂ ਹਨ:

ਜਾਗੋ ਜਾਗਦਿਆਂ ਦਾ ਮੇਲਾ ਬਈ
ਜਾਗੋ ਆਈ ਆ।

ਪਿਛਲੀ ਸਦੀ ਦੇ ਛੇਵੇਂ ਦਹਾਕੇ ਤਕ ਪਿੰਡਾਂ ਵਿਚ ਬਿਜਲੀ ਨਹੀਂ ਸੀ ਆਈ। ਹਨ੍ਹੇਰੀਆਂ ਗਲੀਆਂ ਵਿਚੋਂ ਲੰਘਦੀ ਜਗਮਗਾਉਂਦੀ ਜਾਗੋ ਨੇ ਚਾਰੇ ਬੰਨੇ ਚਾਨਣ ਬਖੇਰਦਿਆਂ ਖ਼ੁਸ਼ੀਆਂ 'ਚ ਮਖ਼ਮੂਰ ਮੁਟਿਆਰਾਂ ਦੇ ਮੁਖੜਿਆਂ ਦੀ ਆਭਾ ਨੂੰ ਚਾਰ ਚੰਦ ਲਾ ਦੇਣੇ। ਉਨ੍ਹਾਂ ਆਪਣੀ ਆਮਦ ਦੀ ਸੂਚਨਾ ਗੀਤਾਂ ਦੇ ਬੋਲਾਂ ਨਾਲ ਦੇਣੀ:

ਇਸ ਪਿੰਡ ਦੇ ਪੰਚੋ ਤੇ ਸਰਪੰਚੋ, ਲੰਬੜਦਾਰੋ
ਬਈ ਬੱਤੀਆਂ ਜਗਾ ਕੇ ਰੱਖਿਓ
ਸਾਰੇ ਪਿੰਡ 'ਚ ਫੇਰਨੀ ਜਾਗੋ
ਬਈ ਲੋਕਾਂ ਦੇ ਪਰਨਾਲੇ ਭੰਨਣੇ।

ਵਿਆਹ ਦੇ ਚਾਅ 'ਚ ਭੂਸਰੀਆਂ ਮੇਲਣਾਂ ਨੇ ਰਾਹ ਵਿਚ ਆਉਂਦੇ ਰੇਹੜੇ-ਗੱਡੇ ਉਲਟਾ ਦੇਣੇ, ਪਏ ਬਜ਼ੁਰਗਾਂ ਦੇ ਮੰਜੇ ਮੂਧੇ ਕਰ ਸੁਟਣੇ, ਓਟੇ ਭਲਿਆਨੀਆਂ ਤੋੜ ਦੇਣੀਆਂ, ਘਰਾਂ ਦੇ ਪਰਨਾਲੇ ਭੰਨ ਦੇਣੇ ਅਤੇ ਪਿੰਡ ਦੇ ਹਟਵਾਣੀਆਂ ਦੀਆਂ ਹੱਟੀਆਂ ਤੋਂ ਖਾਣ ਵਾਲੇ ਖਿਲਾਂ-ਮਖਾਣੇ ਲੁੱਟ ਲੈਣੇ। ਜੇ ਕੁਝ ਨਾ ਮਿਲਣਾ ਤਾਂ ਪਿੰਡ ਨੂੰ ਤਾਹਨੇ ਮਾਰਨੇ:

ਆਉਂਦੀਏ ਕੁੜੀਏ, ਜਾਂਦੀਏ ਕੁੜੀਏ
ਸੱਚ ਦੇ ਬਚਨ ਦੀਆਂ ਦਾਈਆਂ
ਨੀ ਏਥੇ ਦੇ ਮਲੰਗ ਬਾਣੀਏਂ
ਸਾਨੂੰ ਜੰਗ-ਹਰੜਾਂ ਨਾ ਥਿਆਈਆਂ
ਏਥੇ ਦੇ ਮਲੰਗ ਬਾਣੀਏਂ...।

ਆਉਂਦੀਏ ਕੁੜੀਏ ਜਾਂਦੀਏ ਕੁੜੀਏ
ਭਰ ਲਿਆ ਟੋਕਰਾ ਨੜਿਆਂ ਦਾ
ਕਿੱਥੇ ਲਾਹੇਂਗੀ ਕਿੱਥੇ ਲਾਹੇਂਗੀ



ਸਾਰਾ ਪਿੰਡ ਛੜਿਆਂ ਦਾ
ਕਿੱਥੇ ਲਾਹੇਂਗੀ...।

ਮੇਲਣਾਂ ਦੀ ਭੰਨ-ਤੋੜ ਅਤੇ ਹਾਸੇ-ਠੱਠੇ ਦਾ ਕੋਈ ਬੁਰਾ ਨਹੀਂ ਸੀ ਮਨਾਉਂਦਾ। ਅਸਲ ਵਿਚ ਪੰਜਾਬ ਦੀ ਔਰਤ ਸਦੀਆਂ ਤੋਂ ਮਰਦ ਦੇ ਦਾਬੇ ਹੇਠ ਰਹੀ ਹੈ ਜਿਸ ਕਰਕੇ ਮਰਦ ਉਸ ਨੂੰ ਕੁਸਕਣ ਨਹੀਂ ਸੀ ਦੇਂਦੇ। ਕੇਵਲ ਵਿਆਹ ਦਾ ਹੀ ਇਕ ਮੌਕਾ ਹੁੰਦਾ, ਜਿੱਥੇ ਔਰਤਾਂ ਆਪਣੀਆਂ ਦੱਬੀਆਂ ਕੁਚਲੀਆਂ ਅਤ੍ਰਿਪਤ ਕਾਮਨਾਵਾਂ ਦਾ ਇਜ਼ਹਾਰ ਨਿਸੰਗ ਹੋ ਕੇ ਕਰਦੀਆਂ ਅਤੇ ਮਨਾਂ ਦੇ ਗੁਭ-ਗੁਭਾੜ ਕੱਢਦੀਆਂ। ਵਿਆਹ ਔਰਤਾਂ ਨੂੰ ਖੁਲ੍ਹਾਂ ਲੈਣ ਦਾ ਮੌਕਾ ਦਿੰਦਾ ਹੈ-ਮਰਦ ਕੋਲ ਨਹੀਂ ਹੁੰਦੇ ਜਿਸ ਕਰਕੇ ਮੇਲਣਾਂ ਜਾਗੋ ਕੱਢਦੀਆਂ ਕਈ ਤਰ੍ਹਾਂ ਦੀਆਂ ਹਾਸੇ ਠੱਠੇ ਵਾਲੀਆਂ ਸ਼ਰਾਰਤਾਂ ਹੀ ਨਹੀਂ ਕਰਦੀਆਂ ਸਗੋਂ ਜਾਗੋ ਦੇ ਗਿੱਧੇ ਵਿਚ ਦਿਲ ਖੋਲ੍ਹ ਕੇ ਨੱਚਦੀਆਂ ਹੋਈਆਂ ਅਜਿਹੀਆਂ ਬੋਲੀਆਂ ਪਾਉਂਦੀਆਂ ਹਨ ਜਿਹੜੀਆਂ ਉਨ੍ਹਾਂ ਦੀ ਮਾਨਸਿਕਤਾ ਦੀ ਸ਼ਾਹਦੀ ਭਰਦੀਆਂ ਹਨ:

ਕੋਈ ਵੇਚੇ ਸੁੰਢ ਜਵੈਣ
ਕੋਈ ਵੇਚੇ ਰਾਈ।
ਲੰਬੜ ਅਪਣੀ ਜ਼ੋਰੂ ਵੇਚੇ
ਟਕੇ ਟਕੇ ਸਿਰ ਲਾਈ।
ਖ਼ਬਰਦਾਰ ਰਹਿਣਾ ਜੀ
ਜਾਗੋ ਨਾਨਕਿਆਂ ਦੀ ਆਈ।

ਜਾਗੋ ਦਾ ਵਿਆਹੁੰਦੜ ਮੁੰਡੇ ਦੇ ਸ਼ਰੀਕੇ ਵਿਚ ਖ਼ਾਸ ਖ਼ਾਸ ਘਰਾਂ ਵਿਚ ਲੈ ਕੇ ਜਾਣਾ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਮੁੰਡੇ ਦੀ ਮਾਂ ਜਾਗੋ ਨੂੰ ਖ਼ਾਸ ਖ਼ਾਸ ਅਪਣੱਤ ਵਾਲੇ ਘਰਾਂ ਵਿਚ ਲੈ ਕੇ ਜਾਂਦੀ ਹੈ ਜਿੱਥੇ ਜਾਗੋ ਦਾ ਗਿੱਧਾ ਪਾ ਕੇ ਖ਼ੂਬ ਨੱਚਿਆ ਜਾਂਦਾ ਹੈ ਅਤੇ ਨਸੰਗ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ। ਜਿਸ ਰਿਸ਼ਤੇਦਾਰੀ ਵਿਚ ਜਾਗੋ ਜਾਂਦੀ ਹੈ ਓਸ ਘਰ ਦੀ ਮਾਲਕਣ ਜਾਗੋ ਦੇ ਦੀਵਿਆਂ ਵਿਚ ਸਰ੍ਹੋਂ ਦਾ ਤੇਲ ਪਾਉਂਦੀ ਹੈ ਤੇ ਨਚਦੀਆਂ ਮੁਟਿਆਰਾਂ 'ਤੇ ਰੁਪਿਆਂ ਦੇ ਵਾਰਨੇ ਕਰਕੇ ਸ਼ਗਨ ਮਨਾਉਂਦੀ ਹੈ।

ਅੱਧੀ ਰਾਤ ਤਕ ਮੇਲਣਾਂ ਜਾਗੋ ਕੱਢਦੀਆਂ ਪਿੰਡ ਵਿਚ ਖੌਰੂ ਪਾਈ ਰੱਖਦੀਆਂ ਹਨ। ਜਾਗੋ ਕੱਢਣ ਦੇ ਕੁਝ ਸਾਰਥਕ ਕਾਰਨ ਸਨ। ਸਾਡੇ ਵਡਾਰੂਆਂ ਨੇ ਬੜੀ ਸਿਆਣਪ ਨਾਲ ਸੋਚ ਸਮਝ ਕੇ ਜਾਗੋ ਕੱਢਣ, ਛੱਜ ਕੁੱਟਣ ਅਤੇ ਗਿੱਧਾ ਪਾਉਣ ਦੀ ਰੀਤ ਤੋਰੀ ਸੀ। ਪੁਰਾਣੇ ਸਮਿਆਂ ਵਿਚ ਪਿੰਡਾਂ ਦੀ ਸੁਰੱਖਿਆ ਪੱਖੋਂ ਹਾਲਤ ਬਹੁਤੀ ਚੰਗੀ ਨਹੀਂ ਸੀ। ਚੋਰੀਆਂ-ਡਾਕੇ ਆਮ ਸਨ! ਜੰਗਲ ਬੇਲਿਆਂ, ਝਿੜੀਆਂ ਵਿਚੋਂ ਲੰਘਦੀਆਂ ਬਰਾਤਾਂ ਲੁੱਟਣ ਦੇ ਕਿੱਸੇ ਆਮ ਸਨ। ਉਦੋਂ ਬਰਾਤਾਂ ਕਈ-ਕਈ ਦਿਨ ਕੁੜੀ ਵਾਲਿਆਂ ਦੇ ਪਿੰਡ ਠਹਿਰਦੀਆਂ ਸਨ। ਜਨਾਨੀਆਂ ਤੇ ਮੁਟਿਆਰਾਂ ਨੂੰ ਅੱਜ ਕਲ੍ਹ ਵਾਂਗ ਬਰਾਤ ਨਾਲ ਨਹੀਂ ਸੀ ਲਿਜਾਇਆ ਜਾਂਦਾ। ਪਿੰਡ ਦੇ ਗੱਭਰੂ ਤਾਂ ਬਰਾਤ ਨਾਲ ਚਲੇ ਜਾਂਦੇ ਸਨ, ਪਿੱਛੇ ਗਹਿਣੇ-ਗੱਟਿਆਂ ਨਾਲ ਲੱਦੀਆਂ ਮੇਲਣਾਂ ਅਤੇ ਘਰਾਂ ਦੀ ਚੋਰ ਉਚੱਕਿਆਂ ਪਾਸੋਂ ਸੁਰੱਖਿਆ ਲਈ ਜਾਗੋ ਕੱਢਣ ਦਾ ਰਿਵਾਜ ਪ੍ਰਚੱਲਿਤ ਹੋ ਗਿਆ। ਇਸ ਨਾਲ ਜਿੱਥੇ ਪਿੱਛੇ ਰਹੀਆਂ ਮੇਲਣਾਂ ਦਾ ਵਿਹਲਾ ਸਮਾਂ ਨਚਦਿਆਂ-ਟੱਪਦਿਆਂ ਵਧੀਆ ਢੰਗ ਨਾਲ ਬਤੀਤ ਹੋ ਜਾਂਦਾ, ਉਥੇ ਉਹ ਪਿੰਡ ਦੇ ਲੋਕਾਂ ਨੂੰ ਸਾਰੀ-ਸਾਰੀ ਰਾਤ ਜਗਾਈ ਰੱਖਣ ਲਈ ਵੀ ਕਾਰਗਰ ਸਿੱਧ ਹੁੰਦੀਆਂ।

ਛੱਜ ਬਰਾਤ ਚੜ੍ਹਨ ਵਾਲੀ ਰਾਤ ਨੂੰ ਕੁੱਟਿਆ ਜਾਂਦਾ ਸੀ ਤੇ ਜਾਗੋ ਗੱਭਲੀ ਰਾਤ ਨੂੰ ਕੱਢੀ ਜਾਂਦੀ।

ਅੱਜਕਲ੍ਹ ਦੇ ਵਿਆਹਾਂ ਸਮੇਂ ਵੀ ਜਾਗੋ ਕੱਢਣ ਦਾ ਰਿਵਾਜ ਤਾਂ ਹੈ ਪਰੰਤੂ ਹੁਣ ਉਹ ਮੁਟਿਆਰਾਂ ਕਿੱਥੇ ਹਨ ਜਿਹੜੀਆਂ ਬਿਨਾਂ ਹੱਥ ਦਾ ਸਹਾਰਾ ਲਏ ਸਿਰ 'ਤੇ ਜਾਗੋ ਰੱਖ ਕੇ ਨੱਚਣ ਦਾ ਹੌਸਲਾ ਕਰ ਸਕਣ। ਹੁਣ ਮੁੰਡੇ-ਕੁੜੀ ਦੇ ਵਿਆਹ ਤੋਂ ਇਕ ਦਿਨ ਪਹਿਲਾਂ ਲੇਡੀਜ਼ ਸੰਗੀਤ ਦੇ ਨਾਲ ਹੀ ਜਾਗੋ ਕੱਢੀ ਜਾਂਦੀ ਹੈ। ਆਰਕੈਸਟਰਾਂ ਵਾਲੇ ਡੀ ਜੇ ਦੇ ਸ਼ੋਰ ਸ਼ਰਾਬੇ ਵਾਲੇ ਸੰਗੀਤ ਦੀਆਂ ਧੁਨਾਂ 'ਤੇ ਮਦਹੋਸ਼ ਹੋਏ ਮੁੰਡੇ-ਕੁੜੀਆਂ ਨੱਚਦੇ ਹਨ।

ਸ਼ਹਿਰਾਂ ਵਿਚ ਤਾਂ ਜਾਗੋ ਕੱਢਣ ਵਾਲੀਆਂ ਕੁੜੀਆਂ ਵੀ ਕਿਰਾਏ 'ਤੇ ਮਿਲ ਜਾਂਦੀਆਂ ਹਨ। ਜਾਗੋ ਵਾਲੀਆਂ ਨਕਲੀ ਵਲਟੋਹੀਆਂ ਵੀ ਅਜਕਲ੍ਹ ਬੈਟਰੀਆਂ ਨਾਲ ਚਲਣ ਵਾਲੇ ਬੱਲਬਾਂ ਵਾਲੀਆਂ ਮਿਲਣ ਲਗੀਆਂ ਹਨ। ਹੁਣ ਪੁਰਾਣੀ ਜਾਗੋ ਦੀ ਆਭਾ ਕਿਧਰੇ ਵੀ ਨਜ਼ਰ ਨਹੀਂ ਆਉਂਦੀ ਬਸ ਯਾਦਾਂ ਦਾ ਝੋਰਾ ਹੀ ਬਾਕੀ ਰਹਿ ਗਿਆ ਹੈ।

# ਅਫ਼ਸਾਨਾ-ਏ-ਅਫ਼ਗਾਨਿਸਤਾਨ

(ਪਿਛਲੇ ਸਫੇ ਦੀ ਬਾਕੀ)

ਬਦਲੀ, ਹਰ ਨਵੇਂ ਲੀਡਰ ਨੇ ਬਜਾਏ ਆਪਣੇ ਲੋਕਾਂ ਦੇ ਦਿਲ ਜਿੱਤਣ ਦੇ, ਹਮੇਸ਼ਾ ਇੱਕ ਹੋਰ ਤਰੀਕਾ ਅਪਣਾਇਆ। ਇਹ ਸੀ ਬਾਹਰਲੀ ਮੱਦਦ। ਸਮੇਂ ਸਮੇਂ ਆਏ ਵੱਖੋ-ਵੱਖ ਲੀਡਰਾਂ ਨੇ ਕਦੇ ਪਾਕਿਸਤਾਨ, ਕਦੇ ਅਮਰੀਕਾ, ਕਦੇ ਰੂਸ ਤੇ ਕਦੇ ਕਿਸੇ ਹੋਰ ਨਾਲ ਦੋਸਤੀ ਗੰਢੀ, ਅਤੇ ਇਸ ਦੋਸਤੀ ਨੂੰ ਆਪਣੀ ਰਾਜਸੀ ਸੱਤਾ ਪੱਕੀ ਰੱਖਣ ਲਈ ਵਰਤਿਆ, ਪਰ ਇਹ ਢੰਗ ਕਿਸੇ ਨੂੰ ਵੀ ਰਾਸ ਨਾ ਆਇਆ; ਸਗੋਂ ਕੋਈ ਫਾਇਦਾ ਹੋਣ ਦੀ ਥਾਂ ਇਹ ਦੋਸਤੀਆਂ ਜ਼ਿਆਦਾਤਰ ਬਰਬਾਦੀ ਦਾ ਕਾਰਨ ਬਣੀਆਂ ਅਤੇ ਅਜਿਹੇ ਲੀਡਰਾਂ ਨੇ ਖੁਦ ਵੀ, ਤੇ ਜਨਤਾ ਨੇ ਵੀ ਹਮੇਸ਼ਾ ਦੁੱਖ ਹੀ ਝੱਲੇ; ਕਿਉਂਕਿ ਰਾਜਨੀਤੀ 'ਚ ਯਾਰੀਆਂ ਦੋਸਤੀਆਂ ਦੀ ਕੋਈ ਥਾਂ ਨਹੀਂ ਹੁੰਦੀ।

ਸਾਲ 1933 'ਚ ਗੱਦੀ 'ਤੇ ਬਹਿ ਕੇ ਅਗਲੇ ਕੋਈ ਚਾਲੀ ਸਾਲ ਰਾਜਭਾਗ ਚਲਾਉਣ ਵਾਲਾ ਬਾਦਸ਼ਾਹ ਜ਼ਹੀਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਦੇ ਵੰਸ਼ ਵਿਚੋਂ ਸੀ। 1973 ਵਿਚ ਜ਼ਹੀਰ ਸ਼ਾਹ ਦੇ ਚਚੇਰੇ ਭਰਾ ਸਰਦਾਰ ਮੁਹੰਮਦ ਦਾਊਦ ਖਾਨ ਨੇ ਉਸ ਨੂੰ ਗੱਦੀਉਂ ਲਾਹ ਕੇ ਅਫਗਾਨਿਸਤਾਨ ਨੂੰ ਰਿਪਬਲਿਕ ਐਲਾਨ ਦਿੱਤਾ ਤੇ ਆਪ ਰਾਸ਼ਟਰਪਤੀ ਬਣ ਗਿਆ। ਅਫਗਾਨਿਸਤਾਨ ਦੀ ਦੁਰਗਤੀ ਬਸ ਇੱਥੋਂ ਹੀ ਸ਼ੁਰੂ ਹੁੰਦੀ ਹੈ। ਜ਼ਹੀਰ ਸ਼ਾਹ ਇਟਲੀ 'ਚ ਜਲਾਵਤਨੀ ਦੀ ਜ਼ਿੰਦਗੀ ਬਿਤਾਉਣ ਲੱਗਾ। ਦਾਊਦ ਸ਼ਾਹ ਨੇ ਅਫਗਾਨਿਸਤਾਨ ਨੂੰ ਨਵੀਆਂ ਛੋਹਾਂ ਦੇਣ ਦੀ ਕੋਸ਼ਿਸ਼ ਕੀਤੀ। ਇਸਲਾਮੀ ਮੂਲਵਾਦੀ ਕੱਟੜ ਲੋਕ, ਜਿਹੜੇ ਉਸ ਵੇਲੇ ਬਹੁਤ ਜ਼ੋਰ ਨਾਲ ਨਵੀਂ ਲਹਿਰ ਖੜ੍ਹੀ ਕਰ ਰਹੇ ਸਨ, ਨੂੰ ਕੁਚਲਣ ਲਈ ਦਾਊਦ ਨੇ ਪੂਰੀ ਤਾਕਤ ਲਾ ਦਿੱਤੀ। ਜ਼ਿਆਦਾ ਜ਼ੋਰ ਪਿਆ ਤਾਂ ਇਨ੍ਹਾਂ ਕੱਟੜਵਾਦੀਆਂ ਵਿਚੋਂ ਬਹੁਤਿਆਂ ਨੇ ਪਾਕਿਸਤਾਨ ਵਿਚ ਪਨਾਹ ਲੈ ਲਈ। ਉਸ ਵੇਲੇ ਦਾ ਪਾਕਿਸਤਾਨੀ ਸਦਰ ਜ਼ੁਲਫਿਕਾਰ ਅਲੀ ਭੁੱਟੋ ਜੋ ਪਿੱਛੋਂ ਮੁਲਕ ਦਾ ਪ੍ਰਧਾਨ ਮੰਤਰੀ ਵੀ ਬਣਿਆ, ਇਨ੍ਹਾਂ ਕੱਟੜਵਾਦੀਆਂ ਦੀ ਪੂਰੀ ਮੱਦਦ ਕਰ ਰਿਹਾ ਸੀ। ਇਨ੍ਹਾਂ ਪਨਾਹਗੀਰਾਂ ਵਿਚ ਗੁਲਬਦੀਨ ਹਿਕਮਤਿਆਰ, ਬਰਹਾਨੁਦੀਨ ਰੱਬਾਨੀ, ਜਲਾਲੁਦੀਨ ਹੱਕਾਨੀ ਅਤੇ ਅਹਿਮਦ ਸ਼ਾਹ ਮਸੂਦ ਵਰਗੇ ਹੋਰ ਕਈ ਲੀਡਰ ਸ਼ਾਮਲ ਸਨ ਜਿਹੜੇ ਪਿੱਛੋਂ ਜਾ ਕੇ ਮੁਜਾਹਿਦੀਨ ਲਹਿਰ ਦੇ ਆਗੂ ਬਣੇ। ਇੱਧਰੋਂ ਥੋੜ੍ਹਾ ਦਬਾਅ ਘਟਿਆ ਤਾਂ ਦਾਊਦ ਨੇ ਮੁਲਕ ਦੀ ਤਰੱਕੀ ਲਈ ਰੂਸ ਤੋਂ ਮੱਦਦ ਮੰਗੀ।

ਰੂਸ ਪਹਿਲਾਂ ਹੀ ਘਾਤ ਲਗਾ ਕੇ ਬੈਠਾ ਹੋਇਆ ਸੀ। ਰੂਸ ਦੀ ਖੁਫੀਆ ਏਜੰਸੀ ਕੇ.ਜੀ.ਬੀ. ਤਾਣੇ-ਬਾਣੇ ਬੁਣਦਿਆਂ, ਬੜੀ ਖਾਮੋਸ਼ੀ ਨਾਲ ਅਫਸਰਸ਼ਾਹੀ ਅਤੇ ਫੌਜ ਅੰਦਰ ਘੁਸਪੈਠ ਕਰ ਰਹੀ ਸੀ। ਅਫਗਾਨਿਸਤਾਨ ਕਮਿਊਨਿਸਟ ਪਾਰਟੀ ਵੀ ਦਿਨੋ-ਦਿਨ ਤਾਕਤ ਫੜਦੀ ਗਈ, ਪਰ ਇਹ ਪਾਰਟੀ ਵੀ ਅੱਗੇ ਦੋ ਧੜਿਆਂ 'ਚ ਵੰਡੀ ਹੋਈ ਸੀ। ਖਲਕ ਧੜੇ ਦਾ ਲੀਡਰ ਨੂਰ ਮੁਹੰਮਦ ਤਰਾਕੀ ਸੀ ਅਤੇ ਪਰਚਮ ਧੜੇ ਦਾ ਬਬਰਾਕ ਕਰਮਾਲ। ਦਾਊਦ ਭਾਵੇਂ ਸਮਝਦਾ ਸੀ ਕਿ ਰੂਸ ਦੇਸ਼ ਵਿਚ ਦਖਲ ਦੇ ਰਿਹਾ ਹੈ, ਪਰ ਉਸ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਹਾਲਾਤ ਉਸ ਲਈ ਖਤਰਨਾਕ ਬਣ ਰਹੇ ਹਨ। ਅਪਰੈਲ 1978 ਵਿਚ ਕਮਿਊਨਿਸਟ ਪਾਰਟੀ ਨੇ ਉਸ ਖਿਲਾਫ ਵੱਡੇ ਪੱਧਰ 'ਤੇ ਵਿਰੋਧ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਮੁੱਖ ਲੀਡਰ ਗ੍ਰਿਫਤਾਰ ਕਰ ਲਏ। ਫੌਜ ਅੰਦਰ ਘੁਸਪੈਠ ਕਰ ਚੁੱਕੀ ਕੇ.ਜੀ.ਬੀ. ਨੇ ਮੌਕਾ ਵੇਖਦਿਆਂ ਆਪਣੇ ਪੱਖੀ ਅਫਸਰਾਂ ਤੋਂ ਦਾਊਦ ਦਾ ਕਤਲ ਕਰਵਾ ਦਿੱਤਾ। ਇਸ ਪਿੱਛੋਂ ਅਫਗਾਨਿਸਤਾਨ ਅੰਦਰ ਨੂਰ ਮੁਹੰਮਦ ਤਰਾਕੀ ਦੀ ਅਗਵਾਈ 'ਚ ਕਮਿਊਨਿਸਟ ਪਾਰਟੀ ਦੇ ਖਲਕ ਧੜੇ ਨੇ ਸੱਤਾ ਸੰਭਾਲ ਲਈ। ਸੱਤਾ ਸੰਭਾਲਦਿਆਂ ਹੀ ਇਹ ਸਰਕਾਰ ਵਿਰੋਧੀਆਂ ਦਾ ਸਫਾਇਆ ਸ਼ੁਰੂ ਕਰਨ ਲੱਗੀ। ਹਜ਼ਾਰਾਂ ਧਾਰਮਿਕ ਲੀਡਰ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਕਤਲੋਗਾਰਤ ਵੱਡੇ ਪੱਧਰ 'ਤੇ ਸ਼ੁਰੂ ਹੋ ਗਈ। ਅਸਲ 'ਚ ਨਾ ਰੂਸ ਤੇ ਨਾ ਹੀ ਅਫਗਾਨਿਸਤਾਨ ਦੀ ਕਮਿਊਨਿਸਟ ਸਰਕਾਰ ਇਹ ਸਮਝ ਸਕੇ ਕਿ ਅਜੇ ਕਮਿਊਨਿਜ਼ਮ ਲਿਆਉਣ ਲਈ ਹਾਲਾਤ ਸਾਜ਼ਗਾਰ ਨਹੀਂ ਹਨ। ਮੁਲਕ ਦੀ ਜਨਤਾ ਅਨਪੜ੍ਹ ਅਤੇ ਬਹੁਤ ਹੀ ਧਾਰਮਿਕ ਹੈ। ਇਸੇ ਕਰ ਕੇ ਲੋਕਾਂ ਅੰਦਰ ਲਾਵਾ ਭੜਕ ਉਠਿਆ ਤੇ ਮੁਲਕ ਵਿਚ ਹਨ੍ਹੇਰਗਰਦੀ ਮੱਚ ਗਈ। ਸਰਕਾਰੀ ਦਮਨ ਤੋਂ ਡਰਦੇ ਵਿਰੋਧੀ ਲੀਡਰ ਦੂਜੇ ਦੇਸ਼ਾਂ, ਖਾਸ ਕਰ ਕੇ ਪਾਕਿਸਤਾਨ ਵੱਲ ਨਿਕਲ ਗਏ। ਜੋ ਪਿੱਛੇ ਰਹਿ ਗਏ, ਉਨ੍ਹਾਂ ਲਈ ਨੂਰ ਮੁਹੰਮਦ ਤਰਾਕੀ ਬੁੱਚੜ ਬਣ ਗਿਆ। ਉਂਜ ਭਾਵੇਂ ਤਰਾਕੀ ਆਪਣੇ ਆਪ ਨੂੰ ਗਰੇਟ ਟੀਚਰ ਅਖਵਾਉਂਦਾ ਸੀ, ਪਰ ਉਸ ਦੀ ਲਾਲਸਾ ਮੁਲਕ ਦਾ ਇਕੋ-ਇਕ ਮੋਹਰੀ ਆਗੂ ਬਣਨ ਦੀ ਸੀ। ਦੂਜੇ ਬੰਨੇ ਹਾਲਾਤ ਬਿਲਕੁਲ ਉਲਟ ਸਨ। ਗੁਆਂਢੀ ਮੁਲਕ ਇਰਾਨ ਵਿਚ ਖੋਮੈਨੀ ਦੀ ਅਗਵਾਈ 'ਚ ਨਵੀਂ ਨਵੀਂ ਕ੍ਰਾਂਤੀ ਆਈ ਸੀ ਤੇ ਉਸ ਦਾ ਅਸਰ ਅਫਗਾਨਿਸਤਾਨ ਉਤੇ ਵੀ ਪਿਆ। ਇਰਾਨ ਦੇ ਨਾਲ ਲੱਗਦੇ ਇਲਾਕੇ ਹੈਰਾਤ ਵਿਚ ਹਾਲਾਤ ਉਦੋਂ ਹੱਦੋਂ ਵੱਧ ਖਰਾਬ ਹੋ ਗਏ ਜਦੋਂ ਇਸਮਾਈਲ ਖਾਂ ਨਾਂ ਦੇ ਅਫਗਾਨ ਫੌਜੀ ਅਫਸਰ ਨੇ ਵਿਦਰੋਹ ਕਰ ਦਿੱਤਾ। ਲੋਕ ਉਸ ਦੇ ਨਾਲ ਹੋ ਤੁਰੇ ਤੇ ਉਸ ਨੇ ਇਲਾਕੇ ਵਿਚ ਰਹਿ ਰਹੇ ਸਾਰੇ ਰੂਸੀ ਮਾਰ ਮੁਕਾਏ। ਰਾਜਧਾਨੀ ਕਾਬਲ ਤੋਂ ਹਮਲਾ ਕਰ ਕੇ ਵਿਦਰੋਹ ਨੂੰ ਕਾਬੂ ਕਰਨ ਦੇ ਯਤਨ ਕੀਤੇ ਗਏ। ਇਨ੍ਹਾਂ ਹਮਲਿਆਂ ਵਿਚ ਵੀਹ ਹਜ਼ਾਰ ਅਫਗਾਨ ਮਾਰੇ ਗਏ ਤੇ ਇਸਮਾਈਲ ਖਾਂ ਨੇ ਇਰਾਨ ਜਾ ਕੇ ਪਨਾਹ ਲੈ ਲਈ। ਹਾਲਾਤ ਹੱਥੋਂ ਨਿਕਲਦੇ ਵੇਖ ਤਰਾਕੀ ਨੇ ਰੂਸ ਨੂੰ ਬੇਨਤੀ ਕੀਤੀ ਕਿ ਉਹ ਫੌਜ ਭੇਜ ਕੇ ਉਸ ਦੀ ਸਿੱਧੀ ਮੱਦਦ ਕਰੇ, ਪਰ ਰੂਸ ਉਸ ਵੇਲੇ ਅਜਿਹਾ ਨਹੀਂ ਸੀ ਚਾਹੁੰਦਾ।

ਉਧਰ ਅਮਰੀਕਾ ਵੀ ਚੁੱਪ ਨਹੀਂ ਸੀ ਬੈਠਾ, ਪਰ ਹਾਲਾਤ ਉਸ ਲਈ ਵੀ ਸਾਜ਼ਗਾਰ ਨਹੀਂ ਸਨ। ਇਰਾਨ ਉਸ ਦੇ ਹੱਥੋਂ ਨਿਕਲ ਚੁੱਕਾ ਸੀ। ਸੀਰੀਆ ਅਤੇ ਇਰਾਕ ਪਹਿਲਾਂ ਹੀ ਰੂਸ ਪੱਖੀ ਸਨ। ਪਾਕਿਸਤਾਨ ਵਿਚ ਵੀ ਕੱਟੜਪੰਥੀਆਂ ਨੇ ਕੁਝ ਵਕਤ ਪਹਿਲਾਂ ਹੀ ਉਥੋਂ ਦੀ ਅਮਰੀਕੀ ਅੰਬੈਸੀ 'ਤੇ ਹਮਲਾ ਕਰ ਕੇ ਆਪਣਾ ਵਿਰੋਧ ਵਿਖਾ ਦਿੱਤਾ ਸੀ। ਇਸ ਵੇਲੇ ਪਾਕਿਸਤਾਨੀ ਸਦਰ ਜਨਰਲ ਜ਼ਿਆ-ਉਲ ਹੱਕ ਵੀ ਚੁੱਪ-ਚਾਪ ਬੈਠਾ ਅਮਰੀਕਾ ਵਿਰੋਧੀ ਲਹਿਰ ਨੂੰ ਹਵਾ ਦੇ ਰਿਹਾ ਸੀ। ਜਦੋਂ ਅਫਗਾਨਿਸਤਾਨ 'ਤੇ ਵੀ ਰੂਸ ਦਾ ਕਬਜ਼ਾ ਹੋ ਚੁੱਕਿਆ ਤਾਂ ਅਮਰੀਕਾ ਕਿਸੇ ਗੁਪਤ ਸਕੀਮ ਬਾਰੇ ਸੋਚਣ ਲੱਗਿਆ ਜਿਸ ਨਾਲ ਉਹ ਅਫਗਾਨਿਸਤਾਨ ਸਰਕਾਰ ਵਿਰੋਧੀ ਗੁਰੀਲਿਆਂ ਦੀ ਮੱਦਦ ਕਰ ਸਕੇ, ਪਰ ਕੋਈ ਰਾਹ ਨਹੀਂ ਸੀ ਨਿਕਲ ਰਿਹਾ। ਰੂਸ ਵੀ ਇਹ ਗੱਲ ਸਮਝਦਾ ਸੀ ਕਿ ਅਮਰੀਕਾ ਚੁੱਪ ਨਹੀਂ ਬੈਠੇਗਾ। ਇਸ ਕਰ ਕੇ ਰੂਸੀ ਸਰਕਾਰ ਵੀ ਹਾਲਾਤ 'ਤੇ ਅੱਖ ਰੱਖ ਰਹੀ ਸੀ। ਸਿੱਧੇ ਤੌਰ 'ਤੇ ਫੌਜ ਭੇਜ ਕੇ ਰੂਸ ਵੀ ਕੋਈ ਖਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦਾ। ਉਸ ਨੂੰ ਪਤਾ ਸੀ ਕਿ ਅਜਿਹਾ ਹੋਣ 'ਤੇ ਪਾਕਿਸਤਾਨ, ਚੀਨ ਅਤੇ ਅਮਰੀਕਾ ਵੀ ਹਰਕਤ ਵਿਚ ਆ ਜਾਣਗੇ। ਖਤਰਾ ਇਹ ਵੀ ਸੀ ਕਿ ਕਿਧਰੇ ਤੀਜੀ ਸੰਸਾਰ ਜੰਗ ਹੀ ਨਾ ਲੱਗ ਜਾਵੇ। ਸੋ ਅਮਰੀਕਾ, ਰੂਸ ਵੱਲੋਂ ਸਿੱਧੀ ਦਖਲਅੰਦਾਜ਼ੀ ਤੋਂ ਡਰਦਾ ਸੀ ਤੇ ਰੂਸ ਅਮਰੀਕਾ ਤੋਂ। ਕੋਈ ਵੀ ਪਹਿਲ ਨਹੀਂ ਸੀ ਕਰਨੀ ਚਾਹੁੰਦਾ। ਦੋਨਾਂ ਮੁਲਕਾਂ ਦੀਆਂ ਖੁਫੀਆ ਏਜੰਸੀਆਂ ਸੀ.ਆਈ.ਏ. ਅਤੇ ਕੇ.ਜੀ.ਬੀ. ਇਕ ਦੂਜੇ 'ਤੇ ਬਾਜ਼ ਅੱਖ ਰੱਖ ਰਹੀਆਂ ਸਨ। ਉਂਜ ਦੋਨੋਂ ਮੁਲਕਾਂ ਨੂੰ ਇਹ ਸੀ ਕਿ ਜੇ ਫੌਜੀ ਦਖਲਅੰਦਾਜ਼ੀ ਕਰਨੀ ਹੀ ਪਵੇ ਤਾਂ ਦੂਜਾ ਕਿਧਰੇ ਪਹਿਲ ਨਾ ਕਰ ਜਾਵੇ। ਪਾਕਿਸਤਾਨ ਵਿਚ ਬੈਠਾ ਜਨਰਲ ਜ਼ਿਆ-ਉਲ ਹੱਕ ਅਮਰੀਕਾ ਵਿਰੋਧੀ ਪੱਤਾ ਖੇਡ ਕੇ ਆਪਣੀ ਗੱਦੀ ਪੱਕੀ ਰੱਖ ਰਿਹਾ ਸੀ, ਪਰ ਇਸ ਗੱਲ ਦਾ ਉਸ ਨੂੰ ਵੀ ਡਰ ਸੀ ਕਿ ਜੇ ਰੂਸ ਅਫਗਾਨਿਸਤਾਨ ਵਿਚ ਕਾਮਯਾਬ ਹੋ ਗਿਆ ਤਾਂ ਉਸ ਦਾ ਅਗਲਾ ਨਿਸ਼ਾਨਾ ਪਾਕਿਸਤਾਨ ਹੀ ਹੋਵੇਗਾ ਅਤੇ ਜੇ ਅਜਿਹਾ ਹੋਇਆ ਤਾਂ ਉਸ ਦੇ ਭੱਜਣ ਲਈ ਰਾਹ ਵੀ ਨਹੀਂ ਬਚੇਗਾ। ਇਕ ਪਾਸੇ ਰੂਸ ਅਤੇ ਦੂਜੇ ਪਾਸੇ ਹਿੰਦੁਸਤਾਨ ਹੋਵੇਗਾ ਜੋ ਰੂਸ ਦਾ ਪੱਕਾ ਹਮਾਇਤੀ ਹੈ। ਇਸ ਕਰ ਕੇ ਉਹ ਵੀ ਚਾਹੁੰਦਾ ਸੀ ਕਿ ਉਹ ਅਫਗਾਨ ਕਮਿਊਨਿਸਟ ਸਰਕਾਰ ਵਿਰੋਧੀ ਮੁਜਾਹਿਦੀਨ ਦੀ ਮੱਦਦ ਕਰੇ, ਪਰ ਨਾਲ ਹੀ ਰੂਸ ਤੋਂ ਡਰਦਾ ਵੀ ਸੀ। ਕੁਝ ਸਾਲ ਪਹਿਲਾਂ ਹੀ ਪਾਕਿਸਤਾਨ, ਹਿੰਦੁਸਤਾਨ ਨਾਲ ਲੜਾਈ ਵਿਚ ਆਪਣਾ ਅੱਧਾ ਮੁਲਕ (ਬੰਗਲਾ ਦੇਸ਼) ਖੁਹਾ ਬੈਠਾ ਸੀ। ਉਸ ਵੇਲੇ ਪਾਕਿਸਤਾਨ ਬਹੁਤ ਕਮਜ਼ੋਰ ਮੁਲਕ ਸੀ। ਸਿੱਧਾ ਕਿਸੇ ਨਾਲ ਲੜਾਈ ਲੜਨ ਦੇ ਕਾਬਲ ਨਹੀਂ ਸੀ। ਲੁਕਾ-ਛੁਪੀ ਦੀ ਖੇਡ ਹੀ ਖੇਡ ਸਕਦਾ ਸੀ। ਜ਼ਿਆ-ਉਲ ਹੱਕ ਸੋਚ ਬੈਠਾ ਸੀ ਕਿ ਜੇ ਅਮਰੀਕੀ ਮੱਦਦ ਮਿਲ ਜਾਵੇ ਤਾਂ ਉਹ ਅਫਗਾਨਿਸਤਾਨ ਵਿਚ ਅਸਿੱਧੀ ਜੰਗ ਲੜ ਸਕਦਾ ਹੈ, ਇਉਂ ਉਸ ਨੇ ਅਮਰੀਕੀ ਮੱਦਦ ਦੀ ਵੀ ਆਸ ਰੱਖੀ ਹੋਈ ਸੀ। ਅਮਰੀਕਾ ਨੂੰ ਵੀ ਅੰਦਾਜ਼ਾ ਸੀ ਕਿ ਜੇ ਅਫਗਾਨ ਸਰਕਾਰ ਦੇ ਵਿਰੋਧੀਆਂ ਦੀ ਗੁਪਤ ਮੱਦਦ ਕਰਨੀ ਪਈ ਤਾਂ ਉਸ ਨੂੰ ਪਾਕਿਸਤਾਨ ਵਰਗਾ ਸਹਿਯੋਗੀ ਚਾਹੀਦਾ ਹੋਵੇਗਾ। ਇਸੇ ਕਰਕੇ ਪਾਕਿਸਤਾਨ 'ਚ ਅਮਰੀਕਾ ਵਿਰੋਧੀ ਹਨੇਰੀ ਦੇ ਬਾਵਜੂਦ ਅਮਰੀਕਾ ਨੇ ਉਸ ਨਾਲ ਗੁਪਤ ਤਾਲਮੇਲ ਰੱਖਿਆ ਹੋਇਆ ਸੀ।



ਸਾਲ 1978 ਵਿਚ ਕਾਬਲ ਦੀ ਇਕ ਗਲੀ ਦੀ ਝਲਕ।

(ਚਲਦਾ)

# ਭਗਵਾਨ ਪਰਸੂ ਰਾਮ ਜੀ

*ਹਾਲ ਹੀ ਵਿਚ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਹਿੰਦੂ ਮਿਥਿਹਾਸਕ ਦੇਵਤਾ ਭਗਵਾਨ ਪਰਸੂ ਰਾਮ ਦੇ ਨਾਂ 'ਤੇ ਇਕ ਚੇਅਰ ਸਥਾਪਿਤ ਕੀਤੀ ਹੈ। ਪ੍ਰੋ. ਹਰਪਾਲ ਸਿੰਘ ਪੰਨੂ, ਜਿਨ੍ਹਾਂ ਦੇ ਲੇਖ ਪੰਜਾਬ ਟਾਈਮਜ਼ ਦੇ ਪਾਠਕ ਅਕਸਰ ਇਨ੍ਹਾਂ ਕਾਲਮਾਂ ਵਿਚ ਪੜ੍ਹਦੇ ਰਹਿੰਦੇ ਹਨ, ਨੇ ਇਸ ਚੇਅਰ ਦੀ ਸਥਾਪਨਾ 'ਤੇ ਗੰਭੀਰ ਪ੍ਰਸ਼ਨ ਉਠਾਇਆ ਹੈ, 'ਇਸ ਪਿੱਛੇ ਪੰਜਾਬ ਸਰਕਾਰ ਦੀਆਂ ਕੀ ਮਜਬੂਰੀਆਂ ਹਨ, ਸਾਨੂੰ ਕੋਈ ਇਲਮ ਨਹੀਂ, ਪਰ ਇਹ ਚੇਅਰ ਪੰਜਾਬੀ ਅਕਾਦਮਿਕਤਾ ਲਈ ਕਿਵੇਂ ਲਾਹੇਵੰਦ ਹੋਵੇਗੀ?' ਸ਼ਾਇਦ ਪੰਜਾਬ ਸਰਕਾਰ ਦੀ ਮਜਬੂਰੀ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਨੂੰ ਖੁਸ਼ ਕਰਨ ਦੀ ਹੋਵੇ! -ਸੰਪਾਦਕ*

ਪੰਜਾਬ ਦੇ ਵਸਨੀਕ ਬਹੁਤ ਸਾਰੇ ਪੌਰਾਣਿਕ ਨਾਇਕਾਂ, ਖਲਨਾਇਕਾਂ ਨੂੰ ਜਾਣਦੇ ਹਨ ਪਰ ਭਗਵਾਨ ਪਰਸੂ ਰਾਮ ਤੋਂ ਵਧੀਕ ਜਾਣੂ ਨਹੀਂ। ਜਦੋਂ ਦਾ ਪੰਜਾਬ ਸਰਕਾਰ ਦੇ ਐਲਾਨ 'ਤੇ ਪੰਜਾਬੀ ਯੂਨੀਵਰਸਿਟੀ ਵਿਚ ਭਗਵਾਨ ਜੀ ਦੇ ਨਾਮ ਦੀ ਚੇਅਰ ਸਥਾਪਤ ਹੋਈ ਹੈ, ਮੇਰੇ ਪਾਸੋਂ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਬਾਰੇ ਜਾਣਕਾਰੀ ਮੰਗੀ। ਪੇਸ਼ ਹੈ ਸੰਖੇਪ ਵਾਕਫੀ:

ਭਗਵਾਨ ਪਰਸੂ ਰਾਮ ਵੈਦਿਕ ਮੱਤ ਵਿਚਲੇ ਵਿਸ਼ਨੂ ਜੀ ਦੇ ਛੇਵੇਂ ਅਵਤਾਰ ਸਨ। ਸਪਤ-ਰਿਸ਼ੀਆਂ ਵਿਚੋਂ ਇਕ ਜਮਦਗਨੀ ਪਿਤਾ ਅਤੇ ਮਾਤਾ ਰੇਣੁਕਾ ਦੇ ਘਰ ਪੈਦਾ ਹੋਏ। ਆਪ ਤ੍ਰੇਤੇ ਯੁਗ ਦੇ ਆਖਰ ਅਤੇ ਦੁਆਪਰ ਦੇ ਸ਼ੁਰੂ ਵਿਚ ਹੋਏ, ਚਿਰੰਜੀਵੀ ਕਹਾਏ, ਯਾਨਿ ਕਿ ਅਮਰ। ਵੈਦਿਕ ਮਤ ਵਿਚ ਇਸ ਤਰ੍ਹਾਂ ਦੇ ਸੱਤ ਅਮਰ ਪੁਰਖ ਮੰਨੇ ਗਏ ਹਨ। ਉਨ੍ਹਾਂ ਨੇ ਸ਼ਿਵਜੀ ਦੀ ਯਾਦ ਵਿਚ ਸਖਤ ਤਪ ਕੀਤਾ, ਫਲਸਰੂਪ ਸ਼ਿਵ ਜੀ ਪਾਸੋਂ ਪਰਸੂ (ਕੁਹਾੜੇ) ਦਾ ਵਰਦਾਨ ਮਿਲਿਆ। ਸ਼ਿਵ ਜੀ ਪਾਸੋਂ ਉਨ੍ਹਾਂ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਨੇ ਜੰਗ ਦੀਆਂ ਅਨੇਕ ਕਲਾਵਾਂ ਸਿੱਖੀਆਂ।

ਕਰਤਵੀਰ ਖੱਤਰੀ ਅਰਜੁਨ ਨੇ ਉਨ੍ਹਾਂ ਦੇ ਪਿਤਾ ਦਾ ਵਧ (ਕਤਲ) ਕਰ ਦਿੱਤਾ ਸੀ। ਭਗਵਾਨ ਇੰਨੇ ਕਰੋਧ ਵਿਚ ਆਏ ਕਿ ਉਨ੍ਹਾਂ ਨੇ ਖੱਤਰੀਆਂ ਦਾ ਖੁਰਾ ਖੋਜ ਮਿਟਾਉਣ ਦਾ ਨਿਰਣਾ ਲੈ ਲਿਆ ਤੇ ਇਕੀ ਵਾਰ ਭਿਆਨਕ ਧਰਮ ਧੁੱਧ ਕੀਤੇ। ਮਹਾਂਭਾਰਤ ਅਤੇ ਰਾਮਾਇਣ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ। ਉਹ ਭੀਸ਼ਮ ਪਿਤਾਮਾ, ਦਰੋਣਾਚਾਰੀਆ ਅਤੇ ਕਰਨ ਦੇ ਅਧਿਆਪਕ ਰਹੇ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਾਵਣ ਦਾ ਪੁੱਤਰ ਇੰਦਰਜੀਤ ਅਤੇ ਪਰਸੂ ਰਾਮ ਦੋ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੂੰ ਤਿੰਨ ਅਕਾਲ ਅਸਤ੍ਰ ਬ੍ਰਹਿਮੰਡ-ਅਸਤ੍ਰ, ਵੈਸ਼ਨਵ-ਅਸਤ੍ਰ ਅਤੇ ਪਸ਼ੁਪਤ-ਅਸਤ੍ਰ ਪ੍ਰਾਪਤ ਹੋਏ। ਸ਼ਿਵ ਜੀ ਤੋਂ ਉਨ੍ਹਾਂ ਨੇ ਗ੍ਰੰਥ ਵੀ ਪੜ੍ਹੇ। ਸ਼ਿਵ ਜੀ ਦੀ ਸਲਾਹ ਮੰਨ ਕੇ ਦੇਵਤਿਆਂ ਨੇ ਉਨ੍ਹਾਂ ਨੂੰ ਹੋਰ ਵੀ ਕਈ ਸ਼ਕਤੀਸ਼ਾਲੀ ਅਸਤ੍ਰ ਦਿੱਤੇ। ਬ੍ਰਾਹਮਣਾਂ ਦੇ ਕੁਝ ਵਡੇਰੇ ਪੁਰਖ ਨਿਯੋਗੀ, ਚਿਤਪਵਨ, ਦੇਵਰੁਖੇ, ਦੈਵਦਨਾ, ਮੋਹਿਆਲ, ਤਿਆਗੀ, ਅਨਾਵਿਲ ਅਤੇ ਨੰਬਦਰੀ ਖਾਨਦਾਨਾਂ ਆਦਿ ਦਾ ਪਿਤਾਮਾ ਸੀ। ਕਲਯੁਗ ਦੇ ਜਿਹੜੇ ਵੱਡੇ ਰਿਸ਼ੀ ਮੰਨੇ ਗਏ-ਵਿਆਸ, ਕ੍ਰਿਪਾ ਤੇ ਦ੍ਰੋਣ ਦਾ ਬੇਟਾ ਅਸ਼ਵਥਾਮਾ, ਇਨ੍ਹਾਂ ਵਿਚ ਇਕ ਪਰਸੂ ਰਾਮ ਵੀ ਸੀ। ਉਹ ਸੱਤ ਰਿਸ਼ੀਆਂ ਵਿਚੋਂ ਇਕ ਹੈ। ਹਿੰਦੂ ਮਤ ਮੰਨਦਾ ਹੈ ਕਿ ਕਲਯੁਗ 'ਚ ਪ੍ਰਗਟ ਹੋਣ ਵਾਲੇ ਕਲਕੀ ਅਵਤਾਰ ਦੇ ਗੁਰੂ ਰੂਪ ਵਿਚ ਫਿਰ ਭਗਵਾਨ ਪਰਸੂ ਰਾਮ ਜਨਮ ਲੈਣਗੇ।

**ਨਾਮ:** ਪਰਸੂ ਮਾਇਨੇ ਕੁਹਾੜਾ, ਸੋ ਪਰਸੂ ਰਾਮ ਦਾ ਅਰਥ ਹੈ ਰਾਮ ਜੀ ਕੁਹਾੜੇ ਸਣੇ। ਉਹ ਭ੍ਰਿਗੂ ਵੰਸ਼ ਵਿਚੋਂ ਸਨ। ਭ੍ਰਿਗੂ ਸ਼ਬਦ ਦਾ ਮਾਇਨਾ ਹੁੰਦਾ ਹੈ ਤੀਰੰਦਾਜ਼ ਜਿਸ ਕਾਰਨ ਭਾਰਗਵ ਨਾਮ ਵੀ ਪੈ ਗਿਆ, ਭ੍ਰਿਗੁਪਤੀ ਵੀ ਕਿਹਾ ਗਿਆ, ਯਾਨਿ ਕਿ ਭ੍ਰਿਗੂ ਵੰਸ਼ ਦਾ ਵਡੇਰਾ। ਉਨ੍ਹਾਂ ਦਾ ਨਾਮ ਭ੍ਰਿਗੂ ਵੰਸ਼ੀ ਤੇ ਜਮਦਾਗਨੀ ਵੀ ਹੈ।

**ਜਨਮ ਸਥਾਨ:** ਉਨ੍ਹਾਂ ਦੇ ਸਹੀ ਜਨਮ ਸਥਾਨ ਬਾਰੇ ਵਿਦਵਾਨ ਇਕ ਮੱਤ ਨਹੀਂ। ਅਜੋਕੇ ਮਹੇਸ਼ਵਰ ਖੇਤਰ ਵਿਚ ਕੋਈ ਥਾਂ ਹੈ ਜਾਂ ਸੀ ਜਿਥੇ ਉਹ ਪੈਦਾ ਹੋਏ। ਬਾਬੇ ਦਾ ਨਾਮ ਰੁਚਿਕਾ ਸੀ ਤੇ ਰੁਚਿਕਾ ਸੰਤ ਭ੍ਰਿਗੂ ਦਾ ਬੇਟਾ ਸੀ। ਪਰਸੂ ਰਾਮ ਭਾਰਦਵਾਜ ਅਤੇ ਕਸ਼ਯਪ ਵੰਸ਼ਾਂ ਦਾ ਕੁਲਗੁਰੂ ਸੀ। ਉਹ ਗੌੜ ਬ੍ਰਾਹਮਣ ਸੀ। ਇਕ ਦਿਨ ਰੁਚਿਕਾ ਆਪਣੇ ਲਈ ਦੁਲਹਨ ਦੀ ਤਲਾਸ਼ ਵਿਚ ਤੁਰਿਆ ਫਿਰਦਾ ਸੀ। ਸੂਰਜਵੰਸ਼ੀ ਅਤੇ ਚੰਦ੍ਰਵੰਸ਼ੀ ਦੋ ਖਾਨਦਾਨ ਇਲਾਕੇ ਵਿਚ ਆਬਾਦ ਸਨ। ਚੰਦ੍ਰਵੰਸ਼ੀ ਰਾਜਾ ਗਾਧੀ ਦੀ ਧੀ ਕੁਆਰੀ ਸੀ ਜਿਸ ਦਾ ਨਾਮ ਸੀ ਸਤਿਆਵਤੀ। ਰੁਚਿਕਾ, ਗਾਧੀ ਦੇ ਮਹਿਲ ਵਿਚ ਗਿਆ, ਰਾਜੇ ਨੇ ਪੁਰੋਹਤ ਦਾ ਬੇਅੰਤ ਆਦਰ-ਮਾਣ ਕੀਤਾ। ਉਥੇ ਰਾਜਕੁਮਾਰੀ ਸਤਿਆਵਤੀ ਦੇਖੀ ਤਾਂ ਰਿਸ਼ੀ ਰੁਚਿਕਾ ਮੋਹਿਤ ਹੋ ਗਿਆ ਤੇ ਰਾਜੇ ਨੂੰ ਧੀ ਦਾ ਹੱਥ ਫੜਾਉਣ ਲਈ ਕਿਹਾ। ਰਾਜਾ ਇਹ ਮੰਗ ਸੁਣ ਕੇ ਦੁਖੀ ਹੋਇਆ ਪਰ ਉਹ ਪੁਰੋਹਤ ਨੂੰ ਨਾਂਹ ਵੀ ਨਹੀਂ ਕਰ ਸਕਦਾ ਸੀ। ਸ਼ਾਇਦ ਗੱਲ ਟਲ ਜਾਏ, ਸੋਚ ਕੇ ਰਾਜੇ ਨੇ ਕਿਹਾ-ਠੀਕ ਹੈ ਪੰਡਤ ਜੀ, ਧੀ ਦੇ ਦਿਆਂਗਾ ਪਰ ਇਸ ਦੇ ਬਦਲੇ ਤੁਹਾਥੋਂ ਇਕ ਹਜ਼ਾਰ ਸਫੈਦ ਘੋੜੇ ਲਵਾਂਗਾ, ਘੋੜਿਆਂ ਦੇ ਕੰਨ ਕਾਲੇ ਹੋਣ।

ਰਿਸ਼ੀ ਨੇ ਵਰੁਣ ਦੇਵ ਦੀ ਅਰਾਧਨਾ ਕਰਨੀ ਸ਼ੁਰੂ ਕਰ ਦਿੱਤੀ। ਤਪ ਸਫਲ ਹੋਇਆ ਤੇ ਇੱਛਤ ਹਜ਼ਾਰ ਘੋੜੇ ਮਿਲ ਗਏ। ਰਾਜੇ ਨੇ ਆਪਣੀ ਧੀ ਦਾ ਵਿਆਹ ਰੁਚਿਕਾ ਨਾਲ ਕਰ ਦਿੱਤਾ ਪਰ ਸਤਿਆਵਤੀ ਦੇ ਸੰਤਾਨ ਪੈਦਾ ਨਾ ਹੋਈ। ਰਾਜੇ ਦੇ ਮਹਿਲ ਵਿਚ ਵੀ ਬੇਟਾ ਨਹੀਂ ਸੀ। ਸੋ ਫਿਕਰ ਹੋਇਆ, ਹੁਣ ਵਾਰਸ ਦੀ ਗੈਰਹਾਜ਼ਰੀ ਸਦਕਾ ਰਾਜ ਭਾਗ ਖਤਮ ਹੋਏਗਾ। ਇਕ ਦਿਨ ਉਸ ਨੇ ਆਪਣਾ ਫਿਕਰ ਪਤੀ ਕੋਲ ਜ਼ਾਹਿਰ ਕੀਤਾ।

ਰੁਚਿਕਾ ਨੇ ਦੋ ਪਿਆਲੇ ਸ਼ਰਬਤ ਦੇ ਤਿਆਰ ਕਰ ਕੇ ਪਤਨੀ ਨੂੰ ਕਿਹਾ-ਇਕ ਪਿਆਲਾ ਤੁਹਾਡੀ ਮਾਤਾ ਲਈ ਹੈ, ਉਸ ਦੇ ਤੇਜਸਵੀ ਯੋਧਾ ਖੱਤਰੀ ਪੈਦਾ ਹੋਏਗਾ ਤੇ ਵਾਰਸ ਦੀ ਚਿੰਤਾ ਖਤਮ। ਦੂਜਾ ਪਿਆਲਾ ਤੇਰੇ ਲਈ, ਤੂੰ ਜਿਸ ਬੇਟੇ ਨੂੰ ਜਨਮ ਦਏਂਗੀ, ਉਹ ਵੱਡਾ ਤਪੱਸਵੀ ਸਾਧੂ ਹੋਵੇਗਾ। ਦੋਵੇਂ ਪਿਆਲੇ ਸਤਿਆਵਤੀ ਨੇ ਮਾਂ ਨੂੰ ਫੜਾ ਕੇ ਸਾਰੀ ਗੱਲ ਦੱਸੀ। ਮਹਾਰਾਣੀ ਨੂੰ ਰੁਚਿਕਾ 'ਤੇ ਭਰੋਸਾ ਨਹੀਂ ਸੀ। ਉਸ ਨੇ ਦੋਵੇਂ ਪਿਆਲੇ ਬਦਲ ਦਿੱਤੇ, ਆਪ ਧੀ ਵਾਲਾ ਤੇ ਧੀ ਨੂੰ ਆਪਣੇ ਵਾਲਾ ਫੜਾ ਦਿੱਤਾ। ਮਾਂਵਾਂ ਧੀਆਂ ਗਰਭਵਤੀਆਂ ਹੋ ਗਈਆਂ। ਰੁਚਿਕਾ ਨੇ ਦੇਖਿਆ ਕਿ ਉਸ ਦੀ ਪਤਨੀ ਦੇ ਪੇਟ ਦੁਆਲੇ ਖੱਤਰੀ ਦੀ ਆਭਾ ਹੈ। ਪਤਨੀ ਨੂੰ ਕਾਰਨ ਪੁੱਛਿਆ। ਸਤਿਆਵਤੀ ਨੇ ਭੇਤ ਜ਼ਾਹਿਰ ਕਰ ਦਿੱਤਾ ਤਾਂ ਰੁਚਿਕਾ ਨੇ ਕਿਹਾ-ਹੁਣ ਸਾਧੂ ਨਹੀਂ, ਆਪਣੇ ਘਰ ਯੋਧਾ ਪੈਦਾ ਹੋਏਗਾ। ਪਤਨੀ ਨੇ ਬੇਨਤੀ ਕੀਤੀ-ਪਤੀਦੇਵ, ਤੁਸੀਂ ਸਮਰੱਥ ਹੋ। ਸਾਡੀ ਭੁੱਲ ਖਿਮਾ ਕਰੋ। ਮੈਂ ਚਾਹੁੰਦੀ ਹਾਂ, ਮੇਰਾ ਬੇਟਾ ਤਪੱਸਵੀ ਹੋਵੇ ਤੇ ਪੋਤਾ ਯੋਧਾ। ਬੇਨਤੀ ਮੰਨੀ ਗਈ। ਬੇਟਾ ਜਮਦਾਗਨੀ ਪੈਦਾ ਹੋਇਆ ਜੋ ਰਿਸ਼ੀ ਸੀ ਤੇ ਉਸ ਦੇ ਅਗਾਂਹ ਬੇਟਾ ਭਾਰਗਵ ਪੈਦਾ ਹੋਇਆ ਜੋ ਜੰਗਬਾਜ਼ ਸੀ। ਭਾਰਗਵ ਦਾ ਹੀ ਨਾਮ ਪਰਸੂ ਰਾਮ ਹੈ, ਵਿਸ਼ਨੂ ਦੇ ਛੇਵੇਂ ਅਵਤਾਰ।

**ਰੇਣੂਕਾ ਦਾ ਘੜਾ:** ਦੇਵੀ ਰੇਣੂਕਾ ਨੂੰ ਆਪਣੇ ਸਤ ਉਪਰ ਇੰਨਾ ਫਖਰ ਸੀ ਕਿ ਇਸ ਸਤ ਸਦਕਾ ਉਹ ਨਦੀ ਵਿਚੋਂ ਕੱਚਾ ਘੜਾ ਪਾਣੀ ਦਾ ਭਰ ਕੇ ਲੈ ਆਉਂਦੀ। ਇਕ ਦਿਨ ਉਹ ਪਾਣੀ ਭਰਨ ਗਈ ਤਾਂ ਅਸਮਾਨ ਵਿਚ ਗੰਧਰਵ ਉਡਦੇ ਜਾਂਦੇ ਦੇਖੇ। ਉਹ ਇੰਨੇ ਸੁਹਣੇ ਸਨ ਕਿ ਪਲ ਛਿਣ ਲਈ ਰੇਣੂਕਾ ਦੇ ਮਨ ਵਿਚ ਕਾਮਵਾਸਨਾ ਜਾਗ ਪਈ, ਫਲਸਰੂਪ ਘੜਾ ਖੁਰ ਗਿਆ ਤੇ ਪਾਣੀ ਡੁੱਲ੍ਹ ਗਿਆ। ਉਹ ਡਰ ਗਈ ਕਿ ਹੁਣ ਪਤੀ ਜਮਦਾਗਨੀ ਨੂੰ ਕਿਵੇਂ ਮੂੰਹ ਦਿਖਾਵਾਂ? ਦੇਰ ਤਕ ਰੇਣੂਕਾ ਨਾ ਪਰਤੀ, ਤਾਂ ਦਿਭ ਦ੍ਰਿਸ਼ਟੀ ਨਾਲ ਪਤੀ ਨੇ ਸਾਰਾ ਮਾਮਲਾ ਜਾਣ ਲਿਆ। ਰਿਸ਼ੀ ਨੇ ਜੇਠੇ ਪੁੱਤਰ ਨੂੰ ਕੁਹਾੜਾ ਦੇ ਕੇ ਕਿਹਾ ਕਿ ਆਪਣੀ ਮਾਂ ਦਾ ਕਤਲ ਕਰ। ਬੇਟੇ ਨੇ ਨਾਂਹ ਕਰ ਦਿੱਤੀ ਤਾਂ ਪਿਤਾ ਨੇ ਉਸ ਨੂੰ ਪੱਥਰ ਕਰ ਦਿੱਤਾ। ਬਾਕੀ ਬੇਟਿਆਂ ਨੇ ਵੀ ਨਾਂਹ ਕਰ ਦਿੱਤੀ ਤੇ ਪੱਥਰ ਹੋ ਗਏ। ਆਖਰ ਸਭ ਤੋਂ ਛੋਟਾ ਪਰਸੂ ਰਾਮ ਰਹਿ ਗਿਆ ਜੋ ਪਿਤਾ ਦਾ ਪੂਰਨ ਆਗਿਆਕਾਰੀ ਸੀ। ਉਸ ਨੇ ਮਾਂ ਦਾ ਸਿਰ ਵੱਢ ਦਿੱਤਾ। ਪਿਤਾ ਨੇ ਪ੍ਰਸੰਨ ਹੋ ਕੇ ਕਿਹਾ-ਮੈਂ ਖੁਸ਼ ਹਾਂ, ਜੋ ਮੰਗੇਂਗਾ, ਦਿਆਂਗਾ। ਪਰਸੂ ਰਾਮ ਨੇ ਕਿਹਾ-ਮੇਰੀ ਮਾਂ ਅਤੇ ਭਰਾਵਾਂ ਨੂੰ ਸੁਰਜੀਤ ਕਰ ਦਿਉ। ਪਿਤਾ ਨੇ ਸਾਰੇ ਸੁਰਜੀਤ ਕਰ ਦਿੱਤੇ।

ਹਿੰਦੂ ਮਿਥਿਹਾਸ ਅਨੁਸਾਰ ਸ਼ਿਵ ਜੀ ਨੇ ਇਕ ਵਾਰ ਆਪਣੇ ਚੇਲੇ ਦੀ ਅਜ਼ਮਾਇਸ਼ ਵਾਸਤੇ ਯੁੱਧ ਲਈ ਲਲਕਾਰਿਆ। ਇੱਕੀ ਦਿਨ ਘੋਰ ਯੁੱਧ ਹੋਇਆ। ਪਰਸੂ ਨੇ ਸ਼ਿਵ ਜੀ ਦੇ ਮੱਥੇ ਉਪਰ ਕੁਹਾੜਾ ਮਾਰਿਆ ਤਾਂ ਡੂੰਘਾ ਜ਼ਖਮ ਹੋ ਗਿਆ। ਸ਼ਿਵ ਜੀ ਨੇ ਪ੍ਰਸੰਨ ਹੋ ਕੇ ਅਸੀਸਾਂ ਦਿੱਤੀਆਂ ਅਤੇ ਆਪਣੇ ਮੱਥੇ ਦੇ ਜ਼ਖਮ ਨੂੰ ਸੰਭਾਲ ਕੇ ਰੱਖਿਆ। ਸ਼ਿਵ ਜੀ ਨੂੰ ਉਨ੍ਹਾਂ ਦੇ ਸ਼ਰਧਾਲੂ ਪਰਸੂ-ਖੰਡ ਨਾਮ ਨਾਲ ਵੀ ਧਿਆਉਂਦੇ ਹਨ ਜਿਸ ਦਾ ਅਰਥ ਹੈ ਪਰਸੂ ਵਲੋਂ ਕੀਤਾ ਗਿਆ ਜ਼ਖਮ। ਇੰਦਰ ਦੇਵਤਾ ਨੇ ਖੁਸ਼ ਹੋ ਕੇ ਉਸ ਨੂੰ ਵਿਜੇ ਧਨੁਖ ਦਿੱਤਾ ਜਿਸ ਨਾਲ ਉਸ ਨੇ 21 ਵਾਰ ਖੱਤਰੀਆਂ ਦਾ ਸਰਬਨਾਸ ਕੀਤਾ। ਬਾਅਦ ਵਿਚ ਪਰਸੂ ਨੇ ਇਹ ਧਨੁਖ ਆਪਣੇ ਚੇਲੇ ਕਰਨ ਨੂੰ ਦਿੱਤਾ ਜਿਸ ਦੀ ਵਰਤੋਂ ਕਰਨ ਨੇ ਮਹਾਂਭਾਰਤ ਦੇ 17ਵੇਂ ਦਿਨ ਕੀਤੀ।

ਮਹਾਂਭਾਰਤ ਅਤੇ ਪੁਰਾਣ ਗ੍ਰੰਥਾਂ ਵਿਚ ਅਨੇਕ ਹਵਾਲੇ ਹਨ ਕਿ ਬ੍ਰਾਹਮਣਾਂ ਅਤੇ ਖੱਤਰੀਆਂ ਵਿਚਕਾਰ ਸਦੀਆਂ ਤਕ ਪੁਸ਼ਤੈਨੀ ਦੁਸ਼ਮਣੀ ਰਹੀ ਤੇ ਖੱਤਰੀ ਬ੍ਰਾਹਮਣਾਂ ਹੱਥੋਂ ਹਾਰਦੇ ਰਹੇ। ਕਰਤਵੀਰ ਨਾਮ ਦਾ ਖੱਤਰੀ ਰਾਜਾ ਇੰਨਾ ਤਾਕਤਵਰ ਹੋ ਗਿਆ ਸੀ ਕਿ ਉਸ ਨੇ ਬ੍ਰਾਹਮਣ ਰਾਜੇ ਰਾਵਣ ਨੂੰ ਹਰਾ ਕੇ ਕੈਦ ਕਰ ਲਿਆ। ਬਾਅਦ ਵਿਚ ਰਾਵਣ ਖੱਤਰੀ ਰਾਜਾ ਰਾਮਚੰਦਰ ਹੱਥੋਂ ਕਤਲ ਹੋਇਆ।

ਪਰਸੂ ਰਾਮ ਦੇ ਵਡੇਰੇ ਔਰਵ ਨੇ ਦੱਸਿਆ-



*ਮਹਾਰਾਸ਼ਟਰ ਦੀ ਦਪੋਲੀ ਬੀਚ ਉਤੇ ਲਾਏ ਪਰਸੂ ਰਾਮ ਦੇ ਬੁੱਤ ਦੀ ਝਲਕ।*

ਅਜੇ ਮੈਂ ਜੰਮਿਆ ਨਹੀਂ ਸਾਂ, ਮੈਂ ਆਪਣੀ ਮਾਂ ਅਤੇ ਹੋਰ ਬ੍ਰਾਹਮਣ ਔਰਤਾਂ ਦੇ ਰੁਦਨ ਦੀਆਂ ਆਵਾਜ਼ਾਂ ਸੁਣੀਆਂ। ਖੱਤਰੀ ਬ੍ਰਾਹਮਣਾਂ ਦਾ ਜੀਆ-ਘਾਤ ਕਰਨ ਲੱਗੇ ਸਨ। ਮੇਰੀ ਮਾਂ ਦਾ ਕੋਈ ਸਹਾਰਾ ਨਹੀਂ ਸੀ। ਉਸ ਨੇ ਮੈਨੂੰ ਆਪਣੇ ਪਟ ਵਿਚ ਛੁਪਾ ਕੇ ਬਚਾਇਆ। (ਮਹਾਂਭਾਰਤ 1:182)

ਪਰਸੂ ਰਾਮ ਜੰਗਲ ਵਿਚ ਗਿਆ ਹੋਇਆ ਸੀ। ਉਸ ਦੇ ਪਿਤਾ ਜਮਦਾਗਨੀ ਕੋਲ ਰਾਜਾ ਕਰਤਵੀਰ ਆਇਆ। ਜਮਦਾਗਨੀ ਨੇ ਮਹਿਮਾਨ ਦੀ ਸ਼ਾਹਾਨਾ ਸੇਵਾ ਕੀਤੀ। ਰਾਜੇ ਨੇ ਪੁੱਛਿਆ-ਤੁਹਾਡੇ ਕੋਲ ਇਨਾ ਧਨ, ਰਿਜ਼ਕ ਕਿਥੋਂ ਆ ਗਿਆ ਪੁਰੋਹਤ? ਜਮਦਾਗਨੀ ਨੇ ਰਾਜੇ ਨੂੰ ਕਾਮਧੇਨ ਗਊ ਦਿਖਾਈ ਜੋ ਇੰਦਰ ਨੇ ਦਿੱਤੀ ਸੀ। ਇਹ ਹਰ ਮੰਗੀ ਵਸਤੂ ਦੇ ਦਿੰਦੀ। ਰਾਜੇ ਨੇ ਕਾਮਧੇਨ ਮੰਗੀ ਪਰ ਇਨਕਾਰ ਹੋ ਗਿਆ ਤਾਂ ਉਹ ਜਬਰਨ ਲੈ ਗਿਆ।

ਵਾਪਸ ਆਉਣ 'ਤੇ ਪਰਸੂ ਰਾਮ ਨੇ ਰਾਜੇ ਦੀ ਕਰਤੂਤ ਜਾਣੀ ਤਾਂ ਕੁਹਾੜਾ ਚੁੱਕ ਕੇ ਮਹਿਲ ਉਤੇ ਹੱਲਾ ਬੋਲ ਦਿੱਤਾ। ਗਾਰਡ ਵੱਢ ਕੇ ਖੱਤਰੀ ਰਾਜਾ ਕਰਤਵੀਰ ਕਤਲ ਕਰ ਦਿੱਤਾ ਤੇ ਕਾਮਧੇਨ ਲੈ ਆਇਆ। ਪਿਤਾ ਖੁਸ਼ ਹੋਇਆ ਪਰ ਲਹੂ ਲਿਬੜਿਆ ਕੁਹਾੜਾ ਦੇਖ ਕੇ ਕਿਹਾ-ਕ੍ਰੋਧ ਤਿਆਗ, ਪਸ਼ਚਾਤਾਪ ਕਰ। ਪਰਸੂ ਰਾਮ ਇਕ ਸਾਲ ਤੀਰਥ ਰਟਨ ਕਰਦਾ ਰਿਹਾ। ਕਰਤਵੀਰ ਦੇ ਬੇਟਿਆਂ ਨੇ ਆਪਣੇ ਪਿਤਾ ਦਾ ਬਦਲਾ ਲੈਣ ਵਾਸਤੇ ਜਮਦਾਗਨੀ ਕਤਲ ਕਰ ਦਿੱਤਾ। ਉਸ ਦਾ ਸਿਰ ਕੱਟ ਕੇ ਆਪਣੀ ਰਾਜਧਾਨੀ ਵਿਚ ਲੈ ਗਏ।

ਵਾਪਸ ਆ ਕੇ ਪਰਸੂ ਰਾਮ ਨੇ ਆਪਣੀ ਮਾਂ ਨੂੰ ਰੁਦਨ ਕਰਦੀ ਦੇਖਿਆ ਤਾਂ ਫੈਸਲਾ ਕੀਤਾ ਕਿ ਖੱਤਰੀਆਂ ਦਾ ਬੀਜਨਾਸ ਕਰਾਂਗਾ। ਮਾਂ ਨੇ ਇੱਕੀ ਵਾਰ ਛਾਤੀ ਪਿੱਟੀ, ਪਰਸੂ ਰਾਮ ਨੇ ਇੱਕੀ ਵਾਰ ਖੱਤਰੀਆਂ ਦਾ ਖਾਤਮਾ ਕੀਤਾ। ਇਸ ਪਿਛੋਂ ਗੁੱਸੇ ਵਿਚ ਉਹ ਪਾਗਲ ਹੋ ਗਿਆ, ਸਾਰੀ ਧਰਤੀ ਦਾ ਚੱਕਰ ਲਾਇਆ, ਖੱਤਰੀ ਕਸੂਰਵਾਰ ਸਨ ਕਿ ਬੇਕਸੂਰ, ਨਿਰਦੈਤਾ ਨਾਲ ਵੱਢੇ। ਮਹਾਂਭਾਰਤ ਵਿਚ ਦਰਜ ਹੈ: ਇਸ ਅੱਗ ਦੀ ਨਾਲ ਪਰਸੂ ਰਾਮ ਨੇ ਇੰਨੇ ਖੱਤਰੀ ਮਾਰੇ ਕਿ ਪੰਜ ਝੀਲਾਂ ਲਹੂ ਦੀਆਂ ਭਰ ਗਈਆਂ ਜਿਨ੍ਹਾਂ ਦਾ ਨਾਮ ਸਾਮੰਤ-ਪੰਚਕ ਹੈ। (1:2)

ਉਸ ਨੇ ਕੁਹਾੜਾ ਨਦੀ ਵਿਚ ਧੋਤਾ ਤਾਂ ਨਦੀ ਲਾਲ ਹੋ ਗਈ। ਜਦੋਂ ਸਾਰੇ ਖੱਤਰੀ ਮੁਕਾ ਦਿੱਤੇ, ਤਦ ਉਸ ਨੇ ਅਸ਼ਵਮੇਧ ਜੱਗ ਰਚਿਆ। ਜਿੱਤੀ ਹੋਈ ਜ਼ਮੀਨ ਬ੍ਰਾਹਮਣਾਂ ਵਿਚ ਵੰਡਦਾ ਗਿਆ। ਜਿਥੇ ਜਿਥੇ ਘੋੜਾ ਗਿਆ, ਖੱਤਰੀਆਂ ਨੂੰ ਕਿਹਾ ਗਿਆ-ਲੜੋ ਜਾਂ ਹਥਿਆਰ ਸੁੱਟੋ। ਨਾ ਉਹ ਲੜੇ, ਨਾ ਹਥਿਆਰ ਸੁੱਟੇ; ਫਲਸਰੂਪ ਕਤਲ ਕੀਤੇ ਗਏ।

ਉਸ ਨੇ ਅਮਰਾਪਦ ਪ੍ਰਾਪਤ ਕੀਤਾ, ਇਸ ਲਈ ਰਾਮਾਇਣ ਅਤੇ ਮਹਾਂਭਾਰਤ ਦੋਵਾਂ ਗ੍ਰੰਥਾਂ ਵਿਚ ਉਸ ਦੀ ਅਹਿਮ ਭੂਮਿਕਾ ਹੈ। ਸ਼ਿਵ ਜੀ ਤੋਂ ਪ੍ਰਾਪਤ ਧਨੁਖ ਉਸ ਨੇ ਰਾਜਾ ਜਨਕ ਨੂੰ ਦਿੱਤਾ। ਇਹੀ ਧਨੁਖ ਸੀਤਾ ਸਵੰਬਰ ਵਿਚ ਵਰਤਿਆ ਗਿਆ ਸੀ।

ਬਾਲਮੀਕ ਰਾਮਾਇਣ ਵਿਚ ਲਿਖਿਆ ਹੈ ਕਿ ਗੁਸੈਲੈ ਪਰਸੂ ਰਾਮ ਨੇ ਸ੍ਰੀ ਰਾਮ ਚੰਦਰ ਉਪਰ ਹਮਲਾ ਕੀਤਾ। ਰਾਜਾ ਦਸਰਥ ਨੇ ਬੇਨਤੀ ਕੀਤੀ-ਮੇਰੀ ਜਾਨ ਲੈ ਲੈ ਪੁਰੋਹਤ, ਮੇਰੇ ਬੇਟੇ ਨੂੰ ਛੱਡ ਦੇਹ। ਰਾਮ ਚੰਦਰ ਜੀ ਨੇ ਕਿਹਾ-ਮੈਂ ਤੇਰਾ ਕਤਲ ਕਰ ਸਕਦਾ ਹਾਂ, ਪਰ ਬ੍ਰਹਮ-ਹੱਤਿਆ ਦੇ ਦੋਸ਼ ਤੋਂ ਡਰਦਾ ਹਾਂ।

ਇਹ ਪ੍ਰਸੰਗ ਵੀ ਆਉਂਦਾ ਹੈ ਕਿ ਬ੍ਰਹਮਰਿਸ਼ੀ ਵਸ਼ਿਸ਼ਟ ਨੇ ਖੱਤਰੀਆਂ ਨੂੰ ਕਿਹਾ ਸੀ-ਇਸ ਗੁਸੈਲੇ ਸਾਧੂ ਦੇ ਸਾਹਮਣੇ ਨਹੀਂ ਆਉਣਾ, ਪਰ ਸੀਤਾ ਉਸ ਦੇ ਸਾਹਮਣੇ ਚਲੀ ਗਈ। ਪਰਸੂ ਰਾਮ ਨੇ ਅਸੀਸ ਦਿੱਤੀ-ਸੁਹਾਗਣ ਰਹੇਂ। ਇਸੇ ਅਸੀਸ ਸਦਕਾ ਰਾਮਚੰਦਰ ਜੀ ਵਿਰੁੱਧ ਉਹ ਹਥਿਆਰ ਨਹੀਂ ਚੁੱਕ ਸਕਿਆ।

ਮਹਾਂਭਾਰਤ ਵਿਚਲੀ ਸਾਖੀ ਮੁਤਾਬਕ ਬ੍ਰਹਮਚਾਰੀ ਭੀਸ਼ਮ ਕਿਸੇ ਹੋਰ ਕੁੜੀ ਦੇ ਭੁਲੇਖੇ ਅੰਬਾ ਸ਼ਹਿਜ਼ਾਦੀ ਨੂੰ ਚੁੱਕ ਲਿਆਉਂਦੇ ਹਨ, ਪਰ ਵਿਆਹ ਨਾ ਕਰਾਉਣ ਦਾ ਪ੍ਰਣ ਹੋਣ ਕਰ ਕੇ ਉਸ ਨੂੰ ਆਖਦੇ ਹਨ-ਚਲੀ ਜਾਹ। ਅੰਬਾ ਪਰਸੂ ਰਾਮ ਕੋਲ ਫਰਿਆਦ ਕਰਦੀ ਹੈ ਕਿ ਹੁਣ ਮੇਰੇ ਨਾਲ ਕੌਣ ਵਿਆਹ ਕਰੇਗਾ? ਭੀਸ਼ਮ ਨੂੰ ਮਨਾਉ ਜਾਂ ਯੁੱਧ ਕਰੋ। ਦੋਵੇਂ 23 ਦਿਨ ਤੱਕ ਖੂਨੀ ਯੁੱਧ ਕਰਦੇ ਹਨ, ਕੋਈ ਨਹੀਂ ਹਾਰਦਾ। ਆਖਰ ਜਦੋਂ ਪਰਸੂ ਰਾਮ ਭੀਸ਼ਮ ਹੱਥੋਂ ਕਤਲ ਹੋਣ ਲਗਦਾ ਹੈ, ਪਿਤਰ ਆਕਾਸ਼ ਵਿਚੋਂ ਉਤਰ ਕੇ ਰੋਕਦੇ ਹੋਏ ਆਖਦੇ ਹਨ-ਭੀਸ਼ਮ, ਬ੍ਰਾਹਮਣ ਖਿਲਾਫ ਹਥਿਆਰ ਚੁੱਕਣਾ ਖੱਤਰੀ ਧਰਮ ਨਹੀਂ। ਬ੍ਰਾਹਮਣ ਦਾ ਕੰਮ ਵਿਦਿਆ ਦੇਣਾ ਹੈ, ਖੱਤਰੀ ਉਸ ਦੀ ਰਾਖੀ ਕਰਨ। ਫਿਰ ਪਰਸੂ ਰਾਮ ਨੂੰ ਕਿਹਾ-ਓ ਭ੍ਰਿਗੂ ਵੰਸ਼ ਦੇ ਰਿਸ਼ੀ, ਤੁਸੀਂ ਵੀ ਹੁਣ ਹਥਿਆਰ ਤਿਆਗੋ, ਭੀਸ਼ਮ ਨੂੰ ਹਰਾਉਣਾ ਸੰਭਵ ਨਹੀਂ।

ਅੰਬਾ ਨੂੰ ਪਰਸੂ ਰਾਮ ਨੇ ਕਿਹਾ-ਭੀਸ਼ਮ ਨੂੰ ਹਰਾਉਣਾ ਮੇਰੇ ਵਸ ਨਹੀਂ। ਤੂੰ ਉਸ ਦੀ ਸ਼ਰਨ ਵਿਚ ਹੀ ਜਾਹ। ਜਦੋਂ ਪਰਸੂ ਰਾਮ ਨੇ ਸਨਿਆਸ ਲੈਣ ਦਾ ਫੈਸਲਾ ਕੀਤਾ, ਉਹ ਧਨ ਅਤੇ ਜ਼ਮੀਨ ਵੰਡ ਚੁਕਾ ਤਾਂ ਬ੍ਰਾਹਮਣ ਦਰੋਣ ਆ ਗਿਆ, ਦਾਨ ਮੰਗਿਆ-ਕੀ ਦਿਆਂ? ਦਰੋਣ ਨੇ ਕਿਹਾ-ਜੀ ਅਸਤਰ ਸ਼ਸਤਰ ਤੇ ਚਲਾਉਣ ਦੀ ਵਿਧੀ। (ਮਹਾਂਭਾਰਤ 7: 131)

ਗਰੀਬ ਬ੍ਰਾਹਮਣ ਦਰੋਣ ਨੂੰ ਸਾਰੇ ਸ਼ਸਤਰ ਮਿਲ ਗਏ, ਸ਼ਸਤਰ ਵਿਦਿਆ ਮਿਲੀ। ਇਨ੍ਹਾਂ ਸ਼ਸਤਰਾਂ ਰਾਹੀਂ ਫਿਰ ਕੌਰਵਾਂ ਪਾਂਡਵਾਂ ਦੇ ਯੁੱਧ ਵਿਚ ਖੱਤਰੀਆਂ ਦਾ ਸਰਬਨਾਸ ਹੋਇਆ।

ਇਹ ਪਰਸੂ ਰਾਮ ਭਗਵਾਨ ਦੀ ਸਾਖੀ ਹੈ। ਪਰਸੂ ਰਾਮ ਅਤੇ ਹੋਰ ਪੌਰਾਣਿਕ ਨਾਇਕ ਆਪੋ ਆਪਣੀ ਥਾਂ ਮਹੱਤਵਪੂਰਨ ਹਨ, ਪਰ ਪੰਜਾਬ ਵਿਚਲੀ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬ ਸਰਕਾਰ ਨੇ ਭਗਵਾਨ ਪਰਸੂ ਰਾਮ ਚੇਅਰ ਦੀ ਸਥਾਪਨਾ ਕਿਸ ਉਦੇਸ਼ ਨੂੰ ਸਾਹਮਣੇ ਰੱਖ ਕੇ ਕੀਤੀ? ਇਸ ਯੂਨੀਵਰਸਿਟੀ ਵਿਚ ਤਾਂ ਖੱਤਰੀਆਂ ਦੀ ਗਿਣਤੀ ਪਹਿਲਾਂ ਹੀ ਥੋੜ੍ਹੀ ਹੈ, ਉਨ੍ਹਾਂ ਉਪਰ ਕਹਿਰ ਕਾਹਨੂੰ ਢਾਹੁਣਾ?

ਸਵਾਮੀ ਧਰਮ ਤੀਰਥ ਆਪਣੀ ਕਿਤਾਬ 'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਦੇ ਪੰਨਾ 99 ਉਪਰ ਪਰਸੂ ਰਾਮ ਜੀ ਨੂੰ ਬ੍ਰਾਹਮਣ ਦਹਿਸ਼ਤਗਰਦ ਲਿਖਦੇ ਹਨ। ਚੇਅਰ ਦੀ ਸਥਾਪਨਾ ਕਰਨ ਪਿੱਛੇ ਪੰਜਾਬ ਸਰਕਾਰ ਦੀਆਂ ਕੀ ਮਜਬੂਰੀਆਂ ਹਨ, ਸਾਨੂੰ ਕੋਈ ਇਲਮ ਨਹੀਂ, ਪਰ ਇਹ ਚੇਅਰ ਪੰਜਾਬੀ ਅਕਾਦਮਿਕਤਾ ਲਈ ਕਿਵੇਂ ਲਾਹੇਵੰਦ ਹੋਵੇਗੀ? ਸਰਕਾਰ ਦਾ ਕੋਈ ਨੁਮਾਇੰਦਾ ਦੱਸੇ ਤਾਂ ਅਸੀਂ ਸ਼ੁਕਰਗੁਜ਼ਾਰ ਹੋਵਾਂਗੇ।



# ਸੁਤੰਤਰਤਾ ਸੰਗਰਾਮ ਦਾ ਯੋਧਾ ਮਦਨ ਲਾਲ ਢੀਂਗਰਾ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਭਾਰਤ ਨੂੰ ਆਜ਼ਾਦੀ ਦਿਵਾਉਣ ਲਈ ਹਜ਼ਾਰਾਂ ਲੋਕਾਂ ਨੇ ਆਪਣਾ ਖੂਨ ਡੋਲ੍ਹਿਆ ਤੇ ਲੱਖਾਂ ਨੇ ਆਪਣੇ ਹੰਝੂਆਂ ਨਾਲ ਜ਼ਰਖੇਜ਼ ਭੂਮੀ ਨੂੰ ਸਿੰਜਿਆ। ਆਜ਼ਾਦੀ ਦੀ ਲੜਾਈ ਵਿਚ ਹਜ਼ਾਰਾਂ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਦਾ ਇਤਿਹਾਸ ਵਿਚ ਕਿਤੇ ਜ਼ਿਕਰ ਨਹੀਂ ਆਉਂਦਾ। ਅਜਿਹੇ ਲੋਕਾਂ ਨੇ ਅੰਗਰੇਜ਼ ਹਕੂਮਤ ਦਾ ਜ਼ੁਲਮ ਬਰਦਾਸ਼ਤ ਕੀਤਾ, ਟੱਬਰਾਂ ਦੇ ਟੱਬਰ ਕੁਰਬਾਨ ਕਰ ਦਿੱਤੇ, ਜਲਾਵਤਨੀ ਦੀਆਂ ਤਕਲੀਫ਼ਾਂ ਝੱਲੀਆਂ, ਜੇਲ੍ਹ ਯਾਤਰਾ ਕੀਤੀ ਤੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਆਜ਼ਾਦੀ ਮਿੰਨਤਾਂ, ਤਰਲਿਆਂ, ਜਾਂ ਭੀਖ ਮੰਗਣ 'ਤੇ ਨਹੀਂ ਮਿਲੀ ਅਤੇ ਨਾ ਹੀ ਕਿਸੇ ਪੱਤਰ ਦੇਣ ਨਾਲ ਮਿਲੀ ਹੈ। ਆਜ਼ਾਦੀ ਦੇ ਸੰਘਰਸ਼ ਨੂੰ ਕ੍ਰਾਂਤੀਕਾਰੀਆਂ ਦੇ ਹਥਿਆਰਾਂ ਨੇ ਹੀ ਸਿਖਰ 'ਤੇ ਪਹੁੰਚਾਇਆ।

1946 ਵਿਚ ਸੁਭਾਸ਼ ਚੰਦਰ ਬੋਸ ਨੇ ਆਜ਼ਾਦੀ ਲਈ ਹਥਿਆਰ ਉਠਾਏ। ਇਹ ਹਥਿਆਰਬੰਦ ਲੜਾਈ ਸਿਰਫ਼ ਭਾਰਤ ਵਿਚ ਹੀ ਨਹੀਂ ਲੜੀ ਗਈ, ਸਗੋਂ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੇ ਵੀ ਇਸ ਵਿਚ ਭਰਪੂਰ ਯੋਗਦਾਨ



ਪ੍ਰੋ. ਐਚ.ਐਲ. ਕਪੂਰ
ਫੋਨ: 916-587-4002

ਪਾਇਆ। ਅਜਿਹੇ ਗਰਮਖਿਆਲ ਤੇ ਜੋਸ਼ੀਲੇ ਕ੍ਰਾਂਤੀਕਾਰੀਆਂ ਦੀ ਫਹਿਰਿਸਤ ਬੜੀ ਲੰਬੀ ਹੈ। ਇਨ੍ਹਾਂ ਵਿਚ ਸ਼ਹੀਦ ਮਦਨ ਲਾਲ ਢੀਂਗਰਾ ਦਾ ਨਾਂ ਵੀ ਬੜਾ ਉਭਰ ਕੇ ਆਉਂਦਾ ਹੈ। ਉਹ ਪਹਿਲਾ ਅਜਿਹਾ ਕ੍ਰਾਂਤੀਕਾਰੀ ਹੈ ਜਿਸ ਨੇ ਵਿਦੇਸ਼ੀ ਧਰਤੀ (ਇੰਗਲੈਂਡ) ਉਤੇ ਦੁਸ਼ਮਣ ਦੇ ਘਰ ਜਾ ਕੇ ਪਹਿਲੀ ਜੁਲਾਈ 1909 ਨੂੰ ਗੋਰਿਆਂ ਦੀ ਵੱਡੀ ਸ਼ਖਸੀਅਤ ਕਰਜ਼ਨ ਵਾਇਲੀ ਦੀ ਹੱਤਿਆ ਕਰ ਦਿੱਤੀ। ਇਹ ਉਹ ਅੰਗਰੇਜ਼ ਅਫਸਰ ਸੀ ਜਿਸ ਨੇ ਭਾਰਤੀ ਕ੍ਰਾਂਤੀਕਾਰੀਆਂ 'ਤੇ ਤਸ਼ੱਦਦ ਕਰਵਾਇਆ ਅਤੇ ਇੰਗਲੈਂਡ ਰਹਿੰਦੇ ਭਾਰਤੀ ਵਿਦਿਆਰਥੀਆਂ ਦੀ ਜਾਸੂਸੀ ਕਰਵਾਈ ਸੀ। ਕਰਜ਼ਨ ਵਾਇਲੀ ਦੀ ਹੱਤਿਆ ਕਾਰਨ ਮਦਨ ਲਾਲ ਢੀਂਗਰਾ ਨੂੰ 17 ਅਗਸਤ 1909 ਨੂੰ ਫਾਂਸੀ ਦੇ ਦਿੱਤੀ ਗਈ।

ਸ਼ਹੀਦ ਮਦਨ ਲਾਲ ਢੀਂਗਰਾ ਦਾ ਜਨਮ 18 ਸਤੰਬਰ 1883 ਨੂੰ ਅੰਮ੍ਰਿਤਸਰ ਵਿਚ ਇਕ ਅਮੀਰ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਦਿੱਤਾ ਮੱਲ ਸੀ ਤੇ ਉਹ ਅੱਖਾਂ ਦੇ ਵੱਡੇ ਸਰਜਨ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਪਹਿਲੇ ਭਾਰਤੀ ਸਨ ਜਿਹੜੇ ਉਸ ਸਮੇਂ ਅਜਿਹੇ ਉੱਚ ਅਹੁਦੇ 'ਤੇ ਪਹੁੰਚੇ। ਉਨ੍ਹਾਂ ਕੋਲ ਅੰਮ੍ਰਿਤਸਰ ਦੇ ਮੁਹੱਲਾ ਕਟੜਾ ਸ਼ੇਰ ਸਿੰਘ ਵਿਚ 21 ਮਕਾਨ ਸਨ ਤੇ ਛੇ ਬੰਗਲੇ ਜੀ.ਟੀ. ਰੋਡ 'ਤੇ ਸਨ। ਦਿੱਤਾ ਮੱਲ ਨੇ 1850 ਵਿਚ ਆਪਣਾ ਜੱਦੀ ਪਿੰਡ ਸਾਹੀਵਾਲ (ਜ਼ਿਲ੍ਹਾ ਸਰਗੋਧਾ, ਹੁਣ ਪਾਕਿਸਤਾਨ ਵਿਚ) ਛੱਡ ਦਿੱਤਾ ਸੀ ਤੇ ਅੰਮ੍ਰਿਤਸਰ ਆ ਗਏ ਸਨ। ਪਿੰਡ ਵਿਚ ਉਨ੍ਹਾਂ ਦੀ ਵੱਡੀ ਹਵੇਲੀ ਸੀ ਤੇ ਉਹ ਚੋਖੀ ਜ਼ਮੀਨ ਦੇ ਮਾਲਕ ਸਨ। ਦਿੱਤਾ ਮੱਲ ਨੂੰ ਅੰਗਰੇਜ਼ ਸਰਕਾਰ ਨੇ 'ਰਾਏ ਸਾਹਿਬ' ਦੇ ਖਿਤਾਬ ਨਾਲ ਨਿਵਾਜਿਆ ਸੀ। ਉਹ ਅੰਮ੍ਰਿਤਸਰ ਵਿਚ ਅਜਿਹੇ ਪਹਿਲੇ ਭਾਰਤੀ ਸਨ ਜਿਨ੍ਹਾਂ ਕੋਲ ਕਾਰ ਹੁੰਦੀ ਸੀ। ਦਿੱਤਾ ਮੱਲ ਦੇ ਸੱਤ ਪੁੱਤਰ ਤੇ ਇਕ ਧੀ ਸਨ। ਉਨ੍ਹਾਂ ਦੇ ਤਿੰਨ ਪੁੱਤਰ ਮਾਹਿਰ ਡਾਕਟਰ ਸਨ ਤੇ ਤਿੰਨ ਵਕੀਲ ਸਨ। ਮਦਨ ਲਾਲ ਢੀਂਗਰਾ ਉਨ੍ਹਾਂ ਦਾ ਛੇਵਾਂ ਪੁੱਤਰ ਸੀ।

ਇਉਂ ਅਮੀਰ ਤੇ ਪੜ੍ਹੇ ਲਿਖੇ ਪਰਿਵਾਰ ਵਿਚ ਮਦਨ ਲਾਲ ਢੀਂਗਰਾ ਦਾ ਜਨਮ ਹੋਇਆ। ਜੇ ਉਹ ਐਸ਼ ਵਾਲਾ ਜੀਵਨ ਜਿਉਣਾ ਚਾਹੁੰਦਾ ਤਾਂ ਜੀਅ ਸਕਦਾ ਸੀ, ਪਰ ਉਸ ਨੇ ਦੇਸ਼ ਲਈ ਆਪਾ ਵਾਰਨ ਦਾ ਰਸਤਾ ਅਖਤਿਆਰ ਕੀਤਾ। ਸਕੂਲੀ ਵਿਦਿਆ ਪੂਰੀ ਕਰਨ ਉਪਰੰਤ ਉਸ ਨੇ ਐਮ.ਬੀ. ਇੰਟਰ-ਮੀਡੀਏਟ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲਿਆ। ਸਾਇੰਸ ਦੀ ਅਗਲੀ ਪੜ੍ਹਾਈ ਲਈ ਲਾਹੌਰ ਦੇ ਸਰਕਾਰੀ ਕਾਲਜ ਵਿਚ ਜਾ ਦਾਖਲ ਹੋਇਆ। 1904 ਵਿਚ ਉਸ ਨੇ ਕਾਲਜ ਦੀ ਵਰਦੀ ਵਾਲੇ ਬਲੇਜ਼ਰ ਦਾ ਵਿਰੋਧ ਕੀਤਾ ਜਿਸ ਦਾ ਕੱਪੜਾ ਇੰਗਲੈਂਡ ਦਾ ਬਣਿਆ ਹੋਇਆ ਸੀ। ਇਸ ਵਿਰੋਧ ਬਦਲੇ ਉਸ ਨੂੰ ਕਾਲਜ ਵਿਚੋਂ ਕੱਢ ਦਿੱਤਾ ਗਿਆ। ਉਸ ਸਮੇਂ ਉਸ ਉਤੇ ਦੇਸ਼ ਵਿਚ ਚੱਲ ਰਹੀ 'ਸਵਦੇਸ਼ੀ ਕੌਮੀ ਲਹਿਰ' ਦਾ ਪ੍ਰਭਾਵ ਸੀ। ਉਹਨੇ ਕਾਲਜ ਦੀ ਪੜ੍ਹਾਈ ਦੌਰਾਨ, ਭਾਰਤੀ ਲੋਕਾਂ ਦੀ ਗਰੀਬੀ ਤੇ ਭੁੱਖਮਰੀ ਬਾਰੇ ਲਿਖੇ ਸਾਹਿਤ ਦਾ ਗਹਿਰਾਈ ਨਾਲ ਅਧਿਐਨ ਕੀਤਾ। ਇਸ ਦੇ ਦੋ ਕਾਰਨ ਸਾਹਮਣੇ ਆਏ, ਪਹਿਲਾ ਵਿਦੇਸ਼ੀ ਹਕੂਮਤ ਦਾ ਭਾਰਤ ਉਤੇ ਰਾਜ ਅਤੇ ਦੂਜਾ ਵਿਦੇਸ਼ਾਂ ਵਿਚ ਬਣੇ ਮਾਲ ਦੀ ਵਿਕਰੀ ਨਾਲ ਮੁਲਕ ਦੇ ਲੋਕਾਂ ਦੀ ਲੁੱਟ। ਇਸ ਪਿਛੋਂ ਮਦਨ ਲਾਲ ਨੇ ਪੜ੍ਹਾਈ ਛੱਡ ਦਿੱਤੀ ਤੇ ਕਲਰਕ ਦੀ ਨੌਕਰੀ ਕਰ ਲਈ। ਫਿਰ ਕਾਲਕਾ ਵਿਚ ਟਾਂਗਾ ਚਲਾਇਆ। ਫੈਕਟਰੀ ਮਜ਼ਦੂਰ ਵਜੋਂ ਵੀ ਕੰਮ ਕੀਤਾ। ਇਸ ਦੌਰਾਨ ਮਜ਼ਦੂਰ ਯੂਨੀਅਨ ਬਣਾਉਣ ਲਈ ਹੰਭਲਾ ਵੀ ਮਾਰਿਆ, ਪਰ ਇਸ ਨੂੰ ਛੇਤੀ ਹੀ ਤਿਆਗ ਦਿੱਤਾ। ਉਸ ਨੇ ਥੋੜ੍ਹਾ ਚਿਰ ਮੁੰਬਈ ਵਿਚ ਵੀ ਕੰਮ ਕੀਤਾ। ਬਾਅਦ ਵਿਚ ਆਪਣੇ ਵੱਡੇ ਭਰਾ ਡਾਕਟਰ ਬਿਹਾਰੀ ਲਾਲ ਢੀਂਗਰਾ ਦੀ ਸਲਾਹ ਨਾਲ ਉਸ ਨੇ ਇੰਗਲੈਂਡ ਵਿਚ ਉੱਚ ਵਿਦਿਆ ਪ੍ਰਾਪਤ ਕਰਨ ਦਾ ਇਰਾਦਾ ਬਣਾ ਲਿਆ। 1906 ਵਿਚ ਉਹ ਇੰਗਲੈਂਡ ਚਲਾ ਗਿਆ ਤੇ ਯੂਨੀਵਰਸਿਟੀ ਕਾਲਜ, ਲੰਡਨ ਵਿਚ ਮਕੈਨੀਕਲ ਇੰਜੀਨੀਅਰਿੰਗ ਦੇ ਡਿਪਲੋਮਾ ਕੋਰਸ ਵਿਚ ਦਾਖਲਾ ਲੈ ਲਿਆ। ਉਥੇ ਪੜ੍ਹਾਈ ਦੇ ਖਰਚੇ ਲਈ ਵੱਡੇ ਭਰਾ ਮਦਦ ਕਰਦੇ ਸਨ।

ਲਾਹੌਰ ਪੜ੍ਹਦੇ ਸਮੇਂ ਮਦਨ ਲਾਲ ਉਤੇ 'ਪਗੜੀ ਸੰਭਾਲ ਜੱਟਾ' ਲਹਿਰ ਦਾ ਬਹੁਤ ਡੂੰਘਾ ਪ੍ਰਭਾਵ ਪੈ ਚੁੱਕਾ ਸੀ। ਇਸ ਲਹਿਰ ਨੂੰ ਉਸ ਸਮੇਂ ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ (ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਚਾਚਾ) ਬੜੇ ਜ਼ੋਰ-ਸ਼ੋਰ ਨਾਲ ਚਲਾ ਰਹੇ ਸਨ। ਇੰਗਲੈਂਡ ਜਾ ਕੇ ਮਦਨ ਲਾਲ ਉਥੇ ਰਹਿੰਦੇ ਹੋਰ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆ ਗਏ, ਜਿਨ੍ਹਾਂ ਵਿਚੋਂ ਮੁੱਖ ਤੌਰ 'ਤੇ ਵਿਨਾਇਕ ਦਮੋਦਰ ਸਾਵਰਕਰ ਤੇ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਦਾ ਨਾਂ ਵਰਣਨਯੋਗ ਹੈ। ਵੀਰ ਸਾਵਰਕਰ, ਸ਼ਿਆਮ ਜੀ ਕ੍ਰਿਸ਼ਨਾ ਵਰਮਾ ਵੱਲੋਂ ਸਥਾਪਤ ਕੀਤੇ ਵਜ਼ੀਫ਼ੇ 'ਤੇ 1906 ਵਿਚ ਇੰਗਲੈਂਡ ਪੜ੍ਹਨ ਪਹੁੰਚੇ ਸਨ ਤੇ ਮਦਨ ਲਾਲ ਵੀ ਉਸੇ ਸਾਲ ਪੜ੍ਹਨ ਪੁੱਜੇ ਸਨ। ਇਹ ਦੋਵੇਂ ਤਕਰੀਬਨ ਹਾਣੀ ਹੀ ਸਨ, ਪਰ ਵੀਰ ਸਾਵਰਕਰ ਹਿੰਦੂ ਮੱਤ ਵਿਚ ਵਿਸ਼ਵਾਸ ਰੱਖਦੇ ਸਨ। ਸ਼ਿਆਮ ਜੀ ਕ੍ਰਿਸ਼ਨਾ ਵਰਮਾ ਬਹੁਤ ਉਦਾਰਵਾਦੀ ਤੇ ਤਰਕਸ਼ੀਲ ਸਨ। ਮਗਰੋਂ ਉਨ੍ਹਾਂ ਇੰਗਲੈਂਡ ਛੱਡ ਦਿੱਤਾ ਤੇ ਪੈਰਿਸ ਪਹੁੰਚ ਗਏ ਕਿਉਂਕਿ ਅਜਿਹੀ ਵਿਚਾਰਧਾਰਾ ਕਰ ਕੇ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਤੰਗ ਕਰਦੀ ਸੀ। ਉਨ੍ਹਾਂ ਦੀ ਸੰਗਤ ਦਾ ਮਦਨ ਲਾਲ ਉਤੇ ਬਹੁਤ ਪ੍ਰਭਾਵ ਪਿਆ। ਫਿਰ ਮਦਨ ਲਾਲ ਨੇ ਭਾਰਤ ਨੂੰ ਆਜ਼ਾਦ ਕਰਾਉਣ ਦਾ ਪੱਕਾ ਇਰਾਦਾ ਬਣਾ ਲਿਆ।

ਇਸੇ ਦੌਰਾਨ ਸਾਵਰਕਰ ਨੇ ਮਦਨ ਲਾਲ ਨੂੰ ਹਥਿਆਰਾਂ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਉਸ ਨੂੰ 'ਅਭਿਨਵ ਭਾਰਤ ਮੰਡਲ' ਦਾ ਮੈਂਬਰ ਵੀ ਬਣਾ ਲਿਆ। ਇਸ ਤੋਂ ਬਿਨਾ ਉਹ ਇੰਡੀਆ ਹਾਊਸ ਦਾ ਮੈਂਬਰ ਵੀ ਬਣ ਗਿਆ। ਇੰਡੀਆ ਹਾਊਸ ਭਾਰਤੀ ਵਿਦਿਆਰਥੀਆਂ ਲਈ ਰਾਜਨੀਤੀ ਦਾ ਕੇਂਦਰ ਸੀ।

ਇਸੇ ਸਮੇਂ ਦੌਰਾਨ ਸਾਵਰਕਰ, ਮਦਨ ਲਾਲ ਅਤੇ ਹੋਰ ਵਿਦਿਆਰਥੀ ਕ੍ਰਾਂਤੀਕਾਰੀਆਂ ਦੀ ਭਾਰਤ ਦੀ ਆਜ਼ਾਦੀ ਲਈ ਵਿਚਾਰਧਾਰਕ ਟੱਕਰ, ਭਾਰਤ ਵਿਚ ਰਹਿੰਦੇ ਕ੍ਰਾਂਤੀਕਾਰੀਆਂ ਖੁਦੀ ਰਾਮ ਬੋਸ, ਕਨਹਾਈ ਲਾਲ ਦੱਤ, ਸਤਿੰਦਰਪਾਲ ਤੇ ਪੰਡਤ ਕਾਂਸ਼ੀ ਰਾਮ ਨਾਲ ਹੋ ਗਈ। ਕਈ ਇਤਿਹਾਸਕਾਰ ਦੱਸਦੇ ਹਨ ਕਿ ਸਾਵਰਕਰ, ਢੀਂਗਰਾ ਤੇ ਉਨ੍ਹਾਂ ਦੇ ਇੰਗਲੈਂਡ ਰਹਿੰਦੇ ਦੂਜੇ ਸਾਥੀ ਅੰਗਰੇਜ਼ਾਂ 'ਤੇ ਸਿੱਧੀ ਕਾਰਵਾਈ ਕਰਨ ਵਿਚ ਵਿਸ਼ਵਾਸ ਰੱਖਦੇ ਸਨ ਤੇ ਆਜ਼ਾਦੀ ਦੇ ਸੰਘਰਸ਼ ਨੂੰ ਹੋਰ ਲਮਕਾਉਣ ਦੇ ਹੱਕ ਵਿਚ ਨਹੀਂ ਸਨ।

ਪਹਿਲੀ ਜੁਲਾਈ 1909 ਦੀ ਸ਼ਾਮ 'ਇੰਡੀਅਨ ਨੈਸ਼ਨਲ ਐਸੋਸੀਏਸ਼ਨ' ਦੇ ਸਾਲਾਨਾ ਇਜਲਾਸ ਵਿਚ ਵੱਡੀ ਗਿਣਤੀ ਭਾਰਤੀ ਤੇ ਅੰਗਰੇਜ਼ ਹਿੱਸਾ ਲੈਣ ਇੰਪੀਰੀਅਲ ਇੰਸਟੀਚਿਊਟ ਲੰਡਨ ਦੀ ਪਹਿਲੀ ਮੰਜ਼ਲ ਉਤੇ ਬਣੇ ਜਹਾਂਗੀਰ ਹਾਲ ਵਿਚ ਇਕੱਤਰ ਹੋਏ। ਇਸ ਸਮਾਰੋਹ ਵਿਚ ਹਿੱਸਾ ਲੈਣ ਲਈ ਸਰ ਕਰਜ਼ਨ ਵਾਇਲੀ ਜੋ ਭਾਰਤ ਸਰਕਾਰ ਦਾ ਪੁਲੀਟੀਕਲ ਸਕੱਤਰ ਤੇ ਭਾਰਤ ਦੀ ਜਾਸੂਸੀ ਕਰਨ ਵਾਲੇ ਵਿਭਾਗ ਦਾ ਸਭ ਤੋਂ ਵੱਡਾ ਅਹੁਦੇਦਾਰ ਵੀ ਸੀ, ਵੀ ਆਇਆ ਹੋਇਆ ਸੀ।

ਮਦਨ ਲਾਲ ਢੀਂਗਰਾ ਆਪਣਾ ਸੱਦਾ ਪੱਤਰ ਘਰ ਭੁੱਲ ਆਇਆ ਸੀ ਤੇ ਉਸ ਨੇ ਯਾਤਰੂ ਬੁੱਕ ਉਤੇ ਦਸਤਖ਼ਤ ਕਰ ਕੇ ਜਹਾਂਗੀਰ ਹਾਲ ਵਿਚ ਪ੍ਰਵੇਸ਼ ਕਰ ਲਿਆ। ਮਦਨ ਲਾਲ, ਕਰਜ਼ਨ ਵਾਇਲੀ ਨੂੰ ਨੇੜਿਓਂ ਗੋਲੀ ਮਾਰਨੀ ਚਾਹੁੰਦਾ ਸੀ। ਮਦਨ ਲਾਲ ਕੋਲ ਉਸ ਦੇ ਨੇੜੇ ਜਾਣ ਦਾ ਬਹਾਨਾ ਵੀ ਸੀ, ਕਿਉਂਕਿ ਮਦਨ ਲਾਲ ਦੇ ਵੱਡੇ ਭਰਾ ਕੁੰਦਨ ਲਾਲ ਢੀਂਗਰਾ ਨੇ ਕਰਜ਼ਨ ਵਾਇਲੀ ਨੂੰ ਪੱਤਰ ਲਿਖਿਆ ਸੀ ਤੇ ਕਰਜ਼ਨ ਵਾਇਲੀ ਨੇ 13 ਅਪਰੈਲ 1909 ਨੂੰ ਮਦਨ ਲਾਲ ਢੀਂਗਰਾ ਨੂੰ ਪੱਤਰ ਲਿਖਿਆ ਸੀ ਕਿ ਉਹ ਉਸ ਨੂੰ ਮਿਲੇ। ਸਭਾ ਸਮਾਪਤ ਹੋਈ ਅਤੇ ਢੀਂਗਰਾ ਹਾਲ ਤੋਂ ਬਾਹਰ ਆ ਗਿਆ। ਜਿਉਂ ਹੀ ਹਾਲ ਤੋਂ ਬਾਹਰ ਆਇਆ ਤਾਂ ਮਦਨ ਲਾਲ ਢੀਂਗਰਾ ਨੇ ਬਹੁਤ ਹੌਲੀ ਆਵਾਜ਼ ਵਿਚ ਕਰਜ਼ਨ ਵਾਇਲੀ ਨੂੰ ਕਿਹਾ, "ਮੈਂ ਤੁਹਾਡੇ ਨਾਲ ਕੋਈ ਨਿੱਜੀ ਗੱਲ ਕਰਨੀ ਹੈ।"

ਕਰਜ਼ਨ ਵਾਇਲੀ ਨੇ ਕੰਨ ਮਦਨ ਲਾਲ ਢੀਂਗਰਾ ਦੇ ਨਜ਼ਦੀਕ ਕਰ ਦਿੱਤਾ। ਮਦਨ ਲਾਲ ਨੇ ਮੌਕਾ ਤਾੜਦਿਆਂ ਸੱਜੀ ਜੇਬ ਵਿਚੋਂ ਪਿਸਤੌਲ ਕੱਢਿਆ ਤੇ ਵਾਇਲੀ ਦੀ ਪੁੜਪੁੜੀ ਵਿਚ ਦੋ ਗੋਲੀਆਂ ਮਾਰੀਆਂ। ਉਸ ਸਮੇਂ ਰਾਤ ਦੇ 11.20 ਵਜੇ ਸਨ। ਜਿਉਂ ਹੀ ਕਰਜ਼ਨ ਵਾਇਲੀ ਜ਼ਮੀਨ 'ਤੇ ਡਿੱਗਿਆ, ਢੀਂਗਰਾ ਨੇ ਦੋ ਗੋਲੀਆਂ ਹੋਰ ਮਾਰੀਆਂ ਤੇ ਉਹ ਉਥੇ ਹੀ ਢੇਰ ਹੋ ਗਿਆ। ਇੰਨੇ ਨੂੰ ਇਕ ਪਾਰਸੀ ਡਾਕਟਰ ਕਾਵਾਸ ਲਾਲਕਾ, ਕਰਜ਼ਨ ਵਾਇਲੀ ਦੇ ਬਚਾਅ ਲਈ ਆਇਆ। ਢੀਂਗਰਾ ਨੇ ਉਸ ਉਤੇ ਵੀ ਫਾਇਰ ਕਰ ਦਿੱਤਾ ਤੇ ਉਹ ਵੀ ਜ਼ਮੀਨ ਉਤੇ ਡਿੱਗ ਪਿਆ। ਇਸ ਪਿਛੋਂ ਮਦਨ ਲਾਲ ਨੇ ਆਪਣੇ ਆਪ ਨੂੰ ਗੋਲੀ ਮਾਰਨ ਦਾ ਯਤਨ ਕੀਤਾ ਪਰ ਸਫ਼ਲ ਨਾ ਹੋਇਆ ਤੇ ਪੁਲਿਸ ਨੇ ਉਸ ਨੂੰ ਫੜ ਲਿਆ ਅਤੇ ਵਾਲਟਨ ਸਟਰੀਟ ਪੁਲਿਸ ਸਟੇਸ਼ਨ ਲੈ ਆਈ। ਉਸ ਉਤੇ ਬੜਾ ਤਸ਼ੱਦਦ ਕੀਤਾ ਪਰ ਉਸ ਨੇ ਕਿਸੇ ਦਾ ਨਾਂ ਨਹੀਂ ਲਿਆ। ਫਿਰ ਉਨ੍ਹਾਂ ਇਹ ਜਾਂਚ ਵੀ ਕੀਤੀ ਕਿ ਹੋ ਸਕਦਾ ਹੈ, ਉਸ ਨੇ ਭੰਗ ਦੇ ਨਸ਼ੇ ਵਿਚ ਇਹ ਕਾਰਾ ਕੀਤਾ ਹੋਵੇ। ਜਿਸ ਮਕਾਨ 'ਚ ਉਹ ਰਹਿੰਦਾ ਸੀ, ਉਸ ਮਕਾਨ ਦੀ ਮਾਲਕਣ ਤੋਂ ਇਸ ਬਾਰੇ ਪੁੱਛਿਆ ਗਿਆ, ਉਸ ਦਾ ਜਵਾਬ ਨਾਂਹ ਵਿਚ ਸੀ।



ਲੰਡਨ ਦੀ ਪੈਂਟਨਵਿਲੇ ਜੇਲ੍ਹ ਜਿਥੇ ਮਦਨ ਲਾਲ ਢੀਂਗਰਾ ਨੂੰ ਫਾਂਸੀ ਦਿੱਤੀ ਗਈ ਸੀ।

ਮਦਨ ਲਾਲ ਢੀਂਗਰਾ ਉਤੇ 23 ਜੁਲਾਈ 1909 ਨੂੰ ਓਲਡ ਵਾਇਲੀ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਉਸ ਨੇ ਕੋਰਟ ਵਿਚ ਬਿਆਨ ਦਿੱਤਾ ਕਿ ਉਸ ਨੂੰ ਕਰਜ਼ਨ ਵਾਇਲੀ ਦੀ ਹੱਤਿਆ ਦਾ ਕੋਈ ਅਫ਼ਸੋਸ ਨਹੀਂ, ਕਿਉਂਕਿ ਕਰਜ਼ਨ ਵਾਇਲੀ ਵੀ ਭਾਰਤ 'ਤੇ ਰਾਜ ਕਰ ਰਹੀ ਅੰਗਰੇਜ਼ ਸਰਕਾਰ ਦਾ ਹਿੱਸਾ ਹੈ ਤੇ ਆਜ਼ਾਦੀ ਵਿਚ ਰੋੜਾ ਹੈ।

ਢੀਂਗਰਾ ਨੇ ਇਹ ਬਿਆਨ ਵੀ ਦਿੱਤਾ ਕਿ ਡਾਕਟਰ ਕਵਾਸ ਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਉਸ ਨੇ ਅਦਾਲਤ ਵਿਚ ਕਿਹਾ, "ਮੈਂ ਦਇਆ ਦੀ ਅਪੀਲ ਨਹੀਂ ਕਰਨੀ ਚਾਹੁੰਦਾ। ਜੇ ਜਰਮਨਾਂ ਨੂੰ ਇੰਗਲੈਂਡ ਉਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਤਾਂ ਇੰਗਲੈਂਡ ਵਾਲਿਆਂ ਨੂੰ ਵੀ ਭਾਰਤ 'ਤੇ ਰਾਜ ਕਰਨ ਦਾ ਅਧਿਕਾਰ ਨਹੀਂ ਹੈ।"

ਢੀਂਗਰਾ ਨੇ ਅਦਾਲਤ ਵਿਚ ਇਹ ਵੀ ਕਿਹਾ, "ਪਿਛਲੇ 50 ਸਾਲਾਂ ਵਿਚ ਭਾਰਤ ਵਿਚ ਲੱਖਾਂ ਲੋਕਾਂ ਦੀ ਮੌਤ ਲਈ ਅੰਗਰੇਜ਼ ਸਰਕਾਰ ਜ਼ਿੰਮੇਵਾਰ ਹੈ ਤੇ ਇਹ ਲੋਕ ਭਾਰਤ ਵਿਚੋਂ ਹਰ ਸਾਲ 10 ਕਰੋੜ ਪੌਂਡ ਸਰਮਾਇਆ ਲੁੱਟ ਕੇ ਇੰਗਲੈਂਡ ਲਿਆ ਰਹੇ ਹਨ। ਮੈਂ ਇਸ ਗੱਲ ਲਈ ਵੀ ਇਨ੍ਹਾਂ ਨੂੰ ਜ਼ਿੰਮੇਵਾਰ ਸਮਝਦਾ ਹਾਂ ਕਿ ਸਾਡੇ ਦੇਸ਼ ਦੇ ਲੋਕਾਂ



ਮਦਨ ਲਾਲ ਢੀਂਗਰਾ

ਨੂੰ ਫਾਂਸੀ ਦੀਆਂ ਸਜ਼ਾਵਾਂ ਦੇ ਰਹੇ ਹਨ ਤੇ ਹਜ਼ਾਰਾਂ ਦੇਸ਼ ਭਗਤਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਰਹੇ ਹਨ।... ਅੰਗਰੇਜ਼ਾਂ ਨੂੰ ਮਾਰਨਾ ਸਾਡੇ ਲਈ ਬਿਲਕੁਲ ਜਾਇਜ਼ ਹੈ ਕਿਉਂਕਿ ਉਹ ਸਾਡੀ ਪਵਿੱਤਰ ਧਰਤੀ ਨੂੰ ਗੰਦਾ ਕਰ ਰਹੇ ਹਨ। ਮੈਨੂੰ ਇਨ੍ਹਾਂ ਦੇ ਇਸ ਭਿਆਨਕ ਛਲ-ਕਪਟ ਉਤੇ ਬੜੀ ਹੈਰਾਨੀ ਹੁੰਦੀ ਹੈ। ਉਨ੍ਹਾਂ ਦਾ ਇਹ ਚਿਹਰਾ ਮਾਨਵਤਾ ਨੂੰ ਦਬਾ ਕੇ ਰੱਖਣ ਵਾਲਾ ਹੈ। ਭਾਰਤ ਵਿਚ ਹਰ ਸਾਲ ਵੀਹ ਲੱਖ ਲੋਕਾਂ ਦੀ ਹੱਤਿਆ ਹੁੰਦੀ ਹੈ ਤੇ ਔਰਤਾਂ ਦੀ ਪੱਤ ਲੁੱਟੀ ਜਾਂਦੀ ਹੈ। ਮੈਂ ਆਪਣੀ ਮਾਤ ਭੂਮੀ ਨੂੰ ਅਜਿਹੇ ਲੋਕਾਂ ਤੋਂ ਮੁਕਤੀ ਦਿਵਾਉਣ ਲਈ ਹਮੇਸ਼ਾ ਤਿਆਰ ਹਾਂ। ਇਸੇ ਲਈ ਹੀ ਮੈਂ ਅਦਾਲਤ ਵਿਚ ਅਜਿਹੇ ਬਿਆਨ ਦਿੱਤੇ ਹਨ, ਨਾ ਕਿ ਦਇਆ ਦੀ ਭੀਖ ਮੰਗਣ ਲਈ। ਮੈਂ ਚਾਹੁੰਦਾ ਹਾਂ ਕਿ ਅੰਗਰੇਜ਼ ਮੈਨੂੰ ਮੌਤ ਦੇ ਘਾਟ ਉਤਾਰ ਦੇਣ ਤਾਂ ਕਿ ਮੇਰੇ ਦੇਸ਼ ਦੇ ਲੋਕਾਂ ਦੀ ਤੁਹਾਡੇ ਤੋਂ ਬਦਲਾ ਲੈਣ ਦੀ ਤੀਬਰਤਾ ਹੋਰ ਵਧੇ। ਮੈਂ ਚਾਹੁੰਦਾ ਹਾਂ ਕਿ ਮੇਰੇ ਇਹ ਬਿਆਨ ਸਾਰੀ ਦੁਨੀਆਂ ਵਿਚ ਜਾਣ ਤਾਂ ਹੀ ਮੇਰੇ ਕੀਤੇ ਗਏ ਕਾਰਜ ਲਈ ਸੱਚਾ ਇਨਸਾਫ਼ ਹੋਵੇਗਾ ਤੇ ਖਾਸ ਤੌਰ 'ਤੇ ਮੇਰੇ ਇਹ ਬਿਆਨ ਤੁਹਾਡੇ ਦੁਸ਼ਮਣ ਦੇਸ਼ਾਂ ਵਿਚ ਜ਼ਰੂਰ ਜਾਣ। ਮੈਂ ਵਾਰ ਵਾਰ ਅਦਾਲਤੀ ਅਧਿਕਾਰੀਆਂ ਨੂੰ ਇਹੀ ਕਹਿੰਦਾ ਹਾਂ ਕਿ ਜੋ ਵੀ ਵਿਹਾਰ ਤੁਸੀਂ ਮੇਰੇ ਨਾਲ ਕਰਨਾ ਚਾਹੁੰਦੇ ਹੋ, ਕਰ ਸਕਦੇ ਹੋ। ਮੈਂ ਅਜਿਹੇ ਵਿਹਾਰ ਤੋਂ ਡਰਦਾ ਨਹੀਂ। ਤੁਸੀਂ ਮੈਨੂੰ ਫਾਂਸੀ 'ਤੇ ਲਟਕਾ ਦਿਓ, ਮੈਨੂੰ ਇਸ ਦੀ ਕੋਈ ਚਿੰਤਾ ਨਹੀਂ। ਤੁਸੀਂ ਗੋਰੇ ਲੋਕ ਇਸ ਸਮੇਂ ਸ਼ਕਤੀਸ਼ਾਲੀ ਹੋ, ਪਰ ਯਾਦ ਰੱਖਣਾ, ਹੁਣ ਸਾਡੀ ਵਾਰੀ ਆਉਣ ਵਾਲੀ ਹੈ। ਉਦੋਂ ਜੋ ਸਾਡੀ ਇੱਛਾ ਹੋਈ, ਅਸੀਂ ਤੁਹਾਡੇ ਨਾਲ ਉਹੀ ਕਰਾਂਗੇ।"

ਜਦੋਂ ਢੀਂਗਰਾ ਨੇ ਕਰਜ਼ਨ ਵਾਇਲੀ ਦੀ ਹੱਤਿਆ ਕੀਤੀ, ਉਸ ਦਾ ਭਰਾ ਭਜਨ ਲਾਲ ਲੰਡਨ ਵਿਚ ਵਕਾਲਤ ਕਰ ਰਿਹਾ ਸੀ ਤੇ ਉਹ ਗਰੇਅਜ਼ ਹੋਸਟਲ ਵਿਚ ਰਹਿ ਰਿਹਾ ਸੀ। ਕਰਜ਼ਨ ਵਾਇਲੀ ਦੀ ਹੱਤਿਆ ਦੇ ਚਾਰ ਦਿਨ ਬਾਅਦ ਉਸ ਨੇ ਪਬਲਿਕ ਸਭਾ ਦੇ ਸਾਹਮਣੇ ਬਿਆਨ ਦਿੱਤਾ ਕਿ ਮਦਨ ਲਾਲ ਨੇ ਕਰਜ਼ਨ ਵਾਇਲੀ ਦੀ ਹੱਤਿਆ ਕਰ ਕੇ ਕੋਈ ਚੰਗਾ ਕੰਮ ਨਹੀਂ ਕੀਤਾ। ਇਸ ਤਰ੍ਹਾਂ ਆਪਣੇ ਭਰਾ ਖਿਲਾਫ਼ ਬਿਆਨ ਦੇਣ ਤੋਂ ਬਾਅਦ ਜਦੋਂ ਭਜਨ ਲਾਲ ਬਰਿਕਸਨ ਜੇਲ੍ਹ ਵਿਚ ਮਦਨ ਲਾਲ ਨੂੰ ਮਿਲਣ ਗਿਆ ਤਾਂ ਮਦਨ ਲਾਲ ਨੇ ਉਸ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਮਦਨ ਲਾਲ ਦੇ ਭਰਾਵਾਂ ਸਮੇਤ ਸਾਰੇ ਰਿਸ਼ਤੇਦਾਰਾਂ ਨੇ ਆਪਣੇ ਨਾਂ ਨਾਲ ਉਪ ਨਾਮ ਢੀਂਗਰਾ ਲਿਖਣਾ ਬੰਦ ਕਰ ਦਿੱਤਾ ਤਾਂ ਕਿ ਪੁਲਿਸ ਉਨ੍ਹਾਂ ਨੂੰ ਤੰਗ ਨਾ ਕਰੇ।

ਜਦੋਂ ਸਾਵਰਕਰ, ਢੀਂਗਰਾ ਨੂੰ ਜੇਲ੍ਹ ਵਿਚ ਮਿਲਣ ਗਿਆ ਤਾਂ ਉਸ ਨੇ ਕਿਹਾ, "ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ।" ਦੋਵੇਂ ਇਕ-ਦੂਜੇ ਨੂੰ ਬੜੇ ਜਜ਼ਬੇ ਨਾਲ ਮਿਲੇ।

ਤਕਰੀਬਨ ਡੇਢ ਮਹੀਨਾ ਮਦਨ ਲਾਲ ਢੀਂਗਰਾ 'ਤੇ ਕੇਸ ਚੱਲਿਆ ਅਤੇ 17 ਅਗਸਤ 1909 ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਸ ਸਮੇਂ ਉਸ ਦੀ ਉਮਰ 26 ਸਾਲ ਦੀ ਸੀ। ਜਦੋਂ ਮੁਕੱਦਮੇ ਦੇ ਆਖਰੀ ਦਿਨ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਉਸ ਦਾ ਕੋਰਟ ਵਿਚ ਅੰਤਿਮ ਬਿਆਨ ਸੀ, "ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਾਨ ਦੀ ਬਾਜ਼ੀ ਲਾ ਰਿਹਾ ਹਾਂ ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਹ ਦਿਨ ਦੂਰ ਨਹੀਂ ਹੈ ਜਿਸ ਦਿਨ ਸਾਡਾ ਮੁਲਕ ਆਜ਼ਾਦ ਹੋ ਜਾਏਗਾ। ਭਾਰਤ ਵਾਸੀਆਂ ਨੂੰ ਮੇਰਾ ਇਹੀ ਸੰਦੇਸ਼ ਹੈ ਕਿ ਉਨ੍ਹਾਂ ਨੇ ਆਪਣੇ ਮੁਲਕ ਦੀ ਆਜ਼ਾਦੀ ਲਈ ਲੜ ਮਰਨਾ ਹੈ ਤੇ ਉਸ ਲਈ ਇਹੀ ਰਸਤਾ ਹੈ ਕਿ ਉਹ ਆਪਣੇ ਆਪ ਨੂੰ ਮੁਲਕ ਤੋਂ ਕੁਰਬਾਨ ਕਰ ਦੇਣ। ਮੇਰੀ ਰੱਬ ਅੱਗੇ ਇਹੀ ਅਰਦਾਸ ਹੈ ਕਿ ਮੈਂ ਮੁੜ ਉਸੇ ਧਰਤੀ 'ਤੇ ਜਨਮ ਲਵਾਂ ਤੇ ਇਸੇ ਤਰ੍ਹਾਂ ਹੀ ਮੁੜ ਆਪਣੇ ਆਪ ਨੂੰ ਮੁਲਕ ਤੋਂ ਕੁਰਬਾਨ ਕਰ ਦਿਆਂ ਤੇ ਅਜਿਹਾ ਉਦੋਂ ਤੱਕ ਕਰਦਾ ਰਹਾਂ ਜਦੋਂ ਤੱਕ ਮੈਨੂੰ ਸਫ਼ਲਤਾ ਪ੍ਰਾਪਤ ਨਾ ਹੋ ਜਾਵੇ।"

ਫਾਂਸੀ ਤੋਂ ਬਾਅਦ ਉਸ ਦੇ ਘਰਦਿਆਂ ਨੇ ਉਸ ਦਾ ਸਰੀਰ ਲੈਣ ਤੋਂ ਨਾਂਹ ਕਰ ਦਿੱਤੀ। ਕਈ ਹਿੰਦੂ ਤੇ ਗੈਰ-ਹਿੰਦੂ ਜਥੇਬੰਦੀਆਂ ਨੇ ਉਸ ਦਾ ਮ੍ਰਿਤਕ ਸਰੀਰ ਲੈਣ ਅਤੇ ਉਸ ਦੇ ਸਸਕਾਰ ਲਈ ਸਰਕਾਰ ਨੂੰ ਬੇਨਤੀ ਕੀਤੀ, ਪਰ ਸਰਕਾਰ ਨੇ ਨਾਂਹ ਕਰ ਦਿੱਤੀ। ਸਰਕਾਰ ਨੇ ਉਸ ਦਾ ਸਸਕਾਰ ਜੇਲ੍ਹ ਦੇ ਵਿਹੜੇ 'ਚ ਕਰ ਦਿੱਤਾ ਤੇ ਅਸਥੀਆਂ ਬਕਸੇ 'ਚ ਪਾ ਕੇ ਉਤੇ ਉਸ ਦਾ ਨਾਂ ਲਿਖ ਦਿੱਤਾ।

ਇਹ ਇਤਫਾਕ ਹੀ ਹੈ ਕਿ ਜਦੋਂ ਭਾਰਤ ਸਰਕਾਰ ਦੇ ਕਹਿਣ ਉਤੇ ਬ੍ਰਿਟਿਸ਼ ਸਰਕਾਰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੀ ਭਾਲ ਕਰ ਰਹੀ ਸੀ, ਉਸ ਸਮੇਂ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਮਿਲ ਗਈਆਂ ਤੇ ਇਹ ਉਸ ਸਮੇਂ ਦੇ ਬਰਤਾਨੀਆ ਵਿਚ ਭਾਰਤੀ ਸਫੀਰ ਨਟਵਰ ਸਿੰਘ ਦੇ 13 ਦਸੰਬਰ 1976 ਨੂੰ ਹਵਾਲੇ ਕਰ ਦਿੱਤੀਆਂ ਗਈਆਂ। ਭਾਰਤ ਦੇ ਇਸ ਮਹਾਨ ਸਪੂਤ ਦਾ ਅੰਮ੍ਰਿਤਸਰ ਵਿਖੇ ਹਿੰਦੂ ਰਵਾਇਤ ਅਨੁਸਾਰ ਸਸਕਾਰ ਕਰ ਦਿੱਤਾ ਗਿਆ।

ਇਹ ਵੀ ਇਤਫਾਕ ਹੀ ਹੈ ਕਿ ਸ਼ਹੀਦ ਊਧਮ ਸਿੰਘ ਵੀ ਉਸੇ ਪੈਂਟਨਵਿਲੇ ਜੇਲ੍ਹ 'ਚ ਕੈਦ ਰਹੇ ਜਿਥੇ ਮਦਨ ਲਾਲ ਢੀਂਗਰਾ ਰਹੇ ਸਨ। ਊਧਮ ਸਿੰਘ, ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਕਈ ਹੋਰ ਸ਼ਹੀਦ ਕ੍ਰਾਂਤੀਕਾਰੀ ਮਦਨ ਲਾਲ ਢੀਂਗਰਾ ਨੂੰ ਆਪਣਾ ਆਦਰਸ਼ ਮੰਨਦੇ ਹਨ।

ਮਹਾਤਮਾ ਗਾਂਧੀ ਅਤੇ ਆਗਾ ਖਾਂ ਵਰਗੇ ਨੇਤਾਵਾਂ ਨੇ ਮਦਨ ਲਾਲ ਢੀਂਗਰਾ ਦੇ ਕਾਰਨਾਮੇ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਰਜ਼ਨ ਵਾਇਲੀ ਦੀ ਹੱਤਿਆ ਦੀ ਨਿੰਦਾ ਕਰਦਿਆਂ ਕਿਹਾ ਸੀ, "ਕੀ ਸਾਰੇ ਅੰਗਰੇਜ਼ ਮਾੜੇ ਹਨ? ਭਾਰਤ ਕਤਲੋਗਾਰਤ ਦੀ ਨੀਤੀ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ।"

'ਦਾ ਟਾਈਮਜ਼ ਲੰਡਨ' ਨੇ 24 ਅਗਸਤ 1909 ਦੀ ਸੰਪਾਦਕੀ ਵਿਚ ਲਿਖਿਆ ਕਿ ਮਦਨ ਲਾਲ ਢੀਂਗਰਾ ਆਪਣੇ ਮੁਕੱਦਮੇ ਦੌਰਾਨ ਸ਼ਾਂਤ-ਚਿੱਤ ਰਿਹਾ ਅਤੇ ਮੁਸਕਰਾਉਂਦਾ ਰਿਹਾ। ਗਾਈਲਾਰਡ ਜਿਹੜਾ 'ਦਿ ਇੰਡੀਅਨ ਸੋਸ਼ਲਿਸਟ' ਦਾ ਸੰਪਾਦਕ ਸੀ, ਨੂੰ ਬਾਰਾਂ ਮਹੀਨੇ ਬਾ-ਮੁਸ਼ੱਕਤ ਕੈਦ ਹੋਈ। ਆਪਣੇ ਪਰਚੇ ਦੇ ਅਗਸਤ ਅੰਕ 'ਚ ਉਸ ਨੇ ਮਦਨ ਲਾਲ ਢੀਂਗਰਾ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਲਿਖਿਆ, ਉਸ ਦੇ ਕਾਰਨਾਮੇ ਨੇ ਆਇਰਿਸ਼ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਕਿਉਂਕਿ ਉਹ ਖੁਦ ਉਨ੍ਹਾਂ ਦਿਨਾਂ ਵਿਚ ਆਜ਼ਾਦੀ ਦੀ ਲੜਾਈ ਲਈ ਸੰਘਰਸ਼ ਕਰ ਰਹੇ ਸਨ।

ਮਦਨ ਲਾਲ ਢੀਂਗਰਾ ਸ਼ਾਇਦ ਪਹਿਲਾ ਅਜਿਹਾ ਮਹਾਨ ਸ਼ਹੀਦ ਹੈ ਜਿਸ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਬਰਤਾਨੀਆ ਦੀ ਧਰਤੀ 'ਤੇ ਸ਼ਹੀਦੀ ਜਾਮ ਪੀਤਾ ਤੇ ਦੁਨੀਆਂ ਨੂੰ ਦੱਸ ਦਿੱਤਾ ਕਿ ਭਾਰਤੀ ਨੌਜਵਾਨ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਮੌਤ ਦੀ ਪਰਵਾਹ ਨਹੀਂ ਕਰਦੇ ਤੇ ਦੁਸ਼ਮਣ ਨੂੰ ਉਸ ਦੇ ਘਰ ਜਾ ਕੇ ਵੀ ਸਬਕ ਸਿਖਾ ਸਕਦੇ ਹਨ। ਲਾਲਾ ਹਰਦਿਆਲ ਨੇ 10 ਸਤੰਬਰ 1909 ਨੂੰ ਆਪਣੇ ਲੇਖ 'ਵੰਦੇ ਮਾਤਰਮ' ਵਿਚ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਸ਼ਰਧਾਂਜਲੀ ਦਿੰਦਿਆਂ ਲਿਖਿਆ ਸੀ, "ਮਦਨ ਲਾਲ ਢੀਂਗਰਾ ਸ਼ਹੀਦੀ ਪ੍ਰਾਪਤ ਕਰ ਕੇ ਹਮੇਸ਼ਾ ਲਈ ਅਮਰ ਹੋ ਗਿਆ ਹੈ। ਉਸ ਨੇ ਮੁਕੱਦਮੇ ਦੇ ਹਰ ਪੜਾਅ 'ਤੇ ਅਡੋਲ ਰਹਿ ਕੇ ਮਹਾਨ ਨਾਇਕ ਦਾ ਰੋਲ ਅਦਾ ਕੀਤਾ। ਭਾਰਤ ਦੇ ਇਤਿਹਾਸ ਦੇ ਪੰਨਿਆਂ 'ਤੇ ਅਜਿਹੀ ਮਿਸਾਲ ਨਹੀਂ ਮਿਲਦੀ। ਇੰਗਲੈਂਡ ਸੋਚਦਾ ਹੈ ਕਿ ਉਸ ਨੇ ਢੀਂਗਰਾ ਨੂੰ ਸਦਾ ਲਈ ਖਤਮ ਕਰ ਦਿੱਤਾ, ਪਰ ਅਸਲ ਵਿਚ ਉਹ ਹਮੇਸ਼ਾ ਲਈ ਅਮਰ ਹੋ ਗਿਆ ਹੈ ਤੇ ਉਹ ਭਾਰਤ 'ਚ ਅੰਗਰੇਜ਼ ਸਰਕਾਰ ਦੀ ਪ੍ਰਭੂਸੱਤਾ ਦੀ ਮੌਤ ਦਾ ਕਾਰਨ ਬਣਿਆ ਹੈ।"



# ਨੱਚਦੀ ਪਰਨੀਆ ਦੀ ਅਦਾ

ਫੈਸ਼ਨ ਦੀ ਦੁਨੀਆਂ ਵਿਚ ਵਿਚਰਦੀ ਪਰਨੀਆ ਕੁਰੈਸ਼ੀ ਦੀ ਚਰਚਾ ਅੱਜ ਕੱਲ੍ਹ ਫਿਲਮ ਜਗਤ ਵਿਚ ਖੂਬ ਹੋ ਰਹੀ ਹੈ। ਉਹ ਮੁਜ਼ੱਫਰ ਅਲੀ ਦੀ ਨਵੀਂ ਫਿਲਮ 'ਜਾਂਨਿਸਾਰ' ਦੀ ਨਾਇਕਾ ਬਣ ਕੇ ਫਿਲਮੀ ਦੁਨੀਆਂ ਵਿਚ ਆਈ ਹੈ। ਇਸ ਫਿਲਮ ਵਿਚ ਉਸ ਨੂੰ ਨੂਰ ਨਾਂ ਦੀ ਨ੍ਰਿਤਕੀ ਦਾ ਕਿਰਦਾਰ ਚੰਗੀ ਡਾਂਸਰ ਹੋਣ ਕਰ ਕੇ ਹੀ ਮਿਲਿਆ ਹੈ। ਮੁਜ਼ੱਫਰ ਅਲੀ ਦਿੱਲੀ ਵਿਚ ਹਰ ਸਾਲ 'ਜਹਾਨ-ਏ-ਖੁਸਰੋ' ਨਾਂ ਦਾ ਪ੍ਰੋਗਰਾਮ ਕਰਵਾਉਂਦਾ ਹੈ ਅਤੇ ਇਸ ਪ੍ਰੋਗਰਾਮ ਵਿਚ ਪਰਨੀਆ ਨੇ ਪ੍ਰਸਿੱਧ ਸੂਫੀ ਗਾਇਕਾ ਆਬਿਦਾ ਪਰਵੀਨ ਦੀ ਗਜ਼ਲ ਉਤੇ ਕੁਚੀਪੁੜੀ ਨਾਚ ਕੀਤਾ ਸੀ। ਇਹ ਜੁਗਲਬੰਦੀ ਦੇਖਦਿਆਂ ਸਾਰ ਮੁਜ਼ੱਫਰ ਅਲੀ ਨੇ ਉਸ ਨੂੰ ਆਪਣੀ ਫਿਲਮ 'ਜਾਂਨਿਸਾਰ' ਲਈ ਹੀਰੋਇਨ ਟਿੱਕ ਲਿਆ।

ਪਰਨੀਆ ਨੇ ਕਲਾਸੀਕਲ ਡਾਂਸ ਦੀ ਸਿੱਖਿਆ ਤਿੰਨ ਸਾਲ ਦੀ ਉਮਰ ਵਿਚ ਸ਼ੁਰੂ ਕਰ ਦਿੱਤੀ ਸੀ। ਮੁਜ਼ੱਫਰ ਅਲੀ ਦੀ ਫਿਲਮ 'ਉਮਰਾਓ ਜਾਨ' ਵਿਚ ਪੇਸ਼ ਡਾਂਸ ਉਸ ਨੂੰ ਬੜਾ ਖਿੱਚਦਾ ਸੀ, ਪਰ ਉਸ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਹ ਮੁਜ਼ੱਫਰ ਅਲੀ ਦੀ ਅਗਲੀ ਫਿਲਮ ਦੀ ਨਾਇਕਾ ਬਣੇਗੀ। ਪਰਨੀਆ ਮੁਢਲੇ ਰੂਪ ਵਿਚ ਕੁਚੀਪੁੜੀ ਅਤੇ ਕੱਥਕ ਡਾਂਸਰ ਹੈ। ਪੜ੍ਹਾਈ ਲਈ ਉਹ ਭਾਵੇਂ ਅਮਰੀਕਾ ਵੀ ਗਈ, ਪਰ ਉਸ ਨੇ ਡਾਂਸ ਦੀ ਸਿਖਲਾਈ ਵਿਚ ਵਿਘਨ ਨਹੀਂ ਪੈਣ ਦਿੱਤਾ। ਪਰਨੀਆ ਫਿਲਮ ਜਗਤ ਦੇ ਕਈ ਅਦਾਕਾਰਾਂ ਦੇ ਲਿਬਾਸ ਡਿਜ਼ਾਇਨ ਕਰਦੀ ਰਹੀ ਹੈ ਅਤੇ 2013 ਵਿਚ ਉਸ ਨੇ 'ਸਟਾਈਲਿਸ਼ ਵਿਦ ਪਰਨੀਆ ਕੁਰੈਸ਼ੀ' ਨਾਂ ਦੀ ਪੋਥੀ ਵੀ ਛਪਵਾਈ ਸੀ ਜਿਸ ਵਿਚ ਉਸ ਨੇ ਆਪਣੇ ਡਿਜ਼ਾਇਨ ਅਤੇ ਅੰਦਾਜ਼ ਪੇਸ਼ ਕੀਤੇ ਸਨ।


# ਜਾਂਨਿਸਾਰ: ਮੁਹੱਬਤ ਤੇ ਬਗਾਵਤ ਦੀ ਕਵਿਤਾ


## ਮੁਜ਼ੱਫਰ ਅਲੀ ਦੀ ਨਵੀਂ ਫਿਲਮ


**ਸੁਖਵੰਤ ਸਿੰਘ ਸੁੱਖੀ**

ਫਿਲਮਸਾਜ਼ ਮੁਜ਼ੱਫਰ ਅਲੀ ਦੀ ਨਵੀਂ ਫਿਲਮ 'ਜਾਂਨਿਸਾਰ' 1981 ਵਿਚ ਰਿਲੀਜ਼ ਹੋਈ ਉਸ ਦੀ ਚਰਚਿਤ ਫਿਲਮ 'ਉਮਰਾਓ ਜਾਨ' ਜਿੰਨੀ ਉਡਾਣ ਨਹੀਂ ਭਰ ਸਕੀ। 'ਉਮਰਾਓ ਜਾਨ' ਵਾਂਗ ਨਵੀਂ ਫਿਲਮ ਵਿਚ ਵੀ ਪੁਰਾਣੇ ਵੇਲਿਆਂ ਦੀਆਂ ਬਾਤਾਂ ਹਨ ਅਤੇ ਨੱਚਦੀ ਨਾਇਕਾ ਪ੍ਰਭਾਵਿਤ ਕਰਦੀ ਹੈ, ਪਰ ਫਿਲਮ ਦੀ ਕਹਾਣੀ ਵਿਚ ਉਹ ਜਾਨ ਨਹੀਂ ਭਰੀ ਜਾ ਸਕੀ ਜਿਸ ਦੀ ਤਵੱਕੋ ਦਰਸ਼ਕ ਮੁਜ਼ੱਫਰ ਅਲੀ ਵਰਗੇ ਕਲਾਕਾਰ ਤੋਂ ਕਰ ਰਹੇ ਸਨ। ਦਰਸ਼ਕ ਚਿਰਾਂ ਤੋਂ ਇਹ ਫਿਲਮ ਉਡੀਕ ਰਹੇ ਸਨ ਜਿਹੜੀ ਆਜ਼ਾਦੀ ਦੀ ਪਹਿਲੀ ਲੜਾਈ ਮੰਨੇ ਜਾਂਦੇ 1857 ਦੇ ਗਦਰ ਤੋਂ 20 ਸਾਲ ਬਾਅਦ ਵਾਲੇ ਵਕਤ ਨਾਲ ਜੁੜੀ ਹੋਈ ਹੈ। ਫਿਲਮ ਦਾ ਨਾਇਕ, ਅਵਧ ਦਾ ਸ਼ਹਿਜ਼ਾਦਾ ਅਮੀਰ ਇੰਗਲੈਂਡ ਤੋਂ ਪੜ੍ਹ ਕੇ ਆਉਂਦਾ ਹੈ। ਉਹ ਅੰਗਰੇਜ਼ਾਂ ਦਾ ਵਫਾਦਾਰ ਹੈ, ਪਰ ਜਦੋਂ ਉਸ ਦੀ ਮੁਲਾਕਾਤ ਦਰਬਾਰੀ ਡਾਂਸਰ ਨੂਰ ਨਾਲ ਹੁੰਦੀ ਹੈ ਤਾਂ ਉਸ ਦੇ ਜ਼ਿਹਨ ਵਿਚ ਪਰਵਾਜ਼ ਜਨਮ ਲੈਣ ਲਗਦੀ ਹੈ ਅਤੇ ਉਹ ਹੌਲੀ ਹੌਲੀ ਨੂਰ ਦੇ ਕ੍ਰਾਂਤੀਕਾਰੀ ਖਿਆਲਾਂ ਵੱਲ ਖਿੱਚਦਾ ਚਲਾ ਜਾਂਦਾ ਹੈ।

ਫਿਲਮ ਆਲੋਚਕਾਂ ਨੇ ਸ਼ਹਿਜ਼ਾਦਾ ਅਮੀਰ ਵਾਲਾ ਕਿਰਦਾਰ ਨਿਭਾਉਣ ਵਾਲੇ ਪਾਕਿਸਤਾਨੀ ਅਦਾਕਾਰ ਇਮਰਾਨ ਅੱਬਾਸ ਅਤੇ ਨੂਰ ਬਣੀ ਪਰਨੀਆ ਕੁਰੈਸ਼ੀ ਦੀ ਅਦਾਕਾਰੀ ਨੂੰ ਵੀ ਬਹੁਤੇ ਨੰਬਰ ਨਹੀਂ ਦਿੱਤੇ। ਹਾਂ, ਪਰਨੀਆ ਦੇ ਡਾਂਸ ਨੇ ਸਭ ਨੂੰ ਨਿਹਾਲ ਕੀਤਾ ਹੈ। ਫਿਲਮ ਦੇ ਸੰਗੀਤ, ਲਿਬਾਸਾਂ ਅਤੇ ਕੋਰੀਓਗਰਾਫੀ ਨੇ ਸਭ ਦਾ ਧਿਆਨ ਖਿੱਚਿਆ ਹੈ। ਉਂਝ ਆਲੋਚਕਾਂ ਨੇ ਕਮੀਆਂ ਦੇ ਬਾਵਜੂਦ ਫਿਲਮ ਨੂੰ ਮੁਹੱਬਤ ਅਤੇ ਬਗਾਵਤ ਦੀ ਨਿਰੀ ਕਵਿਤਾ ਕਰਾਰ ਦਿੱਤਾ ਹੈ। ਫਿਲਮ ਦਾ ਸੰਗੀਤ ਖੁਦ ਮੁਜ਼ੱਫਰ ਅਲੀ ਅਤੇ ਉਸਤਾਦ ਸ਼ਫਕਤ ਅਲੀ ਖਾਨ ਨੇ ਤਿਆਰ ਕੀਤਾ ਹੈ ਅਤੇ ਵਾਰਡਰੋਬ ਦਾ ਸਾਰਾ ਮਹਿਕਮਾ ਮੁਜ਼ੱਫਰ ਅਲੀ ਦੀ ਪਤਨੀ ਮੀਰਾ ਅਲੀ ਦੇ ਹੱਥ ਹੀ ਸੀ। ਉਹ ਖੁਦ ਡਿਜ਼ਾਈਨਰ ਹੈ ਅਤੇ ਪੁਰਾਣੇ ਵੇਲਿਆਂ ਦੇ ਵਾਰਡਰੋਬ ਵਿਚ ਵਿਸ਼ੇਸ਼ ਰੁਚੀ ਰੱਖਦੀ ਹੈ। ਐਤਕੀਂ ਮੁਜ਼ੱਫਰ ਅਲੀ ਭਾਵੇਂ 'ਉਮਰਾਓ ਜਾਨ' ਵਾਲਾ ਜਾਦੂ ਨਹੀਂ ਧੂੜ ਸਕਿਆ, ਪਰ ਇਸ ਫਿਲਮ ਉਤੇ ਕਲਾਕਾਰ ਮੁਜ਼ੱਫਰ ਅਲੀ ਵਾਲਾ 'ਟੱਚ' ਜ਼ਰੂਰ ਦਿਖਾਈ ਦਿੰਦਾ ਹੈ।






*ਫਿਲਮ 'ਜਾਂਨਿਸਾਰ' ਅਤੇ 'ਉਮਰਾਓ ਜਾਨ' ਦੇ ਪੋਸਟਰ।*

# ਆਧੁਨਿਕ ਦੌਰ ਦੇ 'ਮੁਸਾਫ਼ਿਰ'


**ਆਵਾਜ਼ ਦੇ ਕਹਾਂ ਹੈ... -14-**



**ਕੁਲਦੀਪ ਕੌਰ**
ਫੋਨ: +91-98554-04330

ਨਵਕੇਤਨ ਬੈਨਰ ਦੁਆਰਾ ਨਿਰਮਾਣ ਕੀਤੀ ਫਿਲਮ 'ਹਮ ਦੋਨੋ' ਫ਼ੌਜ ਦੀ ਪਿੱਠਭੂਮੀ ਨੂੰ ਆਧਾਰ ਬਣਾ ਕੇ ਵਿਜੇ ਆਨੰਦ ਦੁਆਰਾ ਲਿਖੀ ਪਟਕਥਾ 'ਤੇ ਆਧਾਰਿਤ ਸੀ। ਮੁੱਖ ਭੂਮਿਕਾਵਾਂ ਵਿਚ ਦੇਵ ਆਨੰਦ ਸੀ ਜਿਸ ਦਾ ਫ਼ਿਲਮ ਵਿਚ ਡਬਲ ਰੋਲ ਸੀ। ਉਹਦੇ ਨਾਲ ਨਾਇਕਾਵਾਂ ਸਨ ਸਾਧਨਾ ਅਤੇ ਨੰਦਾ। ਫਿਲਮ ਦੇ ਗਾਣੇ 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਿਆ', 'ਅਭੀ ਨਾ ਜਾਓ ਛੋੜ ਕਰ', 'ਕਭੀ ਖ਼ੁਦ ਪੇ, ਕਭੀ ਹਾਲਾਤ ਪੇ ਰੋਨਾ ਆਇਆ' ਅਤੇ 'ਅੱਲਾਹ ਤੇਰੋ ਨਾਮ' ਬੇਹੱਦ ਮਕਬੂਲ ਹੋਏ। 1961 ਵਿਚ ਹੀ ਦੇਵ ਆਨੰਦ ਦੀ ਫਿਲਮ 'ਜਬ ਪਿਆਰ ਕਿਸੀ ਸੇ ਹੋਤਾ ਹੈ' ਵੀ ਆਈ ਜੋ ਰੁਮਾਂਸ ਅਤੇ ਸੰਗੀਤਕ ਪੱਖ ਤੋਂ ਸ਼ਾਨਦਾਰ ਫਿਲਮ ਸਾਬਿਤ ਹੋਈ। ਫਿਲਮ ਦਾ ਸੰਗੀਤ ਅਤੇ ਗਾਣੇ 'ਜੀਆ ਓ ਜੀਆ ਕੁਛ ਬੋਲ ਦੋ' ਅਤੇ 'ਸੌ ਸਾਲ ਪਹਿਲੇ ਹਮੇਂ ਤੁਮਸੇ ਪਿਆਰ ਥਾ' ਹੁਣ ਤੱਕ ਸੰਗੀਤ ਪ੍ਰੇਮੀਆਂ ਦੀ ਪਸੰਦ ਹਨ। ਇਸ ਫਿਲਮ ਦੇ ਨਿਰਦੇਸ਼ਕ ਨਾਸਿਰ ਹੁਸੈਨ ਸਨ ਅਤੇ ਫਿਲਮ ਵਿਚ ਨਾਇਕਾ ਦੇ ਤੌਰ 'ਤੇ ਆਸ਼ਾ ਪਾਰਿਖ ਨੇ ਆਪਣਾ ਕਿਰਦਾਰ ਬਹੁਤ ਖ਼ੂਬਸੂਰਤੀ ਨਾਲ ਨਿਭਾਇਆ ਸੀ।

ਅੰਗਰੇਜ਼ੀ ਮੈਗਜ਼ੀਨ 'ਆਉਟਲੁਕ' ਦੇ ਇਕ ਅੰਕ ਵਿਚ ਪ੍ਰਸਿੱਧ ਪੱਤਰਕਾਰ ਇੰਦਰ ਮਲਹੋਤਰਾ ਨੇ ਲਿਖਿਆ ਸੀ ਕਿ ਉਸ ਸਮੇਂ ਚੀਨ ਨਾਲ ਵਿਗੜ ਰਹੇ ਸਬੰਧਾਂ ਕਾਰਨ ਸਿਆਸੀ ਅਤੇ ਆਰਥਿਕ ਤੌਰ 'ਤੇ ਦੇਸ਼, ਅਨਿਸ਼ਚਿਤਤਾ ਦੀ ਧੁੰਦ ਵਿਚ ਖੜ੍ਹਾ ਸੀ। ਇਸੇ ਦੌਰਾਨ 'ਛਲੀਆ' ਦੀ ਸਫਲਤਾ ਸਿਨੇਮਾ ਨੂੰ ਮਨੋਰੰਜਨ ਦੇ ਮਾਧਿਅਮ ਦੇ ਤੌਰ 'ਤੇ ਨਵੇਂ ਸਿਰਿਉਂ ਪ੍ਰੀਭਾਸ਼ਿਤ ਕਰ ਰਹੀ ਸੀ। ਇਹ ਸਮਾਂ ਰੇਡੀਓ ਦੀ ਚੜ੍ਹਤ ਦਾ ਦੌਰ ਵੀ ਸੀ। ਰਵੀ ਸ਼ੰਕਰ ਰੇਡੀਓ ਦੀ ਵਿਸ਼ੇਸ਼ ਧੁਨੀ ਬਣਾ ਚੁੱਕੇ ਸਨ ਜਿਸ ਦੀ ਗੂੰਜ ਮੁਲਕ







*ਫਿਲਮ 'ਮੁਸਾਫਿਰ' ਅਤੇ 'ਹਮ ਦੋਨੋ' ਦੇ ਪੋਸਟਰ।*

ਦੀਆਂ ਗਲੀਆਂ-ਮਹੁੱਲਿਆਂ ਵਿਚ ਸੁਣਨੀ ਸ਼ੁਰੂ ਹੋ ਗਈ ਸੀ। ਰੇਡੀਓ 'ਤੇ ਭਾਰਤੀ ਸੰਗੀਤ ਦੀ ਜੁਗਲਬੰਦੀ ਤਾਂ ਹਰ ਹਫ਼ਤੇ ਸੁਣਾਈ ਦਿੰਦੀ ਸੀ ਪਰ ਭਾਰਤੀ ਫਿਲਮਾਂ ਦੇ ਗਾਣੇ ਚਲਾਉਣ 'ਤੇ ਪਾਬੰਦੀ ਸੀ। ਇਸ ਦਾ ਫ਼ਾਇਦਾ 'ਰੇਡੀਓ ਸੀਲੋਨ' ਨੂੰ ਪਹੁੰਚਿਆ ਜਿਨ੍ਹਾਂ ਦੀ 'ਬਿਨਾਕਾ ਗੀਤਮਾਲਾ' ਸੀਰੀਜ਼ ਨੇ ਮੁਹੰਮਦ ਰਫ਼ੀ ਤੇ ਲਤਾ ਮੰਗੇਸ਼ਕਰ ਨੂੰ ਹਜ਼ਾਰਾਂ ਦਿਲਾਂ ਵਿਚ ਸਦਾ ਲਈ ਵਸਾ ਦਿੱਤਾ।

ਇਹ ਦੌਰ ਬੰਨ੍ਹਾਂ, ਆਧੁਨਿਕ ਸ਼ਹਿਰਾਂ, ਵੱਡੇ ਪੁਲਾਂ ਦਾ ਦੌਰ ਸੀ। ਪਿੰਡਾਂ ਦੇ ਪਿੰਡ ਢਹਿ ਕਰ ਕੇ ਨਵੀਂ ਕਿਸਮ ਦੀ ਉਧਾਰ ਲਈ ਸਭਿਅਤਾ ਚੰਡੀਗੜ੍ਹ ਦੇ ਰੂਪ ਵਿਚ ਭਾਰਤ ਦੇ ਨਕਸ਼ੇ ਤੇ ਉਭਰ ਰਹੀ ਸੀ। ਫ਼ੈਸ਼ਨ ਦੀ ਦੁਨੀਆਂ ਵਿਚ ਸਾੜ੍ਹੀ ਦੀ ਥਾਂ ਜੀਨ, ਚੂੜੀਦਾਰ ਤੇ ਪੱਛਮੀ ਪਹਿਰਾਵੇ ਨਾਲ ਨਵੇਂ ਤਜਰਬੇ ਕੀਤੇ ਜਾ ਰਹੇ ਸਨ। ਪ੍ਰਸਿੱਧ ਚਿੱਤਰਕਾਰ ਕ੍ਰਿਸ਼ਨ ਖੰਨਾ ਉਸ ਸਮੇਂ ਨੂੰ ਯਾਦ ਕਰਦਿਆਂ ਲਿਖਦੇ ਹਨ ਕਿ ਉਸ ਸਮੇਂ ਦੀ ਚਿੱਤਰਕਾਰੀ ਵਿਚ ਪੱਛਮੀ ਕਲਾ-ਸ਼ਾਸਤਰ ਅਤੇ ਪੁਰਾਤਨ ਭਾਰਤੀ ਕਲਾ ਦੀ ਸਮਝ ਦਾ ਸੁਮੇਲ ਨਜ਼ਰ ਆ ਰਿਹਾ ਸੀ। ਅਜਿਹੇ ਸਮੇਂ ਵਿਚ ਕਿਸ਼ੋਰ ਕੁਮਾਰ ਦੀਆਂ ਹਾਸਾ-ਪ੍ਰਧਾਨ ਫਿਲਮਾਂ ਦਾ ਆਉਣਾ ਇਸ ਦੌਰ ਦੇ ਉਲਝੇ ਖ਼ਾਸੇ ਵਿਚੋਂ ਕੁਝ ਪਲ ਚੁਰਾਉਣ ਵਾਂਗ ਸੀ। ਕਿਸ਼ੋਰ ਕੁਮਾਰ ਦੀ ਫਿਲਮ 'ਭੁਮਰੂ' ਜਿਸ ਵਿਚ ਉਸ ਦੀ ਜੋੜੀ ਮਧੂਬਾਲਾ ਨਾਲ ਸੀ, ਉਸ ਦੀਆਂ ਬਿਹਤਰੀਨ ਫਿਲਮਾਂ ਵਿਚੋਂ ਮੰਨੀ ਜਾਂਦੀ ਹੈ। ਕਿਸ਼ੋਰ ਕੁਮਾਰ ਬੰਗਾਲੀ ਪਰਿਵਾਰ ਨਾਲ ਸਬੰਧਤ ਸੀ ਅਤੇ ਪ੍ਰਸਿੱਧ ਅਦਾਕਾਰ ਅਸ਼ੋਕ ਕੁਮਾਰ ਦਾ ਭਰਾ ਸੀ। ਉਹਨੇ ਗਾਇਨ ਦੀ ਕੋਈ ਰਵਾਇਤੀ ਸਿੱਖਿਆ ਪ੍ਰਾਪਤ ਨਹੀਂ ਸੀ ਕੀਤੀ ਸਗੋਂ ਕੇ.ਐਲ. ਸਹਿਗਲ ਦੀਆਂ ਧੁਨਾਂ ਗੁਣ-ਗੁਣਾਉਂਦਿਆਂ ਫਿਲਮ ਜਗਤ ਵਿਚ ਸਫ਼ਲ ਹੋਏ। ਉਹਦੀ ਵੱਡੀ ਖ਼ਾਸੀਅਤ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਮੁਹਾਰਤ ਹੋਣਾ ਸੀ। ਫਿਲਮ 'ਜ਼ਿੱਦੀ' ਦੇ ਗਾਣੇ 'ਮਰਨੇ ਕੀ ਦੁਆਏਂ ਕਿਉਂ ਮਾਂਗੂ' ਰਾਹੀਂ ਉਹਨੇ ਗਾਇਨ ਦੇ ਸਫ਼ਰ ਦੀ ਸ਼ੁਰੂਆਤ ਕੀਤੀ।

1957 ਵਿਚ ਰਿਸ਼ੀਕੇਸ਼ ਮੁਖਰਜੀ ਦੁਆਰਾ ਨਿਰਦੇਸ਼ਤ ਪਹਿਲੀ ਫਿਲਮ 'ਮੁਸਾਫ਼ਿਰ' ਦੁਆਰਾ ਕਿਸ਼ੋਰ ਕੁਮਾਰ ਅਦਾਕਾਰੀ ਵਾਲਾ ਕਰੀਅਰ ਵੀ ਸ਼ੁਰੂ ਕਰ ਚੁੱਕੇ ਸਨ। 'ਮੁਸਾਫ਼ਿਰ' ਦੀ ਪਟਕਥਾ ਰਿਸ਼ੀਕੇਸ਼ ਮੁਖਰਜੀ ਅਤੇ ਬੰਗਾਲੀ ਨਿਰਦੇਸ਼ਕ ਰਿਤਵਿਕ ਘਟਕ ਨੇ ਲਿਖੀ ਸੀ। ਇਹ ਉਸ ਸਮੇਂ ਬਣ ਰਹੀਆਂ ਫਿਲਮ ਨਾਲੋਂ ਵੱਖਰੀ ਅਤੇ ਨਵੇਂ ਰੰਗ-ਰੂਪ ਵਾਲੀ ਸੀ। ਇਹ ਜ਼ਿੰਦਗੀ ਦੀ ਥੋੜ੍ਹੇ ਪਲਾਂ ਦੀ ਖੋਜ ਨੂੰ ਦਾਰਸ਼ਨਿਕ ਤਰੀਕੇ ਨਾਲ ਪੇਸ਼ ਕਰਦੀ ਹੈ। ਫਿਲਮ ਅਨੁਸਾਰ ਧਰਤੀ ਦੇ ਸਾਰੇ ਬਾਸ਼ਿੰਦੇ ਇਸ ਖ਼ੂਬਸੂਰਤ ਧਰਤੀ 'ਤੇ ਮੁਸਾਫਿਰਾਂ ਵਾਂਗ ਹਨ। ਹਰ ਇੱਕ ਨੇ ਆਪਣੀ ਪਾਰੀ ਖੇਡਣੀ ਹੈ ਤੇ ਅੰਤ ਇਸ 'ਮਕਾਨ' ਨੂੰ ਅਲਵਿਦਾ ਕਹਿ ਦੇਣਾ ਹੈ। ਜਿਸ ਨੇ ਜੋ ਬੀਜਣਾ ਹੈ, ਅੰਤ ਉਹੀ ਵੱਢਣਾ ਪੈਣਾ ਹੈ।

(ਚਲਦਾ)

# ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ

ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ ਇੰਡੀਅਨ ਕਮਿਊਨਿਟੀ ਲਈ ਗੱਡੀਆਂ ਦੀ ਖਰੀਦ/ਵੇਚ ਕਰ ਰਹੇ ਹਾਂ

*Specialist in:*

Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.





ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ

ਜਸਪਾਲ ਸਿੰਘ ਘੋਤੜਾ, ਫੋਨ: 765-337-5151

## Best Buy Motors

1805 Elmwood Ave., Lafayette, IN 47904
Ph:765-449-0490, Fax:765-449-8310
WWW.BESTBUYMOTORSIN.COM

Second location: Lafayette Auto Auction
2250 Concord Rd., Lafayette, IN 47909,
Ph:765-471-1313, Fax: 765-838-1006
www.lafayettepublicautoauction.com



*Jaspal Singh Ghotra*

# D Line Logistics Inc.

*(Office & Yard Base In Elk Grove Village, IL)*

## ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

## Drivers & Owner Operators Wanted

ਮਿਡਵੈਸਟ ਤੋਂ ਕੈਲੀਫੋਰਨੀਆ ਅਤੇ ਵਾਪਸ ਮਿਡਵੈਸਟ ਦੇ ਸਾਡੇ ਪਾਸ ਪੱਕੇ ਰੂਟ ਹਨ, ਮਿਡਵੈਸਟ ਲਈ ਵਾਧੂ ਲੋਡ, 100% ਨੋ ਟੱਚ, ਨਵੇਂ ਟਰੈਕਟਰ-ਟਰੇਲਰ (2015-16), ਟਰੈਕਟਰ ਅਲਟਰਾ 1-ਸ਼ਿਫਟ (ਆਟੋਮੈਟਿਕ ਟਰਾਂਸਮਿਸ਼ਨ), ਬਿਲਕੁਲ ਸਾਫ-ਸੁਥਰੇ

ਵੀਕਲੀ ਪੇਅ, ਵਧੀਆ ਇੰਸਪੈਕਸ਼ਨਾਂ ਅਤੇ ਸੇਫਟੀ ਚੈਕਾਂ ਲਈ ਇਨਾਮ

ਓਨਰ ਅਪਰੇਟਰਾਂ ਨੂੰ ਸਸਤਾ ਡੀਜ਼ਲ ਲੈਣ ਲਈ ਫਲੀਟ ਕਾਰਡ ਦਿੰਦੇ ਹਾਂ। ਬਹੁਤ ਹੀ ਵਾਜਬ ਡਿਸਪੈਚ ਚਾਰਜ। ਤੁਸੀਂ ਸਾਡੇ 'ਲੀਜ਼ ਟੂ ਓਅਨ' ਪ੍ਰੋਗਰਾਮ ਦਾ ਵੀ ਫਾਇਦਾ ਉਠਾ ਸਕਦੇ ਹੋ



ਯੋਗਤਾਵਾਂ: ਸਾਫ ਸੁਥਰਾ ਐਮ ਵੀ ਆਰ ਸਮੇਤ ਏ ਕਲਾਸ ਸੀ ਡੀ ਐਲ, ਘੱਟੋ ਘੱਟ ਉਮਰ 23 ਸਾਲ

ਡਰਾਈਵਰਾਂ ਦੀ ਫੌਰੀ ਲੋੜ ਹੈ

ਸੰਪਰਕ ਕਰੋ

ਫੋਨ: 847-309-6542 ਜਾਂ 224-456-2713

31 & 33

# Dhillon Truck Stop
# Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

## ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ


New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਪੰਜਾਬ ਦੇ ਹਿੱਤਾਂ ਦਾ ਸਮਰਥ ਰਾਖਾ ਕੈਪਟਨ ਅਮਰਿੰਦਰ ਸਿੰਘ



ਕੈਪਟਨ ਲਿਆਓ ਪੰਜਾਬ ਬਚਾਓ

## ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਸਿੰਘ ਢਿੱਲੋਂ (ਐਮ ਐਲ ਏ ਬਰਨਾਲਾ) ਨੂੰ ਸ਼ਿਕਾਗੋ ਫੇਰੀ 'ਤੇ

# ਨਿੱਘੀ ਜੀ ਆਇਆਂ ਨੂੰ

ਵਲੋਂ

**ਸ਼ਿਕਾਗੋ**
- ਕਮਲਦੀਪ ਸੰਘਾ ਫੋਨ: 630-946-4150
- ਅਜੈਬ ਸਿੰਘ ਲੱਖਣ ਫੋਨ: 847-544-1788
- ਸੰਤੋਖ ਸਿੰਘ ਡੀ ਸੀ ਫੋਨ: 847-338-3866
- ਅਜਮੇਰ ਸਿੰਘ ਪੰਨੂ ਫੋਨ: 630-440-3458
- ਲਖਵੀਰ ਸਿੰਘ ਸਹੋਤਾ ਫੋਨ: 847-489-7773

**ਵਿਸਕਾਨਸਿਨ**
- ਡਾ. ਗਰਚਰਨ ਸਿੰਘ ਗਰੇਵਾਲ ਫੋਨ: 414-599-3434
- ਹਰਵਿੰਦਰ ਸਿੰਘ (ਲਾਲੀ) ਸਿੱਧੂ ਫੋਨ: 414-888-9813
- ਜਗਦੀਸ਼ਰ ਸਿੰਘ ਕਲੇਰ ਫੋਨ: 414-460-7118
- ਹਰਜੀਤ ਸਿੰਘ ਸੰਧਰ ਫੋਨ: 414-807-5934

**ਇੰਡੀਆਨਾ**
- ਸਤਵੰਤ ਸਿੰਘ ਨਿੱਜਰ ਫੋਨ: 916-416-2499
- ਸੁਖਦੇਵ ਸਿੰਘ ਸਮਰਾ ਫੋਨ: 317-250-3545
- ਮਨਜੀਤ ਸਿੰਘ ਨਾਗਰਾ ਫੋਨ: 317-750-1900
- ਜਿੰਮੀ ਬਰਾੜ ਫੋਨ: 317-538-5385

**ਓਹਾਇਓ**
- ਮੁਖਤਿਆਰ ਸਿੰਘ ਸੇਖੋਂ ਫੋਨ: 513-919-2311
- ਗੁਰਿੰਦਰ ਸਿੰਘ ਢਿੱਲੋਂ ਫੋਨ: 513-373-0145

**ਮਿਸ਼ੀਗਨ**
- ਪਲਵਿੰਦਰ ਸਿੰਘ ਬਾਠ ਫੋਨ: 269-358-1313

ਮੱਖਣ ਸਿੰਘ ਬਦੇਸ਼ਾ, ਦਰਸ਼ਨ ਸਿੰਘ ਦਰੜ, ਸੰਦੀਪ ਸਿੰਘ ਲਾਡੀ, ਬਲਵਿੰਦਰ ਸਿੰਘ (ਏ ਵਨ ਕਾਰਪੈਟ), ਕਰਨਲ ਨਿਰਮਲ ਸਿੰਘ ਸਿੰਘਾ, ਗੁਲਜ਼ਾਰ ਸਿੰਘ ਮੁਲਤਾਨੀ, ਨਿੱਕ ਗਾਖਲ, ਰਘਵਿੰਦਰ ਸਿੰਘ ਮਾਹਲ, ਮਨਦੀਪ ਸਿੰਘ ਮਿਸੀਸਿਪੀ, ਦਲਜੀਤ ਸਿੰਘ ਅਰਕਾਨਸਸ, ਸੁਖਚੈਨ ਸਿੰਘ ਸੇਂਟ ਲੁਇਸ, ਅਜਮੇਰ ਸਿੰਘ ਲੱਖਣ, ਖੇਮ ਸਿੰਘ ਵਿਰਕ, ਬਹਾਦਰ ਸਿੰਘ ਬੋਪਾਰਾਏ, ਕੁਲਵੰਤ ਸਿੰਘ ਢਿੱਲੋਂ, ਹਰਵਿੰਦਰ ਚਾਹਲ, ਹਰਜੀਤ ਸਿੰਘ ਸੰਧਰ, ਸਤਵਿੰਦਰ ਸਿੰਘ ਪੌਂਪੀ, ਪਰਮਜੀਤ ਸਿੰਘ ਬਿਲਕੂ, ਹਰਵਿੰਦਰ ਸਿੰਘ ਸੀਹਰਾ, ਦਰਸ਼ਨ ਸਿੰਘ ਗਰੇਵਾਲ, ਡਾ. ਹਰਜਿੰਦਰ ਸਿੰਘ ਸੰਧੂ, ਬੇਅੰਤ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਵੜੈਚ, ਅੰਮ੍ਰਿਤਪਾਲ ਸਿੰਘ ਗਿੱਲ, ਸੋਹਣ ਸਿੰਘ ਗਿੱਲ, ਗੁਰਸ਼ਰਨ ਸਿੰਘ ਸਹੋਤਾ, ਪਲਵਿੰਦਰ ਸਿੰਘ ਬਾਠ, ਜੁਝਾਰ ਸਿੰਘ ਕੰਗ, ਸੁਰਿੰਦਰ ਸਿੰਘ ਚੀਮਾ, ਕੰਵਲ ਸੰਘਾ, ਰਣਜੀਤ ਮੁੱਧਰ, ਪਵਨਦੀਪ ਸਿੰਘ ਹੋਠੀ, ਜੱਸੀ ਪਰਮਾਰ, ਜੇ ਪੀ ਖਹਿਰਾ, ਭੁਪਿੰਦਰ ਸਿੰਘ ਬਿੱਲਾ, ਲਵ ਮਿਨਹਾਸ, ਜਸਵੀਰ ਸਿੰਘ ਸੋਢੀ, ਮਲਕੀਤ ਸਿੰਘ ਸਿੱਧੂ, ਚਰਨਜੀਤ ਬਰਾੜ, ਹਰਜਿੰਦਰ ਨਿੱਜਰ, ਜਿੰਦੀ ਦਿਆਲ।